# ਮਸੀਹੀ ਮਾਨਤਾਵਾਂ

shepherds
GLOBAL CLASSROOM

Shepherds Global Classroom ਦੁਨੀਆ ਭਰ ਦੇ ਉੱਭਰਦੇ ਈਸਾਈ ਨੇਤਾਵਾਂ ਲਈ ਪਾਠਕ੍ਰਮ ਪ੍ਰਦਾਨ ਕਰਕੇ ਮਸੀਹ ਦੇ ਸਰੀਰ ਨੂੰ ਤਿਆਰ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਵਿਸ਼ਵ ਦੇ ਹਰ ਦੇਸ਼ ਵਿੱਚ ਅਧਿਆਤਮਿਕ ਟ੍ਰੇਨਰਾਂ ਦੇ ਹੱਥਾਂ ਵਿੱਚ 20-ਕੋਰਸ ਪਾਠਕ੍ਰਮ ਟੂਲ ਦੇ ਕੇ ਸਵਦੇਸ਼ੀ ਸਿਖਲਾਈ ਪ੍ਰੋਗਰਾਮਾਂ ਨੂੰ ਗੁਣਾ ਕਰਨਾ ਹੈ।

https://www.shepherdsglobal.org/courses ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਮੁੱਖ ਲੇਖਕ: ਡਾ। ਸਟੀਫਨ ਗਿਬਸਨ (Dr. Stephen Gibson)

ਕਾਪੀਰਾਈਟ © 2023 Shepherds Global Classroom

ਤੀਜੇ ਐਡੀਸ਼ਨ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।

ਇਸ ਕੋਰਸ ਦੀ ਕੁਝ ਸਮੱਗਰੀ ਮੈਂ ਵਿਸ਼ਵਾਸ ਕਰਦਾ ਹਾਂ ਕਿਤਾਬ ਤੋਂ, ਗੋਡਸ ਬਾਈਬਲ ਸਕੂਲ ਅਤੇ ਕਾਲਜ ਦੇ ਅਧਿਆਪਕਾਂ ਦੁਆਰਾ ਤਿਆਰ ਕੀਤੀ ਗਈ ਸੀ, ਜੋ ਸਿਨਸਿਨਾਟੀ, ਉਹਾਓ ਵਿਚ ਹੈ। ਸਾਰੇ ਹੱਕ ਰਾਖਵੇਂ ਹਨ।

ਤੀਜੀ-ਧਿਰ ਸਮੱਗਰੀਆਂ ਉਨ੍ਹਾਂ ਦੇ ਸੰਬੰਧਤ ਮਾਲਕਾਂ ਦੇ ਕਾਪੀਰਾਈਟ ਹਨ ਅਤੇ ਵੱਖ-ਵੱਖ ਲਾਇਸੈਂਸਾਂ ਦੇ ਅਧੀਨ ਸਾਂਝੀਆਂ ਕੀਤੀਆਂ ਗਈਆਂ ਹਨ।

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਕਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

**ਇਜਾਜ਼ਤ ਨੋਟਿਸ:**

ਇਸ ਕੋਰਸ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। Shepherds Global Classroom ਦੀ ਇਜਾਜ਼ਤ ਅਤੇ ਨਿਗਰਾਨੀ ਤੋਂ ਬਿਨਾਂ ਕੋਰਸ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ਹੈ।

# ਵਿਸ਼ਾ ਸੂਚੀ


ਕੋਰਸ ਦੇ ਬਾਰੇ ਸੰਖੇਪ ਜਾਣਕਾਰੀ ........ 5

(1) ਪਰਮੇਸੁਰ ਦੀ ਪੁਸਤਕ ........ 9

(2) ਪਰਮੇਸ਼ੁਰ ਦੇ ਗੁਣ ........ 25

(3) ਤ੍ਰਿਏਕਤਾ ........ 37

(4) ਮਨੁੱਖਤਾ ........ 49

(5) ਪਾਪ ........ 61

(6) ਆਤਮਾਵਾਂ ........ 71

(7) ਮਸੀਹ ........ 83

(8) ਮੁਕਤੀ ........ 99

(9) ਮੁਕਤੀ ਦੇ ਮੁੱਦੇ ........ 113

(10) ਪਵਿੱਤਰ ਆਤਮਾ ........ 129

(11) ਮਸੀਹੀ ਪਵਿੱਤਰਤਾਈ ........ 141

(12) ਕਲੀਸਿਆ ........ 155

(13) ਸਦੀਪਕ ਮੰਜ਼ਿਲ ........ 165

(14) ਅੰਤਿਮ ਘਟਨਾਵਾਂ ........ 173

(15) ਪੁਰਾਤਨ ਵਿਸ਼ਵਾਸ ਕਥਨ ........ 183

ਸਿਫਾਰਿਸ਼ ਕੀਤੇ ਹੋਏ ਸ੍ਰੋਤ ........ 195

ਅਸਾਇਨਮੈਂਟਾਂ ਦਾ ਰਿਕਾਰਡ ........ 199

# ਕੋਰਸ ਦੇ ਬਾਰੇ ਸੰਖੇਪ ਜਾਣਕਾਰੀ

**ਕੋਰਸ ਦਾ ਵਰਣਨ**

ਇਹ ਕੋਰਸ ਮਸੀਹੀ ਧਰਮ ਸਿੱਖਿਆ ਦੀਆਂ ਹਰੇਕ ਮੁੱਖ ਸ਼੍ਰੇਣੀਆਂ ਦੀਆਂ ਮੁੱਢਲੀਆਂ ਧਾਰਮਿਕ ਧਾਰਨਾਵਾਂ ਬਾਰੇ ਸਿਖਾਉਂਦਾ ਹੈ, ਜਿਵੇਂ ਕਿ ਪਰਮੇਸ਼ੁਰ, ਮਸੀਹ, ਪਾਪ,ਮੁਕਤੀ ਅਤੇ ਹੋਰ ਮੁੱਖ ਧਾਰਮਿਕ ਧਾਰਨਾਵਾਂ। ਵਿਦਿਆਰਥੀ ਸਿੱਖਣਗੇ ਕਿ ਧਾਰਮਿਕ ਧਾਰਨਾਵਾਂ ਦੇ ਵਿੱਚ ਗ਼ਲਤੀਆਂ ਤੋਂ ਦੂਰ ਕਿਵੇਂ ਰਹਿਣਾ ਹੈ। ਵਿਦਿਆਰਥੀਆਂ ਨੂੰ ਹੋਰਨਾਂ ਨੂੰ ਮਸੀਹੀ ਧਾਰਮਿਕ ਧਾਰਨਾਵਾਂ ਸਿਖਾਉਣ ਦੇ ਯੋਗ ਬਣਾਇਆ ਜਾਵੇਗਾ।

**ਕੋਰਸ ਦੇ ਉਦੇਸ਼**

(1) ਮਸੀਹੀ ਵਿਸ਼ਵਾਸ ਦੀਆਂ ਮੁੱਢਲੀਆਂ ਧਾਰਨਾਵਾਂ ਦੇ ਬਾਰੇ ਸਿੱਖਣਾ।

(2) ਧਾਰਮਿਕ ਧਾਰਨਾਵਾਂ ਦੇ ਸ੍ਰੋਤ ਅਤੇ ਅਧਿਕਾਰ ਵੱਜੋਂ ਬਾਈਬਲ ਦਾ ਸਹੀ ਉਪਯੋਗ ਕਰਨਾ।

(3) ਧਾਰਮਿਕ ਧਾਰਨਾਵਾਂ ਦੇ ਵਿੱਚ ਮਹੱਤਵਪੂਰਨ ਗ਼ਲਤੀਆਂ ਦੀ ਪਹਿਚਾਣ ਕਰਨਾ।

(4) ਅਜਿਹੀ ਸਮਝ ਨੂੰ ਪ੍ਰਾਪਤ ਕਰਨਾ ਜੋ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਨੂੰ ਹੋਰ ਡੂੰਘਾ ਬਣਾਉਣ ਦੇ ਵਿੱਚ ਸਹਾਈ ਹੋਵੇ।

(5) ਦੂਸਰਿਆਂ ਨੂੰ ਸਿਖਾਉਣ ਦੇ ਲਈ ਸਮੱਗਰੀ ਅਤੇ ਢਾਂਚੇ ਨੂੰ ਪ੍ਰਾਪਤ ਕਰਨਾ।

**ਕਲਾਸ ਦੇ ਆਗੂਆਂ ਲਈ ਨਿਰਦੇਸ਼**

ਸਾਡੇ ਅੰਦਾਜੇ ਦੇ ਅਨੁਸਾਰ ਇੱਕ ਪਾਠ 90 ਜਾਂ ਇਸ ਤੋਂ ਜਿਆਦਾ ਮਿੰਟ ਦਾ ਸਮਾਂ ਲਵੇਗਾ। ਇੱਕ ਸਮੂਹ ਦੇ ਲਈ ਇਹ ਚੰਗਾ ਹੋਵੇਗਾ ਕਿ ਉਹ ਹਰੇਕ ਪਾਠ ਦੇ ਲਈ ਦੋ ਜਾਂ ਇਸ ਤੋਂ ਜਿਆਦਾ ਵਾਰ ਇਕੱਠੇ ਹੋਣ। ਜੇਕਰ ਸਮੂਹ ਦੋ ਵਾਰ ਮਿਲਦਾ ਹੈ ਤਾਂ ਕੁਝ ਨਿਰਦੇਸ਼ ਲਾਗੂ ਕੀਤੇ ਜਾਣੇ ਚਾਹੀਦੇ ਹਨ। ਉਦਾਹਰਨ ਦੇ ਲਈ ਦੋਵੇਂ ਵਾਰ ਪ੍ਰੀਖਿਆ ਨਹੀਂ ਲਈ ਜਾਣੀ ਚਾਹੀਦੀ ਹੈ।

ਹਰੇਕ ਵਿਦਿਆਰਥੀ ਦੇ ਕੋਲ ਇਹ ਕਿਤਾਬ ਹੋਣੀ ਚਾਹੀਦੀ ਹੈ।

ਸਾਰੇ ਕੋਰਸ ਦੇ ਦੌਰਾਨ ਕਲਾਸ ਦੇ ਆਗੂਆਂ ਲਈ ਪਾਠ ਦੇ ਖਾਸ ਹਿੱਸਿਆਂ ਲਈ ਨਿਰਦੇਸ਼ ਦਿੱਤੇ ਗਏ ਹਨ। *ਇਹ ਟੇਢੇ ਅੱਖਰਾਂ ਦੇ ਵਿੱਚ ਹਨ।*

ਨਵੀਂ ਕਲਾਸ ਦੀ ਸ਼ੁਰੂਆਤ ਦੇ ਸਮੇਂ, ਪਿੱਛਲੇ ਪਾਠ ਦੀ **ਪ੍ਰੀਖਿਆ** ਲਵੋ। ਹਰੇਕ ਵਿਦਿਆਰਥੀ ਨੂੰ ਉੱਤਰ ਬਿਨਾਂ ਕਿਸੇ ਸਹਾਇਤਾ ਦੇ ਆਪਣੀ ਯਾਦ ਤੋਂ ਲਿਖਣੇ ਜਰੂਰੀ ਹਨ। ਜੇਕਰ ਕੋਈ ਵਿਦਿਆਰਥੀ ਪ੍ਰੀਖਿਆ ਦੇ ਵਿੱਚ ਪਾਸ ਨਹੀਂ ਹੁੰਦਾ ਤਾਂ ਤੁਸੀਂ ਉਸਨੂੰ ਕਿਸੇ ਹੋਰ

ਸਮੇਂ ਇਹ ਪ੍ਰੀਖਿਆ ਦੁਬਾਰਾ ਦੇਣ ਦੀ ਪ੍ਰਵਾਨਗੀ ਦੇ ਸਕਦੇ ਹੋ (ਅੰਦਾਜਨ ਸਮਾਂ: 10 ਮਿੰਟ)। ShepherdsGlobal.org ਤੋਂ ਡਾਊਨਲੋਡ ਕਰਨ ਦੇ ਲਈ ਇੱਕ ਟੈਸਟ ਕੁੰਜੀ ਉਪਲੱਭਧ ਹੈ।

ਪ੍ਰੀਖਿਆ ਦੇ ਬਾਅਦ, ਪ੍ਰਸ਼ਨਾਂ ਦੀ ਸਮੀਖਿਆ ਕਰਨ ਦੇ ਲਈ ਪਿੱਛਲੇ ਪਾਠ ਦੇ ਉਦੇਸ਼ਾਂ ਦੀ ਸੂਚੀ ਦਾ ਉਪਯੋਗ ਕਰੋ। ਹਰੇਕ ਉਦੇਸ਼ ਤੋਂ ਪ੍ਰਸ਼ਨ ਪੁੱਛੋ ਅਤੇ ਵਿਦਿਆਰਥੀਆਂ ਨੂੰ ਇਸਦਾ ਵਰਣਨ ਕਰਨ ਦਿਉ (ਅੰਦਾਜਨ ਸਮਾਂ: 15 ਮਿੰਟ)।

ਨਵੇਂ ਪਾਠ ਦੀ ਸ਼ੁਰੂਆਤ ਦੇ ਸਮੇਂ ਇੱਕ ਵਿਦਿਆਰਥੀ ਨੂੰ ਦਿੱਤੇ ਹੋਏ ਪਾਠ ਦੇ ਹਿੱਸੇ ਨੂੰ ਪੜਣ ਦੇ ਲਈ ਕਹੋ। ਵਿਦਿਆਰਥੀਆਂ ਨੂੰ ਸੰਖੇਪ ਵਿੱਚ ਚਰਚਾ ਕਰਨ ਦਿਉ ਕਿ ਵਚਨਾਂ ਦਾ ਇਹ ਹਿੱਸਾ ਪਾਠ ਦੇ ਵਿਸ਼ੇ ਦੇ ਬਾਰੇ ਕੀ ਕਹਿੰਦਾ ਹੈ (ਅੰਦਾਜਨ ਸਮਾਂ: 10 ਮਿੰਟ)।

ਹਰੇਕ ਹਿੱਸੇ ਨੂੰ ਪੜਦੇ ਅਤੇ ਇਸਦੀ ਵਿਆਖਿਆ ਕਰਦੇ ਹੋਏ ਪਾਠ ਨੂੰ ਸਿਖਾਉ। ਕਲਾਸ ਦੇ ਮੈਂਬਰ ਕੁਝ ਹਿੱਸਿਆ ਨੂੰ ਸਿਖਾ ਸਕਦੇ ਹਨ (ਅੰਦਾਜਨ ਸਮਾਂ: 45 ਮਿੰਟ)।

ਕੋਰਸ ਦੇ ਵਿੱਚ **ਪਵਿੱਤਰ ਵਚਨਾਂ** ਦਾ ਕਾਫੀ ਉਪਯੋਗ ਕੀਤਾ ਗਿਆ ਹੈ। ਬਰੈਕਟਾਂ ਦੇ ਵਿੱਚ ਦਿੱਤੇ ਗਏ ਪੜ੍ਹੋ ਕਰਕੇ ਦੱਸੇ ਹੋਏ ਵਚਨਾਂ ਦੇ ਹਵਾਲੇ ਕਲਾਸ ਦੇ ਵਿੱਚ ਉੱਚੀ ਆਵਾਜ ਵਿੱਚ ਪੜ੍ਹੇ ਜਾਣੇ ਚਾਹੀਦੇ ਹਨ। ਦੂਸਰੇ ਦਿੱਤੇ ਹੋਏ ਹਵਾਲੇ ਸਾਧਾਰਨ ਤੌਰ ਤੇ ਲਿਖਤ ਦੇ ਵਿੱਚ ਦਿੱਤੇ ਬਿਆਨ ਨੂੰ ਸਮਰਥਨ ਪ੍ਰਦਾਨ ਕਰਦੇ ਹਨ। ਕਲਾਸ ਦੇ ਵਿੱਚ ਇੰਨ੍ਹਾਂ ਹਵਾਲਿਆਂ ਨੂੰ ਵੇਖੇ ਜਾਣਾ ਜਾਂ ਪੜਿਆ ਜਾਣਾ ਹਮੇਸ਼ਾਂ ਜਰੂਰੀ ਨਹੀਂ ਹੈ।

**ਚਰਚਾ ਦੇ ਪ੍ਰਸ਼ਨ** ਅਤੇ **ਕਲਾਸ ਦੇ ਵਿੱਚ ਹੋਣ ਵਾਲੀਆਂ ਗਤੀਵਿਧੀਆਂ** ਨੂੰ ਇਸ ► ਚਿੰਨ੍ਹ ਦੇ ਦੁਆਰਾ ਦਰਸਾਇਆ ਗਿਆ ਹੈ। ਕਈ ਵਾਰ ਚਰਚਾ ਦੇ ਪ੍ਰਸ਼ਨ ਕਿਸੇ ਹਿੱਸੇ ਦੀ ਜਾਣ-ਪਛਾਣ ਕਰਾਉਂਦੇ ਹਨ; ਕਈ ਵਾਰ ਉਹ ਸਿਰਫ਼ ਵੇਖੇ ਜਾ ਚੁੱਕੇ ਹਿੱਸੇ ਦੀ ਸਮੀਖਿਆ ਕਰਦੇ ਹਨ। ਕਲਾਸ ਦੇ ਆਗੂ ਨੂੰ ਪ੍ਰਸ਼ਨ ਪੁੱਛਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਨੂੰ ਉੱਤਰ ਦੇ ਬਾਰੇ ਚਰਚਾ ਕਰਨ ਦਾ ਸਮਾਂ ਦੇਣਾ ਚਾਹੀਦਾ ਹੈ। ਉਸ ਸਮੇਂ ਉੱਤਰ ਦੀ ਸੰਪੂਰਨ ਵਿਆਖਿਆ ਕਰਨੀ ਜਰੂਰੀ ਨਹੀਂ ਹੈ, ਖਾਸ ਕਰਕੇ ਜੇਕਰ ਪ੍ਰਸ਼ਨ ਕਿਸੇ ਹਿੱਸੇ ਦੀ ਜਾਣ-ਪਛਾਣ ਕਰਵਾ ਰਿਹਾ ਹੈ।

ਕਲਾਸ ਨੂੰ ਮਿਲ ਕੇ ਹਰੇਕ ਪਾਠ ਦੇ ਅੰਤ ਵਿੱਚ "**ਵਿਸ਼ਵਾਸ ਕਥਨਾਂ ਦੇ ਬਿਆਨ**" ਨੂੰ ਦੋ ਵਾਰ ਪੜ੍ਹਣਾ ਚਾਹੀਦਾ ਹੈ।

ਹਰੇਕ ਪਾਠ ਦੇ ਅੰਤ ਵਿੱਚ, ਹਰ ਇੱਕ ਵਿਦਿਆਰਥੀ ਨੂੰ ਪਵਿੱਤਰ ਵਚਨਾਂ ਦੀ ਦਿੱਤੀ ਸੂਚੀ ਵਿੱਚੋਂ ਇੱਕ ਵਚਨ ਦਾ ਹਿੱਸਾ ਸੌਂਪਿਆ ਜਾਣਾ ਚਾਹੀਦਾ ਹੈ। ਅੱਗਲੀ ਕਲਾਸ ਤੋਂ ਪਹਿਲਾਂ ਉਨ੍ਹਾਂ ਨੂੰ ਉਹ ਵਚਨ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾ ਲਿਖਣਾ ਚਾਹੀਦਾ ਹੈ ਕਿ ਵਚਨ ਪਾਠ ਦੇ ਵਿਸ਼ੇ ਦੇ ਬਾਰੇ ਕੀ ਕਹਿੰਦਾ ਹੈ। ਉਨ੍ਹਾਂ ਨੂੰ ਅੱਗਲੇ ਸੈਸ਼ਨ ਦੇ ਵਿੱਚ ਇਸਨੂੰ ਕਲਾਸ ਦੇ ਆਗੂ ਵਿਖਾਉਣਾ ਹੋਵੇਗਾ।

ਇਸ ਕੋਰਸ ਦੇ ਦੌਰਾਨ ਘੱਟੋ-ਘੱਟ ਤਿੰਨ ਵਾਰ ਹਰੇਕ ਵਿਦਿਆਰਥੀ ਨੂੰ ਇੱਕ ਪਾਠ ਜਾਂ ਪਾਠ ਦਾ ਹਿੱਸਾ ਅਜਿਹੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਜੋ ਕਲਾਸ ਦੇ ਵਿੱਚ ਨਹੀਂ ਹਨ। ਇਹ ਕਲੀਸਿਆ ਦੇ ਵਿੱਚ ਕਿਸੇ ਕਲਾਸ ਦੇ ਵਿੱਚ, ਜਾਂ ਘਰ ਦੇ ਵਿੱਚ ਅਧਿਐਨ ਕਰਨ ਵਾਲੇ ਸਮੂਹ ਦੇ ਵਿੱਚ ਜਾਂ ਕਿਸੇ ਹੋਰ ਸਮੂਹ ਦੇ ਵਿੱਚ ਸਿਖਾਇਆ ਜਾ ਸਕਦਾ ਹੈ। ਹਰੇਕ ਕਲਾਸ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ

ਇਸ ਅਸਾਇਨਮੈਂਟ ਦੇ ਬਾਰੇ ਯਾਦ ਦਿਵਾਉ, ਅਤੇ ਜੇਕਰ ਉਨ੍ਹਾਂ ਨੇ ਪਿੱਛਲੀ ਕਲਾਸ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਵਿੱਚ ਅਜਿਹਾ ਕੀਤਾ ਹੈ ਤਾਂ ਉਨ੍ਹਾਂ ਨੂੰ ਰਿਪੋਰਟ ਦੇਣ ਦਾ ਮੌਕਾ ਦਿਉ।

ਕਲਾਸ ਦੇ ਅੰਤ ਵਿੱਚ, ਵਿਦਿਆਰਥੀਆਂ ਨੂੰ ਯਾਦ ਦਿਵਾਉ ਕਿ ਉਹ ਅੱਗਲੀ ਕਲਾਸ ਤੋਂ ਪਹਿਲਾਂ ਅੱਗਲੀ ਕਲਾਸ ਦੀ ਸਮੱਗਰੀ ਦੇ ਬਾਰੇ ਅਧਿਐਨ ਕਰਨ (ਅਸਾਇਨਮੈਂਟ ਅਤੇ ਘੋਸ਼ਣਾਵਾਂ ਕਰਨ ਦਾ ਅੰਦਾਜਨ ਸਮਾਂ: 10 ਮਿੰਟ)।

ਜੇਕਰ ਵਿਦਿਆਰਥੀ **Shepherds Global Classroom (ਸ਼ਫਰਡ ਗਲੋਬਲ ਕਲਾਸਰੂਮ) ਜਾਂ ਇਸਦੇ ਕਿਸੇ ਮਾਨਤਾ ਪ੍ਰਾਪਤ ਅਦਾਰੇ ਤੋਂ** ਪ੍ਰਮਾਣ ਪੱਤਰ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਕਲਾਸ ਸ਼ੈਸ਼ਨ ਲਗਾਉਣੇ ਪੈਣਗੇ ਅਤੇ ਅਸਾਇਨਮੈਂਟ ਪੂਰੇ ਕਰਨੇ ਪੈਣਗੇ। ਜੇਕਰ ਵਿਦਿਆਰਥੀ ਕਿਸੇ ਕਲਾਸ ਵਿੱਚ ਨਹੀਂ ਆ ਪਾਉਂਦਾ, ਤਾਂ ਉਸਨੂੰ ਉਸ ਪਾਠ ਦਾ ਅਧਿਐਨ ਕਰਨਾ ਚਾਹੀਦਾ ਹੈ, ਟੈਸਟ ਦੇਣਾ ਚਾਹੀਦਾ ਹੈ, ਅਤੇ ਇਸਦਾ ਅਸਾਇਨਮੈਂਟ ਲਿਖਣਾ ਪਵੇਗਾ। ਕੋਰਸ ਦੇ ਅੰਤ ਵਿੱਚ ਪੂਰੇ ਕੀਤੇ ਹੋਏ ਅਸਾਇਨਮੈਂਟਾਂ ਦਾ ਵੇਰਵਾ ਰੱਖਣ ਦੇ ਲਈ ਇੱਕ ਸੂਚੀ ਦਿੱਤੀ ਗਈ ਹੈ।

**ਵਿਦਿਆਰਥੀਆਂ ਦੇ ਲਈ ਦਿਸ਼ਾ ਨਿਰਦੇਸ਼**

ਤੁਹਾਨੂੰ ਕਲਾਸ ਦੇ ਇਕੱਠੇ ਹੋਣ ਤੋਂ ਪਹਿਲਾਂ ਹਰੇਕ ਪਾਠ ਨੂੰ ਪੜ੍ਹਣਾ ਚਾਹੀਦਾ ਹੈ, ਤਾਂ ਕਿ ਤੁਸੀਂ ਚੰਗੀ ਸਮਝ ਦੇ ਨਾਲ ਕਲਾਸ ਦੇ ਵਿੱਚ ਹੋਣ ਵਾਲੀ ਚਰਚਾ ਦੇ ਸਾਂਝੀ ਹੋ ਸਕੋ।

ਹਰੇਕ ਕਲਾਸ ਸ਼ੈਸ਼ਨ ਦੀ ਸ਼ੁਰੂਆਤ ਦੇ ਵਿੱਚ ਪਿੱਛਲੇ ਪਾਠ ਦਾ ਟੈਸਟ ਦੇਣ ਦੇ ਲਈ ਤਿਆਰ ਰਹੋ। ਦਿੱਤੇ ਹੋਏ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਅਧਿਐਨ ਕਰੋ।

ਹਮੇਸ਼ਾਂ ਆਪਣੇ ਨਾਲ ਬਾਈਬਲ, ਪਾਠ ਦੀ ਪ੍ਰਿੰਟਡ ਕਾਪੀ, ਅਤੇ ਆਪਣੇ ਸਮੱਗਰੀ ਨੋਟਸ ਲਿਖਣ ਦੇ ਲਈ ਇੱਕ ਪੈੱਨ ਲੈ ਕੇ ਆਉ।

ਵਚਨਾਂ ਦੇ ਹਵਾਲਿਆਂ ਨੂੰ ਵੇਖਣ ਦੇ ਲਈ, ਚਰਚਾ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਦੇ ਲਈ, ਅਤੇ ਕਲਾਸ ਆਗੂ ਦੀ ਅਗਵਾਈ ਅਧੀਨ ਚਰਚਾ ਦੇ ਵਿੱਚ ਭਾਗੀਦਾਰ ਹੋਣ ਲਈ ਤਿਆਰ ਰਹੋ।

ਹਰੇਕ ਪਾਠ ਦੇ ਅੰਤ ਵਿੱਚ, ਤੁਹਾਨੂੰ ਵਚਨਾਂ ਦਾ ਇੱਕ ਹਿੱਸਾ ਦਿੱਤਾ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਉਸ ਵਚਨ ਨੂੰ ਪੜ੍ਹੋ ਅਤੇ ਇੱਕ ਪੈਰਾ ਲਿਖਣਾ ਲਿਖੋ ਕਿ ਵਚਨ ਪਾਠ ਦੇ ਵਿਸ਼ੇ ਦੇ ਬਾਰੇ ਕੀ ਕਹਿੰਦਾ ਹੈ। ਕਲਾਸ ਦੇ ਆਗੂ ਨੂੰ ਇਹ ਪੈਰਾਗ੍ਰਾਫ ਵਿਖਾਉ।

ਇਸ ਕੋਰਸ ਦੇ ਦੌਰਾਨ ਘੱਟੋ-ਘੱਟ ਤਿੰਨ ਵਾਰ ਤੁਹਾਨੂੰ ਇੱਕ ਪਾਠ ਜਾਂ ਪਾਠ ਦਾ ਹਿੱਸਾ ਅਜਿਹੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਜੋ ਕਲਾਸ ਦੇ ਵਿੱਚ ਨਹੀਂ ਹਨ। ਇਹ ਕਲੀਸਿਆ ਦੇ ਵਿੱਚ ਕਿਸੇ ਕਲਾਸ ਦੇ ਵਿੱਚ, ਜਾਂ ਘਰ ਦੇ ਵਿੱਚ ਅਧਿਐਨ ਕਰਨ ਵਾਲੇ ਸਮੂਹ ਦੇ ਵਿੱਚ ਜਾਂ ਕਿਸੇ ਹੋਰ ਸਮੂਹ ਦੇ ਵਿੱਚ ਸਿਖਾਇਆ ਜਾ ਸਕਦਾ ਹੈ। ਹਰੇਕ ਵਾਰ ਜਦੋਂ ਤੁਸੀਂ ਕਿਸੇ ਨੂੰ ਸਿਖਾਉਂਦੇ ਹੋ ਤਾਂ ਇਸਦੀ ਰਿਪੋਰਟ ਆਪਣੇ ਕਲਾਸ ਦੇ ਆਗੂ ਨੂੰ ਦਿਉ।

# ਪਾਠ 1

# ਪਰਮੇਸੁਰ ਦੀ ਪੁਸਤਕ

### ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਸਾਂਝੇ ਅਤੇ ਵਿਸ਼ੇਸ਼ ਪਰਕਾਸ਼ ਦੀਆਂ ਧਾਰਨਾਵਾਂ।
- ਪ੍ਰਮਾਣ ਕਿ ਬਾਈਬਲ ਪਰਮੇਸੁਰ ਦਾ ਵਚਨ ਹੈ।
- ਪਵਿੱਤਰ ਸ਼ਾਸਤਰ ਦੀ ਪ੍ਰੇਰਨਾ।
- ਪਵਿੱਤਰ ਸ਼ਾਸਤਰ ਦੀ ਪ੍ਰੇਰਨਾ ਦਾ ਇਹ ਅਰਥ ਕਿਉਂ ਹੈ ਕਿ ਇਸ ਵਿੱਚ ਕੋਈ ਗ਼ਲਤੀ ਨਹੀਂ ਹੈ।
- *ਆਤਮਾ ਤੋਂ ਪ੍ਰੇਰਿਤ, ਸੰਪੂਰਨ ਸ਼ੁੱਧ, ਅਤੇ ਦੋਸ਼ ਤੋਂ ਪਰ੍ਹੇ ਸ਼ਬਦ।*
- ਬਾਈਬਲ ਪੂਰੀ ਕਿਉਂ ਹੋ ਚੁੱਕੀ ਅਤੇ ਇਸ ਨੂੰ ਹੋਰ ਵਧਾਇਆ ਕਿਉਂ ਨਹੀਂ ਜਾ ਸਕਦਾ।
- ਬਾਈਬਲ ਧਰਮ ਸਿੱਖਿਆ ਦਾ ਮੁੱਢਲਾ ਸ੍ਰੋਤ ਅਤੇ ਅੰਤਿਮ ਅਧਿਕਾਰ ਕਿਉਂ ਹੈ।
- ਬਾਈਬਲ ਇੱਕ ਮਸੀਹੀ ਦੇ ਰੋਜ਼ਾਨਾ ਜੀਵਨ ਦੇ ਵਿੱਚ ਕਿਸ ਪ੍ਰਕਾਰ ਮਹੱਤਵਪੂਰਨ ਹੈ।
- ਬਾਈਬਲ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਗ਼ਲਤ ਅਧਿਕਾਰ ਦੇ ਨਾਲ ਸੁਣਨ ਜਾਂ ਬਾਈਬਲ ਦਾ ਸੀਮਿਤ ਉਦੇਸ਼ ਦੇ ਨਾਲ ਅਧਿਐਨ ਕਰਨ ਤੋਂ ਬਚ ਜਾਣਗੇ।

### ਜਾਣ-ਪਛਾਣ

*ਕਲਾਸ ਦੇ ਆਗੂ ਲਈ ਸੂਚਨਾ: ਸਾਧਾਰਨ ਤੌਰ ਤੇ ਸ਼ੈਸ਼ਨ ਪਿੱਛਲੇ ਪਾਠ ਦੀ ਪ੍ਰੀਖਿਆ ਅਤੇ ਇਸਦੇ ਉਦੇਸ਼ਾਂ ਦੀ ਸਮੀਖਿਆ ਕਰਨ ਦੇ ਦੁਆਰਾ ਸ਼ੁਰੂ ਹੋਵੇਗਾ। ਕਿਉਂਕਿ ਇਹ ਪਹਿਲਾ ਪਾਠ ਹੈ, ਇਸ ਲਈ ਹੇਠਾਂ ਦਿੱਤੇ ਪਵਿੱਤਰ ਵਚਨ ਨੂੰ ਪੜ੍ਹੋ।*

► ਜ਼ਬੂਰਾਂ ਦੀ ਪੋਥੀ 119:1-16 ਨੂੰ ਮਿਲ ਕੇ ਪੜ੍ਹੋ। ਇਹ ਵਚਨ ਸਾਨੂੰ ਬਾਈਬਲ ਦੇ ਬਾਰੇ ਕੀ ਦੱਸਦਾ ਹੈ?

ਪਰਮੇਸ਼ੁਰ, ਜੋ ਸੰਸਾਰ ਦਾ ਰਚਨਹਾਰਾ, ਉਸਨੇ ਗੱਲ ਕੀਤੀ ਹੈ। ਉਸਨੇ ਆਪਣੇ ਅਤੇ ਆਪਣੀ ਰਚਨਾ ਦੇ ਉਦੇਸ਼ ਦਾ ਪ੍ਰਗਟਾਵਾ ਕੀਤਾ ਹੈ। ਜਿਸ ਸਚਿਆਈ ਨੂੰ ਪਰਮੇਸ਼ੁਰ ਨੇ ਸਾਡੇ ਉੱਤੇ ਪ੍ਰਗਟ ਕੀਤਾ ਹੈ ਉਸਨੂੰ ਪਰਕਾਸ਼ ਕਿਹਾ ਜਾਂਦਾ ਹੈ।

► ਅਜਿਹੇ ਕੁਝ ਕਿਹੜੇ ਜ਼ਰੀਏ ਜਿੰਨ੍ਹਾਂ ਦੇ ਦੁਆਰਾ ਪਰਮੇਸ਼ੁਰ ਨੇ ਸਾਡੇ ਤੇ ਸਚਿਆਈ ਨੂੰ ਪ੍ਰਗਟ ਕੀਤਾ ਹੈ?

## ਪਰਕਾਸ਼ ਦੀ ਅਲੱਗ-ਅਲੱਗ ਕਿਸਮਾਂ

ਕਿਉਂਕਿ ਪਰਮੇਸ਼ੁਰ ਨੇ ਅਲੱਗ-ਅਲੱਗ ਤਰੀਕਿਆਂ ਦੇ ਨਾਲ ਸਚਿਆਈ ਨੂੰ ਪ੍ਰਗਟ ਕੀਤਾ ਹੈ, ਇਸ ਲਈ ਅਸੀਂ ਦੋ ਸ਼੍ਰੇਣੀਆਂ ਦੀ ਗੱਲ ਕਰਦੇ ਹਾਂ: ਸਾਂਝਾ ਪਰਕਾਸ਼ ਅਤੇ ਵਿਸ਼ੇਸ਼ ਪਰਕਾਸ਼।

### ਸਾਂਝਾ ਪਰਕਾਸ਼

**ਸਾਂਝਾ ਪਰਕਾਸ਼ ਉਹ ਹੈ ਜੋ ਪਰਮੇਸ਼ੁਰ ਨੇ ਸਾਡੇ ਤੇ ਆਪਣੀ ਰਚਨਾ ਦੇ ਦੁਆਰਾ ਪ੍ਰਗਟ ਕੀਤਾ ਹੈ।** ਅਸੀਂ ਬ੍ਰਹਿਮੰਡ ਦੀ ਬਣਾਵਟ ਦੇ ਵਿੱਚ ਪਰਮੇਸ਼ੁਰ ਦੀ ਅਦਭੁੱਤ ਸਮਝ ਅਤੇ ਸ਼ਕਤੀ ਨੂੰ ਵੇਖਦੇ ਹਾਂ।

ਪਰਮੇਸ਼ੁਰ ਦੀ ਸਭ ਤੋਂ ਉੱਚੀ ਰਚਨਾ ਮਨੁੱਖਤਾ ਹੈ। ਅਸੀਂ ਮਨੁੱਖਾਂ ਦੀ ਬਨਾਵਟ ਦੇ ਵੱਲ ਵੇਖ ਕੇ ਪਰਮੇਸ਼ੁਰ ਦੇ ਬਾਰੇ ਕੁਝ ਗੱਲਾਂ ਸਿੱਖ ਸਕਦੇ ਹਾਂ। ਇਹ ਤੱਥ ਕਿ ਅਸੀਂ ਤਰਕ ਕਰ ਸਕਦੇ ਹਾਂ, ਸੁੰਦਰਤਾ ਦੀ ਪ੍ਰਸ਼ੰਸਾਂ ਕਰ ਸਕਦੇ ਹਾਂ, ਅਤੇ ਗ਼ਲਤ ਅਤੇ ਸਹੀ ਦੇ ਵਿੱਚਕਾਰ ਅੰਤਰ ਕਰ ਸਕਦੇ ਹਾਂ (ਭਾਵੇਂ ਪੂਰਨਤਾ ਦੇ ਨਾਲ ਨਹੀਂ) ਇਹ ਸਭ ਵਿਖਾਉਂਦਾ ਹੈ ਕਿ ਸਾਡੇ ਰਚਨਹਾਰੇ ਦੇ ਵਿੱਚ ਇਹ ਯੋਗਤਾਵਾਂ ਬਹੁਤ ਉੱਚੇ ਪੱਧਰ ਤੇ ਪਾਈਆਂ ਜਾਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਕੋਈ ਅਜਿਹਾ ਵਿਅਕਤੀਤਵ ਹੋਵੇਗਾ ਜੋ ਸੋਚ ਸਕਦਾ ਹੈ ਅਤੇ ਵਾਰਤਾਲਾਪ ਕਰ ਸਕਦਾ ਹੈ ਕਿਉਂਕਿ ਸਾਡੇ ਕੋਲ ਇਹ ਯੋਗਤਾਵਾਂ ਹਨ।

ਕਿਉਂਕਿ ਸਾਂਝਾ ਪਰਕਾਸ਼ ਵਿਖਾਉਂਦਾ ਹੈ ਕਿ ਪਰਮੇਸ਼ੁਰ ਗੱਲ ਕਰਦਾ ਹੈ, ਇਸ ਤੋਂ ਅਸੀਂ ਪਹਿਚਾਣਦੇ ਹਾਂ ਕਿ ਵਿਸ਼ੇਸ਼ ਪਰਕਾਸ਼ ਮਿਲ ਸਕਦਾ ਹੈ। ਕਿਉਂਕਿ ਪਰਮੇਸ਼ੁਰ ਗੱਲ ਕਰ ਸਕਦਾ ਹੈ, ਇਸ ਕਾਰਨ ਪਰਮੇਸ਼ੁਰ ਤੋਂ ਸੰਦੇਸ਼ ਮਿਲਣੇ ਅਤੇ ਇੱਥੋਂ ਤੱਕ ਕਿ ਪੁਸਤਕ ਮਿਲਣੀ ਸੰਭਵ ਹੈ।

ਸਾਂਝੇ ਪਰਕਾਸ਼ ਦੇ ਦੁਆਰਾ, ਲੋਕ ਜਾਣਦੇ ਹਨ ਕਿ ਪਰਮੇਸ਼ੁਰ ਦੀ ਹੋਂਦ ਹੈ, ਇਹ ਕਿ ਉਨ੍ਹਾਂ ਨੂੰ ਉਸਦੀ ਆਗਿਆਕਾਰੀ ਕਰਨੀ ਚਾਹੀਦੀ ਹੈ, ਅਤੇ ਇਹ ਕਿ ਉਨ੍ਹਾਂ ਨੇ ਪਹਿਲਾਂ ਹੀ ਉਸਦੀ ਅਣ-ਆਗਿਆਕਾਰੀ ਕੀਤੀ ਹੈ (ਪੜ੍ਹੋ ਰੋਮੀਆਂ ਨੂੰ 1:20-21।) ਪਰ ਸਾਂਝਾ ਪਰਕਾਸ਼ ਸਾਨੂੰ ਇਹ ਨਹੀਂ ਦੱਸਦਾ ਕਿ ਅਸੀਂ ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਵਿੱਚ ਕਿਵੇਂ ਆ ਸਕਦੇ ਹਾਂ। ਸਾਂਝਾ ਪਰਕਾਸ਼ ਵਿਸ਼ੇਸ਼ ਪਰਕਾਸ਼ ਦੀ ਜਰੂਰਤ ਨੂੰ ਵਿਖਾਉਂਦਾ ਹੈ ਕਿਉਂਕਿ ਇਹ ਵਿਖਾਉਂਦਾ ਹੈ ਕਿ ਲੋਕ ਪਾਪੀ ਹਨ ਅਤੇ ਉਹ ਬਿਨਾਂ ਬਹਾਨੇ ਦੇ ਰਚਨਹਾਰੇ ਦੇ ਸਾਹਮਣੇ ਹਨ, ਪਰ ਇਹ ਸਾਨੂੰ ਇਸਦੇ ਹੱਲ ਬਾਰੇ ਨਹੀਂ ਦੱਸਦਾ।

### ਵਿਸ਼ੇਸ਼ ਪਰਕਾਸ਼

**ਪਰਮੇਸ਼ੁਰ ਨੇ ਸਾਨੂੰ ਪ੍ਰੇਰਿਤ ਕੀਤੇ ਹੋਏ ਵਚਨਾਂ ਅਤੇ ਆਪਣੇ ਪੁੱਤਰ ਯਿਸੂ ਦੇ ਦੁਆਰਾ ਵਿਸ਼ੇਸ਼ ਪਰਕਾਸ਼ ਦਿੱਤਾ।** ਵਿਸ਼ੇਸ਼ ਪਰਕਾਸ਼ ਸਾਡੇ ਅੱਗੇ ਉਸ ਸਥਿਤੀ ਦੀ ਵਿਆਖਿਆ ਕਰਦਾ ਹੈ ਜਿਸਦੇ ਵਿੱਚ ਹੋਣ ਦੇ ਬਾਰੇ ਸਾਨੂੰ ਸਾਂਝਾ ਪਰਕਾਸ਼ ਵਿਖਾਉਂਦਾ ਹੈ: ਡਿੱਗੇ ਹੋਏ ਅਤੇ ਦੋਸ਼ੀ। ਵਿਸ਼ੇਸ਼ ਪਰਕਾਸ਼ ਪਰਮੇਸ਼ੁਰ ਦੇ ਬਾਰੇ ਵਰਨਣ ਕਰਦਾ ਹੈ, ਆਤਮਿਕ ਡਿੱਗਣ

> "ਮੈਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦਾ ਕੋਈ ਵੀ ਮਨੁੱਖ ਜੋ ਬਿਵਸਥਾ ਦਾ ਪ੍ਰਚਾਰ ਨਹੀਂ ਕਰਦਾ ਉਹ ਸ਼ੁਭਸਮਾਚਾਰ ਦਾ ਪ੍ਰਚਾਰ ਕਰ ਸਕਦਾ ਹੈ। ਬਿਵਸਥਾ ਨੂੰ ਹੇਠਾਂ ਕਰਕੇ ਤੁਸੀਂ ਉਸ ਪ੍ਰਕਾਸ਼ ਨੂੰ ਘਟਾ ਦਿੰਦੇ ਹੋ ਜਿਸ ਨਾਲ ਮਨੁੱਖ ਆਪਣੇ ਦੋਸ਼ ਨੂੰ ਵੇਖਦਾ ਹੈ।"
> - ਚਾਰਲਸ ਸਪਰਜਨ

ਅਤੇ ਪਾਪ ਦੀ ਵਿਆਖਿਆ ਕਰਦਾ ਹੈ, ਅਤੇ ਉਹ ਰਸਤਾ ਵਿਖਾਉਂਦਾ ਹੈ ਜਿਸਦੇ ਨਾਲ ਪਰਮੇਸ਼ੁਰ ਨਾਲ ਦੁਬਾਰਾ ਜੁੜਿਆ ਜਾ ਸਕੇ।

ਕਲਪਨਾ ਕਰੋ ਕਿ ਤੁਸੀਂ ਨਹੀਂ ਜਾਣਦੇ ਕਿ ਬਾਈਬਲ ਹੋਂਦ ਵਿੱਚ ਹੈ। ਤੁਸੀਂ ਸਮਝ ਜਾਂਦੇ ਹੋ ਕਿ ਇੱਕ ਸੱਚਾ ਪਰਮੇਸ਼ੁਰ ਹੈ। ਤੁਸੀਂ ਜਾਣਦੇ ਹੋ ਕਿ ਤੁਹਾਡਾ ਪਰਮੇਸ਼ੁਰ ਦੇ ਨਾਲ ਸੰਬੰਧ ਖ਼ਰਾਬ ਹੈ। ਤੁਸੀਂ ਨਹੀਂ ਜਾਣਦੇ ਕਿ ਮੌਤ ਤੋਂ ਬਾਅਦ ਕੀ ਹੋਵੇਗਾ। ਤੁਸੀਂ ਜੀਵਨ ਦੇ ਉਦੇਸ਼ ਨੂੰ ਨਹੀਂ ਜਾਣਦੇ। ਤੁਸੀਂ ਇਹ ਨਹੀਂ ਜਾਣਦੇ ਕਿ ਪਰਮੇਸ਼ੁਰ ਦੇ ਕੋਲ ਕਿਵੇਂ ਜਾਣਾ ਹੈ।

ਫਿਰ ਕਲਪਨਾ ਕਰੋ ਕਿ ਕੋਈ ਤੁਹਾਨੂੰ ਇੱਕ ਪੁਸਤਕ ਵਿਖਾਉਂਦਾ ਹੈ ਅਤੇ ਤੁਹਾਨੂੰ ਦੱਸਦਾ ਹੈ ਕਿ ਇਹ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਪਰਮੇਸ਼ੁਰ ਤੋਂ ਆਈ ਹੈ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਹ ਕਿਤਾਬ ਕਿੰਨੀ ਕੀਮਤੀ ਹੋਵੇਗੀ?

## ਬਾਈਬਲ ਦਾ ਦਾਅਵਾ

► ਬਾਈਬਲ ਆਪਣੇ ਬਾਰੇ ਕੀ ਦਾਅਵਾ ਕਰਦੀ ਹੈ? ਬਾਈਬਲ ਤੋਂ ਕੁਝ ਅਜਿਹੇ ਬਿਆਨਾਂ ਦੀਆਂ ਉਦਾਹਰਨਾਂ ਦਿਉ ਜੋ ਇਹ ਵਿਖਾਉਂਦੇ ਹੋਣ ਕਿ ਪਰਮੇਸ਼ੁਰ ਦੇ ਵੱਲੋਂ ਹੈ।

ਆਉ ਅਸੀਂ ਉਸ ਦਾਅਵੇ ਦੇ ਬਾਰੇ ਗੱਲ ਕਰੀਏ ਜੋ ਬਾਈਬਲ ਆਪਣੇ ਬਾਰੇ ਕਰਦੀ ਹੈ। ਫਿਰ, ਅਸੀਂ ਉਸ ਪ੍ਰਮਾਣ ਦੇ ਵੱਲ ਵੇਖਾਂਗੇ ਕਿ ਬਾਈਬਲ ਸੱਚੀ ਹੈ। ਬਾਈਬਲ ਪਰਮੇਸ਼ੁਰ ਦਾ ਵਚਨ ਹੋਣ ਦਾ ਦਾਅਵਾ ਕਰਦੀ ਹੈ। ਪੁਰਾਣੇ ਨੇਮ ਦੇ ਵਿੱਚ 3,000 ਤੋਂ ਵੀ ਜਿਆਦਾ ਬਿਆਨ ਹਨ ਕਿ ਸੰਦੇਸ਼ ਪਰਮੇਸ਼ੁਰ ਦੇ ਵੱਲੋਂ ਆਏ, ਇਸਨੂੰ ਸਾਧਾਰਨ ਤੌਰ ਤੇ ਇਸ ਪ੍ਰਕਾਰ ਦੱਸਿਆ ਜਾਂਦਾ ਹੈ, " ਯਹੋਵਾਹ...ਬੋਲਿਆ...।"[1] ਯਿਸੂ ਮੰਨਦੇ ਸਨ ਕਿ ਪੁਰਾਣਾ ਨੇਮ ਪਰਮੇਸ਼ੁਰ ਦੀ ਵੱਲੋਂ ਪ੍ਰੇਰਿਤ ਕੀਤਾ ਹੋਇਆ ਹੈ। (ਪੜ੍ਹੋ ਮੱਤੀ 5:17-18; ਯੂਹੰਨਾ 10:35; ਮਰਕੁਸ 12:36।) ਨਵੇਂ ਨੇਮ ਦੇ ਲੇਖਕ ਮੰਨਦੇ ਸਨ ਕਿ ਪੁਰਾਣਾ ਨੇਮ ਪਰਮੇਸ਼ੁਰ ਦੇ ਵੱਲੋਂ ਹੈ। (ਪੜ੍ਹੋ ਰਸੂਲਾਂ ਦੇ ਕਰਤੱਬ 3:18; ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16; ਪਤਰਸ ਦੀ ਦੂਜੀ ਪੱਤ੍ਰੀ 1:20-21।) ਨਵੇਂ ਨੇਮ ਦੇ ਲੇਖਕ ਵਿਸ਼ਵਾਸ ਕਰਦੇ ਸਨ ਕਿ ਨਵੇਂ ਨੇਮ ਦੀਆਂ ਲਿਖਤਾਂ ਪਰਮੇਸ਼ੁਰ ਦੇ ਵੱਲੋਂ ਪ੍ਰੇਰਿਤ ਕੀਤੀਆਂ ਗਈਆਂ ਹਨ (ਪੜ੍ਹੋ 1 ਕੁਰਿੰਥੀਆਂ ਨੂੰ 14:37; ਪਤਰਸ ਦੀ ਦੂਜੀ ਪੱਤ੍ਰੀ 3:16।)

ਜੇਕਰ ਕੋਈ ਵਿਅਕਤੀ ਬਾਈਬਲ ਦੁਆਰਾ ਇਸਦੇ ਬਾਰੇ ਕੀਤੇ ਦਾਅਵੇ ਨੂੰ ਸਵੀਕਾਰ ਨਹੀਂ ਕਰਦਾ, ਤਾਂ ਉਸਨੂੰ ਪ੍ਰਮਾਣ ਦੀ ਭਾਲ ਕਰਨੀ ਚਾਹੀਦੀ ਹੈ। ਇੱਕ ਵਾਰ ਫਿਰ ਤੋਂ ਕਲਪਨਾ ਕਰੋ ਕਿ ਤੁਸੀਂ ਨਹੀਂ ਜਾਣਦੇ ਹੋ ਕਿ ਬਾਈਬਲ ਹੈ। ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਇੱਕ ਵਿਅਕਤੀਤਵ ਹੈ ਜੋ ਗੱਲ ਕਰ ਸਕਦਾ ਹੈ ਜੇਕਰ ਉਹ ਅਜਿਹਾ ਕਰਨਾ ਚਾਹੇ। ਫਿਰ ਕੋਈ ਤੁਹਾਨੂੰ ਇੱਕ ਪੁਸਤਕ ਵਿਖਾਉਂਦਾ ਹੈ ਅਤੇ ਕਹਿੰਦਾ ਹੈ ਕਿ ਇਹ ਪੁਸਤਕ ਪਰਮੇਸ਼ੁਰ ਦੇ ਵੱਲੋਂ ਹੈ।

► ਤੁਸੀਂ ਕਿਵੇਂ ਜਾਣ ਸਕਦੇ ਹੋ ਕਿ ਬਾਈਬਲ ਅਸਲ ਦੇ ਵਿੱਚ ਪਰਮੇਸ਼ੁਰ ਦਾ ਵਚਨ ਹੈ? ਤੁਸੀਂ ਇਸ ਤੋਂ ਕਿਸ ਪ੍ਰਕਾਰ ਦਾ ਹੋਣ ਦੀ ਉਮੀਦ ਕਰੋਗੇ?

---

[1] ਉਦਾਹਰਨ ਦੇ ਲਈ, ਵੇਖੋ ਗਿਣਤੀ 34:1; ਗਿਣਤੀ 35:1,9

> "ਬਿਵਸਥਾ ਬਿਮਾਰੀ ਨੂੰ ਲੱਭਦੀ ਹੈ; ਸ਼ੁਭਸਮਾਚਾਰ ਇਸਦਾ ਇਲਾਜ ਦਿੰਦਾ ਹੈ।"
> -ਮਾਰਟਿਨ ਲੂਥਰ

ਸੰਸਾਰ ਦੇ ਕਿਸੇ ਵਿੱਚ ਹਿੱਸੇ ਵਿੱਚ ਜਿੱਥੇ ਸ਼ੁਭਸਮਾਚਾਰ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉੱਥੇ ਲੋਕ ਸਚਿਆਈ ਦੇ ਬਾਰੇ ਅੰਦਰੂਨੀ ਪ੍ਰੇਰਨਾ ਨੂੰ ਮਹਿਸੂਸ ਕਰਦੇ ਹਨ। ਜਦੋਂ ਉਹ ਸ਼ੁਭਸਮਾਚਾਰ ਤੇ ਵਿਸ਼ਵਾਸ ਕਰਦੇ ਹਨ ਅਤੇ ਤੌਬਾ ਕਰਦੇ ਹਨ, ਤਾਂ ਉਹ ਪਰਮੇਸ਼ੁਰ ਦੀ ਮਾਫੀ ਅਤੇ ਬਦਲੇ ਹੋਏ ਜੀਵਨ ਦਾ ਅਨੁਭਵ ਕਰਦੇ ਹਨ। ਬਹੁਤ ਸਾਰੇ ਲੋਕਾਂ ਦੇ ਲਈ, ਇਹ ਬਾਈਬਲ ਦੇ ਵਿਸ਼ਵਾਸ ਕਰਨ ਦਾ ਉਨ੍ਹਾਂ ਦਾ ਪਹਿਲਾ ਕਾਰਨ ਹੈ। (ਪੜ੍ਹੋ 1 ਥੱਸਲੁਨੀਕੀਆਂ ਨੂੰ 1:5।)

ਫਿਰ ਅਜਿਹੇ ਲੋਕਾਂ ਦੇ ਨਾਲ ਜੋ ਪਰਮੇਸ਼ੁਰ ਦੇ ਨਾਲ ਸੰਬੰਧ ਰੱਖਦੇ ਹਨ, ਪਰਮੇਸ਼ੁਰ ਦਾ ਆਤਮਾ ਪਵਿੱਤਰ ਬਾਣੀ ਦੇ ਦੁਆਰਾ ਗੱਲ ਕਰਦਾ ਹੈ, ਉਹ ਸਮਝ ਅਤੇ ਪਾਪ ਬੋਧ ਪ੍ਰਦਾਨ ਕਰਦਾ ਹੈ। ਜਿਸ ਤਰੀਕੇ ਦੇ ਨਾਲ ਪਵਿੱਤਰ ਆਤਮਾ ਬਾਈਬਲ ਦਾ ਉਪਯੋਗ ਕਰਦਾ ਹੈ ਉਹ ਇਸ ਗੱਲ ਨੂੰ ਪੱਕਿਆਂ ਕਰਦਾ ਹੈ ਇਹ ਪਰਮੇਸ਼ੁਰ ਦਾ ਵਚਨ ਹੈ (ਪੜ੍ਹੋ ਅਫ਼ਸੀਆਂ ਨੂੰ 6:17।)

ਜਿਵੇਂ ਅਸੀਂ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਚੱਲਦੇ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਬਾਈਬਲ ਸਹੀ ਤਰੀਕੇ ਦੇ ਨਾਲ ਉਸਦੇ ਸੁਭਾਅ ਅਤੇ ਉਸਦੇ ਕੰਮ ਕਰਨ ਦੇ ਤਰੀਕੇ ਨੂੰ ਸਾਡੇ ਤੇ ਪ੍ਰਗਟ ਕਰਦੀ ਹੈ। ਬਾਈਬਲ ਸਾਨੂੰ ਪਰਮੇਸ਼ੁਰ ਦੇ ਨਾਲ ਸੰਬੰਧ ਸ਼ੁਰੂ ਕਰਨ ਅਤੇ ਉਸਦੇ ਨਾਲ ਲਗਾਤਾਰ ਚੱਲਦੇ ਜਾਣ ਦਾ ਤਰੀਕਾ ਵਿਖਾਉਂਦੀ ਹੈ। ਇਹ ਇੱਕ ਸਬੂਤ ਹੈ ਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ (ਪੜ੍ਹੋ ਜ਼ਬੂਰਾਂ ਦੀ ਪੋਥੀ 119:1-2)।

ਪਰ ਫਿਰ ਕਿ ਹੋਵੇਗਾ ਜੇਕਰ ਤੁਸੀਂ ਅਜਿਹਾ ਸਬੂਤ ਚਾਹੁੰਦੇ ਹੋਵੋ ਜੋ ਤੁਹਾਡੇ ਆਪਣੇ ਆਤਮਿਕ ਅਨੁਭਵ ਤੇ ਆਧਾਰਿਤ ਹੈ? ਬਾਕੀ ਧਰਮ ਦੇ ਲੋਕਾਂ ਦੇ ਕੋਲ ਵੀ ਆਤਮਿਕ ਅਨੁਭਵ ਹੁੰਦੇ ਹਨ ਪਰ ਉਨ੍ਹਾਂ ਦੇ ਅਨੁਭਵ ਸਚਿਆਈ ਤੇ ਆਧਾਰਿਤ ਨਹੀਂ ਹੁੰਦੇ। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਸਾਡਾ ਅਨੁਭਵ ਸਚਿਆਈ ਤੇ ਆਧਾਰਿਤ ਹੈ?

► ਕੀ ਕੋਈ ਅਜਿਹਾ ਪ੍ਰਮਾਣ ਹੈ ਕਿ ਜੋ ਬਾਈਬਲ ਕਹਿੰਦੀ ਹੈ ਉਹ ਗੱਲਾਂ ਸਹੀ ਹਨ?

ਬਾਈਬਲ 40 ਨਾਲੋਂ ਜਿਆਦਾ ਲੇਖਕਾਂ ਦੇ ਦੁਆਰਾ ਲਿਖੀ ਗਈ ਹੈ, ਜਿੰਨ੍ਹਾਂ ਦੇ ਵਿੱਚੋਂ ਬਹੁਤ ਦੂਸਰੇ ਲੇਖਕਾਂ ਦੇ ਨਾਲ ਕੋਈ ਸੰਬੰਧ ਨਹੀਂ ਰੱਖਦੇ ਸਨ, ਇਹ 1500 ਸਾਲਾਂ ਦੇ ਸਮੇਂ ਕਾਲ ਦੇ ਦੌਰਾਨ ਲਿਖੀ ਗਈ। ਇੱਕ ਕਿਤਾਬ ਤੋਂ ਆਮ ਤੌਰ ਤੇ ਕੀ ਉਮੀਦ ਕੀਤੀ ਜਾਂਦੀ ਹੈ? ਅਸੀਂ ਅੰਦਾਜਾ ਲਗਾਉਂਦੇ ਹਾਂ ਕਿ ਇਸਦੇ ਵਿੱਚ ਬਹੁਤ ਪ੍ਰਕਾਰ ਦੀਆਂ ਗ਼ਲਤੀਆਂ ਅਤੇ ਵਿਵਾਦ ਹੋਣਗੇ। ਪਰ ਬਾਈਬਲ ਦੇ ਬਾਰੇ ਅੱਗੇ ਦੱਸੇ ਤੱਥਾਂ ਤੇ ਵਿਚਾਰ ਕਰੋ। ਬਾਈਬਲ ਦੇ ਦਿੱਤੇ ਹਜ਼ਾਰਾਂ ਭੂਗੋਲਿਕ ਸਥਾਨਾਂ ਦਾ ਪਤਾ ਲਗਾਇਆ ਜਾ ਚੁੱਕਾ ਹੈ; ਬਾਈਬਲ ਦੇ ਵਿੱਚ ਦੱਸੇ ਹਜ਼ਾਰਾਂ ਵਿਅਕਤੀਆਂ ਅਤੇ ਇਤਿਹਾਸਿਕ ਘਟਨਾਵਾਂ ਦੀ ਇਤਿਹਾਸ ਦੇ ਵਿੱਚ ਪੁਸ਼ਟੀ ਹੋ ਚੁੱਕੀ ਹੈ; ਕਿਸੇ ਵੀ ਖੋਜ ਨੇ ਕਦੇ ਬਾਈਬਲ ਨੂੰ ਗ਼ਲਤ ਸਾਬਿਤ ਨਹੀਂ ਕੀਤਾ ਅਤੇ ਬਾਈਬਲ ਦੀਆਂ ਕਿਤਾਬਾਂ ਦੇ ਵਿੱਚ ਕੋਈ ਵੀ ਆਪਸੀ ਵਿਵਾਦ ਨਹੀਂ ਹੈ। ਇਹ ਸਾਰੇ ਤੱਥ ਕਿਸੇ ਵੀ ਹੋਰ ਲਿਖੀ ਹੋਈ ਕਿਤਾਬ ਦੇ ਬਾਰੇ ਸੱਚ ਨਹੀਂ ਹਨ। ਇਹ ਪ੍ਰਮਾਣ ਬਾਈਬਲ ਦੁਆਰਾ ਪਰਮੇਸ਼ੁਰ ਤੋਂ ਪ੍ਰੇਰਿਤ ਹੋਣ ਦੇ ਬਾਰੇ ਕੀਤੇ ਜਾਂਦੇ ਦਾਅਵੇ ਦਾ ਸਮਰਥਨ ਕਰਦੇ ਹਨ।

ਅਸੀਂ ਉਸ ਪ੍ਰਮਾਣ ਨੂੰ ਛੇ ਬਿੰਦੂਆਂ ਦੇ ਵਿੱਚ ਸੰਖੇਪ ਵਿੱਚ ਲਿਖ ਸਕਦੇ ਹਾਂ ਜੋ ਬਾਈਬਲ ਦੁਆਰਾ ਪਰਮੇਸ਼ੁਰ ਦਾ ਵਚਨ ਹੋਣ ਦੇ ਕੀਤੇ ਜਾਣ ਵਾਲੇ ਦਾਅਵੇ ਦਾ ਸਮਰਥਨ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਬਾਈਬਲ ਸਚਿਆਈ ਦੇ ਵਿੱਚ ਪਰਮੇਸ਼ੁਰ ਦਾ ਵਚਨ ਹੈ ਕਿਉਂਕਿ:

- ਬਾਈਬਲ ਦੇ ਹਜ਼ਾਰਾਂ ਤੱਥਾਂ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ।
- ਬਾਈਬਲ ਦੇ ਕਿਸੇ ਬਿਆਨ ਨੂੰ ਨਾ-ਮਨਜ਼ੂਰ ਨਹੀਂ ਕੀਤਾ ਗਿਆ ਹੈ।
- ਬਾਈਬਲ ਆਪਣੇ ਆਪ ਦਾ ਖੰਡਨ ਨਹੀਂ ਕਰਦੀ।
- ਸ਼ੁਭਸਮਾਚਾਰ ਇਸਦੇ ਪ੍ਰਭਾਵਾਂ ਦੁਆਰਾ ਸਾਬਿਤ ਹੋ ਜਾਂਦਾ ਹੈ।
- ਪਰਮੇਸ਼ੁਰ ਦਾ ਆਤਮਾ ਬਾਈਬਲ ਦੇ ਦੁਆਰਾ ਗੱਲ ਕਰਦਾ ਹੈ।
- ਬਾਈਬਲ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਦੇ ਪ੍ਰਤੀ ਅਗਵਾਈ ਕਰਦੀ ਹੈ।

## ਆਤਮਾ ਤੋਂ ਪ੍ਰਰਿਤ ਹੋਣ ਦੀ ਪਰਿਭਾਸ਼ਾ

► ਇਸ ਤੋਂ ਕੀ ਭਾਵ ਹੈ ਕਿ ਬਾਈਬਲ ਆਤਮਾ ਦੀ ਪ੍ਰੇਰਨਾ ਤੋਂ ਲਿਖੀ ਗਈ ਹੈ?

ਆਤਮਾ ਤੋਂ ਪ੍ਰੇਰਿਤ ਹੋਣਾ ਇੱਕ ਅਲੌਕਿਕ ਕੰਮ ਹੈ ਜਿਸਦੇ ਵਿੱਚ ਪਰਮੇਸ਼ੁਰ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਅਤੇ ਉਸ ਪਰਕਾਸ਼ ਨੂੰ ਲਿਖਤੀ ਰੂਪ ਦਿੱਤਾ। ਬਾਈਬਲ ਆਤਮਾ ਦੀ ਪ੍ਰੇਰਨਾ ਦਾ ਅੰਤਿਮ ਉਤਪਾਦ ਹੈ। ਬਾਈਬਲ ਦੀ ਪ੍ਰੇਰਨਾ ਬਾਕੀ ਦੀਆਂ ਸਭਨਾਂ ਕਿਤਾਬਾਂ ਨਾਲੋਂ ਅਲੱਗ ਹੈ। **ਬਾਈਬਲ ਦਾ ਆਤਮਾ ਦੀ ਪ੍ਰੇਰਨਾ ਤੋਂ ਹੋਣ ਦਾ ਅਰਥ ਹੈ ਕਿ ਇਹ ਸੰਪੂਰਨ ਤੌਰ ਤੇ ਪਰਮੇਸ਼ੁਰ ਦਾ ਵਚਨ ਹੈ, ਇੱਥੋਂ ਤੱਕ ਕਿ ਇਸਦੇ ਵਿੱਚ ਉਪਯੋਗ ਕੀਤੇ ਸ਼ਬਦ ਵੀ**।

ਕਈ ਵਾਰ ਜਦੋਂ ਲੋਕਾਂ ਦੇ ਕੋਲ ਮਹਾਨ ਵਿਚਾਰ ਹੁੰਦੇ ਹਨ ਤਾਂ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਪ੍ਰੇਰਨਾ ਮਿਲੀ ਹੈ ਪਰ ਜਦੋਂ ਬਾਈਬਲ ਪਰਮੇਸ਼ੁਰ ਦੀ ਪ੍ਰੇਰਨਾ ਤੋਂ ਹੋਣ ਦਾ ਦਾਅਵਾ ਕਰਦੀ ਹੈ ਤਾਂ ਇਸਦਾ ਅਰਥ ਇਸ ਨਾਲੋਂ ਕਿਤੇ ਵੱਧ ਹੈ।

> ਸਾਡੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16)/

ਭਾਵੇਂ ਪਵਿੱਤਰ ਸ਼ਾਸਤਰ ਮਨੁੱਖੀ ਹੱਥਾਂ ਦੀ ਕਲਮ ਦੁਆਰਾ ਲਿਖੀ ਗਈ, ਪਰ ਇਹ ਵਚਨ ਇਸ ਗੱਲ ਤੇ ਜ਼ੋਰ ਦਿੰਦਾ ਹੈ ਬਾਈਬਲ ਪਰਮੇਸ਼ੁਰ ਦੇ ਵੱਲੋਂ ਹੈ। ਕਿਉਂਕਿ ਬਾਈਬਲ ਪਰਮੇਸ਼ੁਰ ਦੇ ਵੱਲੋਂ ਹੈ, ਇਸ ਲਈ ਇਸ ਤੇ ਧਰਮ ਸਿੱਖਿਆ ਦੇ ਲਈ ਨਿਰਭਰ ਕੀਤਾ ਜਾ ਸਕਦਾ ਹੈ। ਇਹ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਸਭ ਤੋਂ ਉੱਤਮ ਕੰਮ ਤੋਂ ਵਧੀਆ ਹੈ।

> ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ (ਪਤਰਸ ਦੀ ਦੂਜੀ ਪੱਤ੍ਰੀ 1:20-21)

ਪਤਰਸ ਦੀ ਦੂਜੀ ਪੱਤ੍ਰੀ ਦੇ ਵਚਨ ਅਨੁਸਾਰ ਲੇਖਕਾਂ ਨੇ ਪਵਿੱਤਰ ਆਤਮਾ ਦੇ ਉਕਾਸਣ ਦੁਆਰਾ ਲਿਖਿਆ। ਬਾਈਬਲ ਦੇ ਲੇਖਕਾਂ ਦੀ ਸ਼ੁੱਧਤਾ ਉਨ੍ਹਾਂ ਦੇ ਆਪਣੇ ਗਿਆਨ ਤੇ ਆਧਾਰਿਤ ਨਹੀਂ ਸੀ। ਇਹ ਤੱਥ ਕਿ ਉਹ ਆਪਣੀਆਂ ਲਿਖਤਾਂ ਦੇ ਲਈ ਪਵਿੱਤਰ ਆਤਮਾ ਦੇ ਦੁਆਰਾ ਉਕਸਾਏ ਜਾਂ ਪ੍ਰੇਰਿਤ ਕੀਤੇ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਲਿਖਤਾਂ ਦੀ ਭਰੋਸੇਯੋਗਤਾ ਸੰਪੂਰਨ ਤੌਰ ਤੇ ਪਰਮੇਸ਼ੁਰ ਤੇ ਨਿਰਭਰ ਕਰਦੀ ਹੈ। ਬਾਈਬਲ ਪਰਮੇਸ਼ੁਰ ਦੇ ਜਿੰਨ੍ਹੀ ਹੀ ਭਰੋਸੇਯੋਗ ਹੈ।

## ਆਤਮਾ ਤੋਂ ਪ੍ਰੇਰਿਤ ਹੋਣਾ ਕਿਸ ਪ੍ਰਕਾਰ ਦਾ ਸੀ?

► ਲਿਖਣ ਤੋਂ ਪਹਿਲਾਂ ਬਾਈਬਲ ਦੇ ਲੇਖਕਾਂ ਨੇ ਪਰਮੇਸ਼ੁਰ ਦੀ ਸਚਿਆਈ ਨੂੰ ਕਿਸ ਪ੍ਰਕਾਰ ਪ੍ਰਾਪਤ ਕੀਤਾ?

ਕਈ ਵਾਰ ਲੋਕ ਸੋਚਦੇ ਹਨ ਕਿ ਆਤਮਾ ਦੀ ਪ੍ਰੇਰਨਾ ਕਿਸ ਪ੍ਰਕਾਰ ਮਿਲੀ ਹੋਵੇਗੀ। ਪਰਮੇਸ਼ੁਰ ਨੇ ਆਪਣੀ ਸਚਿਆਈ ਨੂੰ ਕਿਵੇਂ ਦੱਸਿਆ ਅਤੇ ਇਸ ਗੱਲ ਨੂੰ ਕਿਵੇਂ ਪੱਕਿਆਂ ਕੀਤਾ ਕਿ ਇਸਨੂੰ ਸਹੀ ਤਰੀਕੇ ਦੇ ਨਾਲ ਦਰਜ ਕੀਤਾ ਗਿਆ। ਸਭ ਤੋਂ ਪਹਿਲਾਂ ਸਾਨੂੰ ਇਸ ਤੱਥ ਤੇ ਧਿਆਨ ਦੇਣਾ ਚਾਹੀਦਾ ਹੈ ਕਿ ਪਰਮੇਸ਼ੁਰ ਦੇ ਪਰਕਾਸ਼ ਦੇਣ ਦੀ ਸ਼ੈਲੀ ਦੇ ਵਿੱਚ ਬਹੁਤ ਸਾਰੀਆਂ ਭਿੰਨਤਾਵਾਂ ਹਨ। ਉਹ ਕਿਸੇ ਇੱਕ ਤਰੀਕੇ ਤੱਕ ਹੀ ਸੀਮਿਤ ਨਹੀਂ ਹੈ (ਪੜ੍ਹੋ ਇਬਰਾਨੀਆਂ ਨੂੰ 1:1)।

ਕਈ ਵਾਰ ਪਰਮੇਸ਼ੁਰ ਨੇ ਸੁਣੀ ਜਾ ਸਕਣ ਵਾਲੀ ਆਵਾਜ ਦੇ ਵਿੱਚ ਗੱਲ ਕੀਤੀ, ਜਿਸ ਪ੍ਰਕਾਰ ਉਸਨੇ ਮੂਸਾ ਦੇ ਨਾਲ ਗੱਲ ਕੀਤੀ ਸੀ (ਕੂਚ 33:11)। ਹੋਰਨਾਂ ਸਮਿਆਂ ਦੇ ਵਿੱਚ ਉਸਨੇ ਦਰਸ਼ਨ ਅਤੇ ਸੁਫ਼ਨੇ ਦਿੱਤੇ, ਅਤੇ ਲੇਖਕ ਨੇ ਉਨ੍ਹਾਂ ਦਾ ਵਰਣਨ ਕੀਤਾ।[2] ਸ਼ਾਇਦ ਸਭ ਤੋਂ ਜਿਆਦਾ ਸਿੱਧੇ ਤੌਰ ਤੇ ਲਿਖਿਆ ਹੋਇਆ ਮਿਲਣ ਵਾਲਾ ਪਵਿੱਤਰ ਸ਼ਾਸਤਰ ਦਾ ਭਾਗ ਇਸਰਾਏਲ ਦੇ ਨਾਲ ਕੀਤਾ ਨੇਮ ਸੀ ਜੋ ਪਰਮੇਸ਼ੁਰ ਦੀ ਉਂਗਲੀ ਦੇ ਦੁਆਰਾ ਲਿਖਿਆ ਗਿਆ (ਬਿਵਸਥਾਸਾਰ 9:10)। ਪਵਿੱਤਰ ਸ਼ਾਸਤਰ ਦੇ ਹੋਰ ਹਿੱਸਿਆਂ ਨੂੰ ਬੋਲ ਕੇ ਲਿਖਵਾਇਆ ਗਿਆ, ਜਿਵੇਂ ਕੂਚ, ਲੇਵੀਆਂ ਦੀ ਪੋਥੀ, ਅਤੇ ਗਿਣਤੀ ਜੋ ਇਸ ਬਿਆਨ ਤੇ ਆਧਾਰਿਤ ਸੀ, "ਫੇਰ ਯਹੋਵਾਹ ਮੂਸਾ ਨੂੰ ਬੋਲਿਆ ਕਿ…"।

ਆਤਮਾ ਤੋਂ ਪ੍ਰੇਰਿਤ ਹੋਣ ਦਾ ਇਹ ਅਰਥ ਨਹੀਂ ਹੈ ਕਿ ਪਰਮੇਸ਼ੁਰ ਲੇਖਕ ਦੇ ਨਾਲ ਸੁਣੀ ਜਾ ਸਕਣ ਵਾਲੀ ਆਵਾਜ ਦੇ ਵਿੱਚ ਗੱਲ ਕਰਦਾ ਸੀ। ਅਸੀਂ ਅਲੱਗ-ਅਲੱਗ ਲੇਖਕਾਂ ਦੇ ਵਿੱਚਕਾਰ ਵਿਅਕਤੀਤਵਾਂ ਅਤੇ ਲਿਖਣ ਦੀਆਂ ਸ਼ੈਲੀਆਂ ਦੇ ਵਿੱਚਕਾਰ ਅੰਤਰ ਨੂੰ ਵੇਖ ਸਕਦੇ ਹਾਂ। ਉਦਾਹਰਨ ਦੇ ਲਈ ਪੌਲੁਸ ਦੀ ਸ਼ੈਲੀ ਪਤਰਸ ਦੇ ਨਾਲੋਂ ਵੱਖਰੀ ਹੈ। ਆਤਮਾ ਦੀ ਪ੍ਰੇਰਨਾ ਦੇ ਬਾਰੇ ਸਾਡੀ ਧਾਰਨਾ ਇਸ ਗੱਲ ਦੀ ਪਹਿਚਾਣ ਕਰਦੀ ਹੈ ਕਿ ਪਰਮੇਸ਼ੁਰ ਨੇ ਮਨੁੱਖੀ ਲੇਖਕਾਂ ਦੇ ਵਿਅਕਤੀਤਵਾਂ, ਸ਼ਬਦਾਂ, ਲਿਖਣ ਦੀਆਂ ਸ਼ੈਲੀਆਂ, ਸਿੱਖਿਆ ਅਤੇ ਇਤਿਹਾਸਿਕ ਖੋਜ ਦਾ ਉਪਯੋਗ ਕੀਤਾ।

---

[2] ਦਰਸ਼ਨ ਦੇ ਦੁਆਰਾ ਪਰਕਾਸ਼ ਦੀਆਂ ਉਦਾਹਰਨਾਂ ਦੇ ਲਈ ਦਾਨੀਏਲ 7 ਅਤੇ 8 ਨੂੰ ਵੇਖੋ, ਅਤੇ ਜਿਆਦਾਤਰ ਇਹ ਪਰਕਾਸ਼ ਦੀ ਪੋਥੀ ਦੇ ਵਿੱਚੋਂ ਲਿਆ ਗਿਆ ਹੈ।

ਆਤਮਾ ਦੀ ਪ੍ਰੇਰਨਾ ਦੀ ਧਾਰਨਾ ਇਹ ਹੈ ਕਿ ਪਰਮੇਸ਼ੁਰ ਨੇ ਪੂਰੇ ਵਿਅਕਤੀ ਨੂੰ ਹੀ ਪ੍ਰੇਰਿਤ ਕੀਤਾ, ਜਿਸ ਦੇ ਵਿੱਚ ਉਸਨੇ ਮਨੁੱਖੀ ਲੇਖਕ ਦੀ ਕਲਪਨਾ ਅਤੇ ਵਿਅਕਤੀਤਵ ਦਾ ਇਸਤੇਮਾਲ ਈਸ਼ਵਰੀ ਸਚਿਆਈ ਨੂੰ ਪ੍ਰਗਟ ਕਰਨ ਦੇ ਲਈ ਕੀਤਾ ਗਿਆ, ਨਾ ਸਿਰਫ਼ ਸਚਿਆਈ ਨੂੰ ਪ੍ਰਗਟ ਕਰਨਾ ਸਗੋਂ ਪੂਰੀ ਸ਼ੁੱਧਤਾ ਪ੍ਰਦਾਨ ਕਰਨ ਲਈ ਲਿਖਣ ਦੀ ਪ੍ਰਕਿਰਿਆ ਦੀ ਨਿਗਰਾਨੀ ਵੀ ਕੀਤੀ।

ਕੁਝ ਲੋਕ ਸੋਚਦੇ ਹਨ ਕਿ ਪਰਮੇਸ਼ੁਰ ਨੇ ਸਿਰਫ਼ ਵਿਚਾਰ ਦਿੱਤੇ ਕਿ ਉਨ੍ਹਾਂ ਨੂੰ ਅੱਗੇ ਦੱਸਿਆ ਜਾਵੇ, ਅਤੇ ਮਨੁੱਖੀ ਲੇਖਕ ਸਭ ਤੋਂ ਵਧੀਆ ਤਰੀਕੇ ਦੇ ਨਾਲ ਉਨ੍ਹਾਂ ਦੀ ਵਿਆਖਿਆ ਕੀਤੀ, ਇਸ ਵਿੱਚ ਜਰੂਰੀ ਤੌਰ ਤੇ ਵੇਰਵਿਆਂ ਦੇ ਵਿੱਚ ਗ਼ਲਤੀਆਂ ਹੋਈਆਂ ਹੋਣਗੀਆਂ। ਇਹ ਧਾਰਨਾ ਬਾਈਬਲ ਦੇ ਵਿੱਚ ਦੱਸੀ ਆਤਮਾ ਦੀ ਪ੍ਰੇਰਨਾ ਦੇ ਵਰਣਨ ਦੇ ਨਾਲ ਢੁੱਕਵੀਂ ਨਹੀਂ ਬੈਠਦੀ। ਬਾਈਬਲ ਦੱਸਦੀ ਹੈ ਕਿ ਲੇਖਕਾਂ ਨੇ ਪਵਿੱਤਰ ਆਤਮਾ ਦੇ ਉਕਾਸਣ ਦੁਆਰਾ ਲਿਖਿਆ, ਇਸ ਤੋਂ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਤੌਰ ਤੇ ਹੀ ਲਿਖਣ ਦੇ ਲਈ ਅਤੇ ਗ਼ਲਤੀਆਂ ਕਰਨ ਦੇ ਲਈ ਨਹੀਂ ਛੱਡਿਆ ਗਿਆ ਸੀ।

ਕਿਉਂਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ, ਇਸ ਲਈ ਇਹ ਕੁਝ ਵੀ ਗ਼ਲਤ ਨਹੀਂ ਕਹਿੰਦੀ ਕਿਉਂਕਿ ਪਰਮੇਸ਼ੁਰ ਕੋਈ ਗ਼ਲਤੀ ਨਹੀਂ ਕਰਦਾ (ਪੜ੍ਹੋ ਕਹਾਉਤਾਂ 30:5)। ਕਿਉਂਕਿ ਪਰਮੇਸ਼ੁਰ ਨੇ ਆਪਣੇ ਆਪ ਨੂੰ ਬਾਈਬਲ ਦੇ ਵਿੱਚ ਦੱਸੇ ਇਤਿਹਾਸ ਦੇ ਵਿੱਚ ਪ੍ਰਗਟ ਕੀਤਾ, ਇਸ ਲਈ ਇਸਦੇ ਵੇਰਵੇ ਸਹੀ ਹੋਣੇ ਚਾਹੀਦੇ ਹਨ ਤਾਂ ਕਿ ਸਾਨੂੰ ਪਰਮੇਸ਼ੁਰ ਦਾ ਭਰੋਸੇਯੋਗ ਪਰਕਾਸ਼ ਮਿਲ ਸਕੇ। ਇਸ ਕਾਰਨ ਬਾਈਬਲ ਦੇ ਵਿੱਚ ਦਿੱਤੇ ਆਤਮਾ ਦੀ ਪ੍ਰੇਰਨਾ ਦੇ ਵਰਣਨ ਦੇ ਅਨੁਸਾਰ, ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਲਿਖਤਾਂ ਦੀ ਅਗਵਾਈ ਕੀਤੀ ਤਾਂ ਕਿ ਇਹ ਪੂਰੀ ਤਰ੍ਹਾਂ ਦੇ ਨਾਲ ਸਹੀ ਹੋਵੇ।

## ਬਾਈਬਲ ਦੀ ਸੰਪੂਰਨ ਸ਼ੁੱਧਤਾ ਦੇ ਪੱਖ ਵਿੱਚ ਉਪਯੋਗ ਕੀਤੇ ਗਏ ਸ਼ਬਦ

### ਆਤਮਾ ਦੁਆਰਾ ਪ੍ਰੇਰਿਤ

ਬਾਈਬਲ ਆਤਮਾ ਦੇ ਦੁਆਰਾ ਪ੍ਰੇਰਿਤ ਹੈ, ਜਿਸਦਾ ਅਰਥ ਹੈ ਕਿ ਇਹ ਸੰਪੂਰਨ ਤੌਰ ਤੇ ਪਰਮੇਸ਼ੁਰ ਦਾ ਵਚਨ ਹੈ, ਇੱਥੋਂ ਤੱਕ ਕਿ ਇਸਦੇ ਵਿੱਚ ਉਪਯੋਗ ਕੀਤੇ ਗਏ ਸ਼ਬਦ ਵੀ। ਇਹ ਸ਼ਬਦ ਸ਼ੁਰੂਆਤੀ ਸਮੇਂ ਦੇ ਵਿੱਚ ਬਾਈਬਲ ਦੀ ਪੂਰੀ ਭਰੋਸੇਯੋਗਤਾ ਅਤੇ ਸ਼ੁੱਧਤਾ ਦਾ ਦਾਅਵਾ ਕਰਨ ਲਈ ਕਾਫੀ ਸੀ, ਪਰ ਹੁਣ ਕੁਝ ਲੋਕ ਜੋ ਕਹਿੰਦੇ ਹਨ ਕਿ ਉਹ ਮੰਨਦੇ ਹਨ ਕਿ ਬਾਈਬਲ ਆਤਮਾ ਤੋਂ ਪ੍ਰੇਰਿਤ ਹੈ, ਉਹ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਇਹ ਪੂਰੀ ਤਰ੍ਹਾਂ ਸਹੀ ਹੈ। ਹੇਠਾਂ ਦਿੱਤੇ ਸ਼ਬਦ ਆਤਮਾ ਦੀ ਪ੍ਰੇਰਨਾ ਦੀ ਧਾਰਨਾ ਦੇ ਜਰੂਰੀ ਤੱਥਾਂ ਦੇ ਪੱਖ ਖੜੇ ਹੋਣ ਦੇ ਉਪਯੋਗ ਕੀਤੇ ਜਾਂਦੇ ਹਨ।

### ਸੰਪੂਰਨ ਸ਼ੁੱਧ

ਇਸ ਸ਼ਬਦ ਦਾ ਅਰਥ ਹੈ ਕਿ "ਇਹ ਅਸਫਲ ਨਹੀਂ ਹੋ ਸਕਦੀ।" ਜਦੋਂ ਅਸੀਂ ਕਹਿੰਦੇ ਹਾਂ ਕਿ ਬਾਈਬਲ ਸੰਪੂਰਨ ਸ਼ੁੱਧ ਹੈ, ਤਾਂ ਸਾਡੇ ਕਹਿਣ ਤੋਂ ਭਾਵ ਹੈ ਕਿ ਇਸ ਤੇ ਭਰੋਸਾ ਕੀਤਾ ਜਾ ਸਕਦਾ ਹੈ ਅਤੇ ਇਹ ਕਦੇ ਵੀ ਸਾਡੀ ਗ਼ਲਤ ਅਗਵਾਈ ਨਹੀਂ ਕਰੇਗੀ। ਬਾਈਬਲ ਸਿਰਫ਼ ਧਰਮ ਸਿੱਖਿਆ ਦੇ ਬਿਆਨਾਂ ਵਿੱਚ ਹੀ ਨਹੀਂ, ਪਰ ਇਸਦਾ ਹਰੇਕ ਬਿਆਨ ਸੰਪੂਰਨ ਤੌਰ ਤੇ ਸ਼ੁੱਧ ਹੈ।

### ਦੋਸ਼ ਤੋਂ ਪਰੇ

ਇਸ ਸ਼ਬਦ ਦਾ ਅਰਥ ਹੈ "ਬਿਨਾਂ ਕਿਸੇ ਗ਼ਲਤੀ ਤੋਂ।" ਬਾਈਬਲ ਆਪਣੇ ਹਰੇਕ ਬਿਆਨ ਦੇ ਵਿੱਚ ਸਹੀ ਹੈ। । ਕਿਉਂਕਿ ਪਰਮੇਸ਼ੁਰ ਕਦੇ ਵੀ ਝੂਠ ਨਹੀਂ ਬੋਲਦਾ ਅਤੇ ਕੋਈ ਗ਼ਲਤੀ ਨਹੀਂ ਕਰਦਾ (ਪੜ੍ਹੋ ਤੀਤੁਸ ਨੂੰ 1:2), ਅਤੇ ਬਾਈਬਲ ਪਰਮੇਸ਼ੁਰ ਦਾ ਵਚਨ ਹੈ, ਤਾਂ ਅਸੀਂ ਇਸ ਗੱਲ ਦੇ ਬਾਰੇ ਪੱਕੇ ਹੋ ਸਕਦੇ ਹਾਂ ਕਿ ਇਸਦੇ ਵਿੱਚ ਕੋਈ ਵੀ ਗ਼ਲਤੀ ਨਹੀਂ ਹੈ। ਜੇਕਰ ਕੋਈ ਵਿਅਕਤੀ ਕਹਿੰਦਾ ਹੈ ਕਿ ਬਾਈਬਲ ਦੇ ਵਿੱਚ ਗ਼ਲਤੀਆਂ ਹੋ ਸਕਦੀਆਂ ਹਨ ਕਿਉਂਕਿ ਇਸਦੇ ਲਿਖਣ ਵਿੱਚ ਮਨੁੱਖ ਸ਼ਾਮਿਲ ਹਨ, ਤਾਂ ਉਹ ਪਤਰਸ ਦੀ ਦੂਜੀ ਪੱਤ੍ਰੀ 1:21 ਵਿੱਚ ਆਤਮਾ ਦੀ ਪ੍ਰੇਰਨਾ ਬਾਰੇ ਦਿੱਤੇ ਵਰਣਨ ਨੂੰ ਭੁੱਲ ਰਿਹਾ ਹੈ ਕਿ ਲੇਖਕਾਂ ਨੇ ਪਵਿੱਤਰ ਆਤਮਾ ਦੇ ਉਕਾਸਣ ਨਾਲ ਲਿਖਿਆ। ਆਤਮਾ ਦੀ ਪ੍ਰੇਰਨਾ ਦੇ ਬਾਰੇ ਬਾਈਬਲ ਦੀ ਇਤਿਹਾਸਿਕ ਧਾਰਨਾ ਇਹ ਹੈ ਕਿ ਸੰਪੂਰਨ ਬਾਈਬਲ ਪਵਿੱਤਰ ਆਤਮਾ ਦੀ ਪ੍ਰੇਰਨਾ ਤੋਂ ਹੈ, ਇੱਥੋਂ ਤੱਕ ਕਿ ਇਸਦਾ ਹਰੇਕ ਸ਼ਬਦ, ਅਤੇ ਇਸ ਲਈ ਇਸਦੇ ਵਿੱਚ ਕੋਈ ਗ਼ਲਤੀ ਨਹੀਂ ਹੈ (ਪੜ੍ਹੋ ਮੱਤੀ 5:18)।

### ਨਕਲ ਕਰਨ ਦੇ ਵਿੱਚ ਆਉਣ ਵਾਲੀਆਂ ਕਮੀਆਂ ਦੇ ਬਾਰੇ ਕੀ ਹੈ?

ਪ੍ਰਿੰਟ ਕਰਨ ਵਾਲੀ ਮਸ਼ੀਨ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ, ਪਵਿੱਤਰ ਸ਼ਾਸਤਰ ਸਮੇਤ ਸਾਰੇ ਦਸਤਾਵੇਜ਼ ਹੱਥਾਂ ਦੇ ਨਾਲ ਹੀ ਨਕਲ ਕੀਤੇ ਜਾਂਦੇ ਸਨ। ਸਾਡੇ ਕੋਲੋਂ ਪੌਲੁਸ, ਯਸਾਯਾਹ, ਜਾਂ ਮੂਸਾ ਦੁਆਰਾ ਲਿਖੀਆਂ ਮੁੱਢਲੀਆਂ ਹੱਥ ਲਿਖਤਾਂ ਮੌਜੂਦ ਨਹੀਂ ਹਨ। ਸਾਡੇ ਕੋਲ ਮੌਜੂਦ ਹਜ਼ਾਰਾਂ ਪੁਰਾਤਨ ਹੱਥ ਨਾਲ ਨਕਲ ਕੀਤੀਆਂ ਇਬਰਾਨੀ ਅਤੇ ਯੂਨਾਨੀ ਲਿਖਤਾਂ ਦੇ ਵਿੱਚ, ਬਹੁਤ ਛੋਟੇ-ਛੋਟੇ ਅੰਤਰ ਹੀ ਹਨ, ਅਤੇ ਅਸੀਂ ਹਮੇਸ਼ਾਂ ਇਹ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ ਮੁੱਢਲੇ ਸ਼ਬਦ ਕੀ ਸਨ। ਪਰ ਇਹ ਅੰਤਰ ਇੰਨੇ ਛੋਟੇ ਹਨ ਕਿ ਇੰਨ੍ਹਾਂ ਦੇ ਕਾਰਨ ਕਿਸੇ ਧਾਰਮਿਕ ਸਿਧਾਂਤ ਤੇ ਕੋਈ ਪ੍ਰਸ਼ਨ ਖੜਾ ਨਹੀਂ ਹੁੰਦਾ। ਕਿਉਂਕਿ ਅਸੀਂ ਜਾਣਦੇ ਹਾਂ ਕਿ ਮੂਲ ਲਿਖਤਾਂ ਗ਼ਲਤੀ ਤੋਂ ਪਰ੍ਹੇ ਸਨ, ਅਤੇ ਇਹ ਕਿ ਨਕਲਾਂ ਦੇ ਪਾਏ ਜਾਣ ਵਾਲੇ ਅੰਤਰ ਬਹੁਤ ਹੀ ਛੋਟੇ ਹਨ, ਇਸ ਤੋਂ ਅਸੀਂ ਜਾਣਦੇ ਹਾਂ ਕਿ ਅਸੀਂ ਬਾਈਬਲ ਦੁਆਰਾ ਦਿੱਤੇ ਜਾਣ ਵਾਲੇ ਹਰੇਕ ਬਿਆਨ ਤੇ ਭਰੋਸਾ ਕਰ ਸਕਦੇ ਹਾਂ।

► ਅਸੀਂ ਕਿਵੇਂ ਜਾਣਦੇ ਹਾਂ ਕਿ ਭਾਵੇਂ ਬਾਈਬਲ ਦੀ ਬਹੁਤ ਵਾਰੀ ਨਕਲ ਕੀਤੀ ਗਈ ਹੈ ਪਰ ਇਹ ਬਿਲਕੁਲ ਸਹੀ ਹੈ?

► ਅਜਿਹੇ ਕਿਹੜੇ ਅਲੱਗ-ਅਲੱਗ ਕਾਰਨ ਹਨ ਜਿੰਨ੍ਹਾਂ ਕਰਕੇ ਕੁਝ ਲੋਕ ਸੋਚਦੇ ਹਨ ਕਿ ਬਾਈਬਲ ਦੇ ਵਿੱਚ ਗ਼ਲਤੀਆਂ ਹਨ?

## ਕੁਝ ਲੋਕ ਅਜਿਹਾ ਕਿਉਂ ਸੋਚਦੇ ਹਨ ਕਿ ਬਾਈਬਲ ਦੇ ਵਿੱਚ ਗ਼ਲਤੀਆਂ ਹਨ?

ਕੁਝ ਲੋਕ ਦਾਅਵਾ ਕਰਦੇ ਹਨ ਕਿ ਬਾਈਬਲ ਦੇ ਵਿੱਚ ਗ਼ਲਤੀਆਂ ਹਨ। ਇਸਦਾ ਕਾਰਨ ਇਹ ਹੈ ਕਿ ਉਹ ਬਾਈਬਲ ਦੇ ਸੁਭਾਅ ਨੂੰ ਨਹੀਂ ਸਮਝਦੇ ਹਨ।

ਬਾਈਬਲ ਨੇ ਆਮ ਮਨੁੱਖੀ ਵਾਰਤਾਲਾਪ ਦਾ ਇਸਤੇਮਾਲ ਕੀਤਾ। ਉਦਾਹਰਨ ਦੇ ਲਈ, ਇੱਕ ਵਚਨ ਦੇ ਵਿੱਚ ਲਿਖਿਆ ਹੋਇਆ ਹੈ ਕਿ ਸੂਰਜ ਆਕਾਸ਼ ਦੇ ਦੁਆਲੇ ਘੁੰਮਦਾ ਹੈ। ਜਿਆਦਾਤਰ ਵਿਗਿਆਨੀ ਇਹ ਵਿਸ਼ਵਾਸ ਕਰਦੇ ਹਨ ਸੂਰਜ ਨਹੀਂ ਘੁੰਮਦਾ ਸਗੋਂ, ਧਰਤੀ ਘੁੰਮ ਰਹੀ ਹੈ ਪਰ ਉਹ ਸੂਰਜ ਦੇ ਚੜ੍ਹਣ ਅਤੇ ਹੇਠਾਂ ਜਾਣ ਦੇ ਬਾਰੇ ਵੀ ਗੱਲ ਕਰਦੇ ਹਨ। ਉਹ ਸਾਧਾਰਨ ਤੌਰ ਤੇ ਇਸਦਾ ਵਰਣਨ ਉਸੇ ਪ੍ਰਕਾਰ ਕਰ ਰਹੇ ਹਨ ਜਿਵੇਂ ਉਹ ਇਸਨੂੰ ਵੇਖਦੇ ਹਨ।

ਇਸਦੇ ਵਿੱਚ ਕਾਵਿ ਬਿਆਨ ਵੀ ਮੌਜੂਦ ਹਨ, ਜਿਵੇਂ ਕਿ "ਪਹਾੜ ਛੱਤਰਿਆਂ ਦੇ ਵਾਂਙੂ ਟੱਪਦੇ ਸਨ" (ਜ਼ਬੂਰਾਂ ਦੀ ਪੋਥੀ 114:4), ਜਾਂ "ਖੇਤ ਦੇ ਸਾਰੇ ਰੁੱਖ ਤਾਲੀਆਂ ਵਜਾਉਣਗੇ" (ਯਸਾਯਾਹ 55:12)। ਜ਼ਾਹਿਰ ਤੌਰ ਤੇ ਲਿਖਤ ਦੀ ਇਹ ਸ਼ੈਲੀ ਸ਼ਾਬਦਿਕ ਨਹੀਂ ਹੈ।

ਕੁਝ ਲੇਖਕਾਂ ਨੇ ਦੂਸਰੇ ਲੋਕਾਂ ਦੇ ਹਵਾਲੇ ਦਿੱਤੇ, ਜਿੰਨ੍ਹਾਂ ਦੇ ਵਿੱਚ ਅਜਿਹੇ ਲੋਕ ਸ਼ਾਮਿਲ ਸਨ ਆਤਮਾ ਤੋਂ ਪ੍ਰੇਰਿਤ ਨਹੀਂ ਸਨ। (ਉਦਾਹਰਨ ਦੇ ਲਈ ਅੱਯੂਬ ਦੇ ਮਿੱਤਰਾਂ ਦੇ ਬੋਲ ਦਰਜ ਕੀਤੇ ਗਏ ਹਨ, ਭਾਵੇਂ ਕਿ ਪਰਮੇਸ਼ੁਰ ਨੇ ਕਿਹਾ ਕਿ ਉਨ੍ਹਾਂ ਨੇ ਜੋ ਬੋਲਿਆ ਉਹ ਸਹੀ ਨਹੀਂ ਸੀ (ਅੱਯੂਬ 42:7))।

ਇੰਨਾਂ ਦੇ ਵਿੱਚੋਂ ਕੋਈ ਵੀ ਆਤਮਾ ਦੀ ਪ੍ਰੇਰਨਾ ਦੇ ਧਾਰਮਿਕ ਸਿਧਾਂਤ ਦੇ ਲਈ ਸਮੱਸਿਆ ਨਹੀਂ ਹੈ। ਪਰਮੇਸ਼ੁਰ ਨੇ ਲਿਖਣ ਦੀ ਪ੍ਰਕਿਰਿਆ ਦੀ ਅਗਵਾਈ ਕੀਤੀ ਤਾਂ ਕਿ ਉਹ ਇਸ ਗੱਲ ਨੂੰ ਪੱਕਿਆਂ ਕਰ ਸਕੇ ਕਿ ਅੰਤਿਮ ਉਤਪਾਦ ਉਸਦਾ ਵਚਨ ਹੀ ਹੋਵੇ।

ਕੁਝ ਲੋਕ ਸੋਚਦੇ ਹਨ ਕਿ ਉਹ ਬਾਈਬਲ ਦੇ ਵਿੱਚ ਵਿਰੋਧਾਭਾਸ ਨੂੰ ਵੇਖਦੇ ਹਨ, ਪਰ ਉਨ੍ਹਾਂ ਨੂੰ ਇਸਨੂੰ ਹੋਰ ਜਿਆਦਾ ਧਿਆਨ ਦੇ ਨਾਲ ਵੇਖਣ ਦੀ ਜਰੂਰਤ ਹੈ। ਉਦਾਹਰਨ ਦੇ ਲਈ, ਮਰਕੁਸ 5:1-2 ਅਤੇ ਲੂਕਾ 8:26-27 ਸਾਨੂੰ ਦੱਸਦੇ ਹਨ ਕਿ ਯਿਸੂ ਦੇ ਦੁਆਰਾ ਦੁਸ਼ਟ ਆਤਮਾ ਦੇ ਦੁਆਰਾ ਜਕੜੇ ਹੋਏ ਇੱਕ ਮਨੁੱਖ ਨੂੰ ਛੁਟਕਾਰਾ ਦਿੱਤਾ ਗਿਆ।ਮੱਤੀ 8:28 ਸਾਨੂੰ ਦੱਸਦਾ ਹੈ ਕਿ ਦੁਸ਼ਟ ਆਤਮਾਵਾਂ ਦੇ ਨਾਲ ਜਕੜੇ ਦੋ ਵਿਅਕਤੀਆਂ ਨੂੰ ਛੁਟਕਾਰਾ ਦਿੱਤਾ ਗਿਆ। ਇਹ ਕੋਈ ਵਿਰੋਧਾਭਾਸ ਨਹੀਂ ਹੈ। ਲੂਕਾ ਅਤੇ ਮਰਕੁਸ ਇਹ ਨਹੀਂ ਕਿਹਾ ਕਿ ਉੱਥੇ ਸਿਰਫ਼ ਇੱਕ ਹੀ ਮਨੁੱਖ ਸੀ। ਉਨ੍ਹਾਂ ਨੇ ਇੱਕ ਅਜਿਹੇ ਮਨੁੱਖ ਤੇ ਧਿਆਨ ਕਰਨ ਦੀ ਚੋਣ ਕੀਤੀ ਜਿਸਦਾ ਉਸ ਇਲਾਕੇ ਦੇ ਵਿੱਚ ਇਤਿਹਾਸ ਸੀ। ਜੇਕਰ ਕੋਈ ਵਿਅਕਤੀ ਬਾਈਬਲ ਦੇ ਵਿੱਚ ਅਜਿਹੇ ਬਿਆਨ ਨੂੰ ਵੇਖਦਾ ਹੈ ਜੋ ਇੱਕ ਦੂਸਰੇ ਦੇ ਉਲਟ ਹੈ, ਤਾਂ ਉਸਨੂੰ ਜਲਦੀ ਦੇ ਨਾਲ ਕਿਸੇ ਸਿੱਟੇ ਤੇ ਨਹੀਂ ਆ ਜਾਣਾ ਚਾਹੀਦਾ, ਪਰ ਉਸਨੂੰ ਪ੍ਰਸੰਗ ਨੂੰ ਸਮਝਣ ਤੇ ਸਮਾਂ ਲਗਾਉਣਾ ਚਾਹੀਦਾ ਹੈ।

## ਇੱਕ ਮਸੀਹੀ ਦੇ ਲਈ ਬਾਈਬਲ

► ਇੱਕ ਮਸੀਹੀ ਦੁਆਰਾ ਬਾਈਬਲ ਦਾ ਇਸਤੇਮਾਲ ਦੇ ਕੁਝ ਤਰੀਕੇ ਕਿਹੜੇ ਹਨ?

ਬਾਈਬਲ ਪਰਮੇਸ਼ੁਰ ਦੀ ਬਿਵਸਥਾ ਪ੍ਰਦਾਨ ਕਰਦੀ ਹੈ। ਅਸੀਂ ਬਿਵਸਥਾ ਦੀ ਪਾਲਣਾ ਕਰਨ ਦੁਆਰਾ ਨਹੀਂ ਬਚਾਏ ਜਾਂਦੇ, ਪਰ ਬਿਵਸਥਾ ਸਾਨੂੰ ਵਿਖਾਉਂਦੀ ਹੈ ਕਿ ਪਰਮੇਸ਼ੁਰ ਕਿਵੇਂ ਚਾਹੁੰਦਾ ਹੈ ਕਿ ਅਸੀਂ ਜੀਵੀਏ। ਪਰਮੇਸ਼ੁਰ ਦੀ ਬਿਵਸਥਾ ਪਰਮੇਸ਼ੁਰ ਦੇ ਸੁਭਾਅ ਨੂੰ ਵਿਖਾਉਂਦੀ ਹੈ। ਸਾਨੂੰ ਇਸਦੀ ਪਾਲਣਾ ਕਰਨੀ ਚਾਹੀਦੀ ਹੈ ਕਿਉਂਕਿ ਅਸੀਂ ਪਰਮੇਸ਼ੁਰ ਜਿਹੇ ਬਣਨਾ ਚਾਹੁੰਦੇ ਹਾਂ। ਕਿਉਂਕਿ ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ, ਇਸ ਲਈ ਸਾਨੂੰ ਉਸਦੀ ਬਿਵਸਥਾ ਨੂੰ ਵੀ ਪਿਆਰ ਕਰਨਾ ਚਾਹੀਦਾ ਹੈ। ਜ਼ਬੂਰਾਂ ਦੀ ਪੋਥੀ 119 ਇਸ ਗੱਲ ਦਾ ਵਰਣਨ ਕਰਦਾ ਹੈ ਕਿ ਪਰਮੇਸ਼ੁਰ ਦੇ ਇੱਕ ਅਰਾਧਕ ਨੂੰ ਪਰਮੇਸ਼ੁਰ ਦੀ ਬਿਵਸਥਾ ਵਿੱਚ ਪ੍ਰਸੰਨ ਹੋਣਾ ਚਾਹੀਦਾ ਹੈ। ਜੋ ਵਿਅਕਤੀ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ ਉਹ ਪ੍ਰਾਥਨਾ ਕਰੇਗਾ ਕਿ ਪਰਮੇਸ਼ੁਰ ਉਸਦੇ ਦਿਲ ਨੂੰ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਬਦਲ ਦੇਵੇ। ਜੋ ਵਿਅਕਤੀ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ ਉਸਦੇ ਲਈ ਇਹ ਅਸੰਭਵ ਹੈ ਕਿ ਉਹ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੇ ਬਾਰੇ ਧਿਆਨ ਨਾ ਦੇਵੇ।

ਪਰਮੇਸ਼ੁਰ ਦਾ ਵਚਨ ਚਾਨਣ ਹੈ। ਪਤਰਸ ਰਸੂਲ ਸਾਨੂੰ ਦੱਸਦਾ ਹੈ ਕਿ ਸੰਸਾਰ ਆਤਮਿਕ ਹਨੇਰੇ ਦੇ ਵਿੱਚ ਹੈ, ਅਤੇ ਪਰਮੇਸ਼ੁਰ ਦਾ ਵਚਨ ਸਾਡੇ ਰਾਹ ਦੇ ਲਈ ਚਾਨਣ ਹੈ ਕਿ ਸਾਨੂੰ ਕਿਵੇਂ ਚੱਲਣਾ ਚਾਹੀਦਾ ਹੈ (ਪੜ੍ਹੋ ਪਤਰਸ ਦੀ ਦੂਜੀ ਪੱਤ੍ਰੀ 1:19-21; ਨਾਲ ਹੀ ਵੇਖੋ ਜ਼ਬੂਰਾਂ ਦੀ ਪੋਥੀ 119:105।) ਕਿਸੇ ਵਿਅਕਤੀ ਨੂੰ ਕਦੇ ਵੀ ਅਜਿਹੇ ਵਿਚਾਰ ਜਾਂ ਭਾਵਨਾਵਾਂ ਦੇ ਪਿੱਛੇ ਨਹੀਂ ਚੱਲਣਾ ਚਾਹੀਦਾ ਜੋ ਪਰਮੇਸ਼ੁਰ ਦੇ ਵਚਨ ਦੇ ਉਲਟ ਹਨ। ਪਵਿੱਤਰ ਆਤਮਾ ਕਦੇ ਵੀ ਕਿਸੇ ਵਿਅਕਤੀ ਦੀ ਅਗਵਾਈ ਅਜਿਹੇ ਕੰਮ ਵੱਲ ਨਹੀਂ ਕਰੇਗਾ ਜਿਸਨੂੰ ਬਾਈਬਲ ਗ਼ਲਤ ਦੱਸਦੀ ਹੈ।

ਪਰਮੇਸ਼ੁਰ ਦਾ ਵਚਨ ਸਾਡਾ ਆਤਮਿਕ ਭੋਜਨ ਹੈ। ਚੰਗੀ ਭੁੱਖ ਲੱਗਣਾ ਤੰਦਰੁਸਤੀ ਦੀ ਨਿਸ਼ਾਨੀ ਹੈ, ਅਤੇ ਜਿਵੇਂ ਇੱਕ ਛੋਟਾ ਬੱਚਾ ਦੁੱਧ ਦੀ ਇੱਛਾ ਕਰਦਾ ਹੈ ਇਸੇ ਪ੍ਰਕਾਰ ਇਸੇ ਪ੍ਰਕਾਰ ਇੱਕ ਮਸੀਹੀ ਪਰਮੇਸ਼ੁਰ ਦੇ ਵਚਨ ਦੀ ਇੱਛਾ ਰੱਖਦਾ ਹੈ (ਪਤਰਸ ਦੀ ਪਹਿਲੀ ਪੱਤ੍ਰੀ 2:2)। ਜਿਵੇਂ ਹੀ ਇੱਕ ਮਸੀਹੀ ਪਰਿਪੱਕ ਹੁੰਦਾ ਹੈ, ਉਹ ਪਰਮੇਸ਼ੁਰ ਦੇ ਵਚਨ ਨੂੰ ਵਧੇਰੇ ਸਮਝਣ ਅਤੇ ਪਚਾਉਣ ਦੇ ਯੋਗ ਹੋ ਜਾਂਦਾ, ਜਿਵੇਂ ਇੱਕ ਬੱਚਾ ਠੋਸ ਭੋਜਨ ਖਾਣਾ ਸਿੱਖਦਾ ਹੈ (1 ਕੁਰਿੰਥੀਆਂ ਨੂੰ 3:2)। ਇੱਕ ਮਸੀਹੀ ਨੂੰ ਪ੍ਰਤੀਦਿਨ ਆਪਣੇ ਆਪ ਨੂੰ ਪਰਮੇਸ਼ੁਰ ਦੇ ਵਚਨ ਦਾ ਭੋਜਨ ਦੇਣਾ ਚਾਹੀਦਾ ਹੈ।

> "ਦੋ ਅਜਿਹੇ ਝੂਠ ਜਿੰਨ੍ਹਾਂ ਤੇ ਸਾਡਾ ਸਭਿਆਚਾਰ ਵਿਸ਼ਵਾਸ ਕਰਦਾ ਹੈ ਉਹ ਇਹ ਹਨ ਕਿ ਅਸੀਂ ਚੰਗੇ ਲੋਕ ਹਾਂ ਅਤੇ ਇਹ ਕਿ ਪਰਮੇਸ਼ੁਰ ਬਹੁਤ ਪਿਆਰ ਕਰਨ ਵਾਲਾ ਹੈ, ਇਸ ਲਈ ਉਹ ਪਾਪ ਦੀ ਸਜ਼ਾ ਨਹੀਂ ਦੇਵੇਗਾ।"
> -ਫਰਾਂਸਿਸ ਚੈੱਨ

ਬਾਈਬਲ ਸ਼ੈਤਾਨ ਦੇ ਵਿਰੁੱਧ ਸਾਡਾ ਬਚਾਅ ਹੈ। ਸਾਨੂੰ ਆਤਮਿਕ ਸ਼ਸ਼ਤਰ ਬਸਰਤ ਪਹਿਣਨ ਦਾ ਹੁਕਮ ਦਿੱਤਾ ਗਿਆ ਹੈ। ਜੋ ਆਤਮਾ ਦੀ ਤਲਵਾਰ ਸਾਨੂੰ ਦਿੱਤੀ ਹੋਈ ਹੈ ਉਹ ਪਰਮੇਸ਼ੁਰ ਦਾ ਵਚਨ ਹੈ (ਅਫ਼ਸੀਆਂ ਨੂੰ 6:17)। ਯਿਸੂ ਨੇ ਸ਼ੈਤਾਨ ਦੇ ਪਰਤਾਵਿਆਂ ਦਾ ਉੱਤਰ ਪਵਿੱਤਰ ਸ਼ਾਸਤਰ ਦੇ ਨਾਲ ਦਿੱਤਾ ਸੀ (ਮੱਤੀ 4:3-4)।

ਪਰਮੇਸ਼ੁਰ ਦਾ ਵਚਨ ਉਹ ਸਚਿਆਈ ਹੈ ਜੋ ਸਾਡੀ ਪ੍ਰਤੀਕਿਰਿਆ ਦੀ ਮੰਗ ਕਰਦੀ ਹੈ। ਯਿਸੂ ਨੇ ਇਸਦੀ ਤੁਲਨਾ ਬੀਜੇ ਹੋਏ ਬੀਜ਼ਾਂ ਦੇ ਨਾਲ ਕੀਤੀ (ਲੂਕਾ 8:11-15)। ਕੁਝ ਬੀਜ਼ ਵੱਧ ਨਹੀਂ ਸਕੇ ਕਿਉਂਕਿ ਜ਼ਮੀਨ ਤਿਆਰ ਨਹੀਂ ਸੀ। ਜਿਵੇਂ ਅਸੀਂ ਬਾਈਬਲ ਪੜ੍ਹਦੇ ਹਾਂ, ਤਾਂ ਸਾਨੂੰ ਇਸਦੀ ਸਚਿਆਈ ਦੇ ਪ੍ਰਤੀ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ ਅਤੇ ਪ੍ਰਾਥਨਾ ਕਰਨੀ ਚਾਹੀਦੀ ਹੈ ਕਿ ਪਰਮੇਸ਼ੁਰ ਆਪਣੇ ਵਚਨਾਂ ਦੇ ਦੁਆਰਾ ਸਾਡੇ ਜੀਵਨ ਵਿੱਚ ਫ਼ਲ ਪੈਦਾ ਕਰੇ।

## ਕਿਉਂਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ...

ਕਿਉਂਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ...

- ਇਹ ਕਦੇ ਵੀ ਪੁਰਾਣਾ ਜਾਂ ਬੇਕਾਰ ਨਹੀਂ ਹੋਵੇਗਾ। ਇਹ ਸਾਰੇ ਸਥਾਨਾਂ ਤੇ ਸਾਰੇ ਸਮਿਆਂ ਵਿੱਚ ਸਾਰੇ ਲੋਕਾਂ ਤੇ ਲਾਗੂ ਹੁੰਦਾ ਹੈ।
- ਇਹ ਪਰਮੇਸ਼ੁਰ ਦੀ ਮਰਜ਼ੀ ਨੂੰ ਸਮਝਣ ਵਿੱਚ ਅਗਵਾਈ ਕਰਦਾ ਹੈ, ਕਿਉਂਕਿ ਪਰਮੇਸ਼ੁਰ ਕਦੇ ਵੀ ਆਪਣੇ ਵਿਰੁੱਧ ਨਹੀਂ ਹੁੰਦਾ ਜਾਂ ਉਹ ਕਦੇ ਆਪਣਾ ਮਨ ਨਹੀਂ ਬਦਲਦਾ।

- ਇਹ ਸਾਡੇ ਜੀਵਨ ਵਿੱਚ ਬਿਹਤਰ ਪ੍ਰਾਪਤ ਕਰਨ ਦਾ ਜ਼ਰੀਆ ਹੈ, ਕਿਉਂਕਿ ਇਸਦੇ ਵਿੱਚ ਪਰਮੇਸ਼ੁਰ, ਸਾਡੇ ਰਚਨਹਾਰੇ ਨੇ ਸਾਡੇ ਲਈ ਦਿਸ਼ਾ ਨਿਰਦੇਸ਼ ਦਿੱਤੇ ਹਨ।
- ਇਸਦੇ ਵਿੱਚ ਉਹ ਸਭ ਮੌਜੂਦ ਹੈ ਜੋ ਸਾਡੀ ਮੁਕਤੀ ਦੇ ਲਈ ਅਤੇ ਪਰਮੇਸ਼ੁਰ ਦੇ ਨਾਲ ਸੰਬੰਧ ਰੱਖਣ ਦੇ ਲਈ ਜਰੂਰੀ ਹੈ।

ਭਾਵੇਂ ਅਸੀਂ ਪਾਸਬਾਨਾਂ ਅਤੇ ਕਲੀਸਿਆ ਦੀਆਂ ਰਿਵਾਇਤਾਂ ਤੋਂ ਸਿੱਖਦੇ ਹਾਂ, ਪਰ ਕਿਸੇ ਅਜਿਹੇ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਜੋ ਪਵਿੱਤਰ ਸ਼ਾਸਤਰ ਦੇ ਵਿਰੁੱਧ ਹੈ ਕਿਉਂਕਿ ਇਹ ਅੰਤਿਮ ਅਧਿਕਾਰ ਹੈ।

ਪਵਿੱਤਰ ਆਤਮਾ ਸਾਡੀ ਸਮਝ ਦੇ ਲਈ ਪਰਮੇਸ਼ੁਰ ਦੇ ਵਚਨਾਂ ਨੂੰ ਉਜਾਗਰ ਕਰਦਾ ਹੈ ਅਤੇ ਇਸਦੀ ਆਗਿਆਕਾਰੀ ਕਰਨ ਦੇ ਵਿੱਚ ਸਾਡੀ ਅਗਵਾਈ ਕਰਦਾ ਹੈ।

► ਪਰਮੇਸ਼ੁਰ ਹੁਣ ਵੀ ਗੱਲ ਕਰਦਾ ਹੈ, ਪਰ ਕੀ ਸਾਨੂੰ ਕਿਸੇ ਅਜਿਹੀ ਗੱਲ ਦੀ ਉਮੀਦ ਕਰਨੀ ਚਾਹੀਦੀ ਹੈ ਜਿਸਨੂੰ ਕਿ ਬਾਈਬਲ ਦੇ ਵਿੱਚ ਕੁਝ ਜੋੜਿਆ ਜਾ ਸਕਦਾ ਹੈ?

## ਕੀ ਬਾਈਬਲ ਸੰਪੂਰਨ ਹੋ ਚੁੱਕੀ ਹੈ?

ਅੰਤਿਮ ਰਸੂਲ ਦੀ ਮੌਤ ਤੋਂ ਬਾਅਦ, ਕਲੀਸਿਆ ਨੇ ਬਾਈਬਲ ਨੂੰ ਸੰਪੂਰਨ ਹੋ ਚੁੱਕੀ ਕਿਤਾਬ ਮੰਨ ਲਿਆ। ਕਲੀਸਿਆ ਨੇ ਸਿਰਫ਼ ਲਿਖਤਾਂ ਨੂੰ ਚੁਣ ਕੇ ਹੀ ਪਵਿੱਤਰ ਸ਼ਾਸਤਰ ਨਹੀਂ ਮੰਨ ਲਿਆ; ਇਸਦੀ ਬਜਾਏ ਉਨ੍ਹਾਂ ਨੇ ਪਹਿਚਾਣਿਆ ਕਿ ਕੁਝ ਲਿਖਤਾਂ ਪਰਮੇਸ਼ੁਰ ਦੇ ਦੁਆਰਾ ਪ੍ਰੇਰਿਤ ਹਨ ਅਤੇ ਉਨ੍ਹਾਂ ਦੇ ਕੋਲ ਆਤਮਿਕ ਅਧਿਕਾਰ ਹੈ। ਜਿੰਨ੍ਹਾਂ ਲਿਖਤਾਂ ਨੂੰ ਪਵਿੱਤਰ ਸ਼ਾਸਤਰ ਦਾ ਦਰਜਾ ਮਿਲਿਆ ਉਨ੍ਹਾਂ ਦੇ ਵਿੱਚ ਅਜਿਹੀਆਂ ਯੋਗਤਾਵਾਂ ਸਨ ਜੋ ਬਾਅਦ ਦੀਆਂ ਕਿਸੇ ਲਿਖਤਾਂ ਦੇ ਵਿੱਚ ਨਹੀਂ ਹੋ ਸਕੀਆਂ।

ਪੁਰਾਣੇ ਨੇਮ ਦੀਆਂ ਪੁਸਤਕਾਂ ਦੇ ਲਈ, ਕਲੀਸਿਆ ਨੇ ਉਨ੍ਹਾਂ ਲਿਖਤਾਂ ਨੂੰ ਰੱਖਿਆ ਜਿੰਨ੍ਹਾਂ ਨੂੰ ਇਸਰਾਏਲ ਨੇ ਪਵਿੱਤਰ ਸ਼ਾਸਤਰ ਵੱਜੋਂ ਸੰਭਾਲ ਕੇ ਰੱਖਿਆ ਸੀ। ਅੰਤ ਦੇ ਵਿੱਚ ਨਵੇਂ ਨੇਮ ਦੀਆਂ ਪੁਸਤਕਾਂ ਨੂੰ ਪਵਿੱਤਰ ਸ਼ਾਸਤਰ ਦਾ ਦਰਜਾ ਦਿੱਤਾ ਗਿਆ ਜੋ ਹੇਠਾਂ ਦਿੱਤੀਆਂ ਯੋਗਤਾਵਾਂ ਦੇ ਅਨੁਸਾਰ ਸੀ:

- ਰਸੂਲਾਂ ਦੇ ਨਾਲ ਇਤਿਹਾਸਿਕ ਸੰਬੰਧ
- ਸਵੈ-ਅਧਿਕਾਰਕ ਹੋਣ ਦੀ ਯੋਗਤਾ
- ਕਲੀਸਿਆ ਵੱਲੋਂ ਸਾਂਝੇ ਤੌਰ ਤੇ ਮੰਨਿਆ ਜਾਣਾ
- ਪੁਰਾਣੇ ਨੇਮ ਦਾ ਆਦਰਯੋਗ ਉਪਯੋਗ
- ਗ਼ਲਤ ਸਿੱਖਿਆ ਦੇ ਵਿਰੁੱਧ ਉਪਯੋਗੀ

ਪਰਮੇਸ਼ੁਰ ਹੁਣ ਵੀ ਗੱਲ ਕਰਦਾ ਹੈ, ਪਰ ਕੀ ਹੁਣ ਬਾਈਬਲ ਦੇ ਵਿੱਚ ਕੁਝ ਜੋੜਿਆ ਜਾ ਸਕਦਾ ਹੈ? ਕਿਸੇ ਵੀ ਨਵੀਂ ਲਿਖਤ ਦੇ ਵਿੱਚ ਮੁੱਢਲੇ ਪਵਿੱਤਰ ਸ਼ਾਸਤਰ ਦੇ ਵਿੱਚ ਜੋੜੇ ਜਾਣ ਦੀ ਯੋਗਤਾ ਦਾ ਹੋਣਾ ਅਸੰਭਵ ਹੈ। ਉਦਾਹਰਨ ਦੇ ਲਈ ਕਿਸੇ ਵੀ ਨਵੀਂ ਲਿਖਤ ਨੂੰ

ਰਸੂਲ ਦੇ ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਉਹ ਸਾਰੇ ਹੁਣ ਸਾਡੇ ਨਾਲ ਨਹੀਂ ਹਨ। ਨਾਂ ਹੀ ਕਿਸੇ ਨਵੀਂ ਲਿਖਤ ਨੂੰ ਵਿਸ਼ਵ ਪੱਧਰੀ ਕਲੀਸਿਆ ਦੇ ਦੁਆਰਾ ਸਵੀਕਾਰ ਕੀਤਾ ਜਾਵੇਗਾ।

ਪਵਿੱਤਰ ਸ਼ਾਸਤਰ ਮੁਕਤੀ ਅਤੇ ਮਸੀਹੀ ਜੀਵਨ ਦੇ ਲਈ ਸੰਪੂਰਨ ਹੈ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:14-17)। ਪਵਿੱਤਰ ਸ਼ਾਸਤਰ ਦੇ ਵਿੱਚ ਕਿਸੇ ਵੀ ਮਹੱਤਵਪੂਰਨ ਜਾਂ ਜਰੂਰੀ ਚੀਜ਼ ਨੂੰ ਜੋੜਿਆ ਨਹੀਂ ਜਾ ਸਕਦਾ ਕਿਉਂਕਿ ਇਸਦੇ ਵਿੱਚ ਸਾਡੀ ਜਰੂਰਤ ਦਾ ਸਭ ਕੁਝ ਮੌਜੂਦ ਹੈ। ਜੋ ਲੋਕ ਨਵੇਂ ਪਰਕਾਸ਼ ਨੂੰ ਪ੍ਰਾਪਤ ਕਰਨ ਦਾ ਦਾਅਵਾ ਕਰਦੇ ਹਨ ਉਨ੍ਹਾਂ ਨੂੰ ਇਸਦੀ ਬਜਾਏ ਆਪਣਾ ਸਮਾਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਵਿੱਚ ਬਿਤਾਉਣਾ ਚਾਹੀਦਾ ਹੈ ਜਿਸਦੇ ਵਿੱਚ ਪਰਮੇਸ਼ੁਰ ਨੇ ਪਹਿਲਾਂ ਹੀ ਪਰਕਾਸ਼ ਦਿੱਤਾ ਹੋਇਆ ਹੈ। ਉਹ ਵੇਖਣਗੇ ਕਿ ਉਨ੍ਹਾਂ ਦੀ ਜਰੂਰਤ ਦੀ ਹਰ ਗੱਲ ਇਸਦੇ ਵਿੱਚ ਹੈ ਅਤੇ ਉਹ ਗ਼ਲਤੀ ਕਰਨ ਤੋਂ ਬਚੇ ਰਹਿਣਗੇ।

## ਗ਼ਲਤੀਆਂ ਜਿੰਨਾਂ ਤੋਂ ਬਚਣਾ ਚਾਹੀਦਾ ਹੈ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦੇ ਦੋ ਮੈਂਬਰ ਇਸ ਭਾਗ ਅਤੇ ਅੱਗਲੇ ਭਾਗ ਦੀ ਵਿਆਖਿਆ ਕਰ ਸਕਦੇ ਹਨ।*

### ਬਾਈਬਲ ਦੇ ਅਧਿਕਾਰ ਦੇ ਨਾਲ ਸਮਝੌਤਾ ਕਰਨਾ

ਅੰਤਿਮ ਅਧਿਕਾਰ ਕੀ ਹੈ? ਬਹੁਤ ਸਾਰੇ ਮਸੀਹੀ ਕਹਿੰਦੇ ਹਨ ਕਿ ਬਾਈਬਲ ਉਨ੍ਹਾਂ ਦਾ ਅਧਿਕਾਰ ਹੈ, ਪਰ ਅਸਲ ਦੇ ਵਿੱਚ ਉਹ ਜਿਆਦਾ ਆਪਣੀਆਂ ਹੀ ਭਾਵਨਾਵਾਂ ਤੇ ਭਰੋਸਾ ਕਰਦੇ ਹਨ। ਕਈ ਵਾਰ ਕੋਈ ਵਿਅਕਤੀ ਕਹਿੰਦਾ ਹੈ ਕਿ ਇੱਕ ਕੰਮ ਇਸ ਲਈ ਠੀਕ ਹੈ ਕਿਉਂਕਿ ਇਸਨੂੰ ਕਰਨ ਤੋਂ ਬਾਅਦ ਉਹ ਦੋਸ਼ੀ ਮਹਿਸੂਸ ਨਹੀਂ ਕਰਦਾ। ਅਜਿਹਾ ਵਿਅਕਤੀ ਬਾਈਬਲ ਦੀ ਬਜਾਏ ਆਪਣੀਆਂ ਭਾਵਨਾਵਾਂ ਨੂੰ ਆਪਣਾ ਅੰਤਿਮ ਅਧਿਕਾਰ ਬਣਾ ਰਿਹਾ ਹੈ।

ਲੋਕ ਬਹੁਤ ਸਾਰੇ ਕਾਰਨਾਂ ਦੇ ਕਰਕੇ ਬਾਈਬਲ ਨੂੰ ਗੰਭੀਰਤਾ ਦੇ ਨਾਲ ਨਹੀਂ ਲੈਂਦੇ। ਸ਼ਾਇਦ ਉਨ੍ਹਾਂ ਨਾਲ ਸੰਬੰਧਿਤ ਕੋਈ ਵਿਅਕਤੀ ਜਿਸਦਾ ਉਹ ਆਦਰ ਕਰਦੇ ਹਨ ਉਹ ਬਾਈਬਲ ਦੀ ਕਿਸੇ ਸਪੱਸ਼ਟ ਸਿੱਖਿਆ ਨੂੰ ਨਜ਼ਰਅੰਦਾਜ ਕਰਦਾ ਹੈ, ਇਸਦੇ ਨਾਲ ਉਨ੍ਹਾਂ ਨੂੰ ਵੀ ਅਜਿਹਾ ਕਰਨ ਦਾ ਉਤਸ਼ਾਹ ਮਿਲਦਾ ਹੈ। ਸ਼ਾਇਦ ਉਹ ਕੁਝ ਅਜਿਹਾ ਕਰਨ ਦੇ ਦੋਸ਼ੀ ਹਨ ਜਿਸਦੀ ਬਾਈਬਲ ਮਨਾਹੀ ਕਰਦੀ ਹੈ, ਅਤੇ ਉਹ ਆਪਣੇ ਕੰਮਾਂ ਨੂੰ ਸਹੀ ਠਹਿਰਾਉਣ ਦਾ ਯਤਨ ਕਰਦੇ ਹਨ। ਸ਼ਾਇਦ ਉਹ ਇਸ ਗੱਲ ਤੋਂ ਅਨਜਾਣ ਹਨ ਕਿ ਬਾਈਬਲ ਕੀ ਸਿਖਾਉਂਦੀ ਹੈ। ਸਾਨੂੰ ਬਾਈਬਲ ਨੂੰ ਸਮਝਣ ਤੇ ਇਸਦੇ ਅਧਿਕਾਰ ਦੇ ਅਧੀਨ ਆਉਣ ਦਾ ਹਰੇਕ ਯਤਨ ਕਰਨਾ ਚਾਹੀਦਾ ਹੈ।

### ਸੀਮਿਤ ਉਦੇਸ਼ ਦੇ ਨਾਲ ਬਾਈਬਲ ਦਾ ਅਧਿਐਨ ਕਰਨਾ

ਬਾਈਬਲ ਧਾਰਮਿਕ ਸਿੱਖਿਆ ਦਾ ਮੁੱਢਲਾ ਸ੍ਰੋਤ ਹੈ। ਇਹ ਧਰਮ ਸਿੱਖਿਆ ਨਾਲ ਸੰਬੰਧਿਤ ਕਿਸੇ ਵੀ ਪ੍ਰਸ਼ਨ ਦੇ ਲਈ ਅੰਤਿਮ ਅਧਿਕਾਰ ਹਨ। ਪਰ ਜਦੋਂ ਲੋਕ ਬਾਈਬਲ ਦਾ ਅਧਿਐਨ ਸਿਰਫ਼ ਆਪਣੀ ਧਾਰਮਿਕ ਸਿੱਖਿਆ ਦੇ ਸਬੂਤ ਲਈ ਕਰਦੇ ਹਨ ਤਾਂ ਇਹ ਸਮੱਸਿਆ ਵਾਲੀ ਗੱਲ ਹੈ। ਉਹ ਬਾਈਬਲ ਦਾ ਉਪਯੋਗ ਆਤਮਿਕ ਭੋਜਨ ਦੇ ਲਈ ਨਹੀਂ ਕਰਦੇ। ਉਹ ਸਿਰਫ਼ ਇੰਨਾ ਹੀ ਸੋਚਦੇ ਹਨ ਕਿ ਕਿਸੇ ਨੂੰ ਗ਼ਲਤ ਸਾਬਿਤ ਕਿਵੇਂ ਕਰਨਾ ਹੈ। ਸਾਡੇ ਲਈ ਇਹ ਸਹੀ ਹੈ ਕਿ ਅਸੀਂ ਆਪਣੀ ਧਾਰਮਿਕ ਸਿੱਖਿਆ ਨੂੰ ਬਾਈਬਲ ਦੇ ਨਾਲ ਹੀ ਉੱਨਤ ਕਰੀਏ ਅਤੇ ਇਸਦਾ ਬਚਾਅ ਕਰੀਏ। ਪਰ ਜੇਕਰ ਅਸੀਂ ਬਾਈਬਲ ਨੂੰ ਸਿਰਫ਼ ਇਸੇ ਕੰਮ ਦੇ ਲਈ ਵਰਤਦੇ ਹਾਂ ਤਾਂ ਅਸੀਂ

ਆਪਣੇ ਉਸ ਅਨੰਦ ਨੂੰ ਗੁਆ ਦਿੰਦੇ ਹਾਂ ਜੋ ਪਰਮੇਸ਼ੁਰ ਦੇ ਨਾਲ ਸਾਡੇ ਨਿੱਜੀ ਸੰਬੰਧ ਦੇ ਲਈ ਇਸਦਾ ਉਪਯੋਗ ਕਰਨ ਤੋਂ ਪ੍ਰਾਪਤ ਹੁੰਦਾ ਹੈ।

ਕੁਝ ਲੋਕ ਬਾਈਬਲ ਨੂੰ ਸਿਰਫ਼ ਉਤਸ਼ਾਹਿਤ ਮਹਿਸੂਸ ਕਰਨ ਦੇ ਉਦੇਸ਼ ਲਈ ਪੜ੍ਹਦੇ ਹਨ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਾਈਬਲ ਦੇ ਉਦੇਸ਼ ਵਿੱਚ ਸਿੱਖਿਆ, ਤਾੜਣ ਅਤੇ ਸੁਧਾਰਨ ਅਤੇ ਧਾਰਮਿਕ ਸਿੱਖਿਆ ਦੇ ਲਈ ਹੈ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16)। ਸਾਨੂੰ ਆਪਣੇ ਆਪ ਨੂੰ ਪ੍ਰਸੰਨ ਕਰਨ ਵਾਲੇ ਵਾਅਦਿਆਂ ਦੀ ਭਾਲ ਦੇ ਵਿੱਚ ਬਾਈਬਲ ਦੀ ਆਗਿਆਵਾਂ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ। ਸ਼ਾਇਦ ਪਰਮੇਸ਼ੁਰ ਅੱਜ ਸਾਨੂੰ ਤਾੜਣਾ ਜਾਂ ਸੁਧਾਰਨਾ ਚਾਹੁੰਦਾ ਹੈ ਜਾਂ ਸਾਨੂੰ ਕੁਝ ਸਿਖਾਉਣਾ ਚਾਹੁੰਦਾ ਹੈ।

### ਗ਼ਲਤ ਸਿੱਖਿਆਵਾਂ ਦੀ ਗ਼ਲਤੀਆਂ

ਕੁਝ ਧਾਰਮਿਕ ਸਮੂਹ ਦਾਅਵਾ ਕਰਦੇ ਹਨ ਕਿ ਉਹ ਬਾਈਬਲ ਤੇ ਵਿਸ਼ਵਾਸ ਕਰਦੇ ਹਨ, ਪਰ ਉਹ ਕਿਸੇ ਹੋਰ ਚੀਜ਼ ਨੂੰ ਆਪਣਾ ਅੰਤਿਮ ਅਧਿਕਾਰ ਬਣਾ ਲੈਂਦੇ ਹਨ। ਉਹ ਦਾਅਵਾ ਕਰਦੇ ਹਨ ਕਿ ਸਿਰਫ਼ ਉਹੀ ਬਾਈਬਲ ਦੀ ਵਿਆਖਿਆ ਕਰ ਸਕਦੇ ਹਨ, ਕਿਉਂਕਿ ਉਹ ਕਿਸੇ ਅਜਿਹੇ ਪਰਕਾਸ਼ ਜਾਂ ਖਾਸ ਸ਼ੈਲੀ ਦੀ ਵਰਤੋਂ ਕਰਦੇ ਹਨ ਜੋ ਸਿਰਫ਼ ਉਨ੍ਹਾਂ ਦੇ ਕੋਲ ਹੈ। ਉਨ੍ਹਾਂ ਦੀ ਬਹੁਤ ਖਾਸ ਧਾਰਮਿਕ ਸਿੱਖਿਆ ਨੂੰ ਬਾਈਬਲ ਦੇ ਵਿੱਚੋਂ ਸਾਬਿਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਦੇ ਕੋਲ ਸ਼ਾਇਦ ਕੋਈ ਹੋਰ ਜਿਸਨੂੰ ਉਹ ਬਾਈਬਲ ਦੇ ਨਾਲ -ਨਾਲ ਪਵਿੱਤਰ ਸ਼ਾਸਤਰ ਮੰਨਦੇ ਹਨ। ਉਹ ਸ਼ਾਇਦ ਕਹਿ ਸਕਦੇ ਹਨ ਕਿ ਬਾਈਬਲ ਭਰੋਸੇਯੋਗ ਨਹੀਂ ਹੈ ਕਿਉਂਕਿ ਇਸਦੇ ਵਿੱਚ ਅਨੁਵਾਦ ਅਤੇ ਨਕਲ ਦੀਆਂ ਗ਼ਲਤੀਆਂ ਹਨ।

ਇਹ ਵਿਚਾਰ ਦਰਸਾਉਂਦੇ ਹਨ ਬਾਈਬਲ ਪਰਮੇਸ਼ੁਰ ਦੇ ਵਚਨ ਵੱਜੋਂ ਸੰਪੂਰਨ ਨਹੀਂ ਹੈ। ਅਜਿਹੇ ਲੋਕਾਂ ਦੇ ਲਈ ਕੁਝ ਹੋਰ ਅੰਤਿਮ ਅਧਿਕਾਰ ਬਣ ਜਾਂਦਾ ਹੈ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

### ਵਿਸ਼ਵਾਸ ਕਥਨ

ਬਾਈਬਲ ਪਰਮੇਸ਼ੁਰ ਦਾ ਵਚਨ ਹੈ। ਪਰਮੇਸ਼ੁਰ ਨੇ ਲੇਖਕਾਂ ਨੂੰ ਪ੍ਰੇਰਿਤ ਕੀਤਾ ਇਸ ਲਈ ਉਨ੍ਹਾਂ ਨੇ ਬਿਨਾਂ ਕਿਸੇ ਗ਼ਲਤੀ ਦੇ ਲਿਖਿਆ। ਬਾਈਬਲ ਦੇ ਵਿੱਚ ਉਹ ਸਭ ਕੁਝ ਸ਼ਾਮਿਲ ਹੈ ਜੋ ਸਾਡੇ ਪਾਪ ਤੋਂ ਬਚਣ ਲਈ ਅਤੇ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਚੱਲਣ ਲਈ ਜਾਣਨ ਲਈ ਜਰੂਰੀ ਹੈ। ਬਾਈਬਲ ਸਾਡੀ ਧਰਮ ਸਿੱਖਿਆ ਦਾ ਮੁੱਢਲਾ ਸ੍ਰੋਤ ਹੈ ਅਤੇ ਇਹ ਅੰਤਿਮ ਅਧਿਕਾਰ ਹੈ। ਇੱਕ ਮਸੀਹੀ ਨੂੰ ਪ੍ਰਤੀ ਦਿਨ ਬਾਈਬਲ ਪੜਣੀ ਚਾਹੀਦੀ ਹੈ ਤਾਂ ਕਿ ਉਹ ਪਰਮੇਸ਼ੁਰ ਨੂੰ ਬਿਹਤਰ ਜਾਣ ਸਕੇ, ਪਰਮੇਸ਼ੁਰ ਦੇ ਦੁਆਰਾ ਦਿਸ਼ਾ ਨਿਰਦੇਸ਼ ਹੋ ਸਕੇ, ਆਤਮਿਕ ਭੋਜਨ ਲੈ ਸਕੇ ਅਤੇ ਇੱਕ ਅਰਥਪੂਰਨ ਅਤੇ ਅਨੰਦਮਈ ਜੀਵਨ ਜੀ ਸਕੇ।

## ਪਾਠ 1 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਜ਼ਬੂਰਾਂ ਦੀ ਪੋਥੀ 119:33-40
- ਜ਼ਬੂਰਾਂ ਦੀ ਪੋਥੀ 119:129-136
- ਕਹਾਉਤਾਂ 30:5-6
- ਮੱਤੀ 5:17-19
- ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:15-17
- ਪਤਰਸ ਦੀ ਦੂਜੀ ਪੱਤ੍ਰੀ 3:15-16
- ਪਰਕਾਸ਼ ਦੀ ਪੋਥੀ 22:18-19

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 1 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਇਸ ਕੋਰਸ ਦੇ ਦੌਰਾਨ ਤੁਸੀਂ ਘੱਟੋ-ਘੱਟ ਤਿੰਨ ਵਾਰ ਤੁਸੀਂ ਉਨ੍ਹਾਂ ਲੋਕਾਂ ਲਈ ਇੱਕ ਪਾਠ ਜਾਂ ਪਾਠ ਦੇ ਹਿੱਸੇ ਨੂੰ ਸਿਖਾਉਗੇ ਜੋ ਕਲਾਸ ਦੇ ਵਿੱਚ ਨਹੀਂ ਹਨ। ਇਹ ਸਿੱਖਿਆ ਚਰਚ ਦੇ ਵਿੱਚ ਕਲਾਸ ਜਾਂ ਘਰੇਲੂ ਬਾਈਬਲ ਅਧਿਐਨ ਸਮੂਹ, ਕਿਸੇ ਪਰਿਵਾਰਕ ਮਿਲਾਪ ਜਾਂ ਕਿਸੇ ਹੋਰ ਸਥਾਨ ਤੇ ਕੀਤੀ ਜਾ ਸਕਦੀ ਹੈ। ਤੁਸੀਂ ਅਜਿਹੇ ਮੌਕਿਆਂ ਨੂੰ ਬਣਾਉਣ ਅਤੇ ਕਲਾਸ ਦੇ ਆਗੂ ਨੂੰ ਇਸਦੇ ਬਾਰੇ ਰਿਪੋਰਟ ਦੇਣ ਲਈ ਜਿੰਮੇਵਾਰ ਹੋ।

(4) ਹਮੇਸ਼ਾਂ ਯਾਦ ਰੱਖੋ ਕਿ ਅੱਗਲੀ ਕਲਾਸ ਦੀ ਤਿਆਰੀ ਦੇ ਲਈ ਅੱਗਲੇ ਪਾਠ ਨੂੰ ਜਰੂਰ ਪੜ੍ਹੋ।

## ਪਾਠ 1 ਪ੍ਰੀਖਿਆ

(1) ਸਾਂਝਾ ਪਰਕਾਸ਼ ਕੀ ਹੈ?

(2) ਪਰਮੇਸ਼ੁਰ ਨੇ ਵਿਸ਼ੇਸ਼ ਪਰਕਾਸ਼ ਕਿਹੜੀਆਂ ਦੋ ਰੂਪਾਂ ਵਿੱਚ ਦਿੱਤਾ ਹੈ?

(3) ਵਿਸ਼ੇਸ਼ ਪਰਕਾਸ਼ ਕਿਹੜੀਆਂ ਤਿੰਨ ਗੱਲਾਂ ਕਰਦਾ ਹੈ ਜੋ ਸਾਂਝਾ ਪਰਕਾਸ਼ ਨਹੀਂ ਕਰ ਸਕਦਾ?

(4) ਬਾਈਬਲ ਆਪਣੇ ਬਾਰੇ ਕੀ ਦਾਅਵਾ ਕਰਦੀ ਹੈ?

(5) ਛੇ ਕਾਰਨ ਲਿਖੋ ਜਿਨ੍ਹਾਂ ਨਾਲ ਅਸੀਂ ਜਾਣਦੇ ਹਾਂ ਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ।

(6) ਬਾਈਬਲ ਸਿੱਖਿਆ, ਤਾੜਨਾ, ਸੁਧਾਰ ਅਤੇ ਧਰਮ ਦੇ ਗਿਝਾਉਣ ਲਈ ਕਿਉਂ ਲਾਭਕਾਰੀ ਹੈ? (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16)

(7) ਪ੍ਰੇਰਨਾ ਦੇ ਬਾਰੇ ਬਾਈਬਲ ਕਿਹੜਾ ਵਰਣਨ ਦਿੰਦੀ ਹੈ ਜੋ ਸਾਨੂੰ ਇਹ ਭਰੋਸਾ ਦਿਵਾਂਦਾ ਹੈ ਕਿ ਲੇਖਕਾਂ ਨੂੰ ਗ਼ਲਤੀਆਂ ਕਰਨ ਤੋਂ ਬਚਾਇਆ ਗਿਆ?

(8) ਪ੍ਰੇਰਨਾ ਦੇ ਚਾਰ ਤਰੀਕੇ ਲਿਖੋ ਜੋ ਪਰਮੇਸ਼ੁਰ ਨੇ ਵਰਤੇ।

(9) ਇਸਦਾ ਕੀ ਅਰਥ ਹੈ ਕਿ ਬਾਈਬਲ ਪ੍ਰੇਰਿਤ ਹੈ?

(10) ਇਸਦਾ ਕੀ ਅਰਥ ਹੈ ਕਿ ਬਾਈਬਲ ਸੰਪੂਰਨ ਸ਼ੁੱਧ ਹੈ?

(11) ਇਸਦਾ ਕੀ ਅਰਥ ਹੈ ਕਿ ਬਾਈਬਲ ਦੋਸ਼ ਤੋਂ ਪਰੇ ਹੈ?

# ਪਾਠ 2

# ਪਰਮੇਸ਼ੁਰ ਦੇ ਗੁਣ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਕਿਸੇ ਵਿਅਕਤੀ ਦੀ ਪਰਮੇਸ਼ੁਰ ਦੇ ਪ੍ਰਤੀ ਧਾਰਨਾ ਇੰਨੀ ਜਿਆਦਾ ਮਹੱਤਵਪੂਰਨ ਕਿਉਂ ਹੈ।
- ਪਰਮੇਸ਼ੁਰ ਦੇ ਰਚਨਹਾਰੇ ਹੋਣ ਦੀ ਸਚਿਆਈ ਉਸਨੂੰ ਬਾਕੀ ਸਾਰਿਆਂ ਨਾਲੋਂ ਵੱਖਰਾ ਕਿਵੇਂ ਬਣਾਉਂਦੀ ਹੈ।
- ਪਰਮੇਸ਼ੁਰ ਦੇ ਗੁਣ: ਇਸਦਾ ਕੀ ਅਰਥ ਹੈ ਕਿ ਉਹ ਨਿੱਜੀ, ਆਤਮਾ, ਸਦੀਪਕ, ਤ੍ਰਿਏਕਤਾ, ਸਰਬ-ਸ਼ਕਤੀਮਾਨ, ਹਰ ਸਥਾਨ ਤੇ ਮੌਜੂਦ, ਨਾ ਬਦਲਣ ਵਾਲਾ, ਸਭ ਕੁਝ ਜਾਣਨ ਵਾਲਾ, ਪਵਿੱਤਰ, ਧਰਮੀ ਅਤੇ ਪਿਆਰ ਕਰਨ ਵਾਲਾ ਹੈ।
- ਪਰਮੇਸ਼ੁਰ ਦਾ ਹਰੇਕ ਗੁਣ ਉਸਦੇ ਨਾਲ ਸਾਡੇ ਸੰਬੰਧ ਦੇ ਲਈ ਮਹੱਤਵਪੂਰਨ ਕਿਵੇਂ ਹੈ।
- ਪਰਮੇਸ਼ੁਰ ਦੀ ਪ੍ਰਭੂਸੱਤਾ ਬਾਰੇ ਬਾਈਬਲ ਆਧਾਰਿਤ ਦ੍ਰਿਸ਼ਟੀਕੋਣ।
- ਪਰਮੇਸ਼ੁਰ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਅਰਾਧਨਾ ਦੇ ਰੂਪਾਂ ਦੇ ਬਾਰੇ ਗ਼ਲਤ ਧਾਰਨਾ ਦੀ ਗ਼ਲਤੀ ਤੋਂ ਦੂਰ ਰਹਿ ਸਕਦੇ ਹਨ।

## ਜਾਣ-ਪਛਾਣ

► ਯਸਾਯਾਹ 40 ਨੂੰ ਮਿਲ ਕੇ ਪੜ੍ਹੋ। ਚਰਚਾ ਕਰੋ ਕਿ ਇਹ ਵਚਨ ਪਰਮੇਸ਼ੁਰ ਦੇ ਬਾਰੇ ਸਾਨੂੰ ਕੀ ਕਹਿੰਦਾ ਹੈ।

► ਕਿਸੇ ਵਿਅਕਤੀ ਦੇ ਕੋਲ ਪਰਮੇਸ਼ੁਰ ਦੇ ਪ੍ਰਤੀ ਸਹੀ ਧਾਰਨਾ ਹੋਣੀ ਜਾਂ ਨਾ ਹੋਣੀ ਕਿਉਂ ਜਰੂਰੀ ਹੈ?

ਪਰਮੇਸ਼ੁਰ ਕੌਣ ਹੈ? ਏ। ਡਬਲਯੂ ਟੋਜ਼ਰ ਨੇ ਇਹ ਕਹਿੰਦੇ ਹੋਏ ਇਸਦਾ ਮਹੱਤਵ ਵਿਖਾਇਆ, " ਮੇਰਾ ਮੰਨਣਾ ਹੈ ਕਿ ਸਿਧਾਂਤ ਵਿੱਚ ਸ਼ਾਇਦ ਹੀ ਕੋਈ ਗਲਤੀ ਹੈ ਜਾਂ ਮਸੀਹੀ ਨੈਤਿਕਤਾ ਨੂੰ ਲਾਗੂ ਕਰਨ ਵਿੱਚ ਅਸਫਲਤਾ ਹੈ ਜੋ ਅੰਤ ਵਿੱਚ ਪਰਮੇਸ਼ੁਰ ਦੇ ਅਸੰਪੂਰਨ ਅਤੇ ਅਣਡਿੱਠ [ਅਪਮਾਨਜਨਕ] ਵਿਚਾਰਾਂ ਲਈ ਨਹੀਂ ਲੱਭੀ ਜਾ ਸਕਦੀ।"[3] ਖੂਹ ਤੇ ਯਿਸੂ ਨੇ ਸਾਮਰੀ ਇਸਤਰੀ ਨੂੰ ਕਿਹਾ ਕਿ ਸਾਮਰੀ ਲੋਕਾਂ ਦੀ ਅਰਾਧਨਾ ਵਿੱਚ ਸਮੱਸਿਆ ਇਹ ਹੈ ਕਿ ਉਹ ਨਹੀਂ ਜਾਣਦੇ ਕਿ ਉਹ ਕਿਸਦੀ ਅਰਾਧਨਾ ਕਰਦੇ ਹਨ। ਕਿਸੇ ਵੀ ਵਿਅਕਤੀ ਦੇ ਲਈ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਪਰਮੇਸ਼ੁਰ ਦੇ ਪ੍ਰਤੀ ਉਸਦੀ ਧਾਰਨਾ ਹੈ। ਪਰਮੇਸ਼ੁਰ ਦੇ ਪ੍ਰਤੀ ਕਿਸੇ ਵਿਅਕਤੀ

---

[3] A. W. Tozer, The Knowledge of the Holy (New York: Harper and Row, 1961), 10.

ਧਾਰਨਾ ਉਸਦੇ ਧਰਮ ਦੀ ਨੀਂਹ ਹੈ। ਇਸ ਨਾਲੋਂ ਗੰਭੀਰ ਹੋਰ ਕੋਈ ਗ਼ਲਤੀ ਨਹੀਂ ਹੋ ਸਕਦੀ ਕਿ ਕਿਸੇ ਦੇ ਕੋਲ ਪਰਮੇਸ਼ੁਰ ਦੇ ਪ੍ਰਤੀ ਗ਼ਲਤ ਧਾਰਨਾ ਹੋਵੇ ਕਿ ਉਹ ਕੌਣ ਹੈ।

ਪਰਮੇਸ਼ੁਰ ਦਾ ਵਰਣਨ ਕਰਨ ਦੇ ਲਈ ਕਿਸੇ ਦੇ ਵੀ ਨਾਲ ਉਸਦੀ ਤੁਲਨਾ ਕਰਨੀ ਬੇਤੁਕੀ ਹੈ ਕਿਉਂਕਿ ਉਹ ਸਾਡੇ ਤੋਂ ਬਹੁਤ ਪਰੇ ਅਤੇ ਉੱਤੇ ਹੈ। ਇੱਥੋਂ ਤੱਕ ਕਿ ਬਾਈਬਲ ਵੀ ਸਾਨੂੰ ਪਰਮੇਸ਼ੁਰ ਦੀ ਕੋਈ ਰਸਮੀ ਪਰਿਭਾਸ਼ਾ ਨਹੀਂ ਦਿੰਦੀ, ਪਰ ਇਹ ਹਰੇਕ ਸਥਾਨ ਤੇ ਉਸਦੇ ਵਿਅਕਤੀਤਵ ਅਤੇ ਸ਼ਕਤੀ ਦਾ ਵਰਨਣ ਕਰਦੀ ਹੈ। ਉਤਪਤ ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਨੇ ਆਕਾਸ਼ ਅਤੇ ਧਰਤੀ; ਪੌਦੇ; ਸੂਰਜ, ਚੰਦ; ਅਤੇ ਤਾਰਿਆਂ ਨੂੰ ਰਚਿਆ; ਅਤੇ ਨਾਲ ਹੀ ਜਾਨਵਰਾਂ ਅਤੇ ਫਿਰ ਅੰਤ ਵਿੱਚ ਮਨੁੱਖਾਂ ਨੂੰ ਵੀ ਰਚਿਆ। ਪਵਿੱਤਰ ਸ਼ਾਸਤਰ ਦਾ ਪਹਿਲਾ ਸਬਕ ਬਹੁਤ ਹੀ ਸਪੱਸ਼ਟ ਹੈ; ਜੋ ਕੁਝ ਹੋਂਦ ਵਿੱਚ ਹੈ ਇਸ ਸਭ ਦੀ ਰਚਨਾ ਪਰਮੇਸ਼ੁਰ ਨੇ ਕੀਤੀ। ਇਸ ਪ੍ਰਕਾਰ, ਉਹ ਸਾਰੀ ਰਚਨਾ ਤੋਂ ਅਲੱਗ ਹੈ, ਕਿਉਂਕਿ ਉਹ ਰਚਨਾ ਦਾ ਹਿੱਸਾ ਨਹੀਂ ਹੈ।

ਪੂਰੀ ਬਾਈਬਲ ਦੇ ਵਿੱਚ ਪਰਮੇਸ਼ੁਰ ਦੇ ਬਾਰੇ ਬਹੁਤ ਸਾਰੇ ਬਿਆਨ ਹਨ। ਧਰਮ ਸ਼ਾਸਤਰ ਦੇ ਗਿਆਨੀਆਂ ਨੇ ਬਹੁਤ ਹੀ ਧਿਆਨ ਪੂਰਵਕ ਪਰਮੇਸ਼ੁਰ ਦੇ ਇੰਨਾਂ ਗੁਣਾਂ ਦੀ ਸੂਚੀ ਨੂੰ ਸੰਖੇਪ ਦੇ ਵਿੱਚ ਦੱਸਿਆ ਹੈ। ਅਸੀਂ ਆਪਣੀ ਅਸੰਪੂਰ ਸਮਝ ਦੇ ਨਾਲ ਕਦੇ ਵੀ ਇੰਨਾਂ ਦੇ ਵਿੱਚ ਮਾਹਿਰ ਨਹੀਂ ਹੋ ਸਕਦੇ। ਪਰ ਪਰਮੇਸ਼ੁਰ ਦੇ ਗੁਣਾਂ ਦੇ ਬਾਰੇ ਇੱਕ ਚੰਗਾ ਅਧਿਐਨ ਇੱਕ ਮੁੱਲਵਾਨ ਆਤਮਿਕ ਅਭਿਆਸ ਹੈ। ਇਸ ਲਈ ਅਸੀਂ ਅੱਗੇ ਦਿੱਤੇ ਪਰਮੇਸ਼ੁਰ ਦੇ ਬਾਰੇ ਦਿੱਤੇ ਬਿਆਨਾਂ ਤੇ ਵਿਚਾਰ ਕਰਦੇ ਹਾਂ। ਇਹ ਬਾਈਬਲ ਦੇ ਉਸਦੇ ਦੁਆਰਾ ਦਿੱਤੇ ਆਪਣੇ ਪਰਕਾਸ਼ ਤੇ ਆਧਾਰਿਤ ਹਨ, ਅਤੇ ਇਸ ਕਾਰਨ ਕਰਕੇ ਅਸੀਂ ਜਾਣਦੇ ਹਾਂ ਕਿ ਇਹ ਸੱਚ ਹਨ।

## ਪਰਮੇਸ਼ੁਰ ਦੇ ਗੁਣ

ਜੋ ਅਸੀਂ ਵੇਖਾਂਗੇ ਉਹ ਪਰਮੇਸ਼ੁਰ ਦੇ ਗੁਣਾਂ ਦੀ ਸੰਪੂਰਨ ਸੂਚੀ ਨਹੀਂ ਹੈ, ਪਰ ਇਸਦੇ ਵਿੱਚ ਉਹ ਸਾਰੇ ਹਨ ਜੋ ਸਾਡੀ ਜਾਣਕਾਰੀ ਦੇ ਲਈ ਮਹੱਤਵਪੂਰਨ ਹੈ।

► ਤੁਸੀਂ ਪਰਮੇਸ਼ੁਰ ਦੇ ਕਿਹੜੇ ਗੁਣਾਂ ਦੀ ਸੂਚੀ ਬਣਾ ਸਕਦੇ ਹੋ?

### ਪਰਮੇਸ਼ੁਰ ਵਿਅਕਤੀਗਤ ਹੈ

ਇਸ ਤੋਂ ਭਾਵ ਹੈ ਕਿ ਉਹ ਅਸਲ, ਜਿਉਂਦਾ ਵਿਅਕਤੀਤਵ ਹੈ ਜਿਸਦੇ ਵਿੱਚ ਬੁੱਧ, ਭਾਵਨਾਵਾਂ ਅਤੇ ਇੱਛਾ ਮੌਜੂਦ ਹੈ।[4] ਉਹ ਕੁਦਰਤ ਦੇ ਨਿਯਮਾਂ ਦਾ ਜੋੜ ਨਹੀਂ ਹੈ ਜਾਂ ਬਿਜਲੀ ਜਾਂ ਗੁਰਤਾ ਆਕਰਸ਼ਣ ਵਰਗੀ ਇੱਕ ਅਵਿਅਕਤੀਤਵ ਸ਼ਕਤੀ ਨਹੀਂ ਹੈ। ਉਹ ਰਚਦਾ ਹੈ, ਕਿਰਿਆ ਕਰਦਾ ਹੈ, ਜਾਣਦਾ ਹੈ, ਇੱਛਾ ਕਰਦਾ ਹੈ, ਯੋਜਨਾ ਬਣਾਉਂਦਾ ਹੈ ਅਤੇ ਗੱਲ ਕਰਦਾ ਹੈ।

► ਜੇਕਰ ਪਰਮੇਸ਼ੁਰ ਵਿਅਕਤੀਗਤ ਹੈ ਤਾਂ ਇਸਦੇ ਨਾਲ ਸਾਨੂੰ ਕੀ ਫ਼ਰਕ ਪੈਂਦਾ ਹੈ?

---

[4] ਉਤਪਤ 6:6, ਯਸਾਯਾਹ 42:21, ਯਸਾਯਾਹ 46:10-11, ਨਹੂਮ 1:2, ਸਫ਼ਨਯਾਹ 3:17, ਯਾਕੂਬ 5:11, ਪਤਰਸ ਦੀ ਪਹਿਲੀ ਪੱਤ੍ਰੀ 5:7

ਉਸਦੇ ਵਿਅਕਤੀਗਤ ਹੋਣ ਦੀ ਸਚਿਆਈ ਇਸ ਗੱਲ ਨੂੰ ਸੰਭਵ ਬਣਾਉਂਦੀ ਹੈ ਕਿ ਅਸੀਂ ਉਸਦੇ ਨਾਲ ਸੰਬੰਧ ਰੱਖ ਸਕੀਏ। ਜੇਕਰ ਉਹ ਵਿਅਕਤੀਗਤ ਨਹੀਂ ਹੈ, ਤਾਂ ਅਸੀਂ ਉਸ ਤੋਂ ਪ੍ਰਾਰਥਨਾ ਨਹੀਂ ਕਰ ਸਕਦੇ। ਜੇਕਰ ਉਹ ਵਿਅਕਤੀਗਤ ਨਹੀਂ ਹੈ ਤਾਂ ਉਸਦੇ ਲਈ ਪ੍ਰਸੰਨ ਹੋਣਾ ਜਾਂ ਕ੍ਰੋਧਿਤ ਹੋਣਾ ਸੰਭਵ ਨਹੀਂ ਹੈ।

### ਪਰਮੇਸ਼ੁਰ ਇੱਕ ਆਤਮਾ ਹੈ

"ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਓਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ" (ਯੂਹੰਨਾ 4:24)।

ਉਸਦੇ ਆਤਮਾ ਹੋਣ ਦੀ ਸਚਿਆਈ ਉਸਦੇ ਨਾਲ ਸਾਡਾ ਆਤਮਿਕ ਵਾਰਤਾਲਾਪ ਕਰਨ ਅਤੇ ਉਸਦੀ ਅਰਾਧਨਾ ਕਰਨ ਦਾ ਆਧਾਰ ਹੈ। ਪ੍ਰਾਰਥਨਾ ਅਤੇ ਅਰਾਧਨਾ ਕਿਸੇ ਭੌਤਿਕ ਵਸਤਾਂ ਤੇ, ਕਿਸੇ ਖਾਸ ਸਰੀਰਕ ਸਥਿਤੀ, ਕਿਸੇ ਉਲੀਕੇ ਹੋਏ ਪ੍ਰੋਗ੍ਰਾਮ ਜਾਂ ਇਮਾਰਤ ਤੇ ਨਿਰਭਰ ਨਹੀਂ ਕਰਦੀ। ਉਹ ਵਸਤਾਂ ਅਰਾਧਨਾ ਦੇ ਵਿੱਚ ਸਾਡਾ ਧਿਆਨ ਕੇਂਦਰਿਤ ਕਰਨ ਤੇ ਸਹਾਇਤਾ ਕਰ ਸਕਦੀਆਂ ਹਨ, ਪਰ ਅਰਾਧਨਾ ਉਨ੍ਹਾਂ ਤੇ ਨਿਰਭਰ ਨਹੀਂ ਹੈ।

ਪਰਮੇਸ਼ੁਰ ਦੇ ਆਤਮਾ ਹੋਣ ਦੀ ਸਚਿਆਈ ਇੱਕ ਕਾਰਨ ਹੈ ਜਿਸ ਕਰਕੇ ਉਸਨੇ ਸਾਨੂੰ ਉਸਦੀ ਕਿਸੇ ਵੀ ਪ੍ਰਕਾਰ ਦੀ ਮੂਰਤੀ ਬਣਾਉਣ ਤੋਂ ਮਨ੍ਹਾਂ ਕੀਤਾ (ਪੜ੍ਹੋ ਕੂਚ 20:4-6)। ਆਤਮਾ ਦੇ ਤੌਰ ਤੇ, ਪਰਮੇਸ਼ੁਰ ਸਾਡੇ ਤੋਂ ਅਦ੍ਰਿਸ਼ ਹੈ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 1:17) ਉਨ੍ਹਾਂ ਹਾਲਾਤਾਂ ਤੋਂ ਇਲਾਵਾ ਜਦੋਂ ਉਹ ਆਪ ਇੱਕ ਵਿਖਣ ਵਾਲੇ ਰੂਪ ਦੀ ਚੋਣ ਕਰਦਾ ਹੈ (ਪੜ੍ਹੋ ਉਤਪਤ 18:1; ਯਸਾਯਾਹ 6:1)। ਕਿਉਂਕਿ ਪਰਮੇਸ਼ੁਰ ਦੇ ਬਾਰੇ ਸਾਡੀ ਸਮਝ ਸੀਮਿਤ ਹੈ, ਇਸ ਲਈ ਜਦੋਂ ਉਹ ਇੱਕ ਵਿਖਣ ਵਾਲੇ ਰੂਪ ਵਿੱਚ ਪ੍ਰਗਟ ਹੁੰਦਾ ਹੈ, ਫਿਰ ਵੀ ਇਹ ਕਹਿਣਾ ਸੱਚ ਹੈ ਕਿ ਪਰਮੇਸ਼ੁਰ ਨੂੰ ਕਦੇ ਕਿਸੇ ਨੇ ਪੂਰੀ ਤਰ੍ਹਾਂ ਦੇ ਨਾਲ ਨਹੀਂ ਵੇਖਿਆ (ਕੂਚ 33:20; ਯੂਹੰਨਾ 1:18; ਯੂਹੰਨਾ 6:46)।

### ਪਰਮੇਸ਼ੁਰ ਸਦੀਪਕ ਹੈ

ਅਜਿਹਾ ਕੋਈ ਵੀ ਸਮਾਂ ਨਹੀਂ ਸੀ ਜਦੋਂ ਪਰਮੇਸ਼ੁਰ ਹੋਂਦ ਦੇ ਵਿੱਚ ਨਹੀਂ ਸੀ, ਅਤੇ ਅਜਿਹਾ ਕੋਈ ਵੀ ਸਮਾਂ ਨਹੀਂ ਹੋਵੇਗਾ ਜਦੋਂ ਉਹ ਹੋਂਦ ਦੇ ਵਿੱਚ ਨਹੀਂ ਹੋਵੇਗਾ; ਪਰਮੇਸ਼ੁਰ ਦੀ ਕੋਈ ਸ਼ੁਰੂਆਤ ਅਤੇ ਅੰਤ ਨਹੀਂ ਹੈ। ਪਰਮੇਸ਼ੁਰ ਨੇ ਆਪਣੇ ਆਪ ਨੂੰ ਮੈਂ ਹਾਂ ਜੋ ਮੈਂ ਹਾਂ (ਕੂਚ 3:14) ਦੇ ਨਾਮ ਨਾਲ ਪ੍ਰਗਟ ਕੀਤਾ। ਯੂਹੰਨਾ ਨੇ ਉਸਦਾ ਇਸ ਪ੍ਰਕਾਰ ਵਰਣਨ ਕੀਤਾ ਉਹ ਜਿਹੜਾ ਹੈ ਅਤੇ ਜਿਹੜਾ ਹੈਸੀ ਅਤੇ ਜਿਹੜਾ ਆਉਣ ਵਾਲਾ ਹੈ ਜੋ ਸਰਬ ਸ਼ਕਤੀਮਾਨ ਹੈ (ਪਰਕਾਸ਼ ਦੀ ਪੋਥੀ 1:8)। ਉਹ ਸਦਾ ਸਦਾ ਤੋਂ ਪਰਮੇਸ਼ੁਰ ਹੈ (ਜ਼ਬੂਰਾਂ ਦੀ ਪੋਥੀ 90:2)। ਕੁਝ ਧਰਮਾਂ ਦੇ ਵਿੱਚ ਕਥਾਵਾਂ ਹਨ ਕਿ ਉਨ੍ਹਾਂ ਦੇ ਦੇਵਤਿਆਂ ਦਾ ਜਨਮ ਕਦੋਂ ਹੋਇਆ, ਪਰ ਸੱਚਾ ਪਰਮੇਸ਼ੁਰ ਸਦੀਪਕ ਹੈ।

### ਪਰਮੇਸ਼ੁਰ ਇੱਕ ਤ੍ਰਿਏਕਤਾ ਹੈ

ਬਾਈਬਲ ਦੱਸਦੀ ਹੈ ਕਿ ਪਰਮੇਸ਼ੁਰ ਇੱਕ ਹੈ ਅਤੇ ਫਿਰ ਵੀ ਤਿੰਨ ਵਿਅਕਤੀਤਵਾਂ ਨੂੰ ਪਰਮੇਸ਼ੁਰ ਦੇ ਵੱਜੋਂ ਦਰਸਾਉਂਦੀ ਹੈ। ਪਰਮੇਸ਼ੁਰ ਸਿਰਫ਼ ਇੱਕ ਹੀ ਹੈ, ਪਰ ਉਸਦੇ ਸੁਭਾਅ ਦੇ ਵਿੱਚ ਤਿੰਨ ਵਿਅਕਤੀਤਵ ਹਨ। ਭਾਵੇਂਕਿ ਕਿ ਅਸੀਂ ਤ੍ਰਿਏਕਤਾ ਨੂੰ ਪੂਰੀ ਤਰ੍ਹਾਂ ਦੇ ਨਾਲ

ਸਮਝ ਨਹੀਂ ਸਕਦੇ, ਪਰ ਇਹ ਤਰਕਹੀਨ ਨਹੀਂ ਹੈ, ਕਿਉਂਕਿ ਅਸੀਂ ਇਹ ਨਹੀਂ ਕਹਿ ਰਹੇ ਕਿ ਇੱਕ ਅਤੇ ਤਿੰਨ ਇੱਕ ਹੀ ਗੱਲ ਹੈ। ਪਰਮੇਸ਼ੁਰ ਇੱਕ ਹੀ ਹੈ, ਜਿਸਦੀ ਹੋਂਦ ਤਿੰਨ ਵਿਅਕਤੀਤਵਾਂ ਦੇ ਵਿੱਚ ਹੈ। ਕਿਉਂਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਤਿੰਨਾਂ ਦੇ ਹੀ ਵਿੱਚ ਈਸ਼ਵਰਤਾਈ ਦੇ ਗੁਣ ਹਨ, ਇਸ ਲਈ ਉਨ੍ਹਾਂ ਵਿੱਚੋਂ ਹਰੇਕ ਨੂੰ ਸਹੀ ਤੌਰ ਤੇ ਪਰਮੇਸ਼ੁਰ ਕਿਹਾ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਪਰਮੇਸ਼ੁਰ ਦੇ ਵੱਜੋਂ ਅਰਾਧਨਾ ਕੀਤੀ ਜਾ ਸਕਦੀ ਹੈ। (ਅੱਗਲੇ ਪਾਠ ਦੇ ਵਿੱਚ ਤ੍ਰਿਏਕਤਾ ਦੇ ਬਾਰੇ ਵਧੇਰੇ ਗੱਲ ਕੀਤੀ ਜਾਵੇਗੀ।)

### ਪਰਮੇਸ਼ੁਰ ਸਰਬ ਸ਼ਕਤੀਮਾਨ ਹੈ

ਉਹ ਆਪਣੀ ਇੱਛਾ ਦੇ ਅਨੁਸਾਰ ਕੁਝ ਵੀ ਕਰਨ ਦੇ ਯੋਗ ਹੈ। "ਸਾਡਾ ਪਰਮੇਸ਼ੁਰ ਸੁਰਗ ਵਿੱਚ ਹੈ, ਉਹ ਨੇ ਜੋ ਚਾਹਿਆ ਸੋ ਕੀਤਾ" (ਜ਼ਬੂਰਾਂ ਦੀ ਪੋਥੀ 115:3)। ਉਸਦੀ ਕੋਈ ਸੀਮਾ ਨਹੀਂ ਹੈ ਪਰ ਉਹ ਅਤੇ ਵੀ ਆਪਣੇ ਪਵਿੱਤਰ ਸੁਭਾਅ ਦੇ ਉਲਟ ਕੰਮ ਨਹੀਂ ਕਰਦਾ ਅਤੇ ਉਹ ਸਦਾ ਆਪਣੇ ਵਾਅਦਿਆਂ ਨੂੰ ਪੂਰਿਆਂ ਕਰਦਾ ਹੈ। ਪਰਮੇਸ਼ੁਰ ਦੇ ਲਈ ਕੁਝ ਵੀ ਕਠਿਨ ਜਾਂ ਚੁਣੌਤੀਪੂਰਨ ਨਹੀਂ ਹੈ। "ਪ੍ਰਭੂ ਸਾਡਾ ਪਰਮੇਸ਼ੁਰ ਸਰਬ ਸ਼ਕਤੀਮਾਨ ਰਾਜ ਕਰਦਾ ਹੈ" (ਪਰਕਾਸ਼ ਦੀ ਪੋਥੀ 19:6)।

► ਸਾਡੇ ਇਹ ਜਾਣਨ ਦੇ ਨਾਲ ਕੀ ਫ਼ਰਕ ਪੈਂਦਾ ਹੈ ਕਿ ਪਰਮੇਸ਼ੁਰ ਸਰਬ-ਸ਼ਕਤੀਮਾਨ ਹੈ?

ਇਹ ਬਹੁਤ ਉਤਸ਼ਾਹਿਤ ਕਰਨ ਵਾਲੀ ਗੱਲ ਹੈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਡੇ ਸ਼ੰਘਰਸ਼ਾਂ ਦੇ ਵਿੱਚ, ਉਹ, ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ" (ਅਫ਼ਸੀਆਂ ਨੂੰ 3:20)। ਭਾਵੇਂ ਚੀਜ਼ਾਂ ਕਾਬੂ ਤੋਂ ਬਾਹਰ ਹੋ ਜਾਣ, ਫਿਰ ਵੀ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੀ ਯੋਜਨਾ ਪੂਰੀ ਹੋਵੇਗੀ। ਅਸੀਂ ਵਿਸ਼ਵਾਸ ਦੇ ਨਾਲ ਪ੍ਰਾਰਥਨਾ ਕਰ ਸਕਦੇ ਹਾਂ ਕਿ ਪਰਮੇਸ਼ੁਰ ਸਾਡੀ ਕਿਸੇ ਵੀ ਤਰ੍ਹਾਂ ਦੀ ਹਾਲਾਤ ਦੇ ਵਿੱਚ ਸੁਧਾਰ ਕਰ ਸਕਦਾ ਹੈ।

### ਪਰਮੇਸ਼ੁਰ ਹਰੇਕ ਸਥਾਨ ਤੇ ਮੌਜੂਦ ਹੈ

ਅਜਿਹਾ ਕੋਈ ਸਥਾਨ ਨਹੀਂ ਹੈ ਜਿੱਥੇ ਉਹ ਮੌਜੂਦ ਨਹੀਂ ਹੈ, ਅਤੇ ਅਜਿਹਾ ਕੁਝ ਵੀ ਨਹੀਂ ਹੁੰਦਾ ਜਿਸਨੂੰ ਉਹ ਵੇਖਦਾ ਨਹੀਂ ਹੈ। "ਯਹੋਵਾਹ ਇਉਂ ਆਖਦਾ ਹੈ ਕਿ ਅਕਾਸ਼ ਮੇਰਾ ਸਿੰਘਾਸਣ ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ" (ਯਸਾਯਾਹ 66:1)। ਉਹ ਬ੍ਰਹਿਮੰਡ ਦਾ ਪਰਮੇਸ਼ੁਰ ਹੈ, ਅਤੇ ਉਸਦੀ ਸ਼ਕਤੀ ਕਿਸੇ ਇੱਕ ਇਲਾਕੇ ਤੱਕ ਸੀਮਿਤ ਨਹੀਂ ਹੈ। "ਕੀ ਕੋਈ ਮਨੁੱਖ ਆਪਣੇ ਆਪ ਨੂੰ ਪੜਦੇ ਵਿੱਚ ਲੁੱਕਾ ਲਵੇਗਾ ਕਿ ਮੈ ਉਹ ਨੂੰ ਨਾ ਵੇਖਾਂ? ਯਹੋਵਾਹ ਦਾ ਵਾਕ ਹੈ। ਕੀ ਅਕਾਸ਼ ਅਤੇ ਧਰਤੀ ਮੇਰੇ ਨਾਲ ਨਹੀਂ ਭਰੇ ਹੋਏ?" (ਯਿਰਮਿਯਾਹ 23:24)। ਇਸਦੇ ਨਾਲ ਇਹ ਗੱਲ ਪੱਕੀ ਹੋ ਜਾਂਦੀ ਹੈ ਕਿ ਪਰਮੇਸ਼ੁਰ ਸਾਡੇ ਹਾਲਾਤਾਂ ਅਤੇ ਸਾਡੀਆਂ ਸਮੱਸਿਆਵਾਂ ਨੂੰ ਜਾਣਦਾ ਹੈ। ਇਹ ਸਾਨੂੰ ਇਹ ਵੀ ਦੱਸਦਾ ਹੈ ਕਿ ਕਦੇ ਕੋਈ ਵੀ ਵਿਅਕਤੀ ਪਰਮੇਸ਼ੁਰ ਤੋਂ ਲੁਕ ਨਹੀਂ ਸਕਦਾ, ਜਾਂ ਅਜਿਹਾ ਕੋਈ ਪਾਪ ਨਹੀਂ ਹੈ ਜਿਸਨੂੰ ਉਹ ਵੇਖ ਨਹੀਂ ਸਕਦਾ। ਉਸਦੀਆਂ ਅੱਖਾਂ ਦੇ ਸਾਹਮਣੇ ਸਭ ਵਸਤਾਂ ਨੰਗੀਆਂ ਅਤੇ ਖੁੱਲ੍ਹੀਆਂ ਹਨ (ਪੜ੍ਹੋ ਇਬਰਾਨੀਆਂ ਨੂੰ 4:13)।

> "ਸਾਨੂੰ ਕਦੇ ਗ਼ੈਰ-ਹਾਜਿਰ ਪਰਮੇਸ਼ੁਰ ਦੇ ਅੱਗੇ ਚਿੱਲਾਉਣ ਦਾ ਲੋੜ ਨਹੀਂ ਹੈ। ਉਹ ਸਾਡੀ ਆਤਮਾ ਨਾਲੋਂ ਵੀ ਨੇੜੇ ਹੈ, ਉਹ ਸਾਡੀਆਂ ਸਭ ਤੋਂ ਗੁਪਤ ਸੋਚਾਂ ਨਾਲੋਂ ਵੀ ਨੇੜੇ ਹੈ।"
> -ਏ.ਡਬਲਯੂ. ਟੋਜ਼ਰ

## ਪਰਮੇਸ਼ੁਰ ਨਾ ਬਦਲਣ ਵਾਲਾ ਹੈ

ਅਜਿਹਾ ਕੋਈ ਵੀ ਸਮਾਂ ਨਹੀਂ ਸੀ ਜਦੋਂ ਉਹ ਪਰਮੇਸ਼ੁਰ ਬਣਿਆ, ਅਤੇ ਉਹ ਪਰਮੇਸ਼ੁਰ ਹੋਣ ਤੋਂ ਕਦੇ ਵੀ ਨਹੀਂ ਰੁਕੇਗਾ(ਪੜ੍ਹੋ ਯਾਕੂਬ 1:17)। ਕੁਝ ਅਜਿਹੇ ਧਰਮ ਹਨ ਜੋ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਉੱਨਤੀ ਦੀ ਪ੍ਰਕਿਰਿਆ ਦੇ ਵਿੱਚ ਹੈ, ਪਰ ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਉਸਦੇ ਵਿਅਕਤੀਤਵ ਅਤੇ ਸੁਭਾਅ ਦੇ ਵਿੱਚ, ਅਤੇ ਉਸਦੇ ਗੁਣਾਂ ਅਤੇ ਉਦੇਸ਼ਾਂ ਦੇ ਵਿੱਚ, ਪਰਮੇਸ਼ੁਰ ਕਦੇ ਵੀ ਬਦਲਦਾ ਨਹੀਂ ਹੈ (ਪੜ੍ਹੋ ਮਲਾਕੀ 3:6)। ਉਹ ਸਦਾ ਸਹੀ ਨੂੰ ਪਿਆਰ ਕਰਦਾ ਹੈ ਅਤੇ ਹਮੇਸ਼ਾਂ ਗ਼ਲਤ ਨੂੰ ਨਫ਼ਰਤ ਕਰਦਾ ਹੈ। ਉਹ ਸਦੀਪਕ ਪਰਮੇਸ਼ੁਰ ਜੋ ਮੂਸਾ ਦੇ ਅੱਗੇ ਮੈਂ ਹਾਂ ਦੇ ਵੱਜੋਂ ਪ੍ਰਗਟ ਹੋਇਆ ਉਹ ਅੱਜ ਦਾ ਵੀ ਮੈਂ ਹਾਂ ਹੈ। ਉਹ ਆਪਣੀ ਹੋਂਦ, ਬੁੱਧ, ਸ਼ਕਤੀ, ਪਵਿੱਤਰਤਾਈ, ਨਿਆਂ, ਭਲਿਆਈ, ਅਤੇ ਸਚਿਆਈ ਦੇ ਵਿੱਚ ਅਸੀਮਿਤ , ਸਦੀਪਕ ਅਤੇ ਕਦੇ ਨਾ ਬਦਲਣ ਵਾਲਾ ਹੈ। ਉਹ ਸਦਾ ਇੱਕੋ ਜਿਹਾ ਹੈ, ਅਤੇ ਉਸਦੇ ਸਾਲਾਂ ਦਾ ਕੋਈ ਅੰਤ ਨਹੀਂ ਹੋਵੇਗਾ (ਜ਼ਬੂਰਾਂ ਦੀ ਪੋਥੀ 102:27)।

## ਪਰਮੇਸ਼ੁਰ ਸਭ ਕੁਝ ਜਾਣਨ ਵਾਲਾ ਹੈ

"ਉਹ ਦੀ ਸਮਝ ਦਾ ਕੋਈ ਪਾਰਾਵਾਰ ਨਹੀਂ ਹੈ" (ਜ਼ਬੂਰਾਂ ਦੀ ਪੋਥੀ 147:5)। ਪਰਮੇਸ਼ੁਰ ਦੇ ਲਈ ਸਿੱਖਣ ਦੀ ਕੋਈ ਪ੍ਰਕਿਰਿਆ ਨਹੀਂ ਹੈ, ਕਿਉਂਕਿ ਉਹ ਸਭ ਕੁਝ ਜਾਣਦਾ ਹੈ। ਪਰਮੇਸ਼ੁਰ ਨੇ ਕਦੇ ਕਿਸੇ ਤੋਂ ਕੁਝ ਨਹੀਂ ਸਿੱਖਿਆ, ਅਤੇ ਅਜਿਹਾ ਕੋਈ ਨਹੀਂ ਹੈ ਜੋ ਉਸਨੂੰ ਸਲਾਹ ਦੇ ਸਕੇ। (ਪੜ੍ਹੋ ਯਸਾਯਾਹ 40:13-14।) ਪਰਮੇਸ਼ੁਰ ਭਵਿੱਖ ਨੂੰ ਜਾਣਦਾ ਹੈ ਅਤੇ ਇਸ ਕਾਰਨ ਜੋ ਕੁਝ ਵੀ ਹੋਵੇ ਉਸਦੇ ਲਈ ਕੋਈ ਵੀ ਹੈਰਾਨੀ ਅਤੇ ਤਿਆਰ ਨਾ ਹੋਣਾ ਨਹੀਂ ਹੈ (ਜ਼ਬੂਰਾਂ ਦੀ ਪੋਥੀ 139:4)।

► ਸਾਨੂੰ ਇਹ ਜਾਣਨ ਦੇ ਨਾਲ ਕੀ ਫ਼ਰਕ ਪੈਂਦਾ ਹੈ ਕਿ ਪਰਮੇਸ਼ੁਰ ਸਭ ਕੁਝ ਜਾਣਦਾ ਹੈ?

ਪਰਮੇਸ਼ੁਰ ਦੇ ਗਿਆਨ ਦੇ ਨਾਲ ਉਸਦੀ ਬੁੱਧ ਜੁੜੀ ਹੋਈ ਹੈ, ਜੋ ਰਚਨਾ ਦੇ ਵਿੱਚ ਅਤੇ ਖਾਸ ਕਰਕੇ ਮੁਕਤੀ ਦੀ ਯੋਜਨਾ ਦੇ ਵਿੱਚ ਵਿਖਾਈ ਦਿੰਦੀ ਹੈ (ਪੜ੍ਹੋ ਜ਼ਬੂਰਾਂ ਦੀ ਪੋਥੀ 104:24; ਰੋਮੀਆਂ ਨੂੰ 11:33)। ਕਿਉਂਕਿ ਉਹ ਸਭ ਕੁਝ ਜਾਣਦਾ ਅਤੇ ਸਮਝਦਾ ਹੈ, ਇਸ ਲਈ ਉਹ ਹਮੇਸ਼ਾਂ ਜਾਣਦਾ ਹੈ ਕਿ ਕਿਹੜਾ ਕੰਮ ਕਰਨਾ ਸਹੀ ਹੈ। ਪਰਮੇਸ਼ੁਰ ਦੀ ਇੱਛਾ ਸਦਾ ਸਾਡੇ ਲਈ ਉੱਤਮ ਹੁੰਦੀ ਹੈ ਕਿਉਂਕਿ ਪਰਮੇਸ਼ੁਰ ਹਰੇਕ ਸਥਿਤੀ ਨੂੰ ਪੂਰੀ ਤਰ੍ਹਾਂ ਦੇ ਨਾਲ ਸਮਝਦਾ ਹੈ ਅਤੇ ਉਹ ਜਾਣਦਾ ਹੈ ਕਿ ਹਰੇਕ ਕਿਰਿਆ ਦਾ ਕੀ ਨਤੀਜਾ ਨਿੱਕਲੇਗਾ।

## ਪਰਮੇਸ਼ੁਰ ਪਵਿੱਤਰ ਹੈ

ਪਰਮੇਸ਼ੁਰ ਨੇ ਮੁੱਢਲੇ ਰੂਪ ਵਿੱਚ ਆਪਣੇ ਆਪ ਨੂੰ ਪਵਿੱਤਰ ਦੇ ਵੱਜੋਂ ਦਰਸਾਇਆ ਹੈ। ਯਸਾਯਾਹ ਨਬੀ ਬਾਰ-ਬਾਰ ਪਰਮੇਸ਼ੁਰ ਨੂੰ "ਇਸਰਾਏਲ ਦਾ ਪਵਿੱਤਰ ਪੁਰਖ"ਵੱਜੋਂ ਸੰਬੋਧਿਤ ਕਰਦਾ ਹੈ। ਸਵਗਰਦੂਤ ਉਸਦੇ ਸਾਹਮਣੇ ਲਗਾਤਾਰ "ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ" ਪੁਕਾਰਦੇ ਹਨ (ਪਰਕਾਸ਼ ਦੀ ਪੋਥੀ 4:8, ਯਸਾਯਾਹ 6:3)। ਪਰਮੇਸ਼ੁਰ ਦੀ ਪਵਿੱਤਰਤਾਈ ਅਰਾਧਨਾ ਦਾ ਵਿਸ਼ਾ ਸੀ: "ਓਹ ਤੇਰੇ ਵੱਡੇ ਅਤੇ ਭਿਆਣਕ ਨਾਮ ਨੂੰ ਸਲਾਹੁਣ, ਉਹ ਪਵਿੱਤਰ ਹੈ" (ਜ਼ਬੂਰਾਂ ਦੀ ਪੋਥੀ 99:3)। ਉਹ ਸਾਰੀ ਨੈਤਿਕ ਸੰਪੂਰਨਤਾਈ ਦਾ ਸਭ ਤੋਂ ਉੱਤਮ ਨਮੂਨਾ ਹੈ। ਉਸਦੇ ਸਾਰੇ ਕੰਮ ਸਾਰੀ ਭਲਿਆਈ ਮੌਜੂਦਗੀ ਅਤੇ ਬੁਰਾਈ ਦੀ ਗ਼ੈਰ-ਮੌਜੂਦਗੀ ਨੂੰ ਦਰਸਾਉਂਦੇ ਹਨ ਅਤੇ ਇਹ ਕਦੇ ਵੀ ਬਦਲਦਾ ਨਹੀਂ ਹੈ। ਪਰਮੇਸ਼ੁਰ ਦੀ ਪਵਿੱਤਰਤਾਈ ਵਿਖਾਉਂਦੀ ਹੈ ਕਿ ਮਨੁੱਖ ਕ੍ਰਿਪਾ ਦੇ ਦੁਆਰਾ ਰੂਪਾਂਤਰਿਤ ਹੋਣ ਤੋਂ ਇਲਾਵਾ

ਉਸਦੀ ਸੇਵਾ ਅਤੇ ਅਰਾਧਨਾ ਕਰਨ ਦੇ ਯੋਗ ਨਹੀਂ ਹੈ (ਪੜ੍ਹੋ ਯਸਾਯਾਹ 6:5)। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸਦੀ ਤਰ੍ਹਾਂ ਪਵਿੱਤਰ ਬਣੀਏ "ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ" (ਪਤਰਸ ਦੀ ਪਹਿਲੀ ਪੱਤ੍ਰੀ 1:15-16)।

### ਪਰਮੇਸ਼ੁਰ ਧਰਮੀ ਹੈ

ਪਰਮੇਸ਼ੁਰ ਦੇ ਕੰਮ ਸਦਾ ਸਹੀ ਹੁੰਦੇ ਹਨ। ਉਸਦੇ ਕੰਮ ਉਸਦੇ ਪਵਿੱਤਰ ਸੁਭਾਅ ਦੇ ਵਿੱਚੋਂ ਵਹਿੰਦੇ ਹਨ (ਪੜ੍ਹੋ ਬਿਵਸਥਾਸਾਰ 32:4)। ਉਸਦਾ ਆਪਣਾ ਸੁਭਾਅ ਸਹੀ ਦੀ ਮਿਆਰ ਹੈ। ਉਹ ਸਦਾ ਆਪਣੇ ਵਚਨ ਤੇ ਖੜ੍ਹਾ ਹੁੰਦਾ ਹੈ ਅਤੇ ਕਦੇ ਝੂਠ ਨਹੀਂ ਬੋਲਦਾ (ਗਿਣਤੀ 23:19; 1 ਸਮੂਏਲ ਦੀ ਦੂਜੀ ਪੋਥੀ 7:28)।

► ਇਸਦੇ ਨਾਲ ਸਾਨੂੰ ਕੀ ਫ਼ਰਕ ਪੈਂਦਾ ਹੈ ਕਿ ਪਰਮੇਸ਼ੁਰ ਧਰਮੀ ਹੈ?

ਉਸਦੀ ਧਾਰਮਿਕਤਾ ਉਸਦੀ ਬਿਵਸਥਾ ਦਾ ਆਧਾਰ ਹੈ, ਜੋ ਉਸਦੇ ਪ੍ਰਤੀ ਅਤੇ ਦੂਸਰਿਆਂ ਦੇ ਪ੍ਰਤੀ ਸਾਡੇ ਫ਼ਰਜਾਂ ਦਾ ਮਿਆਰ ਹੈ। ਉਹ ਆਪਣੀ ਬਿਵਸਥਾ ਨੂੰ ਨਿਆਂ ਦੇ ਚਲਾਉਂਦਾ ਹੈ, ਇਸਦੀ ਆਗਿਆਕਾਰੀ ਕਰਨ ਵਾਲਿਆਂ ਨੂੰ ਪ੍ਰਤੀਫ਼ਲ ਦਿੰਦਾ ਹੈ ਅਤੇ ਇਸਨੂੰ ਤੋੜਣ ਵਾਲਿਆਂ ਨੂੰ ਸਜ਼ਾ ਦਿੰਦਾ ਹੈ। ਇਸਦੇ ਨਾਲ ਦੁੱਖ ਭੋਗਣ ਵਾਲਿਆਂ ਅਤੇ ਦਬਾਏ ਜਾਣ ਵਾਲਿਆਂ ਨੂੰ ਦਿਲਾਸਾ ਮਿਲਦਾ ਹੈ, ਪਰ ਇਹ ਚੇਤਾਵਨੀ ਵੀ ਦਿੰਦਾ ਹੈ ਕਿ ਕੋਈ ਵੀ ਗ਼ਲਤ ਕੰਮ ਕਰਨ ਵਾਲਾ ਬਚ ਨਹੀਂ ਸਕੇਗਾ "ਯਹੋਵਾਹ ਦੇ ਨਿਆਉਂ ਸਤ ਹਨ, ਓਹ ਨਿਰੇ ਪੁਰੇ ਧਰਮ ਹਨ" (ਜ਼ਬੂਰਾਂ ਦੀ ਪੋਥੀ 19:9)। ਉਹ ਹਰੇਕ ਵਿਅਕਤੀ ਨੂੰ ਉਸਦੇ ਕੰਮਾਂ ਦੇ ਅਨੁਸਾਰ ਵੱਟਾ ਦੇਵੇਗਾ (ਰੋਮੀਆਂ ਨੂੰ 2:6)। "ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜ੍ਹੇ ਹੋਵਾਂਗੇ" (ਰੋਮੀਆਂ ਨੂੰ 14:10)।

### ਪਰਮੇਸ਼ੁਰ ਪਿਆਰ ਹੈ

ਇਹ ਗੁਣ ਬਹੁਤ ਹੀ ਜਿਆਦਾ ਮਹੱਤਵਪੂਰਨ ਹੈ। ਕਲਪਨਾ ਕਰੋ ਕਿ ਜੇਕਰ ਸਾਰੀ ਸ਼ਕਤੀ ਅਤੇ ਸਾਰਾ ਗਿਆਨ ਰੱਖਣ ਵਾਲਾ ਪਰਮੇਸ਼ੁਰ ਸਾਨੂੰ ਪਿਆਰ ਨਾ ਕਰਦਾ ਤਾਂ ਇਹ ਕਿੰਨਾ ਭਿਆਨਕ ਹੁੰਦਾ। ਜੇਕਰ ਉਹ ਪਵਿੱਤਰ ਅਤੇ ਧਰਮੀ ਹੁੰਦਾ ਅਤੇ ਸਾਨੂੰ ਪਿਆਰ ਨਾ ਕਰਦਾ ਤਾਂ ਇਹ ਕਿਹੋ ਜਿਹਾ ਹੁੰਦਾ? ਆਪਣੀ ਸਭ ਤੋਂ ਵੱਡੀ ਸ਼ਕਤੀ ਅਤੇ ਪਵਿੱਤਰਤਾਈ ਦੇ ਨਾਲ, ਪਰਮੇਸ਼ੁਰ ਸਾਨੂੰ ਪਿਆਰ ਕਰਦਾ ਹੈ (ਪੜ੍ਹੋ ਰੋਮੀਆਂ ਨੂੰ 5:8।) ਪਰਮੇਸ਼ੁਰ ਸਾਂਝੇ ਤੌਰ ਤੇ ਆਪਣੀ ਰਚਨਾ ਨੂੰ ਬਰਕਤ ਦਿੰਦਾ ਹੈ (ਉਤਪਤ 1:22, 28)। ਉਹ ਮਨੁੱਖਤਾ ਨੂੰ ਜੀਵਨ ਦੀਆਂ ਭਲੀਆ ਵਸਤਾਂ ਦੇ ਨਾਲ ਬਰਕਤ ਦਿੰਦਾ ਹੈ, ਅਤੇ ਉਸਨੇ ਸੰਸਾਰ ਦੀ ਰਚਨਾ ਦਾ ਢਾਂਚਾ ਇਸ ਪ੍ਰਕਾਰ ਬਣਾਇਆ ਤਾਂ ਕਿ ਲੋਕ ਅਨੰਦ ਦੇ ਵਿੱਚ ਜੀ ਸਕਣ।[5] ਜੋ ਲੋਕ ਉਸਨੂੰ ਪਿਆਰ ਕਰਦੇ ਹਨ ਅਤੇ ਉਸਦੀ ਸੇਵਾ ਕਰਦੇ ਹਨ, ਤਾਂ ਉਹ

[5] ਜ਼ਬੂਰਾਂ ਦੀ ਪੋਥੀ 8:4-6; ਜ਼ਬੂਰਾਂ ਦੀ ਪੋਥੀ 23; ਜ਼ਬੂਰਾਂ ਦੀ ਪੋਥੀ 36:5-10; ਜ਼ਬੂਰਾਂ ਦੀ ਪੋਥੀ 103

ਜੀਵਨ ਦੇ ਹਰੇਕ ਹਿੱਸੇ ਨੂੰ ਬਰਕਤਾਂ ਵਾਲਾ ਬਣਾ ਦਿੰਦਾ ਹੈ (ਰੋਮੀਆਂ ਨੂੰ 8:28)। ਉਸਦੇ ਪਿਆਰ ਦੇ ਕਾਰਨ ਉਸਦੀ ਕ੍ਰਿਪਾ, ਦਯਾ, ਧੀਰਜ ਅਤੇ ਸ਼ਾਂਤੀ ਸਾਨੂੰ ਬਰਕਤ ਦਿੰਦੇ ਹਨ। (ਪੜ੍ਹੋ ਕੂਚ 34:6; ਅਫ਼ਸੀਆਂ ਨੂੰ 1:7, ਅਫ਼ਸੀਆਂ ਨੂੰ 2:4-5।)

" ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ" (ਯੂਹੰਨਾ 3:16)। ਸਾਡੇ ਪਾਪ ਅਤੇ ਬਗ਼ਾਵਤ ਦੇ ਬਾਵਜੂਦ, ਉਸ ਦਯਾ ਦੇ ਨਾਲ ਸਾਡੇ ਕੋਲ ਆਉਂਦਾ ਹੈ, ਸਾਨੂੰ ਯਿਸੂ ਦੇ ਦੁਆਰਾ ਉਸਦੇ ਕੋਲ ਆਉਣ ਦਾ ਸੱਦਾ ਦਿੰਦਾ ਹੈ, ਜਿਸਨੂੰ ਉਸਨੇ ਸਾਡੇ ਪਾਪਾਂ ਦੀ ਮਾਫੀ ਦੇ ਲਈ ਇੱਕ ਬਲੀਦਾਨ ਵੱਜੋਂ ਪ੍ਰਦਾਨ ਕੀਤਾ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 2:2)। ਸਲੀਬ ਤੇ ਪਰਮੇਸ਼ੁਰ ਸਾਨੂੰ ਆਪਣਾ ਦਿਲ ਵਿਖਾਉਂਦਾ ਹੈ, ਜੋ ਸਾਡੇ ਪ੍ਰਤੀ ਪਿਆਰ ਅਤੇ ਹਮਦਰਦੀ ਦੇ ਨਾਲ ਭਰਿਆ ਹੋਇਆ ਹੈ। "ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪਰਾਸਚਿੱਤ ਹੋਵੇ" (ਯੂਹੰਨਾ ਦੀ ਪਹਿਲੀ ਪੱਤ੍ਰੀ 4:10)। ਪਰਮੇਸ਼ੁਰ ਕਿਸੇ ਵੀ ਵਿਅਕਤੀ ਦੀ ਨਸਲ, ਕੁਦਰਤੀ ਯੋਗਤਾਵਾਂ, ਜਾਂ ਦੁਨੀਆ ਦੇ ਰੁਤਬੇ ਤੋਂ ਪ੍ਰਭਾਵਿਤ ਹੋਏ ਬਿਨਾਂ ਸਾਰੇ ਲੋਕਾਂ ਨੂੰ ਪਿਆਰ ਕਰਦਾ ਹੈ, ਅਤੇ ਸਭਨਾਂ ਨੂੰ ਮਾਫੀ ਦਾ ਪ੍ਰਸਤਾਵ ਦਿੰਦਾ ਹੈ (ਪੜ੍ਹੋ ਰੋਮੀਆਂ ਨੂੰ 2:11; ਯਾਕੂਬ 2:1-5)। ਇਸ ਲਈ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਸਭਨਾਂ ਲੋਕਾਂ ਦੇ ਨਾਲ ਪਿਆਰ ਕਰੀਏ ਅਤੇ ਸਾਡੇ ਪ੍ਰਤੀ ਗ਼ਲਤ ਕਰਨ ਵਾਲਿਆਂ ਨੂੰ ਮਾਫ਼ ਕਰਨ ਦੀ ਇੱਛਾ ਰੱਖੀਏ। ਪਿਆਰ ਅਤੇ ਮਾਫੀ ਪਰਮੇਸ਼ੁਰ ਦੀ ਸੰਤਾਨ ਦੇ ਚਿੰਨ੍ਹ ਹਨ। (ਪੜ੍ਹੋ ਮੱਤੀ 5:43-45)।

> "ਇਹ ਜਾਣ ਕੇ ਬਹੁਤ ਦਿਲਾਸਾ ਮਿਲਦਾ ਹੈ ਕਿ ਮੇਰੇ ਲਈ ਉਸਦਾ ਪਿਆਰ ਪੂਰੀ ਤਰ੍ਹਾਂ ਅਸਲ ਹੈ, ਜੋ ਕਿ ਮੇਰੇ ਬੁਰਾਈ ਦੇ ਗਿਆਨ ਦੀ ਪੂਰਨ ਜਾਣਕਾਰੀ ਤੇ ਆਧਾਰਿਤ ਹੈ, ਇਸ ਲਈ ਮੇਰੇ ਪ੍ਰਤੀ ਕੋਈ ਵੀ ਖੋਜ ਇਸਨੂੰ ਫਿੱਕਾ ਨਹੀਂ ਕਰ ਸਕਦੀ, ਜਿਵੇਂ ਮੈਂ ਅਕਸਰ ਆਪਣੇ ਬਾਰੇ ਸੋਚਦਾ ਹਾਂ, ਅਤੇ ਇਸਦੇ ਨਾਲ ਉਸਦੀ ਮੈਨੂੰ ਬਰਕਤ ਦੇਣ ਦੀ ਇੱਛਾ ਖ਼ਤਮ ਨਹੀਂ ਹੁੰਦੀ।"
> -ਜੇ.ਆਈ ਪੈਕਰ, ਪਰਮੇਸ਼ੁਰ ਨੂੰ ਜਾਣਨਾ

ਪਰਮੇਸ਼ੁਰ ਨੇ ਸਾਨੂੰ ਆਪਣੇ ਸਰੂਪ ਤੇ ਬਣਾਇਆ ਹੈ। ਭਾਵੇਂਕਿ ਅਸੀ ਮਰਨਹਾਰ ਹਾਂ ਅਤੇ ਉਹ ਅਮਰ ਹੈ, ਅਸੀਂ ਰਚਨਾ ਦੇ ਵਿੱਚ ਕਿਸੇ ਵੀ ਹੋਰ ਚੀਜ਼ ਤੋਂ ਵੱਧ ਕੇ ਉਸਦੇ ਵਰਗੇ ਹਾਂ। ਉਸਨੇ ਸਾਨੂੰ ਇਸ ਪ੍ਰਕਾਰ ਰਚਿਆ ਹੈ ਕਿ ਅਸੀਂ ਉਸਨੂੰ ਜਾਣ ਸਕਦੇ ਹਾਂ, ਉਸਦੀ ਅਰਾਧਨਾ ਕਰ ਸਕਦੇ ਹਾਂ ਅਤੇ ਉਸਨੂੰ ਪਿਆਰ ਕਰ ਸਕਦੇ ਹਾਂ। ਉਸਨੇ ਸਾਨੂੰ ਆਪਣੇ ਲਈ ਬਣਾਇਆ ਹੈ, ਅਤੇ ਜਿਵੇਂ ਅਗਸਟਿਨ ਸਾਨੂੰ ਯਾਦ ਦਿਵਾਉਂਦਾ ਹੈ, ਜਦੋਂ ਤੱਕ ਅਸੀਂ ਉਸਦੇ ਵਿੱਚ ਆਰਾਮ ਪ੍ਰਾਪਤ ਨਹੀਂ ਕਰਦੇ ਤਾਂ ਅਸੀਂ ਕਦੇ ਵੀ ਆਰਾਮ ਵਿੱਚ ਨਹੀਂ ਰਹਿ ਸਕਦੇ। ਪਰਮੇਸ਼ੁਰ ਦੀ ਤੁਲਨਾ ਦੇ ਵਿੱਚ ਸੰਸਾਰ ਦੀ ਹਰੇਕ ਵਸਤ ਬਿਨਾਂ ਮਹੱਤਵ ਦੇ ਹੈ, ਅਤੇ ਸਿਰਫ਼ ਉਹੀ ਸਾਡੀ ਸੰਪੂਰਨ ਭਗਤੀ ਦੇ ਯੋਗ ਹੈ। ਪਰਮੇਸ਼ੁਰ ਤੋਂ ਬਿਨਾਂ ਹੋਰ ਕਿਸੇ ਵੀ ਵਸਤ ਦੇ ਵਿੱਚ ਬਣੀ ਰਹਿਣ ਵਾਲੀ ਸੰਤੁਸ਼ਟੀ ਨੂੰ ਪ੍ਰਾਪਤ ਕਰਨਾ ਅਸੰਭਵ ਹੈ। ਉਸਦੀ ਕ੍ਰਿਪਾ ਦੇ ਹੀ ਦੁਆਰਾ ਸਾਨੂੰ ਛੁਟਕਾਰਾ ਮਿਲਦਾ ਹੈ ਅਤੇ ਇਹ ਸਾਨੂੰ ਹਰੇਕ ਵਸਤ ਤੋਂ ਵੱਧ ਕੇ ਉਸਦੀ ਅਰਾਧਨਾ ਕਰਨ ਦੇ ਯੋਗ ਬਣਾਉਂਦਾ ਹੈ, ਤਾਂ ਕਿ ਅਸੀਂ ਸਵਰਗੀ ਪਿਤਾ ਦੀ ਤਰ੍ਹਾਂ ਉਸ ਤੇ ਭਰੋਸਾ ਕਰੀਏ ਅਤੇ ਜੀਵਨ ਦੇ ਹਰੇਕ ਖੇਤਰ ਦੇ ਵਿੱਚ ਉਸਦੀ ਇੱਛਾ ਪੂਰੀ ਕਰੀਏ।

> "ਤੁਸੀਂ ਸਾਨੂੰ ਆਪਣੇ ਲਈ ਬਣਾਇਆ ਹੈ, ਪ੍ਰਭੂ ਜਦੋਂ ਤੱਕ ਸਾਡੇ ਦਿਲ ਤੁਹਾਡੇ ਵਿੱਚ ਆਰਾਮ ਨਹੀਂ ਪਾਉਂਦੇ ਤਦ ਤੱਕ ਅਸੀਂ ਬੇਆਰਾਮ ਰਹਿੰਦੇ ਹਾਂ"
> -ਹਿੱਪੋ ਨਿਵਾਸੀ ਅਗਸਟਿਨ

## ਪਰਮੇਸ਼ੁਰ ਸਰਬ ਸ਼ਕਤੀਮਾਨ ਹੈ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਪਰਮੇਸ਼ੁਰ ਦੇ ਕੋਲ ਸੰਪੂਰਨ ਸ਼ਕਤੀ ਅਤੇ ਸੰਪੂਰਨ ਅਧਿਕਾਰ ਹੈ। ਬ੍ਰਹਿਮੰਡ ਦੇ ਹਾਕਮ ਵੱਜੋਂ ਉਹ ਆਪਣੀ ਇੱਛਾ ਦੇ ਅਨੁਸਾਰ ਕੁਝ ਵੀ ਪ੍ਰਾਪਤ ਕਰਨ ਦੀ ਯੋਗਤਾ ਰੱਖਦਾ ਹੈ (ਜ਼ਬੂਰਾਂ ਦੀ ਪੋਥੀ 115:3, ਜ਼ਬੂਰਾਂ ਦੀ ਪੋਥੀ 135:5-6)।

ਉਹ ਹਰੇਕ ਕੰਮ ਆਪਣੀ ਇੱਛਾ ਦੇ ਅਨੁਸਾਰ ਕਰਦਾ ਹੈ, ਉਸਨੂੰ ਕਿਸੇ ਦੇ ਅਧੀਨ ਹੋਣ ਦੀ ਜਰੂਰਤ ਨਹੀਂ ਹੈ (ਅਫ਼ਸੀਆਂ ਨੂੰ 1:11)। ਉਹ ਜੋ ਵੀ ਕਰਨ ਦਾ ਫੈਸਲਾ ਲੈਂਦਾ ਹੈ ਉਹ ਜਰੂਰ ਹੀ ਹੋ ਜਾਂਦਾ ਹੈ, ਕਿਉਂਕਿ ਅਜਿਹਾ ਕੋਈ ਨਹੀਂ ਜੋ ਉਸਨੂੰ ਰੋਕ ਸਕੇ ਅਤੇ ਅਜਿਹੀ ਕੋਈ ਸਥਿਤੀ ਨਹੀਂ ਜੋ ਉਸਦੇ ਲਈ ਕਿਸੇ ਕੰਮ ਨੂੰ ਅਸੰਭਵ ਬਣਾ ਸਕੇ। (ਪੜ੍ਹੋ ਯਸਾਯਾਹ 46:9-11)। ਉਹ ਆਪਣੀ ਇੱਛਾ ਦੇ ਅਨੁਸਾਰ ਕਦੇ ਵੀ ਧਰਤੀ ਤੇ ਹਾਕਮਾਂ ਦੇ ਕੰਮਾਂ ਨੂੰ ਕਾਬੂ ਵਿੱਚ ਕਰ ਲੈਂਦਾ ਹੈ (ਉਤਪਤ 50:20; ਰਸੂਲਾਂ ਦੇ ਕਰਤੱਬ 4:27-28)।

ਪਰ ਪਰਮੇਸ਼ੁਰ ਲੋਕਾਂ ਨੂੰ ਚੋਣ ਕਰਨ ਦੀ ਯੋਗਤਾ ਦਿੰਦਾ ਹੈ। ਉਹ ਭਲੀਆਂ ਵਸਤਾਂ ਦੇ ਵਿੱਚੋਂ ਚੁਣ ਸਕਦੇ ਹਨ, ਪਰ ਉਹ ਭਲੀਆਂ ਅਤੇ ਬੁਰੀਆਂ ਵਸਤਾਂ ਦੇ ਵਿੱਚੋਂ ਵੀ ਚੁਣ ਸਕਦੇ ਹਨ। ਉਹ ਪਰਮੇਸ਼ੁਰ ਦੀ ਆਗਿਆਕਾਰੀ ਜਾਂ ਅਣ-ਆਗਿਆਕਾਰੀ ਕਰਨ ਦੀ ਚੋਣ ਕਰ ਸਕਦੇ ਹਨ। ਉਸ ਦੁਆਰਾ ਰਚੇ ਪਹਿਲੇ ਲੋਕਾਂ ਨੇ ਪਾਪ ਕਰਨ ਦੀ ਚੋਣ ਕੀਤੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਲੋਕ ਚੋਣ ਕਰਦੇ ਆਏ ਹਨ, ਭਾਵੇਂਕਿ ਕਈ ਨੇ ਚੰਗੀਆਂ ਚੋਣਾਂ ਕੀਤੀਆਂ ਹਨ, ਪਰ ਸਭਨਾਂ ਨੇ ਪਾਪ ਕੀਤਾ ਹੈ।

ਜੇਕਰ ਪਰਮੇਸ਼ੁਰ ਸਭ ਕੁਝ ਦਾ ਪ੍ਰਭੂ ਹੈ, ਤਾਂ ਫਿਰ ਉਹ ਅਜਿਹੇ ਸੰਸਾਰ ਵਿੱਚ ਆਪਣੀ ਇੱਛਾ ਕਿਵੇਂ ਪੂਰੀ ਕਰਦਾ ਹੈ ਜਿੱਥੇ ਅਰਬਾਂ ਰਚੇ ਹੋਏ ਲੋਕ ਆਪਣੀ ਹੀ ਚੋਣ ਕਰਦੇ ਹਨ?

ਪਰਮੇਸ਼ੁਰ ਦੀ ਇਹ ਇੱਛਾ ਹੈ ਕਿ ਉਸਦੇ ਰਚੇ ਹੋਏ ਲੋਕ ਅਸਲ ਚੋਣਾਂ ਕਰਨ। ਇਸਦਾ ਅਰਥ ਹੈ ਕਿ ਉਹ ਉਨ੍ਹਾਂ ਸਭਨਾਂ ਦੇ ਲਈ ਚੋਣ ਨਹੀਂ ਕਰਦਾ ਹੈ। ਇਸਦਾ ਇਹ ਵੀ ਅਰਥ ਹੈ ਕਿ ਜੋ ਵੀ ਉਹ ਕਰਦੇ ਹਨ ਉਸਦੇ ਅਸਲ ਨਤੀਜੇ ਹੋਣਗੇ; ਨਹੀਂ ਤਾਂ ਉਹ ਅਸਲ ਚੋਣਾਂ ਨਹੀਂ ਕਰ ਰਹੇ ਹੋਣਗੇ। ਜੇਕਰ ਕਿਸੇ ਤਰ੍ਹਾਂ ਪਰਮੇਸ਼ੁਰ ਕਿਸੇ ਵਿਅਕਤੀ ਦੇ ਕੰਮਾਂ ਤੇ ਕਾਬੂ ਕਰ ਲਵੇ ਤਾਂ ਕਿ ਨਤੀਜੇ ਵੱਜੋਂ ਕੋਈ ਵੀ ਬੁਰਾਈ ਨਾ ਹੋਵੇ, ਤਾਂ ਇਸਦਾ ਅਰਥ ਇਹ ਹੋਵੇਗਾ ਕਿ ਉਸਨੇ ਉਸ ਵਿਅਕਤੀ ਦੇ ਕੋਲੋਂ ਬੁਰਾਈ ਦੀ ਚੋਣ ਕਰਨ ਦੀ ਸੰਭਾਵਨਾ ਨੂੰ ਲੈ ਲਿਆ ਹੈ।

ਪਰਮੇਸ਼ੁਰ ਦਾ ਨਿਆਂ ਸੱਚਾ ਨਿਆਂ ਹੈ ਕਿਉਂਕਿ ਉਹ ਲੋਕਾਂ ਦਾ ਨਿਆਂ ਉਨ੍ਹਾਂ ਦੇ ਆਪਣੇ ਕੰਮਾਂ ਦੇ ਆਧਾਰ ਤੇ ਕਰੇਗਾ। (ਪੜ੍ਹੋ ਪਰਕਾਸ਼ ਦੀ ਪੋਥੀ 20:12-13)। ਜੇਕਰ ਪਰਮੇਸ਼ੁਰ ਹੀ ਸਾਰੇ ਕੰਮਾਂ ਤੇ ਕਾਬੂ ਕਰੇ, ਤਾਂ ਫਿਰ ਕਿਸੇ ਨੂੰ ਵੀ ਪ੍ਰਤੀਫ਼ਲ ਜਾਂ ਸਜ਼ਾਵਾਂ ਦੇਣ ਦਾ ਕੋਈ ਮਤਲਬ ਨਹੀਂ ਹੋਵੇਗਾ।

ਪਰਮੇਸ਼ੁਰ ਦੀ ਇੱਛਾ ਹੈ ਕਿ ਲੋਕ ਸਹੀ ਦੀ ਚੋਣ ਕਰਨ, ਪਰ ਸਭ ਤੋਂ ਵੱਧ ਕੇ ਉਹ ਚਾਹੁੰਦਾ ਹੈ ਕਿ ਉਹ ਅਸਲ ਚੋਣਾਂ ਕਰਨ। ਇਸੇ ਕਾਰਨ ਸੰਸਾਰ ਇਸ ਸਥਿਤੀ ਦੇ ਵਿੱਚ ਹੈ। ਸੰਸਾਰ ਪਰਮੇਸ਼ੁਰ ਤੋਂ ਮਿਲਣ ਵਾਲੀਆਂ ਚੰਗੀਆਂ ਵਸਤਾਂ ਦਾ, ਚੰਗੇ ਮਨੁੱਖੀ ਕੰਮਾਂ ਦੇ

ਨਤੀਜਿਆਂ ਦਾ, ਬੁਰੇ ਮਨੁੱਖੀ ਕੰਮਾਂ ਦੇ ਨਤੀਜਿਆਂ ਦਾ, ਅਤੇ ਪਰਮੇਸ਼ੁਰ ਦੁਆਰਾ ਕੀਤੀਆਂ ਅਜਿਹੀਆਂ ਭਲਿਆਈਆਂ ਗੁੰਝਲਦਾਰ ਮਿਸ਼ਰਣ ਹੈ ਜੋ ਉਹ ਮਨੁੱਖਾਂ ਦੇ ਬੁਰੇ ਕੰਮਾਂ ਦੇ ਬਾਵਜੂਦ ਵੀ ਕਰਦਾ ਹੈ।

ਅਸੀਂ ਮੁਕਤੀ ਦੀ ਯੋਜਨਾ ਦੇ ਵਿੱਚ ਪਰਮੇਸ਼ੁਰ ਦੀਆਂ ਪ੍ਰਾਥਮਿਕਤਾਵਾਂ ਨੂੰ ਵੇਖਦੇ ਹਾਂ। ਉਹ ਸਭਨਾਂ ਨੂੰ ਮੁਕਤੀ ਦਾ ਪ੍ਰਸਤਾਵ ਦਿੰਦਾ ਹੈ ਅਤੇ ਇੱਛਾ ਕਰਦਾ ਹੈ ਕਿ ਸਾਰਾ ਸੰਸਾਰ ਬਚਾਇਆ ਜਾਵੇ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 2:3-4)। ਉਹ ਹਰੇਕ ਵਿਅਕਤੀ ਨੂੰ ਸ਼ੁਭਸਮਾਚਾਰ ਦੇ ਪ੍ਰਤੀ ਪ੍ਰਤੀਕਿਰਿਆ ਕਰਨ ਦਾ ਬਲ ਦਿੰਦਾ ਹੈ ਪਰ ਉਹ ਪ੍ਰਤੀਕਿਰਿਆ ਦੇ ਲਈ ਕੋਈ ਜ਼ਬਰਦਸਤੀ ਨਹੀਂ ਕਰਦਾ। ਇਸੇ ਕਾਰਨ ਸਾਰੇ ਪਵਿੱਤਰ ਸ਼ਾਸਤਰ ਦੇ ਵਿੱਚ ਸੱਦਿਆਂ ਅਤੇ ਮਨਾਏ ਜਾਣ ਦੀ ਭਰਮਾਰ ਹੈ।[6] ਪਰਮੇਸ਼ੁਰ ਲੋਕਾਂ ਨੂੰ ਚੋਣ ਦਾ ਪ੍ਰਸਤਾਵ ਦਿੰਦਾ ਹੈ ਅਤੇ ਉਨ੍ਹਾਂ ਦੇ ਅੱਗੇ ਇਸਦੇ ਨਤੀਜਿਆਂ ਦਾ ਵਰਣਨ ਕਰਦਾ ਹੈ।

ਅਸੀਂ ਪੂਰਨ ਵਿਸ਼ਵਾਸ ਦੇ ਨਾਲ ਸ਼ੁਭਸਮਾਚਾਰ ਦਾ ਪ੍ਰਚਾਰ ਕਰਦੇ ਹਾਂ ਤਾਂ ਕਿ ਹਰੇਕ ਵਿਅਕਤੀ ਬਚਾਇਆ ਜਾਵੇ। ਸਾਡਾ ਮਿਸ਼ਨ ਇਹ ਹੈ ਕਿ ਅਸੀਂ ਪਵਿੱਤਰ ਆਤਮਾ ਦੇ ਨਾਲ ਸਹਿਯੋਗ ਕਰਕੇ ਲੋਕਾਂ ਨੂੰ ਪਰਮੇਸ਼ੁਰ ਦੇ ਅਧੀਨ ਹੋਣ ਦੇ ਲਈ ਮਨਾਈਏ। (ਪੜ੍ਹੋ 2 ਕੁਰਿੰਥੀਆਂ ਨੂੰ 5:11।)

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਪਰਮੇਸ਼ੁਰ ਇੱਕ ਹੀ ਹੈ, ਜਿਸਨੇ ਬ੍ਰਹਿਮੰਡ ਦੀ ਰਚਨਾ ਕੀਤੀ ਅਤੇ ਸਭਨਾਂ ਦਾ ਪ੍ਰਭੂ ਹੈ। ਉਹ ਸਦੀਪਕ ਹੈ, ਨਾ ਬਦਲਣ ਵਾਲਾ ਆਤਮਾ ਹੈ। ਉਸਦੇ ਕੋਲ ਸਰਬਸ਼ਕਤੀ ਹੈ, ਉਹ ਸਭ ਕੁਝ ਜਾਣਦਾ ਹੈ ਅਤੇ ਉਹ ਹਰੇਕ ਸਥਾਨ ਤੇ ਮੌਜੂਦ ਹੈ। ਉਹ ਆਪਣੇ ਚਰਿੱਤਰ ਵਿੱਚ ਪਵਿੱਤਰ ਹੈ ਅਤੇ ਆਪਣੇ ਹਰੇਕ ਕੰਮ ਦੇ ਵਿੱਚ ਧਰਮੀ ਹੈ। ਉਹ ਆਪਣੀ ਰਚਨਾ ਨੂੰ ਬਰਕਤ ਦਿੰਦਾ ਹੈ ਅਤੇ ਹਰੇਕ ਵਿਅਕਤੀ ਨੂੰ ਪਿਆਰ ਕਰਦਾ ਹੈ, ਉਹ ਉਨ੍ਹਾਂ ਨੂੰ ਮਾਫ਼ੀ ਅਤੇ ਆਪਣੇ ਨਾਲ ਸੰਬੰਧ ਦਾ ਪ੍ਰਸਤਾਵ ਦਿੰਦਾ ਹੈ।

## *ਪਾਠ 2 ਦੇ ਅਸਾਇਨਮੈਂਟ*

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਜ਼ਬੂਰਾਂ ਦੀ ਪੋਥੀ 139:1-4
- ਕਹਾਉਤਾਂ 9:10
- ਯਸਾਯਾਹ 46

---

[6] ਬਿਵਸਥਾਸਾਰ 30:15, 19; ਯਹੋਸ਼ੁਆ 24:15; ਯਸਾਯਾਹ 1:18; ਯਸਾਯਾਹ 55:1; ਹਿਜ਼ਕੀਏਲ 18:31; ਪਰਕਾਸ਼ ਦੀ ਪੋਥੀ 3:20

- ਪਰਕਾਸ਼ ਦੀ ਪੋਥੀ 4:9-11

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 2 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 2 ਦੀ ਪ੍ਰੀਖਿਆ

(1) ਕਿਸੇ ਵਿਅਕਤੀ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਕੀ ਹੈ?

(2) ਪਵਿੱਤਰ ਸ਼ਾਸਤਰ ਦਾ ਪਹਿਲਾ ਸਬਕ ਕੀ ਹੈ?

(3) ਹਰੇਕ ਬਿਆਨ ਦੇ ਨਾਲ ਪਰਮੇਸ਼ੁਰ ਦਾ ਸੰਬੰਧਤ ਗੁਣ ਲਿਖੋ:

- ਅਸੀਂ ਪਰਮੇਸ਼ੁਰ ਦਾ ਰੂਪ ਵਰਣਨ ਨਹੀਂ ਕਰ ਸਕਦੇ।
- ਪਰਮੇਸ਼ੁਰ ਸਦਾ ਤੋਂ ਮੌਜੂਦ ਹੈ।
- ਪਰਮੇਸ਼ੁਰ ਦੇ ਕੋਲ ਬੁੱਧ, ਭਾਵਨਾਵਾਂ ਅਤੇ ਇੱਛਾ ਹੈ।
- ਪਰਮੇਸ਼ੁਰ ਸਦਾ ਇੱਕੋ ਜਿਹਾ ਰਹਿੰਦਾ ਹੈ।
- ਪਰਮੇਸ਼ੁਰ ਜੋ ਚਾਹੇ ਉਹ ਕਰਨ ਦੇ ਯੋਗ ਹੈ।
- ਪਰਮੇਸ਼ੁਰ ਹਰੇਕ ਸਥਾਨ ਤੇ ਮੌਜੂਦ ਹੈ ਅਤੇ ਸਭ ਕੁਝ ਵੇਖਦਾ ਹੈ।
- ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਭੇਜਿਆ ਤਾਂ ਜੋ ਅਸੀਂ ਦਯਾ ਪ੍ਰਾਪਤ ਕਰੀਏ।
- ਪਰਮੇਸ਼ੁਰ ਦੇ ਸੁਭਾਅ ਦੇ ਵਿੱਚ ਤਿੰਨ ਵਿਅਕਤੀਤਵ ਹਨ।
- ਪਰਮੇਸ਼ੁਰ ਪੂਰਨ ਨੈਤਿਕ ਸੰਪੂਰਨਤਾ ਰੱਖਦਾ ਹੈ।
- ਪਰਮੇਸ਼ੁਰ ਕਦੇ ਕੁਝ ਨਹੀਂ ਸਿੱਖਦਾ।
- ਪਰਮੇਸ਼ੁਰ ਦੇ ਸਾਰੇ ਕੰਮ ਸਹੀ ਅਤੇ ਨਿਆਂਪੂਰਕ ਹਨ।

# ਪਾਠ 3

# ਤ੍ਰਿਏਕਤਾ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:


- ਬ੍ਰਹਿਮੰਡ ਤ੍ਰਿਏਕਤਾ ਦੇ ਸੁਭਾਅ ਦਾ ਇੱਕ ਨਮੂਨਾ ਕਿਵੇਂ ਹੈ।
- ਤ੍ਰਿਏਕਤਾ ਦੇ ਧਰਮ ਸਿਧਾਂਤ ਬਾਰੇ ਬਾਈਬਲ ਆਧਾਰਿਤ ਨੀਂਹ।
- ਤ੍ਰਿਏਕਤਾ ਦਾ ਧਰਮ ਸਿਧਾਂਤ ਸ਼ੁਭਸਮਾਚਾਰ ਦੀ ਨੀਂਹ ਕਿਉਂ ਹੈ।
- ਤ੍ਰਿਏਕਤਾ ਦੇ ਵਿੱਚਲੇ ਸੰਬੰਧਾਂ ਦਾ ਢਾਂਚਾ
- ਤ੍ਰਿਏਕਤਾ ਮਨੁੱਖੀ ਸੰਬੰਧਾਂ ਦੇ ਪ੍ਰਤੀ ਇੱਕ ਉਦਾਹਰਨ ਕਿਵੇਂ ਦਿੰਦਾ ਹੈ।
- ਤ੍ਰਿਏਕਤਾ ਦੇ ਬਾਰੇ ਸਾਡਾ ਵਿਸ਼ਵਾਸ ਸਾਡੀ ਅਰਾਧਨਾ ਦੀ ਅਗਵਾਈ ਕਿਵੇਂ ਕਰਦਾ ਹੈ।
- ਤ੍ਰਿਏਕਤਾ ਦੇ ਬਾਰੇ ਮਸੀਹੀ ਵਿਸ਼ਵਾਸ ਕਥਨ ਦਾ ਇੱਕ ਬਿਆਨ।

(2) ਵਿਦਿਆਰਥੀ ਅਜਿਹੀਆਂ ਆਮ ਗ਼ਲਤੀਆਂ ਤੋਂ ਪਰੇ ਰਹਿਣਗੇ ਜੋ ਲੋਕ ਤ੍ਰਿਏਕਤਾ ਦੀ ਵਿਆਖਿਆ ਕਰਨ ਦੇ ਵਿੱਚ ਕਰਦੇ ਹਨ।

## ਜਾਣ-ਪਛਾਣ


► ਮਿਲ ਕੇ ਪੜ੍ਹੋ ਯੂਹੰਨਾ 14 ਨੂੰ ਪੜ੍ਹੋ। ਚਰਚਾ ਕਰੋ ਕਿ ਇਹ ਬਾਈਬਲ ਵਚਨ ਪਰਮੇਸ਼ੁਰ ਨੂੰ ਤ੍ਰਿਏਕਤਾ ਦੇ ਰੂਪ ਵਿੱਚ ਕਿਵੇਂ ਵਿਖਾਉਂਦਾ ਹੈ।

ਬਹੁਤ ਸਾਰੇ ਲੋਕ ਤ੍ਰਿਏਕਤਾ ਦੇ ਧਰਮ ਸਿਧਾਂਤ ਬਾਰੇ ਦੁਵਿਧਾ ਦੇ ਵਿੱਚ ਹਨ ਕਿਉਂਕਿ ਇਹ ਕਹਿੰਦਾ ਹੈ ਕਿ ਪਰਮੇਸ਼ੁਰ ਦੇ ਤਿੰਨ ਰੂਪ ਹਨ, ਫਿਰ ਵੀ ਉਹ ਇੱਕ ਹੈ।




ਪਰ ਜਦੋਂ ਅਸੀਂ **ਬ੍ਰਹਿਮੰਡ** ਨੂੰ ਵੇਖਦੇ ਹਾਂ ਤਾਂ ਅਸੀਂ ਤਿੰਨ ਦੇ ਵਿੱਚ ਇੱਕ ਦੀ ਇੱਕ ਹੋਰ ਉਦਾਹਰਨ ਵੇਖਦੇ ਹਾਂ। ਬ੍ਰਹਿਮੰਡ ਦੇ ਵਿੱਚ ਤਿੰਨ ਤੱਥ ਹਨ- ਸਥਾਨ, ਸਮਾਂ ਅਤੇ ਪਦਾਰਥ। ਇੰਨ੍ਹਾਂ ਤਿੰਨਾਂ ਤੋਂ ਬਿਨਾਂ ਇੱਕ ਬ੍ਰਹਿਮੰਡ ਨਹੀਂ ਹੋ ਸਕਦਾ।

ਇੰਨਾਂ ਤਿੰਨਾਂ ਦੇ ਵਿੱਚ ਵੀ ਤਿੰਨ ਤੱਥ ਹਨ।




**ਸਥਾਨ** ਦੇ ਵਿੱਚ ਲੰਬਾਈ, ਚੌੜਾਈ ਅਤੇ ਉੱਚਾਈ ਹੈ-ਤਿੰਨ ਦੇ ਵਿੱਚ ਇੱਕ। ਇੰਨ੍ਹਾਂ ਤਿੰਨਾਂ ਦਿਸਾਵਾਂ ਤੋਂ ਬਿਨਾਂ ਸਥਾਨ ਨਹੀਂ ਹੋ ਸਕਦਾ।

**ਸਮਾਂ** ਇਸਦੇ ਵਿੱਚ ਅਤੀਤ, ਵਰਤਮਾਨ ਅਤੇ ਭਵਿੱਖ ਹੈ-ਤਿੰਨ ਦੇ ਵਿੱਚ ਇੱਕ। ਇੰਨ੍ਹਾਂ ਵਿੱਚੋਂ ਕਿਸੇ ਵੀ ਇੱਕ ਦੇ ਬਿਨਾਂ ਸਮਾਂ ਨਹੀਂ ਹੋ ਸਕਦਾ।




**ਪਦਾਰਥ** ਦੇ ਵਿੱਚ ਚੱਲ ਰਹੀ ਊਰਜਾ ਹੈ ਜੋ ਉਤਪਾਦਨ ਕਰਨ ਵਾਲਾ ਤੱਥ ਹੈ-ਤਿੰਨ ਦੇ ਵਿੱਚ ਇੱਕ। ਜੇਕਰ ਊਰਜਾ ਨਾ ਹੋਵੇ ਤਾਂ ਕੋਈ ਵੀ ਗਤੀ ਜਾਂ ਘਟਨਾ ਨਹੀਂ ਹੋ ਸਕਦੀ। ਜੇਕਰ ਗਤੀ ਨਾ ਹੋਵੇ ਤਾਂ ਕੋਈ ਵੀ ਊਰਜਾ ਜਾਂ ਘਟਨਾ ਨਹੀਂ ਹੋ ਸਕਦੀ। ਜੇਕਰ ਘਟਨਾ ਨਾ ਹੋਵੇ ਤਾਂ ਇਸਦਾ ਅਰਥ ਹੈ ਕਿ ਉੱਥੇ ਕੋਈ ਊਰਜਾ ਜਾਂ ਗਤੀ ਨਹੀਂ ਸੀ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬ੍ਰਹਿਮੰਡ ਦਾ ਢਾਂਚਾ ਤਿੰਨ ਦੇ ਵਿੱਚ ਇੱਕ ਦੇ ਨਮੂਨੇ ਨਾਲ ਬਣਿਆ ਹੋਇਆ ਹੈ। ਸ਼ਾਇਦ ਪਰਮੇਸ਼ੁਰ ਨੇ ਬ੍ਰਹਿਮੰਡ ਨੂੰ ਜਾਣਬੁੱਝ ਕੇ ਅਜਿਹਾ ਢਾਂਚਾ ਦਿੱਤਾ ਹੈ ਜੋ ਆਪ ਉਸਦੇ ਸੁਭਾਅ ਨੂੰ ਦਰਸਾਉਂਦਾ ਹੈ।

ਬਾਈਬਲ ਤ੍ਰਿਏਕਤਾ ਦੇ ਬਾਰੇ ਕੀ ਸਿਖਾਉਂਦੀ ਹੈ? ਇਹ ਬਹੁਤ ਸਪੱਸ਼ਟਤਾ ਦੇ ਨਾਲ ਤਿੰਨ ਅਲੱਗ-ਅਲੱਗ ਵਿਅਕਤੀਤਵਾਂ ਦੀ ਪੁਸ਼ਟੀ ਕਰਦੀ ਹੈ ਜਿੰਨਾਂ ਦੀ ਪਹਿਚਾਣ ਬ੍ਰਹਿਮੰਡ ਦੇ ਇੱਕ ਪਰਮੇਸ਼ੁਰ ਵੱਜੋਂ ਹੁੰਦੀ ਹੈ। ਇੱਥੇ ਕੋਈ ਵੀ ਦੁਵਿਧਾ ਨਹੀਂ ਹੈ ਕਿਉਂਕਿ ਅਸੀਂ ਇਹ ਨਹੀਂ ਕਹਿ ਰਹੇ ਕਿ ਪਰਮੇਸ਼ੁਰ ਇੱਕ ਵੀ ਹੈ ਅਤੇ ਤਿੰਨ ਵੀ ਹਨ। ਨਾ ਹੀ ਅਸੀਂ ਇਹ ਕਹਿ ਰਹੇ ਹਾਂ ਕਿ ਪਰਮੇਸ਼ੁਰ ਇੱਕ ਪਰਮੇਸ਼ੁਰ ਵੀ ਹੈ ਅਤੇ ਤਿੰਨ ਪਰਮੇਸ਼ੁਰ ਵੀ ਹਨ। ਅਸੀਂ ਇਹ ਕਹਿ ਰਹੇ ਹਾਂ ਕਿ ਪਰਮੇਸ਼ੁਰ ਮੂਲ ਰੂਪ ਦੇ ਵਿੱਚ ਇੱਕ ਹੈ ਵਿਅਕਤੀਤਵ ਦੇ ਵਿੱਚ ਤਿੰਨ ਹਨ। ਜਿਵੇਂ ਬ੍ਰਹਿਮੰਡ ਦੇ ਵਿੱਚ ਸਥਾਨ, ਸਮਾਂ ਅਤੇ ਪਦਾਰਥ ਹੈ, ਉਸੇ ਪ੍ਰਕਾਰ ਪਰਮੇਸ਼ੁਰ ਦੀ ਹੋਂਦ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਰੂਪ ਵਿੱਚ ਹੈ।

## ਤ੍ਰਿਏਕਤਾ ਦੇ ਲਈ ਬਾਈਬਲ ਆਧਾਰਿਤ ਸਬੂਤ

### ਸਬੂਤ 1: ਪਰਮੇਸ਼ੁਰ ਇੱਕ ਹੀ ਹੈ।

ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ (ਬਿਵਸਥਾਸਾਰ 6:4)।

ਕਿਉਂ ਜੋ ਮੈਂ ਪਰਮੇਸ਼ੁਰ ਹਾਂ ਅਤੇ ਹੋਰ ਕੋਈ ਨਹੀਂ, ਪਰਮੇਸ਼ੁਰ, ਅਤੇ ਮੇਰੇ ਵਰਗਾ ਕੋਈ ਨਹੀਂ (ਯਸਾਯਾਹ 46:9)।

### ਸਬੂਤ 2: ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਸਭ ਪਰਮੇਸ਼ੁਰ ਹਨ।

ਪਿਤਾ ਪਰਮੇਸ਼ੁਰ (ਗਲਾਤੀਆਂ ਨੂੰ 1:1)।

ਸ਼ਬਦ ਪਰਮੇਸ਼ੁਰ ਸੀ... ਸ਼ਬਦ ਦੇਹ ਧਾਰੀ ਹੋਇਆ (ਯੂਹੰਨਾ 1:1, 14)।

ਸ਼ਤਾਨ ਤੇਰੇ ਮਨ ਵਿੱਚ ਕਿਉਂ ਸਮਾਇਆ ਜੋ ਤੂੰ ਪਵਿੱਤ੍ਰ ਆਤਮਾ ਨਾਲ ਝੂਠ ਬੋਲੇਂ...? ਤੂੰ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਝੂਠ ਬੋਲਿਆ ਹੈਂ (ਰਸੂਲਾਂ ਦੇ ਕਰਤੱਬ 5:3-4)।

**ਸਬੂਤ 3: ਇਹ ਤਿੰਨੇ ਇੱਕ ਦੂਸਰੇ ਦੇ ਨਾਲ ਅਲੱਗ-ਅਲੱਗ ਵਿਅਕਤੀਤਵਾਂ ਦੇ ਤੌਰ ਤੇ ਸੰਬੰਧਿਤ ਹਨ।**

► ਅਸੀਂ ਇਹ ਕਿਵੇਂ ਜਾਣਦੇ ਹਾਂ ਕਿ ਉਹ ਤਿੰਨ ਵਿਅਕਤੀਤਵ ਹਨ ਅਤੇ ਇੱਕ ਹੀ ਵਿਅਕਤੀਤਵ ਨਹੀਂ ਹੈ ਜੋ ਤਿੰਨ ਭੂਮਿਕਾਵਾਂ ਨਿਭਾਉਂਦਾ ਹੈ?

ਮਰਕੁਸ 1:10-11 ਦੇ ਵਿੱਚ, ਯਿਸੂ ਨੂੰ ਬਪਤਿਸਮਾ ਦਿੱਤਾ ਗਿਆ, ਪਵਿੱਤਰ ਆਤਮਾ ਕਬੂਤਰ ਦੀ ਨਿਆਂਈ ਉੱਤਰਦਾ ਹੈ, ਅਤੇ ਸਵਰਗ ਤੋਂ ਇੱਕ ਆਵਾਜ ਪੁਕਾਰਦੀ ਹੈ, "ਜੋ ਤੂੰ ਮੇਰਾ ਪਿਆਰਾ ਪੁੱਤ੍ਰ ਹੈਂ, ਤੈਥੋਂ ਮੈਂ ਪਰਸਿੰਨ ਹਾਂ"। ਇੱਥੇ ਅਸੀਂ ਵੇਖਦੇ ਹਾਂ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਇੱਕ ਹੀ ਵਿਅਕਤੀਤਵ ਨਹੀਂ ਹੋ ਸਕਦੇ; ਉਹ ਇੱਕ ਹੀ ਸਮੇਂ ਤੇ ਤਿੰਨ ਭੂਮਿਕਾਵਾਂ ਨਿਭਾ ਰਹੇ ਹਨ।


ਆਪਣੀ ਸੇਵਕਾਈ ਦੇ ਅੰਤ ਦੇ ਸਮੇਂ, ਯਿਸੂ ਨੇ ਕਿਹਾ ਕਿ ਉਹ ਪਿਤਾ ਦੇ ਕੋਲੋਂ ਮੰਗੇਗਾਂ ਕਿ ਉਹ ਸਾਡੇ ਲਈ ਸਹਾਇਤ ਨੂੰ ਭੇਜ ਦੇਵੇ-ਜੋ ਪਵਿੱਤਰ ਆਤਮਾ ਹੈ (ਯੂਹੰਨਾ 15:26)। ਕੀ ਤੁਸੀਂ ਇਸ ਬੇਨਤੀ ਦੇ ਵਿੱਚ ਤਿੰਨ ਵਿਅਕਤੀਤਵਾਂ ਨੂੰ ਸ਼ਾਮਿਲ ਵੇਖਦੇ ਹੋ?

ਜੇਕਰ ਤੁਸੀਂ ਯੂਹੰਨਾ 14-17 ਨੂੰ ਪੜ੍ਹੋ ਤਾਂ ਤੁਸੀਂ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਵਿੱਚਕਾਰ ਬਹੁਤ ਸਾਰੇ ਵਾਰਤਾਲਾਪਾਂ ਦੇ ਹਵਾਲੇ ਵੇਖ ਸਕਦੇ ਹੋ।

**ਸਮਾਪਨ: ਬਾਈਬਲ ਦੇ ਇੱਕ ਸੱਚੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਤਿੰਨ ਅਲੱਗ ਵਿਅਕਤੀਤਵਾਂ: ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਰੂਪ ਦੇ ਵਿੱਚ ਪ੍ਰਗਟ ਕੀਤਾ ਹੈ। ਪਰਮੇਸ਼ੁਰ ਸੁਭਾਅ ਦੇ ਵਿੱਚ ਇੱਕ ਹੈ, ਪਰ ਵਿਅਕਤੀਤਵ ਦੇ ਤਿੰਨ ਹੈ**

ਇਸ ਲਈ, ਭਾਵੇਂ ਕਿ *ਤ੍ਰਿਏਕਤਾ* ਸ਼ਬਦ ਬਾਈਬਲ ਦੇ ਵਿੱਚ ਵਿਖਾਈ ਨਹੀਂ ਦਿੰਦਾ, ਪਰ ਤ੍ਰਿਏਕਤਾ ਦਾ ਧਰਮ ਸਿਧਾਂਤ ਸਪੱਸ਼ਟ ਤੌਰ ਤੇ ਪਵਿੱਤਰ ਵਚਨਾਂ ਦੇ ਬਿਆਨਾਂ ਤੇ ਆਧਾਰਿਤ ਹੈ। *ਤ੍ਰਿਏਕਤਾ* ਇੱਕ ਅਜਿਹਾ ਸ਼ਬਦ ਹੈ ਜਿਸਦੀ ਵਰਤੋਂ ਕਰਕੇ ਅਸੀਂ ਬਾਈਬਲ ਦੀ ਇਸਦੇ ਬਾਰੇ ਦਿੱਤੀ ਸਿੱਖਿਆ ਨੂੰ ਸੰਖੇਪ ਦੇ ਵਿੱਚ ਦੱਸਦੇ ਹਾਂ।

ਇਸ ਬਾਈਬਲ ਆਧਾਰਿਤ ਧਰਮ ਸਿਧਾਂਤ ਨੂੰ ਕਲੀਸਿਆ ਦੇ ਵਿੱਚ ਰਸੂਲਾਂ ਦੇ ਸਮੇਂ ਤੋਂ ਸਿਖਾਇਆ ਜਾ ਰਿਹਾ ਹੈ। ਇੱਥੇ ਇੱਕ ਅਜਿਹਾ ਚਿੱਤਰ ਹੈ ਜਿਸਦਾ ਉਪਯੋਗ ਕਲੀਸਿਆ ਤ੍ਰਿਏਕਤਾ ਦੇ ਧਰਮ ਸਿਧਾਂਤ ਨੂੰ ਸਿਖਾਉਣ ਦੇ ਲਈ ਸਦੀਆਂ ਤੋਂ ਕਰਦੀ ਆਈ ਹੈ।



## ਤ੍ਰਿਏਕਤਾ ਦਾ ਧਰਮ ਸਿਧਾਂਤ ਜਰੂਰੀ ਹੈ

► ਇਸਦੇ ਨਾਲ ਫ਼ਰਕ ਕਿਉਂ ਪੈਂਦਾ ਹੈ ਕਿ ਕੋਈ ਵਿਅਕਤੀ ਤ੍ਰਿਏਕਤਾ ਤੇ ਵਿਸ਼ਵਾਸ ਕਰਦਾ ਹੈ ਜਾਂ ਨਹੀਂ?

ਤ੍ਰਿਏਕਤਾ ਦਾ ਧਰਮ ਸਿਧਾਂਤ ਉਨ੍ਹਾਂ ਮੁੱਖ ਸਿੱਖਿਆਵਾਂ ਨੂੰ ਦਰਸਾਉਂਦਾ ਹੈ ਜੋ ਸ਼ੁਭਸਮਾਚਾਰ ਦੇ ਲਈ ਬਹੁਤ ਜਰੂਰੀ ਹਨ। ਉਦਾਹਰਨ ਦੇ ਲਈ ਕੁਝ ਅਜਿਹੇ ਲੋਕ ਜੋ ਤ੍ਰਿਏਕਤਾ ਦਾ ਇਨਕਾਰ ਕਰਦੇ ਹਨ ਉਹ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਯਿਸੂ ਪਰਮੇਸ਼ੁਰ ਹੈ। ਪਰ ਜੇਕਰ ਜਿਸ ਯਿਸੂ ਤੇ ਤੁਸੀਂ ਵਿਸ਼ਵਾਸ ਕਰਦੇ ਹੋ ਉਹ ਪਰਮੇਸ਼ੁਰ ਨਹੀਂ ਹੈ, ਤਾਂ ਤੁਹਾਡੇ ਕੋਲ ਇੱਕ ਅਜਿਹਾ ਯਿਸੂ ਨਹੀਂ ਹੈ ਜੋ ਤੁਹਾਨੂੰ ਬਚਾ ਸਕਦਾ ਹੈ! ਸਿਰਫ਼ ਇੱਕ ਪਾਪ ਰਹਿਤ ਵਿਅਕਤੀ ਹੀ ਸਭਨਾਂ ਲੋਕਾਂ ਦੇ ਪਾਪਾਂ ਦੇ ਲਈ ਮਰ ਸਕਦਾ ਸੀ। ਉਸਦਾ ਬਲੀਦਾਨ ਅਨੰਤ ਹੋਣਾ ਚਾਹੀਦਾ ਸੀ ਕਿਉਂਕਿ ਅਸੀਂ ਇੱਕ ਅਨੰਤ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ ਹੈ। ਕਿਉਂਕਿ ਯਿਸੂ ਪਰਮੇਸ਼ੁਰ ਹੈ, ਇਸ ਲਈ ਉਸਨੇ ਇੱਕ ਪਾਪ ਰਹਿਤ, ਅਮਰ ਬਲੀਦਾਨ ਪ੍ਰਦਾਨ ਕੀਤਾ ਜਿਸਨੇ ਸਾਰੇ ਸਮੇਂ ਦੇ ਲਈ ਸਭਨਾਂ ਲੋਕਾਂ ਦੇ ਪਾਪਾਂ ਲਈ ਕੀਮਤ ਅਦਾ ਕੀਤੀ।

ਜੇਕਰ ਅਸੀਂ ਇਸ ਗੱਲ ਦਾ ਇਨਕਾਰ ਕਰਦੇ ਹਾਂ ਕਿ ਪਿਤਾ, ਪੁੱਤਰ ਅਤੇ ਪਵਿੱਤਰ ਅਲੱਗ-ਅਲੱਗ ਹਨ, ਤਾਂ ਅਸੀਂ ਪਰਮੇਸ਼ੁਰ ਦੇ ਨਿੱਜੀ ਸੁਭਾਵਿਕ ਜਾਂ ਆਪਸੀ ਸੰਬੰਧ ਦੀਆਂ ਵਿਸੇਸ਼ਤਾਵਾਂ ਦਾ ਇਨਕਾਰ ਕਰਦੇ ਹਾਂ। ਉਦਾਹਰਨ ਦੇ ਲਈ, ਪਰਮੇਸ਼ੁਰ ਸਾਰੀ ਸਦੀਪਕਤਾ ਤੋਂ ਪਿਆਰ ਕਰਨ ਵਾਲਾ ਪਰਮੇਸ਼ੁਰ ਨਾ ਹੁੰਦਾ ਤਾਂ ਜੇਕਰ ਉਸਨੂੰ ਕਿਸੇ ਨੂੰ ਪਿਆਰ ਕਰਨਾ ਹੁੰਦਾ ਤਾਂ ਉਸਨੂੰ ਇਸਦੇ ਲਈ ਉਡੀਕ ਕਰਨੀ ਪੈਂਦੀ ਕਿ ਪਹਿਲਾ ਉਹ ਰਚਨਾ ਕਰਦਾ। ਜੇਕਰ ਅਸੀਂ ਇਸ ਗੱਲ ਦਾ ਇਨਕਾਰ ਕਰਦੇ ਹਾਂ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਅਲੱਗ ਹਨ, ਤਾਂ ਅਸੀਂ ਪਰਮੇਸ਼ੁਰ ਦਾ ਉਸਦੇ ਸੁਭਾਵਿਕ ਨਿੱਜੀ ਜਾਂ ਅਸਲ ਵਿਅਕਤੀਤਵ ਵੱਜੋਂ ਇਨਕਾਰ ਕਰਦੇ ਹਾਂ ਪਰ ਜੇਕਰ ਪਰਮੇਸ਼ੁਰ ਇੱਕ ਵਿਅਕਤੀਤਵ ਨਾਲੋਂ ਜਿਆਦਾ ਹੈ, ਤਾਂ ਇਹ ਵਿਅਕਤੀਤਵ ਸਾਰੀ ਸਦੀਪਕਤਾ ਤੋਂ ਇੱਕ ਦੂਸਰੇ ਦੇ ਨਾਲ ਪਿਆਰ ਕਰ ਸਕਦੇ ਸਨ। ਇਸ ਸੰਬੰਧ ਰੱਖਣ ਵਾਲੇ ਪਰਮੇਸ਼ੁਰ ਤੇ ਵਿਸ਼ਵਾਸ ਕਰਨਾ ਮਹੱਤਵਪੂਰਨ ਹੈ (ਜਿਸਦੀ ਹੋਂਦ ਸਵੈ-ਪਿਆਰ ਦੇਣ ਵਾਲੀ ਹੈ) ਕਿਉਂਕਿ ਇਹ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਅਸੀਂ ਇੱਕ ਦੂਸਰੇ ਦੇ ਨਾਲ ਅਤੇ ਪਰਮੇਸ਼ੁਰ ਦੇ ਨਾਲ ਵੀ ਕਿਵੇਂ ਸੰਬੰਧ ਰੱਖਦੇ ਹਾਂ।

ਸ਼ਾਇਦ ਸਭ ਤੋਂ ਗੰਭੀਰ ਹਿੱਸਾ ਇਹ ਹੈ ਕਿ ਸਾਨੂੰ ਪਰਮੇਸ਼ੁਰ ਦੀ ਅਰਾਧਨਾ ਜਰੂਰ ਕਰਨੀ ਚਾਹੀਦੀ ਹੈ। ਜੋ ਲੋਕ ਤ੍ਰਿਏਕਤਾ ਦਾ ਇਨਕਾਰ ਕਰਦੇ ਹਨ ਉਹ ਅਕਸਰ ਯਿਸੂ ਅਤੇ ਪਵਿੱਤਰ ਆਤਮਾ ਦਾ ਪਰਮੇਸ਼ੁਰ ਹੋਣ ਤੋਂ ਇਨਕਾਰ ਕਰਦੇ ਹਨ, ਇਸ ਲਈ ਉਹ ਉਨ੍ਹਾਂ ਦੀ ਅਰਾਧਨਾ ਨਹੀਂ ਕਰਦੇ। ਕਿਸੇ ਵਿਅਕਤੀ ਦੁਆਰਾ ਕੀਤੀ ਜਾਣ ਵਾਲੀ ਬਹੁਤ ਬੁਰੀ ਗ਼ਲਤੀ ਕਿਸੇ ਅਜਿਹੇ ਦੀ ਅਰਾਧਨਾ ਕਰਨੀ ਹੈ ਜੋ ਪਰਮੇਸ਼ੁਰ ਨਹੀਂ ਹੈ ਜਾਂ ਕਿਸੇ ਅਜਿਹੇ ਹੀ ਅਰਾਧਨਾ ਕਰਨ ਦੇ ਵਿੱਚ ਅਸਫਲ ਹੋ ਜਾਣਾ ਜੋ ਪਰਮੇਸ਼ੁਰ ਹੈ।

### ਜੌਨ ਸਟੋਟ ਦੀ ਪ੍ਰਤੀਦਿਨ ਤ੍ਰਿਏਕਤਾ ਆਧਾਰਿਤ ਪ੍ਰਾਰਥਨਾ

> ਸਵਰਗੀ ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਮੈਂ ਅੱਜ ਦੇ ਦਿਨ ਤੁਹਾਡੀ ਹਜੂਰੀ ਦੇ ਵਿੱਚ ਵਾਸ ਕਰਾ ਅਤੇ ਤੁਹਾਨੂੰ ਜਿਆਦਾ ਤੋਂ ਜਿਆਦਾ ਪ੍ਰਸੰਨ ਕਰਾਂ।

ਪ੍ਰਭੂ ਯਿਸੂ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅੱਜ ਦੇ ਦਿਨ ਮੈਂ ਆਪਣੀ ਸਲੀਬ ਨੂੰ ਚੁੱਕਾਂ ਅਤੇ ਤੁਹਾਡੇ ਪਿੱਛੇ ਚੱਲਾਂ।

ਪਵਿੱਤਰ ਆਤਮਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅੱਜ ਦੇ ਦਿਨ ਤੁਸੀਂ ਮੈਨੂੰ ਆਪਣੀ ਹਜ਼ੂਰੀ ਦੇ ਭਰ ਦੇਵੋ ਤਾਂ ਮੇਰੇ ਜੀਵਨ ਦੇ ਵਿੱਚ ਤੁਹਾਡੇ ਫ਼ਲ ਉਤਪਨ ਹੋਣ: ਜੋ ਪਿਆਰ, ਅਨੰਦ, ਸ਼ਾਂਤੀ, ਧੀਰਜ, ਦਯਾ, ਭਲਿਆਈ, ਵਫ਼ਾਦਾਰੀ, ਨਰਮਾਈ ਅਤੇ ਸੰਜਮ ਹਨ।

ਪਵਿੱਤਰ, ਮੁਬਾਰਕ ਅਤੇ ਮਹਿਮਾਮਈ ਤ੍ਰਿਏਕਤਾ, ਇੱਕ ਪਰਮੇਸ਼ੁਰ ਦੇ ਵਿੱਚ ਤਿੰਨ ਵਿਅਕਤੀਤਵ, ਮੇਰੇ ਤੇ ਦਯਾ ਕਰੋ।

ਸਰਬ-ਸ਼ਕਤੀਮਾਨ ਪਰਮੇਸ਼ੁਰ, ਇਸ ਬ੍ਰਹਿਮੰਡ ਦੇ ਰਚਨਹਾਰੇ ਅਤੇ ਇਸਨੂੰ ਸੰਭਾਲਣ ਵਾਲੇ, ਮੈਂ ਤੁਹਾਡੀ ਅਰਾਧਨਾ ਕਰਦਾ ਹਾਂ।

ਪ੍ਰਭੂ ਯਿਸੂ ਮਸੀਹ, ਇਸ ਸੰਸਾਰ ਦੇ ਮੁਕਤੀਦਾਤੇ ਅਤੇ ਪ੍ਰਭੂ, ਮੈਂ ਤੁਹਾਡੀ ਅਰਾਧਨਾ ਕਰਦਾ ਹਾਂ।

ਪਵਿੱਤਰ ਆਤਮਾ, ਪਰਮੇਸ਼ੁਰ ਦੇ ਲੋਕਾਂ ਨੂੰ ਸ਼ੁੱਧ ਕਰਨ ਵਾਲੇ, ਮੈਂ ਤੁਹਾਡੀ ਅਰਾਧਨਾ ਕਰਦਾ ਹਾਂ।

ਪਿਤਾ, ਅਤੇ ਪੁੱਤਰ ਅਤੇ ਪੁੱਤਰ ਆਤਮਾ ਦੇ ਨਾਮ ਨੂੰ ਮਹਿਮਾ ਮਿਲੇ,

ਜਿਵੇਂ ਇਹ ਸ਼ੁਰੂਆਤ ਦੇ ਵਿੱਚ ਸੀ, ਹੁਣ ਹੈ ਅਤੇ ਸਦਾ ਦੇ ਲਈ ਰਹੇਗੀ, ਆਮੀਨ।

## ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਅਜਿਹੇ ਵਿਅਕਤੀਤਵ ਹਨ ਜੋ ਸੰਬੰਧ ਦੇ ਰਹਿੰਦੇ ਹਨ

ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹਰੇਕ ਦੇ ਕੋਲ ਵਿਅਕਤੀਤਵ ਹੈ ਅਤੇ ਉਹ ਸਦਾ ਤੋਂ ਇੱਕ ਦੂਸਰੇ ਦੇ ਨਾਲ ਨਿੱਜੀ ਸੰਬੰਧ ਦੇ ਵਿੱਚ ਰਹਿੰਦੇ ਹਨ। ਅਸੀਂ ਉਨ੍ਹਾਂ ਨੂੰ ਵਿਅਕਤੀਤਵ ਇਸ ਲਈ ਕਹਿੰਦੇ ਹਾਂ ਕਿਉਂਕਿ ਉਹ ਇੱਕ ਦੂਸਰੇ ਦੇ ਨਾਲ ਸੰਬੰਧ ਦੇ ਵਿੱਚ ਰਹਿੰਦੇ ਹਨ। ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਇੱਕ ਦੂਸਰੇ ਨਾਲ ਸੰਬੰਧਿਤ ਹਨ, ਇੱਕ ਦੂਸਰੇ ਦੇ ਨਾਲ ਵਾਰਤਾਲਾਪ ਕਰਦੇ ਹਨ, ਅਤੇ ਇੱਕ ਦੂਸਰੇ ਦੇ ਲਈ ਜਿਉਂਦੇ ਹਨ। ਇਹ ਵਿਖਾਉਂਦਾ ਹੈ ਕਿ ਉਹ *ਵਿਅਕਤੀਤਵ* ਹਨ।

### ਤ੍ਰਿਏਕਤਾ ਦੇ ਵਿੱਚ ਢਾਂਚਾ

ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹਮੇਸ਼ਾਂ ਸੰਬੰਧ ਦੇ ਇੱਕ ਢਾਂਚੇ ਦੇ ਵਿੱਚ ਰਹੇ ਹਨ। ਪਿਤਾ ਸਿਰ ਹੈ, ਫਿਰ ਪੁੱਤਰ ਅਤੇ ਫਿਰ ਪਵਿੱਤਰ ਆਤਮਾ। ਇੰਨ੍ਹਾਂ ਤਿੰਨ ਸਦੀਪਕ ਅਤੇ ਇੱਕ ਸਮਾਨ ਵਿਅਕਤੀਤਵਾਂ ਦੇ ਕੋਲ ਅਧਿਕਾਰ ਦੇ ਵਿੱਚ ਅਹੁਦੇ ਹਨ ਜੋ ਉਨ੍ਹਾਂ ਦੇ ਇੱਕ ਦੂਸਰੇ ਦੇ ਨਾਲ ਸੰਬੰਧਾਂ ਤੇ ਆਧਾਰਿਤ ਹਨ। ਅਧਿਕਾਰ ਦਾ ਇਹ ਢਾਂਚਾ ਪਰਿਵਾਰ ਦੇ ਵਿੱਚ ਅਤੇ ਕਲੀਸਿਆ ਦੇ ਵਿੱਚ ਵੀ ਨਜ਼ਰ ਆਉਂਦਾ ਹੈ। ਤ੍ਰਿਏਕਤਾ ਦੇ ਮੈਂਬਰਾਂ ਦੀ ਤਰ੍ਹਾਂ, ਪਰਿਵਾਰ ਦੇ ਸਾਰੇ ਮੈਂਬਰਾਂ ਜਾਂ ਕਲੀਸਿਆ ਦੇ ਸਾਰੇ ਲੋਕਾਂ ਦੀ ਇੱਕ ਸਮਾਨ ਕੀਮਤ ਹੈ, ਪਰ ਉਨ੍ਹਾਂ ਸਭਨਾਂ ਦੇ ਕੋਲ ਇੱਕੋ ਜਿਹਾ ਅਧਿਕਾਰ ਨਹੀਂ ਹੈ।

## ਪੁੱਤਰ ਦਾ ਆਪਣੇ ਪਿਤਾ ਦੇ ਨਾਲ ਸੰਬੰਧ

ਪੁੱਤਰ ਪਿਤਾ ਦੇ ਨਾਲ ਕਿਵੇਂ ਸੰਬੰਧ ਰੱਖਦਾ ਹੈ? ਯਿਸੂ ਨੇ ਕਿਹਾ ਕਿ ਪਿਤਾ ਨੇ ਉਸਨੂੰ ਪੁੱਤਰ ਦੇ ਰੂਪ ਵਿੱਚ ਜੀਵਨ ਬਖ਼ਸ਼ਿਆ ਹੈ ਜਿਵੇਂ ਪਿਤਾ ਆਪਣੇ ਵਿੱਚ ਵੀ ਜੀਵਨ ਰੱਖਦਾ ਹੈ (ਯੂਹੰਨਾ 5:26)। ਸਾਰੀ ਸਦੀਪਕਤਾ ਤੋਂ ਪੁੱਤਰ ਪਿਤਾ ਦਾ ਇੱਕਲੌਤਾ ਪੁੱਤਰ ਰਿਹਾ ਹੈ (ਯੂਹੰਨਾ 3:16)। ਪੁੱਤਰ ਸਦੀਪਕਤਾ ਤੋਂ ਪਰਮੇਸ਼ੁਰ ਦੀ ਤਰ੍ਹਾਂ ਸਵੈ-ਹੋਂਦ ਦੇ ਵਿੱਚ ਹੈ, ਅਤੇ ਉਹ ਪਿਤਾ ਦੇ ਸਮਾਨ ਇੱਕ ਹੀ ਸੁਭਾਅ ਦਾ ਹੈ, ਫਿਰ ਵੀ ਉਸਦੀ ਹੋਂਦ ਪਿਤਾ ਤੋਂ ਹੈ। ਸਦੀਪਕਤਾ ਤੋਂ ਪੁੱਤਰ ਦਾ ਪਿਤਾ ਦੇ ਨਾਲ ਪੁੱਤਰ ਦੇ ਰੂਪ ਵਿੱਚ ਸੰਬੰਧ ਰਿਹਾ ਹੈ, ਪਿਤਾ ਦਾ ਪੁੱਤਰ ਦੇ ਨਾਲ ਪਿਤਾ ਵਾਲਾ ਸੰਬੰਧ ਰਿਹਾ ਹੈ, ਭਾਵੇਂ ਕਿ ਇਹ ਸੰਬੰਧ ਸ਼ਰੀਰਕ ਸੰਬੰਧ ਜਿਹਾ ਨਹੀਂ ਹੈ।

ਯਿਸੂ ਆਪਣੇ ਸੁਭਾਅ ਦੇ ਵਿੱਚ ਪਿਤਾ ਦੇ ਨਾਲ ਇੱਕ ਸਮਾਨ ਹੈ। ਉਸਦੀ ਅਰਾਧਨਾ ਕਰਨਾ ਅਤੇ ਉਸਨੂੰ ਮਹਿਮਾਮਈ ਕੀਤਾ ਜਾਣਾ ਪਿਤਾ ਦੇ ਨਾਲ ਇੱਕ ਸਮਾਨ ਪੱਧਰ ਤੇ ਹੋਣਾ ਚਾਹੀਦਾ ਹੈ। ਯਿਸੂ ਨੇ ਕਿਹਾ ਕਿ ਜਿਵੇਂ ਸਭ ਪਿਤਾ ਦਾ ਆਦਰ ਕਰਦੇ ਹਨ ਉਸੇ ਪ੍ਰਕਾਰ ਉਸਦਾ ਵੀ ਆਦਰ ਕਰਨਾ ਚਾਹੀਦਾ ਹੈ (ਯੂਹੰਨਾ 5:23)।

## ਪਿਤਾ ਅਤੇ ਪੁੱਤਰ ਦੇ ਨਾਲ ਪਵਿੱਤਰ ਆਤਮਾ ਦਾ ਸੰਬੰਧ

ਯੂਹੰਨਾ 15:26 ਦੇ ਵਿੱਚ, ਯਿਸੂ ਨੇ ਕਿਹਾ ਕਿ ਉਹ ਸਾਡੇ ਲਈ ਪਵਿੱਤਰ ਆਤਮਾ ਨੂੰ ਘੱਲੇਗਾ, ਜੋ ਪਿਤਾ ਵੱਲੋਂ ਨਿੱਕਲਦਾ ਹੈ। ਭਾਵੇਂ ਆਤਮਾ ਪਿਤਾ ਦੇ ਵੱਲੋਂ ਨਿੱਕਲਦਾ ਹੈ, ਉਹ ਪਿਤਾ ਅਤੇ ਪੁੱਤਰ ਦੇ ਨਾਲ ਇੱਕ ਸਮਾਨ ਹੈ, ਅਤੇ ਉਸਦਾ ਆਦਰ ਉਸੇ ਦਰਜੇ ਦੇ ਨਾਲ ਹੋਣਾ ਚਾਹੀਦਾ ਹੈ। ਇਹ ਗੱਲ ਯਾਦ ਰੱਖੋ ਕਿ ਇਹ ਨਿੱਕਲਣਾ ਅਤੇ ਘੱਲਣਾ ਤਿੰਨ ਅਜਿਹੇ ਵਿਅਕਤੀਤਵਾਂ ਦੇ ਵਿੱਚਕਾਰ ਹੋ ਰਿਹਾ ਹੈ ਜੋ ਇੱਕ ਦੂਸਰੇ ਦੇ ਨਾਲ ਪਿਆਰ ਦੇ ਸੰਬੰਧ ਦੇ ਵਿੱਚ ਰਹਿੰਦੇ ਹਨ।

## ਪਰਮੇਸ਼ੁਰ ਦੀ ਏਕਤਾ ਦਾ ਬਚਾਅ ਕਰਨਾ

ਤ੍ਰਿਏਕਤਾ ਦੇ ਤਿੰਨ ਵਿਅਕਤੀਤਵਾਂ ਨੂੰ ਅਲੱਗ-ਅਲੱਗ ਵਿਅਕਤੀਤਵ ਨਹੀਂ ਮੰਨਣਾ ਚਾਹੀਦਾ। ਉਨ੍ਹਾਂ ਦੀ ਹੋਂਦ ਦੀ ਏਕਤਾ ਦਾ ਅਰਥ ਹੈ ਕਿ ਉਹ ਮੂਲ ਤੱਤ ਦੇ ਵਿੱਚ ਇੱਕ ਸਮਾਨ ਹਨ ਅਤੇ ਇਹ ਕਿ ਤਿੰਨ ਵਿਅਕਤੀਤਵ ਇੱਕ ਦੂਸਰੇ ਦੇ ਵਿੱਚ ਮਿਲੇ ਹੋਏ ਹਨ, ਇੱਕ ਦੂਸਰੇ ਦੇ ਵਿੱਚ ਵਾਸ ਕਰਦੇ ਹਨ ਅਤੇ ਇੱਕ ਦੂਸਰੇ ਦੇ ਨਾਲ ਆਪਣੇ ਗੁਣਾਂ ਨੂੰ ਸਾਂਝਾ ਕਰਦੇ ਹਨ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਆਪਣੇ ਆਪਸੀ ਵਾਸ ਨੂੰ ਇਸ ਪ੍ਰਕਾਰ ਅਨੁਭਵ ਕਰਦੇ ਹਨ ਜਿਵੇਂ ਮਨੁੱਖ ਕਦੇ ਨਹੀਂ ਕਰ ਸਕਦੇ।

ਹਰੇਕ ਮਨੁੱਖ ਸਿਰਫ਼ ਇੱਕ ਹੀ ਵਿਅਕਤੀ ਅਤੇ ਇੱਕ ਹੀ ਹੋਂਦ ਹੈ। ਪਰਮੇਸ਼ੁਰ ਤਿੰਨ ਵਿਅਕਤੀਤਵ ਹਨ, ਫਿਰ ਵੀ ਇੱਕ ਹੋਂਦ ਹੈ। ਬਾਈਬਲ ਆਧਾਰਿਤ ਪਰਮੇਸ਼ੁਰ ਦੀ ਏਕਤਾ ਦੀ ਧਾਰਨਾ ਦੀ ਸੁਰੱਖਿਆ ਕਰਨ ਦੇ ਲਈ ਅਤੇ ਤ੍ਰਿਏਕਤਾ ਦੇ ਮੈਂਬਰਾਂ ਨੂੰ ਇੱਕ ਦੂਸਰੇ ਨਾਲੋਂ ਵੱਖਰੇ (ਲੋਕਾਂ ਦੇ) ਤੌਰ ਤੇ ਨਹੀਂ ਦਰਸਾਉਂਦੇ , ਪਰ ਅਲੱਗ (ਵਿਅਕਤੀਤਵਾਂ) ਦੇ ਤੌਰ ਤੇ ਦੱਸਦੇ ਹਾਂ।

## ਅਸੀਂ ਪਰਮੇਸ਼ੁਰ ਦੇ ਵਿਅਕਤੀਤਵ ਅਤੇ ਉਸਦੇ ਸੰਬੰਧਾਂ ਦੀ ਝਲਕ ਦਿੰਦੇ ਹਾਂ

ਪਰਮੇਸ਼ੁਰ ਨੇ ਸਾਨੂੰ ਆਪਣੇ ਸਰੂਪ ਤੇ ਬਣੇ ਵਿਅਕਤੀਆਂ ਦੇ ਤੌਰ ਤੇ ਰਚਿਆ ਹੈ- ਜਿੰਨਾਂ ਦੇ ਕੋਲ ਇੱਕ ਦੂਸਰੇ ਦੇ ਨਾਲ ਅਤੇ ਪਰਮੇਸ਼ੁਰ ਦੇ ਨਾਲ ਜੁੜਣ ਦੀ ਯੋਗਤਾ ਹੈ। ਇਸ ਸੰਬੰਧ ਦੇ ਉਦੇਸ਼ ਦੇ ਕਾਰਨ ਸਾਡੇ ਵਿੱਚੋਂ ਹਰੇਕ ਦੇ ਕੋਲ ਇੱਕ ਮਨ, ਇੱਕ ਇੱਛਾ, ਅਤੇ ਭਾਵਨਾਵਾਂ ਹਨ।

### ਵਿਅਕਤੀਗਤ ਤੌਰ ਤੇ ਅਸੀਂ ਅਸੰਪੂਰਨ ਹਾਂ

ਪਰਮੇਸ਼ੁਰ ਦੁਆਰਾ ਆਦਮ ਨੂੰ ਰਚਣ ਤੋਂ ਬਾਅਦ, ਉਸਨੇ ਕਿਹਾ, "ਭਈ ਚੰਗਾ ਨਹੀਂ ਕਿ ਆਦਮੀ ਇਕੱਲਾ ਰਹੇ ਸੋ" (ਉਤਪਤ 2:18)। ਫਿਰ ਉਸਨੇ ਹਵਾ ਨੂੰ ਬਣਾਇਆ। ਆਦਮ ਹਵਾ ਦੇ ਬਿਨਾਂ ਅਸੰਪੂਰਨ ਸੀ ਕਿਉਂਕਿ ਉਸਦੇ ਬਿਨਾਂ ਉਸਦੇ ਕੋਲ ਅਜਿਹਾ ਹੋਰ ਕੋਈ ਮਨੁੱਖ ਨਹੀਂ ਸੀ ਜਿਸਦੇ ਨਾਲ ਉਹ ਸੰਬੰਧ ਰੱਖ ਸਕਦਾ। ਅਸਲ ਦੇ ਵਿੱਚ, ਇੱਕ ਸਥਾਨ ਤੇ ਪਵਿੱਤਰ ਸ਼ਾਸਤਰ ਸੁਝਾਅ ਦਿੰਦਾ ਹੈ ਕਿ ਆਦਮ ਅਤੇ ਹਵਾ ਮਿਲ ਕੇ ਪਰਮੇਸ਼ੁਰ ਦੇ ਸਰੂਪ ਦੀ ਝਲਕ ਦਿੰਦੇ ਹਨ: "ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ" (ਉਤਪਤ 1:27)। ਆਦਮ ਅਤੇ ਹਵਾ ਵਿਚਾਲੇ ਸੰਬੰਧ ਦੇ ਪ੍ਰਤੀ ਅਜਿਹਾ ਪ੍ਰਤੀਤ ਹੁੰਦਾ ਹੈ ਜਿਸਦੇ ਨਾਲ ਉਨ੍ਹਾ ਨੇ ਮਿਲ ਕੇ ਪਰਮੇਸ਼ੁਰ ਦੇ ਸਰੂਪ ਦੀ ਅਜਿਹੀ ਝਲਕ ਦਿੱਤੀ ਜੋ ਆਦਮ ਦੁਆਰਾ ਇਕੱਲੇ ਰਹਿਣ ਤੋਂ ਵਧੇਰੇ ਸੀ।

ਸੋਚੋ ਕਿ ਇਸਦਾ ਸਾਡੇ ਲਈ ਕੀ ਅਰਥ ਹੈ। ਜਦੋਂ ਤੱਕ ਅਸੀਂ ਦੂਸਰਿਆਂ ਦੇ ਨਾਲ ਸੰਬੰਧ ਵਿੱਚ ਨਹੀਂ ਹਾਂ ਤਾਂ ਅਸੀਂ ਸੰਪੂਰਨ ਵਿਅਕਤੀਆਂ ਦੇ ਤੌਰ ਤੇ ਕੰਮ ਨਹੀਂ ਕਰ ਰਹੇ ਹਾਂ, ਜਿਵੇਂ ਤ੍ਰਿਏਕਤਾ ਦੇ ਵਿਅਕਤੀਤਵ ਹਨ। ਇਸਦਾ ਇਹ ਅਰਥ ਨਹੀਂ ਹੈ ਕਿ ਸਾਨੂੰ ਵਿਆਹ ਕਰਾਉਣਾ ਚਾਹੀਦਾ ਹੈ (ਸਵਰਗ ਦੇ ਵਿੱਚ ਕਿਸੇ ਦਾ ਵਿਆਹ ਨਹੀਂ ਹੋਵੇਗਾ, ਫਿਰ ਵੀ ਅਸੀਂ ਵਿਅਕਤੀ ਹੋਵਾਂਗੇ), ਪਰ ਸਾਨੂੰ ਦੂਸਰਿਆਂ ਦੇ ਨਾਲ ਸੰਗਤੀ ਰੱਖਣ ਦੀ ਜਰੂਰਤ ਹੈ।

### ਪਰਮੇਸ਼ੁਰ ਦੇ ਸਰੂਪ ਦੀ ਝਲਕ ਦੇਣ ਦੇ ਲਈ ਆਪਸੀ ਸੰਬੰਧ ਰੱਖਣਾ

ਪਰਮੇਸ਼ੁਰ ਦੇ ਸੁਭਾਅ ਅਤੇ ਕਲੀਸਿਆ ਦੇ ਸੁਭਾਅ ਦੇ ਵਿਚਾਲੇ ਇੱਕ ਬਹੁਤ ਹੀ ਅਦਭੁੱਤ ਤੁਲਨਾ ਹੈ। ਪਰਮੇਸ਼ੁਰ ਅਤੇ ਕਲੀਸਿਆ ਦੇ ਵਿਚਾਲੇ ਏਕਤਾ ਅਤੇ ਵਖਰੇਵੇਂ ਹਨ। 1 ਕੁਰਿੰਥੀਆਂ ਨੂੰ 12 ਦੇ ਅਨੁਸਾਰ, ਮਸੀਹ ਦੇ ਦੇਹ ਬਹੁਤ ਸਾਰੇ ਹਿੱਸਿਆਂ ਦਾ ਮਿਸ਼ਰਣ ਹੈ ਜੋ ਮਿਲ ਕੇ ਇੱਕ ਉਦੇਸ਼ ਦੇ ਲਈ ਕੰਮ ਕਰਦੇ ਹਨ। ਕੀ ਤੁਸੀਂ ਵੇਖ ਸਕਦੇ ਹੋ ਕਿ ਮਸੀਹ ਦੀ ਦੇਹ ਪਰਮੇਸ਼ੁਰ ਦੇ ਸਰੂਪ ਦੀ ਝਲਕ ਕਿਵੇਂ ਦਿੰਦੀ ਹੈ? ਕਿਵੇਂ ਦੀ ਉਮੀਦ ਸੀ ਕਿ ਕਲੀਸਿਆ ਦੇ ਵੱਖ-ਵੱਖ ਮੈਂਬਰ ਮਿਲ ਕੇ ਮਸੀਹ ਦੇ ਵਿੱਚ ਇੱਕ ਹੋ ਕੇ ਵਧਣ। ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਅਸੀਂ ਹੇਠਾਂ ਦੱਸੇ ਅਨੁਸਾਰ ਬਣੀਏ:

> ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਉਸ ਵਿੱਚ ਜੋ ਸਿਰ ਹੈ ਅਰਥਾਤ ਮਸੀਹ ਵਿੱਚ ਹਰ ਤਰਾਂ ਵਧਦੇ ਜਾਈਏ ਜਿਸ ਤੋਂ ਸਾਰੀ ਦੇਹੀ ਹਰੇਕ ਜੋੜ ਦੀ ਮੱਦਤ ਨਾਲ ਠੀਕ ਠੀਕ ਜੁੜ ਕੇ ਅਤੇ ਇੱਕ ਸੰਗ ਮਿਲ ਕੇ ਇੱਕ ਇੱਕ ਅੰਗ ਦੇ ਵਲ

ਕੰਮ ਕਰਨ ਅਨੁਸਾਰ ਆਪਣੇ ਆਪ ਨੂੰ ਵਧਾਈ ਜਾਂਦੀ ਹੈ ਭਈ ਉਹ ਪ੍ਰੇਮ ਵਿੱਚ ਆਪਣੀ ਉਸਾਰੀ ਕਰੇ (ਅਫ਼ਸੀਆਂ ਨੂੰ 4:15-16)।

ਸਾਨੂੰ ਸਾਰਿਆਂ ਨੂੰ ਆਪਣੇ ਵਰਦਾਨਾਂ ਅਤੇ ਯੋਗਤਾਵਾਂ ਦਾ ਉਪਯੋਗ ਕਰਦੇ ਹੋਏ ਮਸੀਹ ਦੀ ਏਕਤਾ ਦੇ ਵਿੱਚ ਵਧਣ ਦੇ ਲਈ ਇੱਕ ਦੂਸਰੇ ਦੀ ਸਹਾਇਤਾ ਕਰਨੀ ਚਾਹੀਦੀ ਹੈ। ਪਰਮੇਸ਼ੁਰ ਇੱਛਾ ਕਰਦਾ ਹੈ ਕਿ ਇੱਕ ਦੂਸਰੇ ਦੀ ਕ੍ਰਿਪਾ ਦੇ ਵਿੱਚ ਵਧਣ ਦੀ ਸਹਾਇਤਾ ਕਰਕੇ ਉਸਦੇ ਸੰਬੰਧ ਵਾਲੇ ਸੁਭਾਅ ਦੀ ਝਲਕ ਦਾ ਪ੍ਰਗਟਾਵਾ ਕਰੀਏ। ਆਤਮਿਕ ਵਿਕਾਸ ਸਮੁਦਾਏ ਦੇ ਵਿੱਚ ਹੁੰਦਾ ਹੈ, ਜੋ ਦੂਸਰੇ ਵਿਸ਼ਵਾਸੀਆਂ ਦੀ ਨੇੜਤਾ ਵਾਲੀ ਸਮਰਪਿਤ ਸੰਗਤੀ ਦੇ ਵਿੱਚ ਹੁੰਦਾ ਹੈ। ਇਹ ਪਰਮੇਸ਼ੁਰ ਦੇ ਸਮਾਜਿਕ ਸੁਭਾਅ ਦੀ ਝਲਕ ਦਾ ਪ੍ਰਗਟਾਵਾ ਕਰਦਾ ਹੈ।

ਜੇਕਰ ਤ੍ਰਿਏਕਤਾ ਦੇ ਮੈਂਬਰ ਸਦੀਪਕਤਾ ਤੋਂ ਇੱਕ ਦੂਸਰੇ ਨੂੰ ਸਵੈ-ਪਿਆਰ ਦੇਣ ਦੇ ਦੁਆਰਾ ਵਾਸ ਕਰਦੇ ਆਏ ਹਨ, ਤਾਂ ਸਾਨੂੰ ਵੀ ਇੱਕ ਦੂਸਰੇ ਦੇ ਨਾਲ ਪਿਆਰ ਭਰੇ ਸੰਬੰਧ ਦੇ ਵਿੱਚ ਰਹਿਣਾ ਚਾਹੀਦਾ ਹੈ। ਅਸੀਂ ਪਰਮੇਸ਼ੁਰ ਦੇ ਸਰੂਪ ਤੇ ਸਮਾਜਿਕ, ਸੰਬੰਧ ਰੱਖਣ ਵਾਲੇ ਪ੍ਰਾਣੀਆਂ ਦੇ ਵੱਜੋਂ ਰਚੇ ਗਏ ਹਾਂ, ਇਸ ਕਾਰਨ ਸਾਨੂੰ ਆਪਣੀ ਬਜਾਏ ਦੂਸਰਿਆਂ ਦੇ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਨਿੱਜੀ ਵਿਅਕਤੀਤਵ ਨਾਲੋਂ ਸਮੁਦਾਏ ਤੇ ਵਧੇਰੇ ਜ਼ੋਰ ਦੇਣਾ ਚਾਹੀਦਾ ਹੈ। ਜਦੋਂ ਅਸੀਂ ਦੂਸਰਿਆਂ ਦੇ ਨਾਲ ਆਪਣੇ ਸੰਬੰਧ ਦੇ ਵਿੱਚ ਤ੍ਰਿਏਕ ਪਰਮੇਸ਼ੁਰ ਦੇ ਸਰੂਪ ਦੀ ਝਲਕ ਦਾ ਪ੍ਰਗਟਾਵਾ ਕਰਾਂਗੇ ਤਾਂ ਉਹ ਸਾਨੂੰ ਬਰਕਤ ਦੇਵੇਗਾ।

## ਤ੍ਰਿਏਕਤਾ ਆਧਾਰਿਤ ਅਰਾਧਨਾ

ਤ੍ਰਿਏਕਤਾ ਆਧਾਰਿਤ ਅਰਾਧਨਾ ਇਸ ਤੱਥ ਦੀ ਪਹਿਚਾਣ ਕਰਦੀ ਹੈ ਕਿ ਅਸੀਂ ਪਿਤਾ ਦੇ ਕੋਲ ਆਤਮਾ ਦੀ ਸਹਾਇਤਾ ਦੇ ਦੁਆਰਾ ਅਤੇ ਪੁੱਤਰ ਦੇ ਪ੍ਰਾਸਚਿਤ ਦੇ ਕੰਮ ਦੇ ਦੁਆਰਾ ਆਉਂਦੇ ਹਾਂ। ਤ੍ਰਿਏਕੀ ਧਾਰਨਾ ਵਾਲੇ ਵਿਸ਼ਵਾਸੀਆਂ ਦੇ ਤੌਰ ਤੇ ਅਸੀਂ ਪਿਤਾ ਦੇ ਕੋਲੋ, ਆਤਮਾ ਦੇ ਵਿੱਚ, ਪੁੱਤਰ ਦੇ ਦੁਆਰਾ ਪ੍ਰਾਰਥਨਾ ਕਰਦੇ ਹਾਂ।

ਸਾਡੇ ਲਈ ਅਰਾਧਨਾ ਦਾ ਇੱਕ ਮਹੱਤਵਪੂਰਨ ਟੀਚਾ ਇਹ ਹੈ ਅਸੀਂ ਉਸ ਪਿਆਰ ਸੰਬੰਧ ਦੇ ਵਿੱਚ ਦਾਖਿਲ ਹੋਈਏ ਜੋ ਤ੍ਰਿਏਕਤਾ ਦੇ ਮੈਂਬਰ ਇੱਕ ਦੂਸਰੇ ਦੇ ਪ੍ਰਤੀ ਰੱਖਦੇ ਹਨ। ਉਸ ਪਿਆਰ ਦੇ ਬਾਰੇ ਸੋਚੋ ਜੋ ਪਿਤਾ ਅਤੇ ਪੁੱਤਰ ਦੇ ਵਿੱਚਕਾਰ ਹੈ। ਮਸੀਹ ਨੇ ਇਸ ਪਿਆਰ ਦਾ ਅਨੁਭਵ ਸਾਨੂੰ ਦੇਣ ਦੇ ਲਈ ਜੋ ਸਲੀਬ ਤੇ ਕੀਤਾ ਉਸਦੇ ਸੋਚੋ। ਪਿਤਾ ਅਤੇ ਪੁੱਤਰ ਇੱਕ ਦੂਸਰੇ ਦੇ ਨਾਲ ਪਿਆਰ ਭਰੀ ਸੰਗਤੀ ਦੇ ਵਿੱਚ ਰਹਿੰਦੇ ਹਨ, ਅਤੇ ਪਿਤਾ ਦੇ ਪ੍ਰਾਸਚਿਤ ਦੇਣ ਵਾਲੇ ਕੰਮ ਦੇ ਕਾਰਨ, ਆਤਮਾ ਸਾਡੀ ਇਸ ਪਿਆਰ ਸੰਬੰਧ ਵਿੱਚ ਭਾਗੀਦਾਰੀ ਕਰਨ ਦੇ ਵਿੱਚ ਸਹਾਇਤਾ ਕਰ ਸਕਦਾ ਹੈ।

> "ਸਰਬਸ਼ਕਤੀਮਾਨ ਅਤੇ ਸਦੀਪਕ ਪਰਮੇਸ਼ੁਰ, ਤੁਸੀਂ ਸਾਨੂੰ ਆਪਣੇ ਸੇਵਕਾਂ ਨੂੰ ਸਦੀਪਕ ਤ੍ਰਿਏਕਤਾ ਦੀ ਮਹਿਮਾ ਨੂੰ ਮੰਨਣ ਦੇ ਲਈ ਅਤੇ ਈਸ਼ਵਰੀ ਮਹਿਮਾ ਦੀ ਸ਼ਕਤੀ ਦੁਆਰਾ ਏਕਤਾ ਦੇ ਵਿੱਚ ਅਰਾਧਨਾ ਕਰਨ ਦੀ ਕ੍ਰਿਪਾ ਦਿੱਤੀ ਹੈ। ਸਾਨੂੰ ਇਸ ਵਿਸ਼ਵਾਸ ਦੇ ਵਿੱਚ ਮਜ਼ਬੂਤ ਰੱਖ, ਤਾਂ ਕਿ ਅਸੀਂ ਸਦਾ ਦੇ ਲਈ ਆਪਣੇ ਵੈਰੀਆਂ ਤੋਂ ਬਚਾਏ ਜਾਈਏ: ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ, ਜੋ ਤੁਹਾਡੇ ਨਾਲ ਅਤੇ ਪਵਿੱਤਰ ਆਤਮਾ ਵਾਸ ਅਤੇ ਰਾਜ ਕਰਦਾ ਹੈ, ਜੋ ਹੁਣ ਤੋਂ ਲੈ ਕੇ ਸਦਾ ਤੱਕ ਇੱਕ ਪਰਮੇਸ਼ੁਰ ਹੈ। ਆਮੀਨ।"
> - ਬੁੱਕ ਆੱਫ ਕੋਮਨ ਪ੍ਰੇਅਰ

ਤ੍ਰਿਏਕੀ ਧਾਰਨਾ ਵਾਲੇ ਵਿਸ਼ਵਾਸੀਆਂ ਦੇ ਤੌਰ ਤੇ ਅਸੀਂ ਸਿਰਫ਼ ਪਿਤਾ ਤੋਂ, ਆਤਮਾ ਦੇ ਵਿੱਚ, ਪੁੱਤਰ ਦੇ ਦੁਆਰਾ ਹੀ ਪ੍ਰਾਰਥਨਾ ਨਹੀਂ ਕਰਨੀ, ਪਰ ਸਾਨੂੰ ਪਿਤਾ ਦੇ ਕੋਲੋ, ਪੁੱਤਰ ਦੇ ਕੋਲੋਂ ਅਤੇ ਪਵਿੱਤਰ ਆਤਮਾ ਦੇ ਕੋਲੋਂ ਪ੍ਰਾਰਥਨਾ ਕਰਨੀ ਚਾਹੀਦੀ ਹੈ। ਤ੍ਰਿਏਕਤਾ ਦੇ

ਹਰੇਕ ਮੈਂਬਰਾ ਦੀ ਪ੍ਰਸ਼ੰਸਾ ਅਤੇ ਮਹਿਮਾ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਉਹ ਸਭ ਪਰਮੇਸ਼ੁਰ ਹਨ ਅਤੇ ਉਨ੍ਹਾਂ ਦਾ ਇੱਕ ਸਮਾਨ ਆਦਰ ਕੀਤਾ ਜਾਣਾ ਚਾਹੀਦਾ ਹੈ। ਤ੍ਰਿਏਕਤਾ ਆਧਾਰਿਤ ਅਰਾਧਨਾ ਤ੍ਰਿਏਕਤਾ ਦੇ ਹਰੇਕ ਮੈਂਬਰ ਨੂੰ ਇੱਕ ਸਮਾਨ ਮਹਿਮਾ ਦਿੰਦੇ ਹਨ, ਮੁਕਤੀ ਦੇ ਵਿੱਚ ਉਨ੍ਹਾਂ ਤਿੰਨਾਂ ਦੀ ਭੂਮਿਕਾ ਦੀ ਪਹਿਚਾਣ ਕਰਦੇ ਹੋਏ।

## ਗ਼ਲਤੀਆਂ ਜਿੰਨਾਂ ਤੋਂ ਪਰੇ ਰਹਿਣਾ ਹੈ: ਤ੍ਰਿਏਕਤਾ ਦੇ ਬਾਰੇ ਧਾਰਨਾਵਾਂ

*ਕਲਾਸ ਦੇ ਆਗੂ ਲਈ ਨੋਟ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਅਸੀਂ ਸਮਝ ਨਹੀਂ ਪਾਉਂਦੇ ਕਿ ਬੀਜ਼ ਮਿੱਟੀ ਦੇ ਵਿੱਚ ਕਿਉਂ ਉੱਗਦੇ ਹਨ, ਜਾਂ ਦਿਮਾਗ ਕਿਵੇਂ ਕੰਮ ਕਰਦਾ ਹੈ, ਜਾਂ ਕਿਹੜੀਆਂ ਸ਼ਕਤੀਆਂ ਤਾਰਿਆਂ ਨੂੰ ਇੰਨ੍ਹਾਂ ਦੇ ਸਥਾਨਾਂ ਤੇ ਰੱਖਦੀਆਂ ਹਨ। ਵਿਗਿਆਨੀ ਵੇਖਦੇ ਹਨ ਕਿ ਕੀ ਹੁੰਦਾ ਹੈ, ਪਰ ਉਹ ਵਿਆਖਿਆ ਨਹੀਂ ਕਰ ਸਕਦੇ ਕਿ ਇਹ ਕਿਉਂ ਅਤੇ ਕਿਵੇਂ ਹੁੰਦਾ ਹੈ। ਕਿਸੇ ਵਿਅਕਤੀ ਦੇ ਦੁਆਰਾ ਤ੍ਰਿਏਕਤਾ ਦੇ ਧਰਮ ਸਿਧਾਂਤ ਨੂੰ ਇਸ ਲਈ ਨਕਾਰ ਦੇਣਾ ਕਿਉਂਕਿ ਉਹ ਇਸਦੀ ਪੂਰੀ ਤਰ੍ਹਾਂ ਵਿਆਖਿਆ ਨਹੀਂ ਕਰ ਸਕਦਾ ਇੱਕ ਬੇਤੁਕੀ ਗੱਲ ਹੈ। ਪਰਮੇਸ਼ੁਰ ਦੇ ਬਾਰੇ ਹਰੇਕ ਸਿੱਖਿਆ ਸਾਡੀ ਵਿਆਖਿਆ ਤੋਂ ਪਰ੍ਹੇ ਹੈ। ਉਦਾਹਰਨ ਦੇ ਲਈ, ਕੋਈ ਵੀ ਇਸ ਗੱਲ ਦੀ ਵਿਆਖਿਆ ਨਹੀਂ ਕਰ ਸਕਦਾ ਕਿ ਪਰਮੇਸ਼ੁਰ ਹਰੇਕ ਸਥਾਨ ਤੇ ਕਿਵੇਂ ਹੋ ਸਕਦਾ ਹੈ ਅਤੇ ਸਭ ਗੱਲਾਂ ਕਿਵੇਂ ਜਾਣ ਸਕਦਾ ਹੈ। ਤ੍ਰਿਏਕਤਾ ਦੇ ਤੱਥ ਤਰਕਹੀਣ ਨਹੀਂ ਹਨ ਪਰ ਉਹ ਮਨੁੱਖੀ ਅਨੁਭਵ ਅਤੇ ਨਿਯਮਾਂ ਤੋਂ ਪਰੇ ਹਨ। ਸਮੁੰਦਰ ਦੀ ਇੱਕ ਮੱਛੀ, ਭਾਵੇਂ ਕਿੰਨੀ ਵੀ ਸਮਝਦਾਰ ਹੋਵੇ, ਉਹ ਕਦੇ ਵੀਇਹ ਸਮਝ ਨਹੀਂ ਸਕਦੀ ਕਿ ਮਨੁੱਖ ਹੋਣਾ ਕੀ ਹੈ, ਭਾਵੇਂ ਉਸਦੇ ਅੱਗੇ ਇਸ ਸਭ ਦੀ ਵਿਆਖਿਆ ਵੀ ਕੀਤੀ ਜਾਵੇ।

ਤ੍ਰਿਏਕਤਾ ਦਾ ਤੱਥ ਇਹ ਹੈ ਕਿ ਇੱਕ ਹੀ ਪਰਮੇਸ਼ੁਰ ਹੈ ਜਿਸਦੀ ਹੋਂਦ ਤਿੰਨ ਵਿਅਕਤੀਤਵਾਂ ਦੇ ਵਿੱਚ ਹੈ ਜੋ ਸੁਭਾਅ ਦੇ ਵਿੱਚ ਇੱਕ ਹਨ ਅਤੇ ਈਸ਼ਵਰਤਾਈ ਦੇ ਵਿੱਚ ਇੱਕ ਸਮਾਨ ਹਨ। ਲੋਕਾਂ ਨੇ ਇਸਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਉਹ ਅਕਸਰ ਇੱਕ ਮਹੱਤਵਪੂਰਨ ਹਿੱਸੇ ਨੂੰ ਗੁਆ ਦਿੰਦੇ ਹਨ। ਹੇਠਾਂ ਗ਼ਲਤੀਆਂ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਹੋਈਆਂ ਹਨ।

1. **ਪਰਮੇਸ਼ੁਰ ਅਸਲ ਦੇ ਵਿੱਚ ਇੱਕ ਵਿਅਕਤੀਤਵ ਹੈ ਜਿਸਨੇ ਅਲੱਗ-ਅਲੱਗ ਭੂਮਿਕਾਵਾਂ ਲਈਆਂ ਹਨ।** ਇਸ ਧਾਰਨਾ ਦੇ ਵਿੱਚ, ਸਵਰਗ ਦੇ ਵਿੱਚ ਪਰਮੇਸ਼ੁਰ ਪਿਤਾ ਸੀ, ਧਰਤੀ ਤੇ ਉਹ ਯਿਸੂ ਸੀ ਅਤੇ ਹੁਣ ਉਹ ਪਵਿੱਤਰ ਆਤਮਾ ਦੇ ਤੌਰ ਤੇ ਸਾਡੇ ਨਾਲ ਗੱਲ ਕਰਦਾ ਹੈ। ਪਰ ਯੂਹੰਨਾ 14-16 ਦੇ ਅਧਿਆਇਆਂ ਦੇ ਵਿੱਚ ਯਿਸੂ ਦੇ ਸ਼ਬਦ ਉਸਦੇ ਅਤੇ ਪਿਤਾ ਅਤੇ ਪਵਿੱਤਰ ਆਤਮਾ ਦੇ ਵਿੱਚਕਾਰ ਵਾਰਤਾਲਾਪ ਦੇ ਬਾਰੇ ਦੱਸਦੇ ਹਨ। ਜੇਕਰ ਉਹ ਤਿੰਨ ਵੱਖਰੇ ਵਿਅਕਤੀਤਵ ਨਹੀਂ ਹਨ ਤਾਂ ਇਸ ਵਰਣਨ ਦੀ ਕੋਈ ਮਤਲਬ ਨਹੀਂ ਬਣਦਾ ਹੈ।

2. **ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਅਲੱਗ-ਅਲੱਗ ਵਿਅਕਤੀਤਵ ਹਨ।** ਇਸ ਧਾਰਨਾ ਦੇ ਵਿੱਚ, ਉਨ੍ਹਾਂ ਦੇ ਸੁਭਾਅ ਦੇ ਵਿੱਚ ਫ਼ਰਕ ਹੋ ਸਕਦੇ ਹਨ। ਉਦਾਹਰਨ ਦੇ ਲਈ ਪਿਤਾ ਸ਼ਾਇਦ ਉਹ ਹੈ ਜੋ ਸਜ਼ਾ ਦੇਣਾ ਚਾਹੁੰਦਾ ਹੈ, ਪਰ ਪੁੱਤਰ ਦਯਾ ਵਿਖਾਉਣਾ ਚਾਹੁੰਦਾ ਹੈ। ਇਹ ਵਿਚਾਰ ਬਾਈਬਲ ਦੇ ਇਸ ਧਰਮ ਸਿਧਾਂਤ ਦੇ ਵਿਰੁੱਧ ਹੈ ਕਿ ਪਰਮੇਸ਼ੁਰ ਇੱਕ ਹੀ ਹੈ।

3. **ਤ੍ਰਿਏਕਤਾ ਦਾ ਇੱਕ ਵਿਅਕਤੀਤਵ ਦੂਸਰੇ ਨਾਲੋਂ ਨੀਵਾਂ ਹੈ।** ਇੱਕ ਅਜਿਹਾ ਵਿਅਕਤੀ ਜੋ ਇਸ ਵਿਚਾਰ ਤੇ ਵਿਸ਼ਵਾਸ ਕਰਦਾ ਹੈ ਉਹ ਸੋਚਦਾ ਹੈ ਇਸ ਪਿਤਾ ਪਰਮੇਸ਼ੁਰ ਹੈ, ਅਤੇ ਪੁੱਤਰ ਅਤੇ ਪਵਿੱਤਰ ਆਤਮਾ ਉਸ ਤੋਂ ਨੀਵੇਂ ਵਿਅਕਤੀਤਵ ਹਨ। ਉਹ ਸ਼ਾਇਦ ਪਵਿੱਤਰ ਆਤਮਾ ਦੇ ਵਿਅਕਤੀਤਵ ਦਾ ਇਨਕਾਰ ਕਰ ਦੇਵੇ ਅਤੇ ਪੁੱਤਰ ਨੂੰ ਇੱਕ ਅਜਿਹਾ ਖਾਸ ਮਨੁੱਖ ਸਮਝੇ ਜਿਸਨੂੰ ਪਰਮੇਸ਼ੁਰ ਨੇ ਉਪਯੋਗ ਕੀਤਾ। ਇਸ ਗ਼ਲਤੀ ਦੇ ਕਾਰਨ ਲੋਕ ਪੁੱਤਰ ਅਤੇ ਪਵਿੱਤਰ ਆਤਮਾ ਦੀ ਪਰਮੇਸ਼ੁਰ ਦੇ ਵੱਜੋਂ ਅਰਾਧਨਾ ਨਹੀਂ ਕਰਦੇ ਅਤੇ ਇਹ ਇੱਕ ਝੂਠੇ ਸ਼ੁਭਸਮਾਚਾਰ ਦੇ ਵੱਲ ਅਗਵਾਈ ਕਰ ਸਕਦਾ ਹੈ।

► ਵਿਸ਼ਵਾਸ ਦੇ ਕਥਨਾਂ ਨੂੰ ਇਕੱਠੇ ਮਿਲ ਕੇ ਘੱਟ ਤੋਂ ਘੱਟ ਦੋ ਵਾਰ ਪੜ੍ਹੋ।

### ਵਿਸ਼ਵਾਸ ਦੇ ਕਥਨ

ਪਰਮੇਸ਼ੁਰ ਤ੍ਰਿਏਕ ਹੈ, ਤਿੰਨ ਵਿਅਕਤੀਤਵਾਂ ਦੇ ਵਿੱਚ ਇੱਕ ਪਰਮੇਸ਼ੁਰ, ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ। ਤਿੰਨੇ ਭੂਮਿਕਾਵਾਂ ਦੇ ਵੱਖ-ਵੱਖ ਹਨ, ਪਰ ਸੁਭਾਅ ਦੇ ਵਿੱਚ ਇੱਕ ਅਤੇ ਈਸ਼ਵਰਤਾਈ ਦੇ ਗੁਣਾਂ ਵਿੱਚ ਇੱਕ ਸਮਾਨ ਹਨ ਅਤੇ ਅਰਾਧਨਾ ਦੇ ਇੱਕ ਹੀ ਸਮਾਨ ਯੋਗ ਹਨ।

### ਪਾਠ 3 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸੈਸਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਲਿਖਣਾ ਕਿ ਇਹ ਕਿਸ ਦੇ ਬਾਰੇ ਗੱਲ ਕਰਦਾ ਹੈ ਅਤੇ ਇਹ ਇਸ ਪਾਠ ਦੇ ਵਿਸ਼ੇ ਬਾਰੇ ਕੀ ਦੱਸਦਾ ਹੈ।

- ਯੂਹੰਨਾ 15:26
- ਯੂਹੰਨਾ 17:1-5
- ਅਫ਼ਸੀਆਂ ਨੂੰ 1:17-23
- ਕੁਲੁੱਸੀਆਂ ਨੂੰ 1:12-19
- ਇਬਰਾਨੀਆਂ ਨੂੰ 1:1-3, 8

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 3 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 3 ਦੀ ਪ੍ਰੀਖਿਆ

(1) ਬ੍ਰਹਿਮੰਡ ਪਰਮੇਸ਼ੁਰ ਦੇ ਸੁਭਾਅ ਨੂੰ ਕਿਵੇਂ ਦਰਸਾਉਂਦਾ ਹੈ?

(2) ਤ੍ਰਿਏਕਤਾ ਦੇ ਧਰਮ ਸਿਧਾਂਤ ਦੀ ਨੀਂਹ ਬਣਨ ਵਾਲੀਆਂ ਤਿੰਨ ਬਾਈਬਲਕ ਧਾਰਣਾਵਾਂ ਕਿਹੜੀਆਂ ਹਨ?

(3) ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਸਭ ਪਰਮੇਸ਼ੁਰ ਹਨ।

(4) ਤ੍ਰਿਏਕਤਾ ਦੇ ਵਿੱਚਲੇ ਸੰਬੰਧਾਂ ਦਾ ਢਾਂਚਾ ਕੀ ਹੈ?

(5) ਪਰਿਵਾਰ ਜਾਂ ਕਲੀਸਿਆ ਦਾ ਢਾਂਚਾ ਤ੍ਰਿਏਕਤਾ ਦੇ ਢਾਂਚੇ ਨਾਲ ਕਿਵੇਂ ਤੁਲਨਾਤਮਕ ਹੈ?

(6) ਤ੍ਰਿਏਕਤਾ ਨੂੰ ਮੰਨਣ ਵਾਲਿਆਂ ਦੇ ਤੌਰ ਤੇ ਸਾਨੂੰ ਕਿਸ ਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ?

(7) ਤ੍ਰਿਏਕਤਾ ਬਾਰੇ ਤਿੰਨ ਆਮ ਗ਼ਲਤ ਧਾਰਣਾਵਾਂ ਲਿਖੋ।

# ਪਾਠ 4

# ਮਨੁੱਖਤਾ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਅਸੀਂ ਇਹ ਕਿਵੇਂ ਜਾਣਦੇ ਹਾਂ ਕਿ ਮਨੁੱਖਤਾ ਦੇ ਵਿੱਚ ਪਰਮੇਸ਼ੁਰ ਦਾ ਸਰੂਪ ਭੋਤਿਕ ਸਮਾਨਤਾ ਨਹੀਂ ਹੈ।
- ਮਨੁੱਖਤਾ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦੀਆਂ ਅੱਠ ਵਿਸ਼ੇਸ਼ਤਾਵਾਂ
- ਇਹ ਕਿ ਲੋਕਾਂ ਨੂੰ ਵਿਸ਼ੇਸ਼ ਤੌਰ ਤੇ ਪਰਮੇਸ਼ੁਰ ਦੇ ਨਾਲ ਸੰਬੰਧ ਰੱਖਣ ਦੇ ਲਈ ਰਚਿਆ ਗਿਆ ਹੈ।
- ਲੋਕਾਂ ਦੇ ਵਿੱਚ ਆਜਾਦ ਇੱਛਾ ਹੋਣ ਦਾ ਅਰਥ।
- ਇਹ ਕਿ ਲੋਕਾਂ ਦੇ ਵਿੱਚ ਧਰਤੀ ਤੇ ਉਨ੍ਹਾਂ ਦੇ ਜੀਵਨ ਦੀ ਅਭਿਆਸਿਕ ਕੀਮਤ ਤੋਂ ਪਰੇ ਅਮਰਤਾ ਦੀ ਕੀਮਤ ਹੈ।
- ਮਨੁੱਖਤਾ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਸਮਝ ਜਾਵੇਗਾ ਕਿ ਉਹ ਪਰਮੇਸ਼ੁਰ ਦੇ ਨਾਲ ਸੰਬੰਧ ਬਣਾਉਣ ਤੋਂ ਬਿਨਾਂ ਇੱਕ ਵਿਅਕਤੀ ਦੇ ਤੌਰ ਤੇ ਕਦੇ ਸੰਪੂਰਨ ਨਹੀਂ ਹੋ ਸਕਦਾ।

## ਮਨੁੱਖਤਾ- ਪਰਮੇਸ਼ੁਰ ਦੇ ਸਰੂਪ ਤੇ ਬਣਾਈ ਗਈ ਹੈ

► ਜ਼ਬੂਰਾਂ ਦੀ ਪੋਥੀ 8 ਨੂੰ ਮਿਲ ਕੇ ਪੜ੍ਹੋ। ਇਹ ਵਚਨ ਸਾਨੂੰ ਮਨੁੱਖਤਾ ਦੇ ਬਾਰੇ ਕੀ ਦੱਸਦੇ ਹਨ?

► ਅਜਿਹੀਆਂ ਕਿਹੜੀਆਂ ਗੱਲਾਂ ਹਨ ਜੋ ਸੰਸਾਰ ਦੇ ਹਰੇਕ ਵਿਅਕਤੀ ਦੇ ਵਿੱਚ ਇੱਕ ਸਮਾਨ ਹਨ?

ਇਸ ਦੇ ਬਾਰੇ ਸੋਚੋ ਕਿ ਕਿਹੜੀ ਚੀਜ਼ ਸਾਨੂੰ ਸਾਡੀ ਪਹਿਚਾਣ ਦਿੰਦੀ ਹੈ। ਇੱਕ ਮਨੁੱਖ ਹੋਣ ਦਾ ਅਸਲ ਅਰਥ ਕੀ ਹੈ?

► ਉਤਪਤ 1:26-27 ਨੂੰ ਮਿਲ ਕੇ ਪੜ੍ਹੋ।

ਸਾਡੇ ਸੁਭਾਅ ਦੇ ਵਿੱਚ ਕੁਝ ਅਜਿਹਾ ਹੈ ਜੋ ਪਰਮੇਸ਼ੁਰ ਦੇ ਸਮਾਨ ਹੈ। ਅਸੀਂ ਪਰਮੇਸ਼ੁਰ ਨਹੀਂ ਹਾਂ, ਪਰ ਕੁਝ ਅਜਿਹਾ ਹੈ ਜੋ ਸਾਨੂੰ ਜਾਨਵਰਾਂ ਦੇ ਸੰਸਾਰ ਤੋਂ ਅਲੱਗ ਕਰਦਾ ਹੈ ਅਤੇ ਸਾਨੂੰ ਅਨੋਖੇ ਬਣਾਉਂਦਾ ਹੈ। ਜ਼ਬੂਰਾਂ ਦੀ ਪੋਥੀ 8:5 ਦੇ ਵਿੱਚ, ਲੇਖਕ ਇਸ ਗੱਲ ਦਾ ਅਨੰਦ ਮਨਾਉਂਦਾ ਹੈ ਕਿ ਅਸੀਂ ਸਵਰਗੀ ਪ੍ਰਾਣੀਆਂ ਤੋਂ ਥੋੜੇ ਜਿਹੇ ਘੱਟ ਬਣਾਏ ਗਏ ਹਾਂ ਅਤੇ ਸਾਡੇ ਸਿਰ ਤੇ ਮਹਿਮਾ ਅਤੇ ਆਦਰ ਦਾ ਮੁਕਟ ਰੱਖਿਆ ਹੈ।

ਪਰਮੇਸ਼ੁਰ ਨੇ ਮਨੁੱਖਾਂ ਨੂੰ ਧਰਤੀ ਦੀ ਅਤੇ ਇਸ ਤੇ ਰਹਿਣ ਵਾਲੇ ਜੀਵਾਂ ਦੀ ਸਾਂਭ ਸੰਭਾਲ ਕਰਨ ਦੀ ਖਾਸ ਜਿੰਮੇਵਾਰੀ ਦਿੱਤੀ। (ਜ਼ਬੂਰਾਂ ਦੀ ਪੋਥੀ 8:6)। ਲੋਕਾਂ ਨੂੰ ਜੀਵਿਤ ਪ੍ਰਜਾਤੀਆਂ ਦੇ ਨੁਕਸਾਨ ਤੋਂ ਬਚਣ ਲਈ, ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ, ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਚੰਗੀ ਸਥਿਤੀ ਵਿੱਚ ਛੱਡਣ ਲਈ ਧਰਤੀ ਦਾ ਧਿਆਨ ਨਾਲ ਪ੍ਰਬੰਧ ਕਰਨਾ ਚਾਹੀਦਾ ਹੈ।

ਮਨੁੱਖਜਾਤੀ ਦਾ ਇਹ ਉੱਚ ਨਜ਼ਰੀਆ ਵਿਕਾਸਵਾਦ ਦੇ ਸਿਧਾਂਤ ਨਾਲੋਂ ਸਾਡੇ ਸਵੈ-ਮਾਣ ਲਈ ਪੱਕੇ ਤੌਰ ਤੇ ਬਿਹਤਰ ਹੈ! ਵਿਕਾਸਵਾਦ ਦੇ ਵਿੱਚ ਮਨੁੱਖੀ ਜੀਵਨ ਤੇ ਕੋਈ ਖਾਸ ਮਹੱਤਵ ਨਹੀਂ ਦਿੱਤਾ ਜਾਂਦਾ, ਇਸਦਾ ਕੋਈ ਉਦੇਸ਼ ਨਹੀਂ ਹੈ, ਨਾ ਕੋਈ ਅਰਥ ਹੈ, ਮਨੁੱਖ ਹੋਣ ਦੇ ਬਾਰੇ ਕੁਝ ਵੀ ਖਾਸ ਨਹੀਂ ਹੈ।

ਕੁਝ ਪੁਰਾਤਨ ਕਥਾਵਾਂ ਦੇ ਅਨੁਸਾਰ, ਲੋਕਾਂ ਦੀ ਰਚਨਾਂ ਇੱਕ ਦੁਰਘਟਨਾ ਦੇ ਦੁਆਰਾ ਹੋਈ, ਜਿਸਦਾ ਕੋਈ ਉਦੇਸ਼ ਨਹੀ, ਅਤੇ ਉਨ੍ਹਾਂ ਦਾ ਰਚਨਹਾਰਾ ਉਨ੍ਹਾਂ ਨੂੰ ਪਿਆਰ ਨਹੀਂ ਕਰਦਾ। ਪਰ ਬਾਈਬਲ ਦੱਸਦੀ ਹੈ ਕਿ ਅਸੀਂ ਖਾਸ ਪ੍ਰਾਣੀ ਹਾਂ, ਜੋ ਪਰਮੇਸ਼ੁਰ ਦੇ ਸਰੂਪ ਤੇ ਰਚੇ ਹੋਏ ਹਾਂ। ਇਸਦਾ ਕੀ ਅਰਥ ਹੈ?

ਮਨੁੱਖਾਂ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦਾ ਅਰਥ ਸ਼ਰੀਰਕ ਸਮਾਨਤਾ ਨਹੀਂ ਹੈ।

► ਅਸੀਂ ਕਿਵੇਂ ਜਾਣਦੇ ਹਾਂ ਕਿ ਮਨੁੱਖਾਂ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦਾ ਅਰਥ ਸ਼ਰੀਰਕ ਸਮਾਨਤਾ ਨਹੀਂ ਹੈ?

**(1) ਪਰਮੇਸ਼ੁਰ ਆਤਮਾ ਹੈ** (ਯੂਹੰਨਾ 4:24)। ਸੁਲੇਮਾਨ ਦੇ ਇਹ ਜਾਣਿਆ ਕਿ ਸਾਰੇ ਸਵਰਗ ਅਤੇ ਧਰਤੀ ਪਰਮੇਸ਼ੁਰ ਨੂੰ ਸੰਭਾਲ ਨਹੀਂ ਸਕਦੇ (1 ਰਾਜਿਆਂ ਦੀ ਪਹਿਲੀ ਪੋਥੀ 8:27)। ਪਰਮੇਸ਼ੁਰ ਕਿਸੇ ਵੀ ਰੂਪ ਦੀ ਚੋਣ ਕਰਕੇ ਪ੍ਰਗਟ ਹੋ ਸਕਦਾ ਹੈ, ਪਰ ਅਜਿਹੀ ਕੋਈ ਵੀ ਦਿੱਖ ਨਹੀਂ ਹੈ ਜੋ ਪਰਮੇਸ਼ੁਰ ਦੇ ਸਮਾਨ ਵਿੱਖਦੀ ਹੈ। ਇਹ ਇੱਕ ਕਾਰਨ ਹੈ ਕਿ ਸਾਨੂੰ ਅਰਾਧਨਾ ਕਰਨ ਦੇ ਲਈ ਪਰਮੇਸ਼ੁਰ ਦੀ ਕੋਈ ਮੂਰਤ ਨਹੀਂ ਬਣਾਉਣੀ ਚਾਹੀਦੀ।

**(2) ਪਰਮੇਸ਼ੁਰ ਦੀ ਇੱਕ ਦੀ ਵਿਅਕਤੀ ਦੀ ਤਰ੍ਹਾਂ ਵਿਖਣ ਵਾਲੀਆਂ ਮੂਰਤਾਂ ਬਣਾਉਣਾ ਮੂਰਤੀਪੂਜਾ ਹੈ।** (ਪੜ੍ਹੋ ਰੋਮੀਆਂ ਨੂੰ 1:23)।

**(3) ਲੋਕਾਂ ਨੂੰ ਸ਼ਰੀਰਕ ਤੌਰ ਤੇ ਧਰਤੀ ਤੇ ਜੀਵਨ ਦੇ ਲਈ ਰਚਿਆ ਗਿਆ ਹੈ,** ਤੁਰਨ ਦੇ ਲਈ ਲੱਤਾਂ, ਫੜਣ ਦੇ ਲਈ ਹੱਥ, ਜਾਣਕਾਰੀ ਦੇ ਲਈ ਨਜ਼ਰ ਅਤੇ ਸੁਣਨਾ। ਪਰਮੇਸ਼ੁਰ ਨੇ ਸਾਡੀ ਰਚਨਾ ਧਰਤੀ ਤੇ ਜੀਵਨ ਦੇ ਲਈ ਕੀਤੀ। ਪਰ ਪਰਮੇਸ਼ੁਰ ਸਾਰੇ ਬ੍ਰਹਿਮੰਡ ਦੇ ਨਿਵਾਸ ਕਰਦਾ ਹੈ। ਉਹ ਆਪਣੇ ਵਚਨ ਦੇ ਦੁਆਰਾ ਚੀਜ਼ਾਂ ਨੂੰ ਬਣਾ ਅਤੇ ਚਲਾ ਸਕਦਾ ਹੈ। ਉਸਦੇ ਵਿੱਚ ਸਾਡੇ ਜਿਹੀਆਂ ਕੋਈ ਸੀਮਾਵਾਂ ਨਹੀਂ ਹਨ। ਅਜਿਹਾ ਸੋਚਣ ਦਾ ਕੋਈ ਕਾਰਨ ਨਹੀਂ ਹੈ ਕਿ ਉਸਦੇ ਕੋਲ ਇੱਕ ਮਨੁੱਖੀ ਸ਼ਰੀਰਕ ਰੂਪ ਹੈ।

## ਪਰਮੇਸ਼ੁਰ ਦੇ ਸਰੂਪ ਦੇ ਅਜਿਹੇ ਤੱਥ ਮਨੁੱਖਤਾ ਨੂੰ ਦਿੱਤੇ ਗਏ ਹਨ

► ਮਨੁੱਖਾਂ ਦੀਆਂ ਅਜਿਹੀਆਂ ਕੁਝ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜਿੰਨਾਂ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦੀ ਝਲਕ ਨਜ਼ਰ ਆਉਂਦੀ ਹੈ?

ਧਰਮ ਸ਼ਾਸਤਰੀਆਂ ਨੇ ਇਸਦੇ ਬਾਰੇ ਬਹੁਤ ਵਿਚਾਰ ਕੀਤਾ ਹੈ ਕਿ ਮਨੁੱਖ ਦਾ ਪਰਮੇਸ਼ੁਰ ਦੇ ਸਰੂਪ ਵਿੱਚ ਹੋਣ ਤੋਂ ਕੀ ਭਾਵ ਹੈ, ਉਨ੍ਹਾਂ ਵਿੱਚੋਂ ਜਿਆਦਾਤਰ ਹੇਠਾਂ ਦੱਸੀਆਂ ਵਿਸ਼ੇਸ਼ਤਾਵਾਂ ਦੇ ਨਾਲ ਸਹਿਮਤ ਹਨ।

### ਰਚਨਾਤਮਕ ਪ੍ਰਵਿਰਤੀ

ਸਾਡੇ ਵਿੱਚ ਰਚਨਾਤਮਕ ਪ੍ਰਵਿਰਤੀ ਹੈ ਜੋ ਸਾਡੇ ਅੰਦਰ ਪਰਮੇਸ਼ੁਰ ਦਾ ਸਰੂਪ ਹੋਣ ਦੇ ਕਾਰਨ ਵਿਕਸਿਤ ਹੁੰਦੀ ਹੈ। ਸਾਡੇ ਰਚਨਹਾਰੇ ਨੇ ਸਾਨੂੰ ਰਚਨਾਤਮਕ ਹੋਣ ਦੇ ਲਈ ਬਣਾਇਆ ਹੈ! ਕਈ ਵਾਰ ਜਾਨਵਰਾਂ ਨੂੰ ਕੁਝ ਅਨੋਖਾ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ ਜਿਸਨੂੰ ਲੋਕ ਕਲਾ ਕਹਿੰਦੇ ਹਨ। ਪਰ ਇਹ ਕਿਸੇ ਮਨੁੱਖ ਦੁਆਰਾ ਬਣਾਈ ਕਲਾ ਨਾਲੋਂ ਬਹੁਤ ਵੱਖਰੀ ਹੁੰਦੀ ਹੈ ਜੋ ਕਿਸੇ ਵਿਚਾਰ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ। ਗੁਫਾਵਾਂ ਦੇ ਵਿੱਚ ਪੁਰਾਤਨ ਕਲਾ ਚਿੱਤਰ ਵੇਖੇ ਜਾ ਸਕਦੇ ਹਨ। ਅਸੀਂ ਉਨ੍ਹਾਂ ਲੋਕਾਂ ਬਾਰੇ ਜਿਆਦਾ ਨਹੀਂ ਜਾਣਦੇ ਜਿੰਨਾਂ ਨੇ ਇੰਨਾਂ ਨੂੰ ਬਣਾਇਆ, ਪਰ ਇਸ ਬਾਰੇ ਕੋਈ ਸ਼ੱਕ ਨਹੀਂ ਕਰਦਾ ਕਿ ਇਹ ਕਿਸੇ ਜਾਨਵਰ ਦੁਆਰਾ ਨਹੀਂ ਬਲਕਿ ਮਨੁੱਖਾਂ ਦੁਆਰਾ ਬਣਾਏ ਗਏ ਸਨ।

ਰਚਨਾਤਕਮਤਾ ਦਾ ਪ੍ਰਗਟਾਵਾ ਸੰਗੀਤ ਦੇ ਵਿੱਚ ਵੀ ਹੁੰਦਾ ਹੈ। ਸੰਗੀਤ ਦੇ ਵਿੱਚ ਸਾਡੇ ਵਿਚਾਰ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਸ਼ਾਨਦਾਰ ਸਮਰੱਥਾ ਹੈ। ਸੰਗੀਤ ਦੇ ਦੁਆਰਾ ਸਾਡੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਯੋਗਤਾ ਸਾਡੇ ਅੰਦਰ ਪਰਮੇਸ਼ੁਰ ਦੇ ਸਰੂਪ ਦੇ ਕਾਰਨ ਆਉਂਦੀ ਹੈ।

### ਸੋਚਣ ਦੀ ਯੋਗਤਾ

ਸੋਚਣ ਦੀ ਯੋਗਤਾ ਇੱਕ ਹੋਰ ਪਰਮੇਸ਼ੁਰ ਦੇ ਸਮਾਨ ਸਮਰੱਥਾ ਹੈ। ਜਾਨਵਰਾਂ ਦੇ ਕੋਲ ਵੀ ਦਿਮਾਗ ਹੈ, ਪਰ ਇਸ ਸਭ ਤੋਂ ਅਸੀਂ ਕਹਿ ਸਕਦੇ ਹਾਂ ਕਿ ਜਾਨਵਰਾਂ ਦੇ ਦਿਮਾਗ ਦੀ ਕਿਰਿਆ ਮੁੱਢਲੀ ਸਹਿਜ ਅਤੇ ਅਨੁਭਵ ਤੋਂ ਉੱਪਰ ਨਹੀਂ ਉੱਠਦੀ। ਸਿਰਫ਼ ਮਨੁੱਖ ਹੀ ਵਿਸ਼ਲੇਸ਼ਣ ਕਰਨ, ਮੁਲਾਂਕਣ ਕਰਨ, ਪ੍ਰਗਟਾਵਾ ਕਰਨ ਅਤੇ ਫਿਰ ਮਜ਼ਬੂਤੀ ਦੇ ਨਾਲ ਸੰਚਾਰ ਕਰਨ ਦੀ ਯੋਗਤਾ ਰੱਖਦੇ ਹਨ।

ਅਸੀਂ ਸਿਰਫ਼ ਸੋਚ ਹੀ ਨਹੀਂ ਸਕਦੇ, ਇੱਥੋਂ ਤੱਕ ਕਿ ਅਸੀਂ ਸੋਚ ਦੇ ਬਾਰੇ ਸੋਚ ਸਕਦੇ ਹਾਂ। ਅਸੀਂ ਵਿਚਾਰਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਅਸੀਂ ਸਿਰਫ਼ ਤਰਕ ਦੇ ਨਾਲ ਸੋਚ ਹੀ ਨਹੀਂ ਸਕਦੇ, ਅਸੀਂ ਤਰਕ ਦੇ ਬਾਰੇ ਵੀ ਸੋਚ ਸਕਦੇ ਹਾਂ।

### ਵਾਰਤਾਲਾਪ ਕਰਨ ਦੀ ਯੋਗਤਾ

ਮਨੁੱਖਾਂ ਦੇ ਕੋਲ ਵਾਰਤਾਲਾਪ ਕਰਨ ਦੀ ਯੋਗਤਾ ਹੈ। ਇਸਨੂੰ ਭਾਸ਼ਾ ਦੇ ਉਪਯੋਗ ਦੁਆਰਾ ਵਿਖਾਇਆ ਜਾਂਦਾ ਹੈ, ਇੱਥੇ ਅਜਿਹੇ ਵਿਚਾਰਾਂ ਨੂੰ ਆਵਾਜ ਜਾਂ ਚਿੰਨ੍ਹਾਂ ਦੇ ਵਿੱਚ ਦਰਸਾਇਆ ਜਾਂਦਾ ਹੈ ਜਿਸਨੂੰ ਲੋਕ ਸਮਝ ਸਕਦੇ ਹਨ। ਜਾਨਵਰ ਜਿਵੇਂ ਕਿ ਕੁੱਤੇ ਅਤੇ ਪੰਛੀ ਵੀ ਧੁਨੀ ਦੇ ਦੁਆਰਾ ਵਾਰਤਾਲਾਪ ਕਰ ਸਕਦੇ ਹਨ, ਪਰ ਜਾਨਵਰਾਂ ਦੀ ਸਮਝ ਮਨੁੱਖੀ ਭਾਸ਼ਾ ਦੀ ਗੁੰਝਲਤਾ ਦੇ ਨੇੜੇ ਵੀ ਨਹੀਂ ਆ ਸਕਦੀ। ਜਾਨਵਰ ਕਿਸੇ ਨੂੰ ਧਮਕਾਉਣ, ਇਲਾਕੇ ਤੇ ਦਾਅਵਾ ਕਰਨ, ਜਾਂ ਖਾਣਾ ਸਾਂਝਾ ਕਰਨ ਜਿਹੇ ਕੰਮ ਕਰ ਸਕਦੇ ਹਨ, ਪਰ ਉਨ੍ਹਾਂ ਦੇ ਵਿੱਚ ਜੀਵਨ ਦੇ ਅਰਥ ਬਾਰੇ ਕੋਈ ਚਰਚਾ ਨਹੀਂ ਹੁੰਦੀ ਹੈ।

ਵਾਰਤਾਲਾਪ ਕਰਨ ਦੀ ਯੋਗਤਾ ਸੋਚਣ ਅਤੇ ਤਰਕ ਕਰਨ ਦੀ ਯੋਗਨਾ ਤੇ ਨਿਰਭਰ ਹੁੰਦੀ ਹੈ। ਜਾਨਵਰ ਸ਼ਬਦ ਨਹੀਂ ਬੋਲ ਸਕਦੇ, ਪਰ ਜੇਕਰ ਉਹ ਬੋਲ ਵੀ ਸਕਦੇ ਹੋਣ ਤਾਂ ਉਨ੍ਹਾਂ ਦੇ ਕੋਲ ਕਹਿਣ ਦੇ ਲਈ ਕੁਝ ਜਿਆਦਾ ਨਹੀਂ ਹੋਵੇਗਾ।

### ਸਮਾਜਿਕ ਸੁਭਾਅ

ਮਨੁੱਖਾਂ ਦੇ ਕੋਲ ਸਮਾਜਿਕ ਸੁਭਾਅ ਹੁੰਦਾ ਹੈ। ਸਾਡੇ ਰਚਨਾ ਦੂਸਰੇ ਲੋਕਾਂ ਦੇ ਨਾਲ ਵਾਰਤਾਲਾਪ ਕਰਨ, ਦੂਸਰਿਆਂ ਦੇ ਨਾਲ ਸਮਰਪਣ ਕਰਨ ਅਤੇ ਦੂਸਰਿਆਂ ਤੇ ਨਿਰਭਰ ਹੋਣ ਦੇ ਲਈ ਕੀਤੀ ਗਈ ਹੈ। ਅਸੀਂ ਆਪਣੇ ਜੀਵਨ ਨੂੰ ਦੂਸਰਿਆਂ ਤੇ ਪੂਰੀ ਤਰ੍ਹਾਂ ਨਿਰਭਰ ਹੋ ਕੇ ਸ਼ੁਰੂ ਕਰਦੇ ਹਾਂ, ਅਤੇ ਇੱਕ ਬੱਚੇ ਨੂੰ ਬਾਲਗ ਬਣਨ ਦੇ ਵਿੱਚ ਕਾਫੀ ਸਾਲ ਲੱਗ ਜਾਂਦੇ ਹਨ। ਇਹ ਇਸ ਲਈ ਹੈ ਕਿਉਂਕਿ ਪਰਮੇਸ਼ੁਰ ਦੇ ਲਈ ਸੰਬੰਧ ਬਹੁਤ ਮਹੱਤਵਪੂਰਨ ਹਨ।

ਪਰਮੇਸ਼ੁਰ ਨੇ ਮਨੁੱਖੀ ਜੀਵਨ ਨੂੰ ਰਚਿਆ ਹੈ ਤਾਂ ਕਿ ਮਿਲ ਕੇ ਕੰਮ ਕਰ ਸਕੀਏ ਅਤੇ ਪ੍ਰਤੀਦਿਨ ਦੀਆਂ ਜਰੂਰਤਾਂ ਦੇ ਲਈ ਸੰਬੰਧਾਂ ਨੂੰ ਬਣਾ ਸਕੀਏ। ਜੇਕਰ ਕੋਈ ਵਿਅਕਤੀ ਕਿਸੇ ਹੋਰ ਦੀ ਸਹਾਇਤਾ ਤੋਂ ਬਿਨਾਂ ਭੋਜਨ ਅਤੇ ਰਹਿਣ ਸਥਾਨ ਪ੍ਰਾਪਤ ਵੀ ਕਰ ਲਵੇ, ਤਾਂ ਵੀ ਉਸਦੇ ਕੋਲ ਅਜਿਹੀਆਂ ਜਰੂਰਤਾਂ ਹੋਣਗੀਆਂ ਜੋ ਦੂਸਰਿਆਂ ਦੇ ਨਾਲ ਸੰਬੰਧ ਰੱਖ ਕੇ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਮਨੁੱਖਤਾ ਦਾ ਸਮਾਜਿਕ ਸੁਭਾਅ ਪਰਮੇਸ਼ੁਰ ਦੇ ਸੁਭਾਅ ਨੂੰ ਦਰਸਾਉਂਦਾ ਹੈ। ਪਰਮੇਸ਼ੁਰ ਤ੍ਰਿਏਕ ਹੈ ਅਤੇ ਉਹ ਸਦੀਪਕਤਾ ਤੋਂ ਸੰਬੰਧ ਦੇ ਵਿੱਚ ਹੈ।

ਮਨੁੱਖੀ ਸੰਬੰਧਾਂ ਦੇ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਸਮੱਸਿਆਵਾਂ ਦੇ ਕਾਰਨ ਕੁਝ ਲੋਕ ਸੋਚਦੇ ਹਨ ਕਿ ਉਨ੍ਹਾਂ ਹੋਰ ਜਿਆਦਾ ਆਜਾਦ ਹੋਣ ਦੀ ਜਰੂਰਤ ਹੈ। ਉਹ ਕਿਸੇ ਤੇ ਵੀ ਨਿਰਭਰ ਰਹਿਣ ਤੋਂ ਬਿਨਾਂ ਜਿਉਣਾ ਚਾਹੁੰਦੇ ਹਨ। ਇਕੱਲੇ ਰਹਿਣਾ ਹੱਲ ਨਹੀਂ ਹੈ ਅਤੇ ਇਹ ਅਜਿਹਾ ਜੀਵਨ ਨਹੀਂ ਹੈ ਜਿਸਨੂੰ ਪਰਮੇਸ਼ੁਰ ਨੇ ਸਾਡੇ ਲਈ ਬਣਾਇਆ ਹੈ। ਇਸਦੀ ਬਜਾਏ ਉਸਨੇ ਸਾਨੂੰ ਸੰਬੰਧਾਂ ਦੇ ਵਿੱਚ ਰਹਿਣ ਦੇ ਲਈ ਸਿਧਾਂਤ ਦਿੱਤੇ ਹਨ। ਸਮੱਸਿਆ ਉਸ ਸਮੇਂ ਆਉਂਦੀ ਹੈ ਜਦੋਂ ਅਸੀਂ ਪਰਮੇਸ਼ੁਰ ਦੇ ਢਾਂਚੇ ਅਨੁਸਾਰ ਨਹੀਂ ਚੱਲਦੇ।

### ਨੈਤਿਕ ਸਮਝ

ਸਾਡੇ ਕੋਲ ਨੈਤਿਕ ਸਮਝ ਹੈ ਜੋ ਸਾਡੇ ਸੁਭਾਅ ਦਾ ਹਿੱਸਾ ਹੈ। ਸਾਡੇ ਅੰਦਰ ਕੁਝ ਅਜਿਹਾ ਹੈ ਜੋ ਸਾਨੂੰ ਦੱਸਦਾ ਹੈ ਕਿ ਸਾਡੇ ਕੁਝ ਕੰਮ ਸਹੀ ਹਨ ਅਤੇ ਕੁਝ ਗ਼ਲਤ ਹਨ। (ਪੜ੍ਹੋ ਰੋਮੀਆਂ ਨੂੰ 1:20, ਰੋਮੀਆਂ ਨੂੰ 2:15)। ਇਹ ਸਾਨੂੰ ਦੱਸਦਾ ਹੈ ਕਿ ਕਦੋਂ ਕਿਸੇ ਇੱਛਾ ਦੇ ਪਿੱਛੇ ਚੱਲਣਾ ਸਹੀ ਹੈ ਅਤੇ ਕਦੋਂ ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਆਦਮ ਅਤੇ ਹਵਾ ਨੂੰ ਪਵਿੱਤਰ ਅਤੇ ਸੰਪੂਰਨ ਤੌਰ ਤੇ ਪਰਮੇਸ਼ੁਰ ਦੀ ਇੱਛਾ ਦੇ ਪਿੱਛੇ ਚੱਲਣ ਦੇ ਯੋਗ ਬਣਾਇਆ ਗਿਆ ਸੀ।

ਕਿਉਂਕਿ ਮਨੁੱਖਤਾ ਪਾਪ ਦੇ ਵਿੱਚ ਡਿੱਗ ਪਈ ਹੈ ਅਤੇ ਇਸਨੇ ਆਪਣੀ ਮੁੱਢਲੀ ਨੈਤਿਕ ਧਾਰਨਾ ਦਾ ਨੁਕਸਾਨ ਕਰ ਲਿਆ ਹੈ, ਇਸ ਲਈ ਇਹ ਪੂਰੀ ਤਰ੍ਹਾਂ ਦੇ ਨਾਲ ਸਹੀ ਨਹੀਂ

> "ਅੱਜ ਦੇ ਲੋਕ ਮਨੁੱਖ ਦੇ ਆਦਰ ਨਾਲ ਜੁੜਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਨਹੀਂ ਜਾਣਦੇ ਕਿ ਅਜਿਹਾ ਕਿਵੇਂ ਕਰਨਾ ਹੈ, ਕਿਉਂਕਿ ਉਨ੍ਹਾਂ ਨੇ ਇਸ ਸਚਿਆਈ ਨੂੰ ਗੁਆ ਦਿੱਤਾ ਹੈ ਕਿ ਮਨੁੱਖ ਪਰਮੇਸ਼ੁਰ ਦੇ ਸਰੂਪ ਤੇ ਬਣਾਇਆ ਹੋਇਆ ਹੈ.... ਅਸੀਂ ਆਪਣੇ ਸਭਿਆਚਾਰ ਨੂੰ ਅਜਿਹੇ ਤੱਥ ਦੇ ਪ੍ਰਭਾਵ ਅਧੀਨ ਵੇਖ ਰਹੇ ਹਾਂ ਕਿ ਜਦੋਂ ਤੁਸੀਂ ਮਨੁੱਖਾਂ ਨੂੰ ਲੰਬੇ ਸਮੇਂ ਤੱਕ ਕਹਿੰਦੇ ਰਹੋ ਕਿ ਉਹ ਮਸ਼ੀਨਾਂ ਹਨ ਤਾਂ ਉਹ ਜਲਦ ਹੀ ਇਸਨੂੰ ਆਪਣੇ ਕੰਮਾਂ ਵਿੱਚ ਵਿਖਾਉਣਾ ਸ਼ੁਰੂ ਕਰ ਦਿੰਦੇ ਹਨ।"
> -ਫਰਾਂਸਿਸ ਏ. ਸ਼ੈਫਰ

ਹੈ, ਪਰ ਅਜੇ ਵੀ ਸਾਡੇ ਸਭ ਦੇ ਅੰਦਰ ਇਸਦੇ ਕੁਝ ਅੰਸ਼ ਹਨ ਜਿਸਦੇ ਕਾਰਨ ਸਾਡੇ ਕੋਲ ਸਹੀ ਅਤੇ ਗ਼ਲਤ ਧਾਰਨਾ ਨੂੰ ਸਮਝਣ ਦੀ ਯੋਗਤਾ ਹੈ।

ਕਿਉਂਕਿ ਸਾਡੇ ਕੋਲ ਨੈਤਿਕ ਸਮਝ ਹੈ, ਇਸ ਲਈ ਸਾਡੇ ਕੋਲ ਸਹੀ ਕਰਨ ਦੇ ਪ੍ਰਤੀ ਇੱਕ ਫ਼ਰਜ ਦੀ ਭਾਵਨਾ ਹੈ, ਅਤੇ ਜੇਕਰ ਅਸੀਂ ਪਾਪ ਕਰਦੇ ਹਾਂ ਤਾਂ ਦੋਸ਼ ਭਾਵਨਾ ਮਹਿਸੂਸ ਹੁੰਦੀ ਹੈ। ਅਸੀਂ ਜਾਨਵਰਾਂ ਦੀ ਤਰ੍ਹਾਂ ਨਹੀਂ ਹਾ, ਜੋ ਕਿਸੇ ਵੀ ਦੋਸ਼ ਭਾਵਨਾ ਤੋਂ ਬਿਨਾਂ ਸਿਰਫ ਕੁਦਰਤੀ ਸਹਿਜ ਦਾ ਉਪਯੋਗ ਕਰਦੇ ਹਨ।

**ਚੋਣਾਂ ਕਰਨ ਦੀ ਯੋਗਤਾ**

ਆਜਾਦ ਇੱਛਾ, ਜਾਂ ਚੋਣ ਕਰਨ ਦੀ ਯੋਗਤਾ, ਮਨੁੱਖਾਂ ਦੀ ਵਿਸ਼ੇਸ਼ਤਾ ਹੈ। ਇਸਦੇ ਉਲਟ ਜਾਨਵਰਾਂ ਦੀਆਂ ਚੋਣਾਂ ਸਿਰਫ਼ ਉਸ ਸਮੇਂ ਦੀ ਲਾਲਸਾ ਅਤੇ ਮੂਲ ਪ੍ਰਵਿਰਤੀ ਤੋਂ ਆਉਂਦੀਆਂ ਹਨ। ਜਾਨਵਰ ਬਹੁਤ ਧਿਆਨਪੂਰਵਕ ਜਾਂ ਸੋਚ ਵਿਚਾਰ ਕੇ ਫੈਸਲਾ ਨਹੀਂ ਲੈਂਦੇ ਜਿਸਦੇ ਵਿੱਚ ਨੈਤਿਕਤਾ ਦੀ ਸੋਚ ਜਾਂ ਉਨ੍ਹਾਂ ਦੇ ਕੰਮਾਂ ਦੇ ਨਤੀਜਿਆਂ ਬਾਰੇ ਵਿਚਾਰ ਹੋਣ। ਮਨੁੱਖਾਂ ਦੇ ਵਿੱਚ ਅਰਥਪੂਰਨ ਅਤੇ ਜੀਵਨ ਬਦਲਣ ਵਾਲੀਆਂ ਚੋਣਾਂ ਕਰਨ ਦੀ ਯੋਗਤਾ ਹੁੰਦੀ ਹੈ। (ਪੜ੍ਹੋ ਯਹੋਸ਼ੁਆ 24:15)।

► ਆਜਾਦ ਇੱਛਾ ਮਨੁੱਖਤਾ ਦਾ ਇੱਕ ਮਹੱਤਵਪੂਰਨ ਤੱਥ ਕਿਉਂ ਹੈ?

ਕਿਉਂਕਿ ਅਸੀਂ ਅਸਲ ਚੋਣਾਂ ਕਰਦੇ ਹਾਂ, ਅਸੀਂ ਪਰਮੇਸ਼ੁਰ ਦੇ ਪ੍ਰਤੀ ਜੁਆਬਦੇਹ ਹਾਂ। ਉਹ ਪਾਪ ਨੂੰ ਸਜ਼ਾ ਅਤੇ ਧਰਮ ਨੂੰ ਪ੍ਰਤੀਫ਼ਲ ਦੇਵੇਗਾ (ਪਰਕਾਸ਼ ਦੀ ਪੋਥੀ 20:12-13)।

ਕਿਉਂਕਿ ਅਸੀਂ ਪਾਪੀ ਸੁਭਾਅ ਦੇ ਨਾਲ ਪੈਦਾ ਹੋਏ ਹਾਂ ਇਸ ਲਈ ਅਸੀਂ ਕੁਦਰਤੀ ਤੌਰ ਤੇ ਆਪਣੀ ਆਜਾਦ ਇੱਛਾ ਦਾ ਅਭਿਆਸ ਇਸ ਪ੍ਰਕਾਰ ਨਹੀਂ ਕਰਦੇ ਜੋ ਪਰਮੇਸ਼ੁਰ ਦਾ ਆਦਰ ਕਰੇ। ਇੱਕ ਵਿਅਕਤੀ ਸੁਭਾਅ ਤੋਂ ਹੀ ਪਾਪ ਦਾ ਗ਼ੁਲਾਮ ਹੈ (ਪੜ੍ਹੋ ਰੋਮੀਆਂ ਨੂੰ 6:16-17, ਅਫ਼ਸੀਆਂ ਨੂੰ 2:1-3), ਸਹੀ ਕੰਮ ਕਰਨ ਦੇ ਅਯੋਗ ਹੈ, ਪਰ ਪਰਮੇਸ਼ੁਰ ਦੀ ਕ੍ਰਿਪਾ ਹਰੇਕ ਵਿਅਕਤੀ ਤੱਕ ਪਹੁੰਚਦੀ ਹੈ, ਜੋ ਉਨ੍ਹਾਂ ਨੂੰ ਸ਼ੁਭਸਮਾਚਾਰ ਦੇ ਪ੍ਰਤੀ ਪ੍ਰਤੀਕਿਰਿਆ ਕਰਨ ਦੀ ਇੱਛਾ ਅਤੇ ਯੋਗਤਾ ਪ੍ਰਦਾਨ ਕਰਦੀ ਹੈ। ਇਸੇ ਕਾਰਨ ਇੱਕ ਵਿਅਕਤੀ ਤੌਬਾ ਕਰਨ ਅਤੇ ਸ਼ੁਭਸਮਾਚਾਰ ਤੇ ਵਿਸ਼ਵਾਸ ਕਰਨ ਦੀ ਚੋਣ ਕਰ ਸਕਦਾ ਹੈ। (ਪੜ੍ਹੋ ਮਰਕੁਸ 1:15)।

**ਅਮਰਤਾ**

ਅਮਰਤਾ ਪਰਮੇਸ਼ੁਰ ਦੇ ਸਰੂਪ ਦੀ ਇੱਕ ਜਰੂਰੀ ਯੋਗਤਾ ਹੈ। ਇੱਕ ਅਜਿਹਾ ਸਮਾਂ ਸੀ ਜਦੋਂ ਸਾਡੀ ਕੋਈ ਹੋਂਦ ਨਹੀਂ ਸੀ, ਪਰ ਹਰੇਕ ਵਿਅਕਤੀ ਆਪਣੇ ਕੁੱਖ ਵਿੱਚ ਆਉਣ ਦੇ ਸਮੇਂ ਤੋਂ ਲੈ ਕੇ ਸਦਾ ਦੇ ਲਈ ਜਿਉਂਦਾ ਰਹੇਗਾ। ਅਸੀਂ ਸਿਰਫ਼ ਸ਼ਰੀਰਕ ਪ੍ਰਾਣੀ ਹੀ ਨਹੀਂ ਹਾਂ, ਸਗੋਂ ਅਸੀਂ ਆਤਮਾ ਵੀ ਹਾਂ ਜੋ ਹਮੇਸ਼ਾਂ ਜਿਉਂਦਾ ਰਹੇਗਾ, ਅਤੇ ਇੱਥੋਂ ਤੱਕ ਕਿ ਸਾਡੇ ਸ਼ਰੀਰ ਵੀ ਸਦੀਪਕ ਰੂਪ ਦੇ ਵਿੱਚ ਹੋ ਕੇ ਮੁਰਦਿਆਂ ਦੇ ਵਿੱਚੋਂ ਜੀ ਉੱਠਣਗੇ। (ਪੜ੍ਹੋ 1 ਕੁਰਿੰਥੀਆਂ ਨੂੰ 15:16-22, 52-54)। ਪਰਮੇਸ਼ੁਰ ਨੇ ਸਾਡੇ ਵਿੱਚੋਂ ਹਰੇਕ ਵਿਅਕਤੀ ਨੂੰ ਇੱਕ ਸਦੀਪਕ ਉਦੇਸ਼ ਦੇ ਲਈ ਚੁਣਿਆ। ਅਮਰਤਾ ਸਾਡੀਆਂ ਚੋਣਾਂ ਨੂੰ ਸਦੀਪਕ ਤੌਰ ਦੇ ਮਹੱਤਵਪੂਰਨ ਬਣਾਉਂਦੀਆਂ ਹਨ ਕਿਉਂਕਿ ਅਸੀਂ ਸਦਾ ਦੇ ਲਈ ਜਿਉਂਦੇ ਰਹਾਂਗੇ ਜਾਂ ਤਾਂ ਸਵਗਰ ਦੇ ਵਿੱਚ ਜਾਂ ਫਿਰ ਨਰਕ ਦੇ ਵਿੱਚ।

### ਪਿਆਰ ਕਰਨ ਦੀ ਯੋਗਤਾ

ਪਿਆਰ ਕਰਨ ਦੀ ਯੋਗਤਾ ਪਰਮੇਸ਼ੁਰ ਦੇ ਸਰੂਪ ਦਾ ਹਿੱਸਾ ਹੈ। ਜਾਨਵਰਾਂ ਦੇ ਵਿੱਚ, ਸੰਬੰਧ ਬਹੁਤ ਹੀ ਸੀਮਿਤ ਹੁੰਦੇ ਹਨ, ਅਤੇ ਉਹ ਜਿਆਦਾਤਰ ਮੂਲ ਪ੍ਰਵਿਰਤੀ ਦੁਆਰਾ ਕਾਬੂ ਕੀਤੇ ਜਾਂਦੇ ਹਨ।

ਮਨੁੱਖਤਾ ਦੀਆਂ ਹੋਰ ਵਿਸ਼ੇਸ਼ਤਾਵਾਂ ਇਸ ਦੇ ਲਈ ਮਹੱਤਵਪੂਰਨ ਹਨ। ਜੇਕਰ ਸਾਡੇ ਕੋਲ ਵਾਰਤਾਲਾਪ ਕਰਨ ਦੀ ਯੋਗਤਾ ਨਹੀਂ ਹੋਵੇਗੀ, ਚੋਣ ਕਰਨ ਦੀ ਯੋਗਤਾ ਅਤੇ ਜਿੰਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ ਉਨ੍ਹਾਂ ਦੇ ਸਮਰਪਣ ਕਰਨ ਦੀ ਯੋਗਤਾ ਨਹੀਂ ਹੋਵੇਗੀ, ਅਤੇ ਜਦੋਂ ਅਸੀਂ ਦੂਸਰਿਆਂ ਤੋਂ ਪਿਆਰ ਪ੍ਰਾਪਤ ਕਰਦੇ ਹਾਂ ਤਾਂ ਇਸਨੂੰ ਸਮਝਣ ਅਤੇ ਇਸਦੇ ਲਈ ਪ੍ਰਤੀਕਿਰਿਆ ਦੀ ਯੋਗਤਾ ਨਹੀਂ ਹੋਵੇਗੀ ਤਾਂ ਪਿਆਰ ਦਾ ਕੋਈ ਜਿਆਦਾ ਅਰਥ ਨਹੀਂ ਹੋਵੇਗਾ।

ਮਨੁੱਖੀ ਪਿਆਰ ਨੂੰ ਇੱਕ ਸੰਬੰਧ ਤੋਂ ਆਉਣ ਵਾਲੇ ਅਨੰਦ ਦੇ ਵਿੱਚ ਪ੍ਰਗਟ ਕੀਤਾ ਜਾਂਦਾ ਹੈ, ਜਿਸਦੇ ਵਿੱਚ ਵਾਇਦੇ ਕੀਤੇ ਅਤੇ ਨਿਭਾਏ ਜਾਂਦੇ ਹਨ, ਬਲੀਦਾਨੀ ਢੰਗ ਨਾਲ ਦਿੱਤਾ ਜਾਂਦਾ ਹੈ, ਸੇਵਾ ਕੀਤੀ ਜਾਂਦੀ ਹੈ ਅਤੇ ਮਾਫ਼ ਕੀਤਾ ਜਾਂਦਾ ਹੈ। ਇਹ ਸਭ ਪਰਮੇਸ਼ੁਰ ਦੇ ਪਿਆਰ ਦੇ ਪ੍ਰਗਟਾਵੇ ਹਨ।

### ਅਰਾਧਨਾ ਕਰਨ ਦੀ ਯੋਗਤਾ

ਸਾਡੀ ਸਮਰੱਥਾ ਦੀ ਇੱਕ ਬਹੁਤ ਮਹੱਤਵਪੂਰਨ ਵਿਸ਼ੇਸ਼ਤਾ ਅਰਾਧਨਾ ਕਰਨਾ ਹੈ। ਆਪਣੇ ਪਸੰਦੀਦਾ ਭਜਨ ਜਾਂ ਅਰਾਧਨਾ ਦੇ ਗੀਤ ਬਾਰੇ ਸੋਚੋ। ਅਸੀਂ ਗਾਉਂਦੇ ਹਾਂ, "ਮੁਕਤੀ ਦਿਲਾਏ ਯਿਸੂ ਨਾਮ।" "ਰੱਬ ਖੁਦਾਵੰਦ ਬਾਦਸ਼ਾਹ" ਇਹ ਤੀਬਰ ਅਰਾਧਨਾ ਦਾ ਇੱਕ ਸਮਾਂਹੀਨ ਭਜਨ ਹੈ। ਜ਼ਬੂਰ ਲਿਖਣ ਵਾਲੇ ਨੇ ਪੁਕਾਰ ਕੇ ਆਖਿਆ, "ਹੇ ਮੇਰੀ ਜਾਨ, ਯਹੋਵਾਹ ਨੂੰ ਮੁਬਾਰਕ ਆਖ, ਅਤੇ ਜੋ ਕੁਝ ਮੇਰੇ ਅੰਦਰ ਹੈ, ਉਸ ਦੇ ਪਵਿੱਤਰ ਨਾਮ ਨੂੰ !" (ਜ਼ਬੂਰਾਂ ਦੀ ਪੋਥੀ 103:1)। ਇਹ ਸਾਰੇ ਪ੍ਰਗਟਾਵੇ ਇਸ ਲਈ ਸੰਭਵ ਹਨ ਕਿਉਂਕਿ ਸਾਡੇ ਅੰਦਰ ਮੌਜੂਦ ਪਰਮੇਸ਼ੁਰ ਦਾ ਸਰੂਪ ਉਸ ਪਰਮੇਸ਼ੁਰ ਦੀ ਪਹਿਚਾਣ ਕਰਦਾ ਹੈ ਅਤੇ ਉਸਦੇ ਲਈ ਪ੍ਰਤੀਕਿਰਿਆ ਕਰਦਾ ਹੈ ਜਿਸਦੇ ਸਰੂਪ ਤੇ ਅਸੀਂ ਬਣਾਏ ਗਏ ਹਾਂ।

## ਮਨੁੱਖਤਾ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦਾ ਉਦੇਸ਼

ਕੁਝ ਦੇਰ ਰੁਕ ਕੇ ਇਹ ਸੋਚਣਾ ਚੰਗਾ ਹੈ ਕਿ ਪਰਮੇਸ਼ੁਰ ਨੇ ਸਾਨੂੰ ਆਪਣੇ ਸਰੂਪ ਤੇ ਕਿਉਂ ਰਚਿਆ। ਅਸੀਂ ਬਾਕੀ ਦੀ ਰਚਨਾ ਨਾਲੋਂ ਇੰਨੇ ਜਿਆਦਾ ਅਲੱਗ ਕਿਉਂ ਹਾਂ? ਇਸਦਾ ਉੱਤਰ ਇਹ ਹੈ ਕਿ ਸਾਨੂੰ ਵਿਸ਼ੇਸ਼ ਤੌਰ ਤੇ ਪਰਮੇਸ਼ੁਰ ਦੇ ਨਾਲ ਸੰਬੰਧ ਰੱਖਣ ਅਤੇ ਉਸਦੀ ਅਰਾਧਨਾ ਕਰਨ ਦੇ ਲਈ ਰਚਿਆ ਗਿਆ ਹੈ।

ਬਾਈਬਲ ਸਾਨੂੰ ਦੱਸਦੀ ਹੈ ਕਿ ਰਚਨਾ ਸਾਂਝੇ ਤੌਰ ਤੇ ਪਰਮੇਸ਼ੁਰ ਦੀ ਮਹਿਮਾ ਕਰਦੀ ਹੈ। ਅਸੀਂ ਪਰਮੇਸ਼ੁਰ ਦੁਆਰਾ ਬਣਾਈਆਂ ਵਸਤਾਂ ਦੇ ਵਿੱਚ ਉਸਦੀ ਮਹਾਨਤਾ ਨੂੰ ਵੇਖ ਸਕਦੇ ਹਾਂ। ਪਰ ਬਾਕੀ ਦੇ ਪ੍ਰਾਣੀ ਸਮਝ ਤੋਂ ਬਿਨਾਂ ਪਰਮੇਸ਼ੁਰ ਦੀ ਮਹਿਮਾ ਕਰਦੇ ਹਨ। ਉਹ ਸਮਝ ਨਹੀਂ ਸਕਦੇ ਕਿ ਪਰਮੇਸ਼ੁਰ ਕਿਸ ਤਰ੍ਹਾਂ ਦਾ ਹੈ ਕਿਉਂਕਿ ਉਨ੍ਹਾਂ ਦੇ ਅੰਦਰ ਅਜਿਹਾ ਸੁਭਾਅ ਨਹੀਂ ਹੈ ਜਿਸਦੇ ਨਾਲ ਉਹ ਪਰਮੇਸ਼ੁਰ ਦੇ ਨਾਲ ਜੁੜ ਸਕਣ।

ਅਸੀਂ ਪਰਮੇਸ਼ੁਰ ਦੀ ਅਨੰਤ ਰਚਨਾਤਮਕਤਾ ਦੀ ਪ੍ਰਸ਼ੰਸਾ ਕਰ ਸਕਦੇ ਹਾਂ ਕਿਉਂਕਿ ਸਾਡੇ ਕੋਲ ਕੁਝ ਰਚਨਾਤਮਕਤਾ ਹੈ। ਅਸੀਂ ਉਸਦੀ ਪਵਿੱਤਰਤਾਈ ਅਤੇ ਧਾਰਮਿਕਤਾ ਦੀ ਅਰਾਧਨਾ ਕਰ ਸਕਦੇ ਹਾਂ ਕਿਉਂਕਿ ਸਾਡੇ ਕੋਲ ਸਹੀ ਜਾਂ ਗ਼ਲਤ ਦੀ ਸਮਝ ਹੈ। ਅਸੀਂ ਉਸਦੇ ਅਨੰਤ ਪਿਆਰ ਦੇ ਦੁਆਰਾ ਹੈਰਾਨ ਹੋ ਸਕਦੇ ਹਾਂ ਕਿਉਂਕਿ ਸਾਡੇ ਕੋਲ ਪਿਆਰ ਕਰਨ ਦੀ ਸਮਰੱਥਾ ਹੈ।

ਜਿੰਨਾ ਬਿਹਤਰ ਅਸੀਂ ਪਰਮੇਸ਼ੁਰ ਨੂੰ ਜਾਣਦੇ ਹਾਂ, ਸਿਰਫ਼ ਦਿਮਾਗੀ ਗਿਆਨ ਦੇ ਨਾਲ ਨਹੀਂ ਪਰ ਸੰਬੰਧ ਦੇ ਵਿੱਚ, ਤਾਂ ਉਨਾ ਹੀ ਅਸੀਂ ਉਸਦੇ ਨਾਲ ਪਿਆਰ ਅਤੇ ਉਸਦੀ ਅਰਾਧਨਾ ਕਰਦੇ ਹਾਂ। ਅਸੀਂ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਅਨੰਦ ਅਤੇ ਸੰਤੁਸ਼ਟੀ ਨੂੰ ਪ੍ਰਾਪਤ ਕਰਦੇ ਹਾਂ ਕਿਉਂਕਿ ਉਸਨੇ ਸਾਡੀ ਰਚਨਾ ਇਸ ਸੰਬੰਧ ਦੇ ਲਈ ਕੀਤੀ ਹੈ।

## ਹੋਰ ਮਹੱਤਵਪੂਰਨ ਵਿਚਾਰ

**(1) ਸਾਰੇ ਮਨੁੱਖਾਂ ਦੇ ਵਿੱਚ ਪਰਮੇਸ਼ੁਰ ਦਾ ਸਰੂਪ ਹੈ** (ਉਤਪਤ 1:27)। ਕੁਝ ਅਜਿਹੇ ਲੋਕ ਹਨ ਜੋ ਦਿਮਾਗੀ ਬਿਮਾਰੀ ਦੇ ਕਾਰਨ ਤਰਕ ਨਹੀਂ ਕਰ ਸਕਦੇ, ਰਚਨਾਤਮਕਤਾ ਦਾ ਪ੍ਰਗਟਾਵਾ ਨਹੀਂ ਕਰ ਸਕਦੇ, ਜਾਂ ਆਜਾਦ ਇੱਛਾ ਦਾ ਅਭਿਆਸ ਨਹੀਂ ਕਰ ਸਕਦੇ। ਪਰਮੇਸ਼ੁਰ ਦਾ ਸਰੂਪ ਉਨ੍ਹਾਂ ਦੇ ਵਿੱਚ ਰਚਿਆ ਗਿਆ ਹੈ, ਪਰ ਇਹ ਸ਼ਾਇਦ ਉਨ੍ਹਾਂ ਦੇ ਧਰਤੀ ਦੇ ਜੀਵਨ ਦੇ ਪੂਰਾ ਨਹੀਂ ਹੋਵੇਗਾ।

**(2) ਹਰੇਕ ਮਨੁੱਖੀ ਜੀਵਨ ਦੀ ਸਦੀਪਕ ਅਤੇ ਅਨੰਤ ਕੀਮਤ ਹੈ।** ਕਈ ਵਾਰ ਅਸੀਂ ਕਿਸੇ ਵਿਅਕਤੀ ਦੀ ਅਭਿਆਸਿਕ ਕੀਮਤ, ਉਸਦੀ ਅਕਲਮੰਦੀ, ਸਿੱਖਿਆ, ਗੁਣਾਂ ਜਾਂ ਸਮਰੱਥਾ ਦੇ ਆਧਾਰ ਤੇ ਵੇਖਦੇ ਹਾਂ। ਪਰ ਹਰੇਕ ਵਿਅਕਤੀ ਦੀ ਅਜਿਹੀ ਕੀਮਤ ਹੈ ਜੋ ਅਭਿਆਸਿਕ ਕੀਮਤ ਨਾਲੋਂ ਵਧੇਰੇ ਹੈ, ਕਿਉਂਕਿ ਉਹ ਪਰਮੇਸ਼ੁਰ ਦੇ ਸਰੂਪ ਤੇ ਰਚਿਆ ਗਿਆ ਹੈ। ਇਸੇ ਕਾਰਨ ਹਰੇਕ ਵਿਅਕਤੀ ਇੱਕ ਮਨੁੱਖ ਹੋਣ ਦੇ ਨਾਤੇ ਆਦਰ ਦਾ ਹੱਕਦਾਰ ਹੈ, ਭਾਵੇਂ ਉਸਦੇ ਵਿੱਚ ਉਨ੍ਹਾਂ ਚੀਜ਼ਾਂ ਦੀ ਘਾਟ ਹੋਵੇ ਜੋ ਲੋਕਾਂ ਨੂੰ ਅਭਿਆਸਿਕ ਕੀਮਤ ਦਿੰਦੀਆਂ ਹਨ, ਅਤੇ ਭਾਵੇਂ ਉਹ ਇੱਕ ਦੁਸ਼ਟ ਵਿਅਕਤੀ ਹੀ ਕਿਉਂ ਨਾ ਹੋਵੇ। ਪਰਮੇਸ਼ੁਰ ਦਾ ਸਰੂਪ ਵੀ ਇੱਕ ਕਾਰਨ ਹੈ ਕਿ ਹਰੇਕ ਬੱਚਾ ਪਰਮੇਸ਼ੁਰ ਦੇ ਲਈ ਕੀਮਤੀ ਹੈ, ਅਤੇ ਗਰਭਪਾਤ ਇੱਕ ਭਿਆਨਕ ਪਾਪ ਹੈ (ਉਤਪਤ 9:6, ਜ਼ਬੂਰਾਂ ਦੀ ਪੋਥੀ 139:13-14, ਯਸਾਯਾਹ 44:24)।

**(3) ਸਵਰਗਦੂਤ ਵੀ ਰਚਨਾ ਦੇ ਵਿੱਚ ਅਨੋਖੇ ਹਨ।** ਉਨ੍ਹਾਂ ਦੇ ਕੋਲ ਉੱਚ ਪੱਧਰੀ ਅਕਲਮੰਦੀ, ਤਰਕ ਕਰਨ ਦੀ ਯੋਗਤਾ, ਵਾਰਤਾਲਾਪ ਕਰਨ ਦੀ ਯੋਗਤਾ ਅਤੇ ਅਰਾਧਨਾ ਕਰਨ ਦੀ ਸਮਰੱਥਾ ਮੌਜੂਦ ਹੈ। ਇਸ ਲਈ ਉਨ੍ਹਾਂ ਦੇ ਵਿੱਚ ਵੀ ਪਰਮੇਸ਼ੁਰ ਦੇ ਸਰੂਪ ਦੇ ਕੁਝ ਤੱਥ ਮੌਜੂਦ ਹਨ ਅਤੇ ਵਚਨ ਦੇ ਵਿੱਚ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ ਕਿਹਾ ਜਾਂਦਾ ਹੈ (ਅੱਯੂਬ 1:6)। ਇਸ ਸਮੇਂ ਅਸੀਂ ਸ਼ਕਤੀ ਦੇ ਵਿੱਚ ਸਵਰਗਦੂਤਾਂ ਨਾਲੋਂ ਘੱਟ ਹਾਂ (ਜ਼ਬੂਰਾਂ ਦੀ ਪੋਥੀ 8:5), ਫਿਰ ਵੀ ਉਹ ਸਾਡੀ ਸੇਵਾ ਕਰਦੇ ਹਨ (ਇਬਰਾਨੀਆਂ ਨੂੰ 1:14)। ਸਦੀਪਕਤਾ ਦੇ ਵਿੱਚ ਅਸੀਂ ਸਵਰਗਦੂਤਾਂ ਨਾਲੋਂ ਉੱਚੇ ਪੱਧਰ ਤੇ ਹੋਵਾਂਗੇ (ਪੜ੍ਹੋ 1 ਕੁਰਿੰਥੀਆਂ ਨੂੰ 6:3), ਅਤੇ ਅਸੀਂ ਮਸੀਹ ਦੇ ਨਾਲ ਰਾਜ ਕਰਾਂਗੇ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਮਨੁੱਖ ਸਵਰਗਦੂਤਾਂ ਨਾਲੋਂ ਪਰਮੇਸ਼ੁਰ ਦੇ ਸਰੂਪ ਦੇ ਬਣਾਏ ਗਏ ਹਨ।

**(4) ਸੰਸਾਰ ਇਸਦੇ ਮੂਲ ਰੂਪ ਵਿੱਚ ਨਹੀਂ ਹੈ।** ਇੱਕ ਬਹੁਤ ਹੀ ਸੁੰਦਰ ਚਿੱਤਰ ਦੀ ਕਲਪਨਾ ਕਰੋ, ਜਿਸਨੂੰ ਇੱਕ ਮਾਹਿਰ ਕਲਾਕਾਰ ਨੇ ਬਣਾਇਆ ਹੋਵੇ। ਕਲਪਨਾ ਕਰੋ ਕਿ ਚਿੱਤਰ ਨੂੰ ਜ਼ਮੀਨ ਦੇ ਸੁੱਟ ਦਿੱਤਾ ਗਿਆ ਹੈ, ਅਤੇ ਲੋਕ ਆਪਣੇ ਗੰਦੇ ਬੂਟਾਂ ਦੇ ਨਾਲ ਇਸਦੇ ਉੱਤੋਂ ਦੀ ਲੰਘੇ ਹਨ। ਜੇਕਰ ਤੁਸੀਂ ਚਿੱਤਰ ਦੇ ਵੱਲ ਵੇਖੋ, ਤਾਂ ਅਜੇ ਵੀ ਤੁਸੀਂ ਬਣਾਉਣ ਵਾਲੇ ਦੀ ਮਹਾਨ ਕਲਾ ਨੂੰ ਵੇਖ ਸਕਦੇ ਹੋ, ਫਿਰ

ਵੀ ਇਹ ਚਿੱਤਰ ਉਸ ਪ੍ਰਕਾਰ ਦਾ ਨਹੀਂ ਹੈ ਜਿਵੇਂ ਕਲਾਕਾਰ ਨੇ ਇਸਨੂੰ ਪਹਿਲਾਂ ਬਣਾਇਆ ਸੀ। ਰਚਨਾ ਵੀ ਇਸੇ ਪ੍ਰਕਾਰ ਹੈ। ਇਹ ਉਸ ਪ੍ਰਕਾਰ ਦੀ ਨਹੀਂ ਹੈ ਜਿਵੇਂ ਪਰਮੇਸ਼ੁਰ ਨੇ ਇਸਨੂੰ ਬਣਾਇਆ ਸੀ, ਪਰ ਉਸਦੀ ਮਹਿਮਾ ਹੁਣ ਵੀ ਵੇਖੀ ਜਾ ਸਕਦੀ ਹੈ।

**(5) ਪਾਪ ਨੇ ਲੋਕਾਂ ਦੇ ਅੰਦਰ "ਪਰਮੇਸ਼ੁਰ-ਜਿਹੀਆਂ" ਯੋਗਤਾਵਾਂ ਨੂੰ ਖ਼ਰਾਬ ਕਰ ਦਿੱਤਾ ਹੈ।** ਉਦਾਹਰਨ ਦੇ ਲਈ, ਕਲਾਕਾਰੀ ਦੇ ਪ੍ਰਗਟਾਵੇ ਦੁਆਰਾ ਇੱਕ ਦੁਸ਼ਟ ਦਿਲ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ, ਅਤੇ ਇਹ ਸ਼ੈਤਾਨ ਦਾ ਇੱਕ ਸਾਧਨ ਹੋ ਸਕਦਾ ਹੈ, ਭਾਵੇਂ ਕਿ ਵਰਦਾਨ ਖੁਦ ਪਰਮੇਸ਼ੁਰ ਵੱਲੋਂ ਹੀ ਮਿਲਦਾ ਹੈ। ਪਰ ਕ੍ਰਿਪਾ ਦੀ ਦਖਲਅੰਦਾਜੀ ਦੇ ਕਾਰਨ, ਪਾਪ ਨੇ ਪਰਮੇਸ਼ੁਰ ਦੇ ਸਰੂਪ ਨੂੰ ਸਾਡੇ ਅੰਦਰ ਪੂਰੀ ਤਰ੍ਹਾਂ ਦੇ ਨਾਲ ਖ਼ਰਾਬ ਨਹੀਂ ਕੀਤਾ ਹੈ। ਕ੍ਰਿਪਾ ਦੇ ਦੁਆਰਾ ਸਾਡੇ ਅੰਦਰ ਸਾਡੇ ਰਚਨਹਾਰੇ ਦੀ ਮਹਿਮਾ ਦੇ ਲਈ ਪਰਮੇਸ਼ੁਰ ਦੇ ਸਰੂਪ ਦਾ ਨਵੀਨੀਕਰਨ, ਵਿਕਾਸ ਅਤੇ ਪ੍ਰਗਟਾਵਾ ਕੀਤਾ ਜਾ ਸਕਦਾ ਹੈ! (ਪੜ੍ਹੋ ਕੁਲੁੱਸੀਆਂ ਨੂੰ 3:10; ਅਫ਼ਸੀਆਂ ਨੂੰ 4:22-24; 2 ਕੁਰਿੰਥੀਆਂ ਨੂੰ 3:18)।

**(6) ਸਾਡੇ ਅੰਦਰ ਪਰਮੇਸ਼ੁਰ ਦਾ ਸਰੂਪ ਸਾਡੇ ਬਾਰੇ ਸਭ ਤੋਂ ਮਹੱਤਵਪੂਰਨ ਗੱਲ ਹੈ।** ਸਾਡੇ ਅੰਦਰ ਮੌਜੂਦ ਪਰਮੇਸ਼ੁਰ ਦੇ ਸਰੂਪ ਦੇ ਕਾਰਨ ਹੀ ਇਹ ਸੰਭਵ ਹੁੰਦਾ ਹੈ ਕਿ ਅਸੀਂ ਸ਼ੁਭਸਮਾਚਾਰ ਦੇ ਪ੍ਰਤੀ ਪ੍ਰਤੀਕਿਰਿਆ ਕਰ ਸਕੀਏ। ਸਾਡੀ ਨੈਤਿਕ ਸਮਝ ਕ੍ਰਿਪਾ ਦੇ ਲਈ ਇਹ ਸੰਭਵ ਬਣਾਉਂਦੀ ਹੈ ਕਿ ਉਹ ਸਾਡੇ ਵਿਵੇਕ ਨੂੰ ਜਗਾ ਸਕੇ ਅਤੇ ਸਾਨੂੰ ਪਾਪ ਦੇ ਵਿਖੇ ਕਾਇਲ ਕਰ ਸਕੇ। ਸਾਡੇ ਵਿੱਚ ਕੰਮ ਕਰਨ ਵਾਲੀ ਕ੍ਰਿਪਾ ਦੇ ਦੁਆਰਾ ਆਜਾਦ ਇੱਛਾ ਮੁੜ-ਬਹਾਲ ਕਰਨਾ ਇਹ ਸੰਭਵ ਬਣਾਉਂਦਾ ਹੈ ਕਿ ਅਸੀਂ ਚੋਣ ਕਰ ਸਕੀਏ ਕਿ ਅਸੀਂ ਕਿਸਦੀ ਸੇਵਾ ਕਰਨੀ ਹੈ। ਅਸੀਂ ਆਪਣੀ ਰਚਨਾਤਮਕ ਪ੍ਰਵਿਰਤੀ ਦੇ ਦੁਆਰਾ ਪਰਮੇਸ਼ੁਰ ਨੂੰ ਮਹਿਮਾ ਅਤੇ ਆਦਰ ਦੇ ਸਕਦੇ ਹਾਂ। ਤਰਕ ਦਾ ਇਸਤੇਮਾਲ ਕਰਦੇ ਹੋਏ ਅਸੀਂ ਲੁਕੀਆਂ ਹੋਈਆਂ ਸਚਿਆਈਆਂ ਦੀ ਖੋਜ ਕਰ ਸਕਦੇ ਹਾਂ ਅਤੇ ਪਰਮੇਸ਼ੁਰ ਅਤੇ ਉਸਦੇ ਰਾਹਾਂ ਦੇ ਬਾਰੇ ਕੁਝ ਸਿੱਖ ਸਕਦੇ ਹਾਂ। ਜਦੋਂ ਅਸੀਂ ਸਾਡੇ ਰਚਨਹਾਰੇ ਦੀ ਵੱਡੀ ਮਹਾਨਤਾ ਦੇ ਬਾਰੇ ਜਾਗਰੁਕ ਹੁੰਦੇ ਹਾਂ ਜਿਸਨੇ ਕ੍ਰਿਪਾਮਈ ਢੰਗ ਦੇ ਨਾਲ ਸਾਡੇ ਸਿਰ ਤੇ ਮਹਿਮਾ ਅਤੇ ਆਦਰ ਦਾ ਮੁਕਟ ਰੱਖਿਆ ਹੈ ਤਾਂ ਪਰਮੇਸ਼ੁਰ ਨੂੰ ਸਮਝਣ ਦੀ ਖੋਜ ਅਰਾਧਨਾ ਦੇ ਵਿੱਚ ਬਦਲ ਜਾਂਦੀ ਹੈ!

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ:

ਕਈ ਵਾਰ ਲੋਕ ਸੋਚਦੇ ਹਨ ਪਰਮੇਸ਼ੁਰ ਦੇ ਨਾਲ ਸੰਬੰਧ ਦਾ ਮਹੱਤਵ ਮਰਨ ਤੋਂ ਬਾਅਦ ਹੀ ਹੈ। ਉਹ ਸੋਚਦੇ ਹਨ ਕਿ ਜੇਕਰ ਕੋਈ ਵਿਅਕਤੀ ਧਰਤੀ ਤੇ ਚੰਗਾ ਜੀਵਨ ਜਿਉਂਦਾ ਹੈ ਤਾਂ ਇਸਦੇ ਨਾਲ ਕੋਈ ਜਿਆਦਾ ਫ਼ਰਕ ਨਹੀਂ ਪੈਂਦਾ ਕਿ ਉਹ ਮਸੀਹੀ ਹੈ ਜਾਂ ਨਹੀਂ। ਪਰ ਜੇਕਰ ਅਸੀਂ ਸਮਝਦੇ ਹਾਂ ਕਿ ਮਨੁੱਖਤਾ ਦਾ ਸੁਭਾਅ ਪਰਮੇਸ਼ੁਰ ਦੇ ਨਾਲ ਸੰਬੰਧ ਕਾਇਮ ਕਰਨ ਦੇ ਲਈ ਰਚਿਆ ਗਿਆ ਹੈ, ਤਾਂ ਫਿਰ ਅਸੀਂ ਸਮਝ ਜਾਂਦੇ ਹਾਂ ਕਿ ਜੇਕਰ ਅਸੀਂ ਪਰਮੇਸ਼ੁਰ ਨੂੰ ਨਹੀਂ ਜਾਣਦੇ ਤਾਂ ਸਾਡੇ ਜੀਵਨ ਜਿਆਦਾਤਰ ਨਸ਼ਟ ਹੋ ਜਾਂਦੇ ਹਨ। ਸਾਨੂੰ ਆਪਣੇ ਅੰਦਰ ਪਰਮੇਸ਼ੁਰ ਦੇ ਆਤਮਾ ਦੀ ਜਰੂਰਤ ਹੈ, ਜੋ ਸਾਡੀ ਅਗਵਾਈ ਕਰੇ, ਸਾਡੀ ਸਮਰੱਥਾ ਨੂੰ ਵਧਾਵੇ, ਅਤੇ ਸਾਰੇ ਕੰਮਾਂ ਦੇ ਵਿੱਚ ਸਾਨੂੰ ਇੱਕ ਸਦੀਪਕ ਨਜ਼ਰੀਆ ਦੇ ਸਕੇ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਮਨੁੱਖ ਪਰਮੇਸ਼ੁਰ ਨੂੰ ਪਿਆਰ ਕਰਨ ਅਤੇ ਉਸਦੀ ਅਰਾਧਨਾ ਕਰਨ ਦੇ ਉਦੇਸ਼ ਨਾਲ ਪਰਮੇਸ਼ੁਰ ਦੇ ਸਰੂਪ ਤੇ ਬਣਾਏ ਗਏ ਹਨ। ਪਰਮੇਸ਼ੁਰ ਨੇ ਲੋਕਾਂ ਨੂੰ ਸੋਚਣ, ਵਾਰਤਾਲਾਪ ਅਤੇ ਪਿਆਰ ਕਰਨ ਦੀ ਯੋਗਤਾ ਦੇ ਨਾਲ ਰਚਿਆ। ਇੱਕ ਵਿਅਕਤੀ ਦੇ ਕੋਲ ਨੈਤਿਕ ਸਮਝ, ਇੱਕ ਨਿੱਜੀ ਇੱਛਾ ਅਤੇ ਇੱਕ ਅਮਰ ਆਤਮਾ ਹੈ। ਪਰਮੇਸ਼ੁਰ ਦੀ ਕ੍ਰਿਪਾ ਕਿਸੇ ਵਿਅਕਤੀ ਨੂੰ ਆਜਾਦ ਫੈਸਲੇ ਕਰਨ ਦੀ ਸਮਰੱਥਾ ਪ੍ਰਦਾਨ ਕਰਦੀ ਹੈ। ਹਰੇਕ ਮਨੁੱਖੀ ਜੀਵਨ ਦੀ ਸਦੀਪਕ ਅਤੇ ਅਨੰਤ ਕੀਮਤ ਹੈ।

## ਪਾਠ 4 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਉਤਪਤ 3:1-6
- ਯਹੋਸ਼ੁਆ 24:14-18
- ਰੋਮੀਆਂ ਨੂੰ 6:12-23
- ਰੋਮੀਆਂ ਨੂੰ 8:22-26
- ਅਫ਼ਸੀਆਂ ਨੂੰ 2:1-9
- 1 ਥੱਸਲੁਨੀਕੀਆਂ ਨੂੰ 5:23
- ਯਾਕੂਬ 1:12-15

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 4 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 4 ਦੀ ਪ੍ਰੀਖਿਆ

(1) ਉਤਪਤ 1:26-27 ਦੇ ਅਨੁਸਾਰ, ਲੋਕ ਬਾਕੀ ਦੀ ਰਚਨਾ ਤੋਂ ਕਿਵੇਂ ਅਨੋਖੇ ਹਨ?

(2) ਤਿੰਨ ਕਾਰਨ ਲਿਖੋ ਜਿਨ੍ਹਾਂ ਨਾਲ ਅਸੀਂ ਜਾਣਦੇ ਹਾਂ ਕਿ ਮਨੁੱਖਾਂ ਦੇ ਵਿੱਚ ਪਰਮੇਸ਼ੁਰ ਦਾ ਸਰੂਪ ਸ਼ਰੀਰਕ ਸਮਾਨਤਾ ਨਹੀਂ ਹੈ।

(3) ਮਨੁੱਖਤਾ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਦੀਆਂ ਸੱਤ ਵਿਸ਼ੇਸ਼ਤਾਵਾਂ ਲਿਖੋ।

(4) ਦੋ ਕਾਰਨ ਲਿਖੋ ਜਿਨ੍ਹਾਂ ਦੇ ਲਈ ਅਸੀਂ ਪਰਮੇਸ਼ੁਰ ਦੇ ਸਰੂਪ ਤੇ ਰਚੇ ਗਏ ਹਾਂ।

(5) ਨੈਤਿਕ ਸਮਝ ਤੋਂ ਕਿਹੜੀ ਯੋਗਤਾ ਮਿਲਦੀ ਹੈ?

(6) ਲੋਕਾਂ ਦੇ ਕੋਲ ਅਸਲ ਚੋਣਾਂ ਕਰਨ ਦੀ ਯੋਗਤਾ ਹੋਣ ਦੀ ਮਹੱਤਤਾ ਕੀ ਹੈ?

# ਪਾਠ 5

# ਪਾਪ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਪਾਪ ਦਾ ਅਰੰਭ।
- ਪਾਪ ਦੇ ਲਈ ਬਾਈਬਲ ਦੇ ਸ਼ਬਦ।
- ਵਿਰਾਸਤ ਵਿੱਚ ਮਿਲੇ ਪਾਪ ਦੀ ਪਰਿਭਾਸ਼ਾ ਅਤੇ ਵਰਣਨ।
- ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪ ਦੀ ਬਾਈਬਲ ਆਧਾਰਿਤ ਧਾਰਨਾ।
- ਪਾਪ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪ ਦੀ ਸਪੱਸ਼ਟ ਪਰਿਭਾਸ਼ਾ ਦੇ ਨਾਲ ਇਸ ਮੁਕਤੀ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਣਗੇ।

## ਜਾਣ-ਪਛਾਣ

► ਉਤਪਤ 3 ਨੂੰ ਮਿਲ ਕੇ ਪੜ੍ਹੋ। ਇਹ ਵਚਨ ਦਾ ਭਾਗ ਸਾਨੂੰ ਪਾਪ ਦੇ ਬਾਰੇ ਕੀ ਦੱਸਦਾ ਹੈ?

► ਸਾਨੂੰ ਪਾਪ ਨੂੰ ਸਮਝਣ ਦੀ ਕੀ ਜਰੂਰਤ ਹੈ?

ਸਾਨੂੰ ਹੇਠਾਂ ਦਿੱਤੇ ਕਾਰਨਾਂ ਕਰਕੇ ਪਾਪ ਨੂੰ ਸਮਝਣਾ ਚਾਹੀਦਾ ਹੈ:

1. **ਸੰਸਾਰ ਦੀ ਸਥਿਤੀ ਨੂੰ ਸਮਝਣ ਦੇ ਲਈ।** ਬਾਈਬਲ ਸਾਨੂੰ ਦੱਸਦੀ ਹੈ ਕਿ ਪਾਪ ਮਨੁੱਖੀ ਦੁੱਖਾਂ ਦਾ ਕਾਰਨ ਹੈ। ਪਾਪ ਦੇ ਦੁਆਰਾ ਹੀ ਮੌਤ ਸੰਸਾਰ ਦੇ ਵਿੱਚ ਆਈ (ਪੜ੍ਹੋ ਰੋਮੀਆਂ ਨੂੰ 5:12।) ਪਾਪ ਦੇ ਸ਼ਰਾਪ ਦੇ ਕਾਰਨ ਹੀ ਬਿਮਾਰੀ, ਬੁਢਾਪਾ ਅਤੇ ਦਰਦ ਹੈ। ਪਾਪ ਦੇ ਕੰਮ ਜਿਵੇਂ ਕਿ ਝੂਠ ਬੋਲਣਾ, ਚੋਰੀ ਕਰਨਾ, ਖ਼ੂਨ ਕਰਨਾ, ਵਿਭਚਾਰ, ਸ਼ਰਾਬ ਪੀਣਾ ਅਤੇ ਕਿਸੇ ਨੂੰ ਦਬਾਉਣਾ ਨੇ ਸੰਸਾਰ ਨੂੰ ਦੁੱਖਾਂ ਦੇ ਨਾਲ ਭਰ ਦਿੱਤਾ ਹੈ। ਪਾਪ ਦੇ ਕੰਮ ਦਿਲ ਵਿੱਚਲੇ ਪਾਪ ਤੋਂ ਨਿੱਕਲਦੇ ਹਨ, ਜਿਵੇਂ ਕਿ ਨਫ਼ਰਤ, ਵਾਸਨਾ, ਲਾਲਚ, ਘਮੰਡ ਅਤੇ ਸੁਆਰਥ।

2. **ਕ੍ਰਿਪਾ ਅਤੇ ਮੁਕਤੀ ਨੂੰ ਸਮਝਣ ਦੇ ਲਈ।** ਪਰਮੇਸ਼ੁਰ ਸਾਨੂੰ ਪਾਪ ਤੋਂ ਬਚਣ ਲਈ ਕ੍ਰਿਪਾ ਪ੍ਰਦਾਨ ਕਰਦਾ ਹੈ (ਮੱਤੀ 1:21; ਰੋਮੀਆਂ ਨੂੰ 5:20-21)।

3. **ਪਵਿੱਤਰਤਾਈ ਨੂੰ ਸਮਝਣ ਦੇ ਲਈ।** ਪਾਪ ਕਰਨਾ ਪਵਿੱਤਰਤਾਈ ਦੇ ਵਿਰੁੱਧ ਹੈ। ਇਹ ਪਰਮੇਸ਼ੁਰ ਦੀ ਭਗਤੀ ਦੇ ਵਿਰੁੱਧ ਹੈ। ਕਿਸੇ ਵਿਅਕਤੀ ਦੁਆਰਾ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਪਵਿੱਤਰ ਬਣਨ ਦੇ ਲਈ (ਪਤਰਸ ਦੀ ਪਹਿਲੀ ਪੱਤ੍ਰੀ 1:15-16), ਉਸਨੂੰ ਪਾਪ ਤੋਂ ਅਲੱਗ ਹੋਣਾ ਜਰੂਰੀ ਹੈ।

## ਪਾਪ ਦਾ ਅਰੰਭ

ਪਰਮੇਸ਼ੁਰ ਦੀ ਰਚਨਾ ਸੰਪੂਰਨ ਸੀ, ਅਤੇ ਜੋ ਕੁਝ ਉਸਨੇ ਬਣਾਇਆ ਉਸਦੇ ਵਿੱਚ ਕੋਈ ਵੀ ਨੁਕਸ ਨਹੀਂ ਸੀ। ਜਦੋਂ ਪਰਮੇਸ਼ੁਰ ਨੇ ਰਚਨਾ ਨੂੰ ਪੂਰਿਆਂ ਕੀਤਾ, ਤਾਂ ਉਸਨੇ ਵੇਖਿਆ ਕਿ ਸਭ ਕੁਝ ਚੰਗਾ ਹੈ (ਉਤਪਤ 1:31)। ਇਸ ਲਈ, ਅਸੀਂ ਜਾਣਦੇ ਹਾਂ ਕਿ ਪਾਪ ਪਰਮੇਸ਼ੁਰ ਦੀ ਗ਼ਲਤੀ ਨਹੀਂ ਸੀ।

ਆਦਮ ਅਤੇ ਹਵਾ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਸਨ। ਉਨ੍ਹਾਂ ਦੇ ਵਿੱਚ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਇੱਛਾ ਸੀ ਅਤੇ ਉਨ੍ਹਾਂ ਦੇ ਕੋਲ ਸਭ ਕੁਝ ਸਹੀ ਕਰਨ ਦੀ ਯੋਗਤਾ ਸੀ। ਸ਼ੈਤਾਨ ਹਵਾ ਦਾ ਪਰਤਾਵਾ ਲੈਣ ਦੇ ਲਈ ਆਇਆ ਤਾਂ ਕਿ ਉਹ ਪਰਮੇਸ਼ੁਰ ਦੀ ਅਣ-ਆਗਿਆਕਾਰੀ ਕਰੇ। ਇਸ ਤੋਂ ਅਸੀਂ ਜਾਣਦੇ ਹਾਂ ਕਿ ਪਾਪ ਪਹਿਲਾਂ ਤੋਂ ਹੀ ਬ੍ਰਹਿਮੰਡ ਦੇ ਵਿੱਚ ਹੋਂਦ ਦੇ ਵਿੱਚ ਸੀ। ਸ਼ੈਤਾਨ ਪਹਿਲਾਂ ਤੋਂ ਹੀ ਪਾਪ ਦੇ ਵਿੱਚ ਡਿੱਗ ਚੁੱਕਾ ਸੀ। ਪਰ ਪਾਪ ਅਜੇ ਤੱਕ ਮਨੁੱਖਤਾ ਦੇ ਵਿੱਚ ਜਾਂ ਰਚਨਾ ਦੇ ਉਸ ਹਿੱਸੇ ਵਿੱਚ ਦਾਖਿਲ ਨਹੀਂ ਹੋਏ ਸਨ ਜੋ ਮਨੁੱਖੀ ਅਧਿਕਾਰ ਦੇ ਅਧੀਨ ਸੀ।

ਆਦਮ ਅਤੇ ਹਵਾ ਦੇ ਕੋਲ ਆਜਾਦ ਇੱਛਾ ਸੀ। ਪਾਪ ਸੰਭਵ ਸੀ ਕਿਉਂਕਿ ਉਹ ਅਸਲ ਚੋਣ ਕਰਨ ਦੇ ਯੋਗ ਸਨ। ਉਨ੍ਹਾਂ ਨੇ ਪਰਮੇਸ਼ੁਰ ਦੇ ਕਾਨੂੰਨ ਨੂੰ ਤੋੜਣ ਦੀ ਚੋਣ ਕੀਤੀ, ਅਤੇ ਇਹ ਮਨੁੱਖੀ ਪਾਪ ਦਾ ਅਰੰਭ ਸੀ।

ਪਾਪ ਦੇ ਪਹਿਲੇ ਕੰਮ ਨੇ ਮਨੁੱਖਤਾ ਨੂੰ ਪਰਮੇਸ਼ੁਰ ਨਾਲੋਂ ਅਲੱਗ ਕਰ ਦਿੱਤਾ। ਪਾਪ ਨੇ ਮਨੁੱਖਤਾ ਦੇ ਸੁਭਾਅ ਨੂੰ ਵੀ ਭ੍ਰਿਸ਼ਟ ਕਰ ਦਿੱਤਾ। (ਪੜ੍ਹੋ ਜ਼ਬੂਰਾਂ ਦੀ ਪੋਥੀ 51:5)। ਇਸ ਤੋਂ ਬਾਅਦ ਪੈਦਾ ਹੋਏ ਸਾਰੇ ਬੱਚਿਆਂ ਦੇ ਵਿੱਚ ਭ੍ਰਿਸ਼ਟ ਸੁਭਾਅ ਸੀ ਅਤੇ ਉਨ੍ਹਾਂ ਨੇ ਪਾਪ ਦੇ ਕੰਮ ਕੀਤੇ (ਪੜ੍ਹੋ ਰੋਮੀਆਂ ਨੂੰ 5:12, 14, 18-19)।

ਪਾਪ ਨੇ ਸਾਰੀ ਰਚਨਾ ਤੇ ਸ਼ਰਾਪ ਨੂੰ ਲਿਆਂਦਾ (ਉਤਪਤ 3:16-19)। ਪਾਪ ਦੇ ਕਾਰਨ ਜੀਵਨ ਬਦਲ ਗਿਆ। ਦਰਦ, ਬੁਢਾਪਾ ਅਤੇ ਮੌਤ ਦੀ ਸ਼ੁਰੂਆਤ ਹੋਈ। (ਪੜ੍ਹੋ 1 ਕੁਰਿੰਥੀਆਂ ਨੂੰ 15:22)। ਕੰਮ ਕਰਨਾ ਅਤੇ ਬਚੇ ਰਹਿਣਾ ਕਠਿਨ ਹੋ ਗਿਆ। ਮਨੁੱਖੀ ਸੰਬੰਧ ਝਗੜਿਆਂ ਦੇ ਨਾਲ ਭਰ ਗਏ। ਜਿਵੇਂ ਜਿਵੇਂ ਸਾਲ ਬੀਤੇ ਲੋਕ ਵੱਧਦੇ ਗਏ ਅਤੇ ਪਾਪ ਦੇ ਨਤੀਜੇ ਇੰਨੇ ਵੱਧ ਗਏ ਜਿਸਦੀ ਆਦਮ ਅਤੇ ਹਵਾ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ।

## ਪਾਪ ਦੇ ਲਈ ਇਬਰਾਨੀ ਅਤੇ ਯੂਨਾਨੀ ਸ਼ਬਦ

ਬਹੁਤ ਸਾਰੀਆਂ ਭਾਸ਼ਾਵਾਂ ਦੇ ਵਿੱਚ ਪਾਪ ਦੇ ਲਈ ਵੱਖ-ਵੱਖ ਸ਼ਬਦ ਹਨ। ਇਬਰਾਨੀ ਅਤੇ ਯੂਨਾਨੀ, ਜੋ ਪਵਿੱਤਰ ਸ਼ਾਸਤਰ ਦੀਆਂ ਮੂਲ ਭਾਸ਼ਾਵਾਂ ਹਨ, ਇੰਨਾਂ ਦੇ ਵਿੱਚ ਵੀ ਪਾਪ ਦਾ ਵਰਣਨ ਜਾਂ ਇਸਨੂੰ ਪਰਿਭਾਸ਼ਿਤ ਕਰਨ ਦੇ ਲਈ ਬਹੁਤ ਸਾਰੇ ਸ਼ਬਦ ਹਨ, ਜਿੰਨਾਂ

ਦੀ ਵਿਆਖਿਆ ਹੇਠਾਂ ਕੀਤੀ ਹੋਈ ਹੈ। ਜਦੋਂ ਇੰਨਾਂ ਨੂੰ ਮਿਲਾ ਕੇ ਵੇਖਿਆ ਜਾਂਦਾ ਹੈ, ਇਹ ਸ਼ਬਦ ਪਾਪ ਦੇ ਬਾਰੇ ਇੱਕ ਵਿਆਪਕ ਤਸਵੀਰ ਪੇਸ਼ ਕਰਦੇ ਹਨ।

- **ਅਧਿਕਾਰ ਨੂੰ ਨਕਾਰਨ ਦੇ ਵੱਜੋਂ ਪਾਪ- ਵਿਰੋਧ ਅਤੇ ਬਗ਼ਾਵਤ** (ਜ਼ਬੂਰਾਂ ਦੀ ਪੋਥੀ 51:1)। ਜਦੋਂ ਯਾਕੂਬ ਨੇ ਲਾਬਾਨ ਦੇ ਕੋਲੋਂ ਗੁੱਸੇ ਨਾਲ ਮੰਗ ਕੀਤੀ ਕਿ ਉਹ ਉਸਨੂੰ ਦੱਸੇ ਕਿ ਉਸਨੇ ਉਸਦੇ ਵਿਰੁੱਧ ਕੀ ਅਪਰਾਧ ਕੀਤਾ ਹੈ ਤਾਂ ਉਸ ਸਮੇਂ ਯਾਕੂਬ ਨੇ ਇਸ ਇਬਰਾਨੀ ਸ਼ਬਦ ਦਾ ਉਪਯੋਗ ਕੀਤਾ। (ਉਤਪਤ 31:36)। ਇਹ ਸ਼ਬਦ ਯਹੋਰਾਮ ਰਾਜੇ ਦੇ ਵਿਰੁੱਧ ਮੋਆਬ ਦੇ ਰਾਜੇ ਦੀ ਗਤੀਵਿਧੀ ਨੂੰ ਵੀ ਦਰਸਾਉਂਦੇ ਹਨ (1 ਰਾਜਿਆਂ ਦੀ ਦੂਜੀ ਪੋਥੀ 3:7)।
- **ਦੋਸ਼ ਜਾਂ ਵਿਗਾੜ ਵੱਜੋਂ ਪਾਪ- ਉਹ ਜਿਸਨੂੰ ਝੁਕਾਇਆ ਜਾਂ ਤੋੜਿਆ-ਮਰੋੜਿਆ ਹੋਵੇ** (ਜ਼ਬੂਰਾਂ ਦੀ ਪੋਥੀ 51:2a)। ਸ਼ੈਤਾਨ ਕਿਸੇ ਵੀ ਚੀਜ਼ ਦੀ ਰਚਨਾ ਨਹੀਂ ਕਰ ਸਕਦਾ, ਇਸ ਲਈ ਪਾਪ ਇਹੀ ਹੈ ਕਿ ਉਹ ਪਰਮੇਸ਼ੁਰ ਦੁਆਰਾ ਕੀਤੀ ਚੰਗੀ ਰਚਨਾ ਨੂੰ ਵਿਗਾੜਦਾ ਹੈ।

> "ਪਾਪ ਅਤੇ ਪਰਮੇਸ਼ੁਰ ਦੀ ਸੰਤਾਨ ਅਸੰਗਤ ਹਨ। ਉਹ ਕਦੇ-ਕਦੇ ਮਿਲ ਸਕਦੇ ਹਨ (ਪਰ) ਉਹ ਕਦੇ ਵੀ ਸ਼ਾਂਤੀ ਦੇ ਵਿੱਚ ਨਹੀਂ ਰਹਿ ਸਕਦੇ।"
> -ਜੌਨ ਸਟੋਟ

- **ਨਿਸ਼ਾਨੇ ਤੋਂ ਖੁੰਝਣ ਜਾਂ ਟੀਚੇ ਤੋਂ ਭਟਕ ਜਾਣ ਵੱਜੋਂ ਪਾਪ।** ਜ਼ਬੂਰਾਂ ਦੀ ਪੋਥੀ 51:2b ਦੇ ਵਿੱਚ ਪਾਪ ਦੇ ਲਈ ਵਰਤੇ ਗਏ ਇਬਰਾਨੀ ਸ਼ਬਦ ਦਾ ਇਹ ਅਰਥ ਹੈ। ਨਿਆਈਆਂ ਦੀ ਪੋਥੀ 20:16 ਦੇ ਵਿੱਚ ਇਸੇ ਸ਼ਬਦ ਨੂੰ ਕਿਸੇ ਨਿਰਪੱਖ ਕਿਰਿਆ ਦੇ ਵੱਜੋਂ ਵਰਤਿਆ ਗਿਆ ਹੈ, ਜਿਸਦੇ ਵਿੱਚ ਖੱਬੇ ਹੱਥ ਵਾਲੇ 700 ਯੋਧਿਆਂ ਦਾ ਜ਼ਿਕਰ ਹੈ ਜੋ ਵਾਲ ਤੇ ਪੱਥਰ ਮਾਰਣ ਤਾਂ ਵੀ ਉਹ ਨਿਸ਼ਾਨੇ ਤੋਂ ਨਹੀਂ ਖੁੰਝਦੇ। ਪਾਪ ਤੋਂ ਭਾਵ ਹੈ ਪਰਮੇਸ਼ੁਰ ਦੀ ਸਚਿਆਈ, ਪਵਿੱਤਰਤਾਈ ਅਤੇ ਧਾਰਮਿਕਤਾ ਤੋਂ ਖੁੰਝ ਜਾਣਾ।

  ਨਵੇਂ ਨੇਮ ਦੇ ਵਿੱਚ ਇੱਕ ਯੂਨਾਨੀ ਸ਼ਬਦ ਦਾ ਇਸਦੇ ਸਮਾਨ ਹੀ ਅਰਥ ਹੈ। ਇਹ ਸ਼ਬਦ ਸਾਰੇ ਸੰਸਾਰ ਦੇ ਪਾਪਾਂ ਲਈ ਉਪਯੋਗ ਕੀਤਾ ਜਾ ਸਕਦਾ (ਮੱਤੀ 1:21) ਜਾਂ ਕਿਸੇ ਇੱਕ ਵਿਅਕਤੀ ਵਿਸ਼ੇਸ਼ ਦੇ ਪਾਪਾਂ ਲਈ ਉਪਯੋਗ ਕੀਤਾ ਜਾ ਸਕਦਾ ਹੈ ਜਿਵੇਂ ਕਿ ਉਹ ਇਸਤਰੀ ਜਿਸਨੇ ਯਿਸੂ ਦੇ ਪੈਰ ਧੋਤੇ ਸਨ (ਲੂਕਾ 7:48-50) ਜਾਂ ਇੱਕ ਪਾਪ ਜਿਵੇਂ ਕਿ ਇਸਤੀਫ਼ਾਨ ਦਾ ਖ਼ੂਨ ਕਰਨ ਦਾ ਪਾਪ (ਰਸੂਲਾਂ ਦੇ ਕਰਤੱਬ 7:60)। ਪਾਪ ਪਰਮੇਸ਼ੁਰ ਦੀ ਇੱਛਾ ਤੋਂ ਭਟਕਾ ਦਿੰਦਾ ਹੈ।
- **ਪਾਪ ਬੁਰਾਈ, ਭਲਿਆਈ ਦੇ ਵਿਰੋਧੀ ਵੱਜੋਂ** (ਜ਼ਬੂਰਾਂ ਦੀ ਪੋਥੀ 51:4)। ਇਹੀ ਇਬਰਾਨੀ ਸ਼ਬਦ ਦਾ ਉਪਯੋਗ ਫ਼ਿਰਊਨ ਦੇ ਸੁਫ਼ਨੇ ਵਾਲੀਆਂ ਸੱਤ ਮਾੜੀਆਂ ਗਾਈਆਂ ਦੇ ਲਈ ਕੀਤਾ ਗਿਆ ਹੈ (ਉਤਪਤ 41:19) ਅਤੇ ਯਿਰਮਿਯਾਹ 24:2 ਦੇ ਵਿੱਚ ਅੰਜ਼ੀਰਾਂ ਦੇ ਲਈ ਜਿੰਨਾਂ ਨੂੰ ਖਾਧਾ ਨਹੀਂ ਜਾ ਸਕਦਾ ਸੀ ।
- **ਪਾਪ ਅਸਫਲਤਾ ਜਾਂ ਸੁਣਨ ਦੀ ਇੱਛਾ ਨਾ ਹੋਣ ਵੱਜੋਂ, ਜਿਸਦਾ ਨਤੀਜਾ ਕਿਰਿਆਸ਼ੀਲ ਅਣ-ਆਗਿਆਕਾਰੀ ਹੁੰਦਾ ਹੈ** (ਰੋਮੀਆਂ ਨੂੰ 5:19)। ਇਸ ਵਿਵਹਾਰ ਦੀ ਇੱਕ ਉਦਾਹਰਨ ਰਸੂਲਾਂ ਦੇ ਕਰਤੱਬ 7:57 ਦੇ ਵਿੱਚ ਦਿੱਤੀ ਗਈ ਹੈ, ਜਿੱਥੇ ਇਸਤੀਫ਼ਾਨ ਨੂੰ ਪੱਥਰ ਮਾਰਨ ਵਾਲਿਆਂ ਨੇ ਆਪਣੇ ਕੰਨ ਬੰਦ ਕਰ ਲਏ ਸਨ। ਇਸ ਯੂਨਾਨੀ ਸ਼ਬਦ ਦਾ ਬਿਹਤਰ ਸੰਖੇਪ ਅਣ-ਆਗਿਆਕਾਰੀ ਹੈ।

- **ਪਾਪ ਕਿਸੇ ਖਾਸ ਬਿਵਸਥਾ ਨੂੰ ਤੋੜਣ ਵੱਜੋਂ- ਪਰਮੇਸ਼ੁਰ ਦੀ ਮੰਗ ਦੇ ਉਲਟ ਕੰਮ ਕਰਨਾ** (ਯੂਹੰਨਾ ਦੀ ਪਹਿਲੀ ਪੱਤ੍ਰੀ 3:4)। ਇਹ ਯੂਨਾਨੀ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਦਾ ਹੈ "ਬਿਵਸਥਾ ਦਾ ਨਾ ਹੋਣਾ" ਜਾਂ "***ਸ਼ਰਾ ਦਾ ਉਲਟ***"।

- **ਪਾਪ ਜਾਣਬੁੱਝ ਕੇ ਭਟਕਣ ਵੱਜੋਂ ਜਾਂ ਪਰਮੇਸ਼ੁਰ ਦੁਆਰਾ ਜਾਣੇ ਜਾਂਦੇ ਅਤੇ ਮੰਗ ਕੀਤੇ ਜਾਂਦੇ ਤੋਂ ਪਰੇ ਜਾਣ ਵੱਜੋਂ** (ਕੂਚ 32:7-8)। ਵਚਨ ਦੇ ਇਸ ਹਿੱਸੇ ਵਿੱਚ, ਜਦੋਂ ਮੂਸਾ ਸੀਨਈ ਪਰਬਤ ਤੇ ਸੀ ਤਾਂ ਲੋਕਾਂ ਨੇ ਪਰਮੇਸ਼ੁਰ ਤੋਂ ਦੂਰ ਜਾਣਾ ਸ਼ੁਰੂ ਕਰ ਦਿੱਤਾ।

- **ਅਨਜਾਣੇ ਵਿੱਚ ਹੋਣ ਵਾਲੇ ਪਾਪ** (ਲੇਵੀਆਂ ਦੀ ਪੋਥੀ 4:2)। ਇਸ ਪ੍ਰਕਾਰ ਦੇ ਪਾਪ ਦੀ ਚਰਚਾ ਨਵੇਂ ਅਤੇ ਪੁਰਾਣੇ ਦੋਨਾਂ ਨੇਮਾਂ ਦੇ ਵਿੱਚ ਕੀਤੀ ਜਾਂਦੀ ਹੈ। ਇਬਰਾਨੀਆਂ ਨੂੰ 9:7 ਦੇ ਵਿੱਚ ਵਰਤਿਆ ਗਿਆ ਸ਼ਬਦ ਇੱਕ ਕਿਰਿਆ ਤੋਂ ਆਉਂਦਾ ਹੈ ਜਿਸਦਾ ਅਰਥ ਹੈ "ਅਨਜਾਣ ਹੋਣਾ" ਜਾਂ "ਸਮਝ ਨਾ ਰੱਖਣਾ" ਅਤੇ ਇਸ ਲਈ ਇਸਦਾ ਅਰਥ ਹੈ "ਅਨਜਾਣਪੁਣੇ ਵਿੱਚ ਕੀਤਾ ਪਾਪ।" ਇਹ ਵਚਨ ਉਸ ਪ੍ਰਾਸਚਿੱਤ ਨੂੰ ਦਰਸਾਉਂਦਾ ਹੈ ਜੋ ਪਰਧਾਨ ਜਾਜਕ ਪਰਜਾ ਦੀਆਂ ਭੁੱਲਾਂ ਦੇ ਲਈ ਕਰਦਾ ਸੀ।

ਇੰਨਾਂ ਸ਼ਬਦਾਂ ਤੋਂ ਅਸੀਂ ਵੇਖਦੇ ਹਾਂ ਕਿ ਪਾਪ ਬਹੁਤ ਤੱਥਾਂ ਤੋਂ ਇੱਕ ਸਮੱਸਿਆ ਹੈ। ਕਈ ਸ਼ਬਦ ਪਾਪ ਦਾ ਵਰਣਨ ਇਸ ਦੇ ਬਹੁਤ ਆਮ ਅਰਥ ਦੇ ਵਿੱਚ ਕਰਦੇ ਹਨ। ਦੂਸਰੇ ਸ਼ਬਦ ਪਾਪ ਨੂੰ ਪਰਮੇਸ਼ੁਰ ਦੇ ਵਚਨ ਸੁਣਨ ਵਿੱਚ ਅਸਫਲਤਾ ਦੇ ਨਤੀਜੇ; ਇੱਕ ਤੈਅ ਪੱਧਰ ਦੇ ਅਨੁਸਾਰ ਜਿਉਣ ਵਿੱਚ ਅਸਫਲਤਾ, ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪਾਂ ਜਾਂ ਇੱਥੋਂ ਤੱਕ ਕਿ ਅਚਨਚੇਤ ਹੋਏ ਪਾਪਾਂ ਵੱਜੋਂ ਦਰਸਾਉਂਦੇ ਹਨ। ਇਹ ਚਾਹੇ ਕਿਸੇ ਵੀ ਤਰ੍ਹਾਂ ਹੋਵੇ, ਇਸ ਵਿਚਾਰ ਨੂੰ ਯਾਦ ਕਰਨਾ ਮੁਬਾਰਕ ਹੈ ਕਿ ਯਿਸੂ ਨੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣ ਦੇ ਲਈ ਸਲੀਬ ਤੇ ਆਪਣੀ ਜਾਨ ਦਿੱਤੀ (ਮੱਤੀ 1:21)।

## ਜਾਣਬੁੱਝ ਕੇ ਕੀਤੇ ਜਾਣ ਵਾਲਾ ਪਾਪ

► ਜਾਣਬੁੱਝ ਕੇ ਕੀਤੇ ਜਾਣ ਵਾਲਾ ਪਾਪ ਕੀ ਹੈ?

ਜਾਣਬੁੱਝ ਕੇ ਕੀਤੇ ਜਾਣ ਵਾਲਾ ਪਰਮੇਸ਼ੁਰ ਦੀ ਜਾਣੀ ਹੋਈ ਇੱਛਾ ਦੀ ਉਦੇਸ਼ਪੂਰਨ ਅਣ-ਆਗਿਆਕਾਰੀ ਹੈ। (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 3:4; ਯਾਕੂਬ 4:17।) ਇਹ ਉਸ ਸਮੇਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਜਾਣਬੁੱਝ ਕੇ ਕਿਸੇ ਅਜਿਹੇ ਕੰਮ ਨੂੰ ਕਰਨ ਦੀ ਚੋਣ ਕਰਦਾ ਹੈ ਜਾਂ ਉਸਨੂੰ ਲਗਾਤਾਰ ਕਰਦਾ ਹੈ ਜਿਸ ਬਾਰੇ ਉਹ ਜਾਣਦਾ ਹੈ ਕਿ ਇਹ ਸਹੀ ਨਹੀਂ ਹੈ। ਇਹ ਜਾਣਬੁੱਝ ਕੀਤੇ ਜਾਣ ਵਾਲੀਆਂ ਗ਼ਲਤੀਆਂ ਹਨ।

ਯੂਹੰਨਾ ਦੀ ਪਹਿਲੀ ਪੱਤ੍ਰੀ 3:5-6 ਦੇ ਵਿੱਚ ਯੂਹੰਨਾ ਰਸੂਲ ਲਿਖਦਾ ਹੈ,

> ਤੁਸੀਂ ਜਾਣਦੇ ਹੋ ਜੋ ਉਹ [ਯਿਸੂ] ਇਸ ਲਈ ਪਰਗਟ ਹੋਇਆ ਭਈ ਪਾਪਾਂ ਨੂੰ ਚੁੱਕ ਲੈ ਜਾਵੇ, ਅਤੇ ਉਹ ਦੇ ਵਿੱਚ ਪਾਪ ਨਹੀਂ ਹੈ ਹਰ ਕੋਈ ਜੋ ਉਸ ਵਿੱਚ ਕਾਇਮ ਰਹਿੰਦਾ ਹੈ ਪਾਪ ਨਹੀਂ ਕਰਦਾ । ਹਰ ਕੋਈ ਜਿਹੜਾ ਪਾਪ ਕਰਦਾ ਹੈ ਓਸ ਨੇ ਉਹ ਨੂੰ ਨਹੀਂ ਵੇਖਿਆ, ਨਾ ਉਹ ਨੂੰ ਜਾਣਿਆ ਹੈ ।

ਜਿਸ ਪਾਪ ਦੀ ਇੱਥੇ ਗੱਲ ਕੀਤੀ ਗਈ ਹੈ ਉਹ ਜਾਣਬੁੱਝ ਕੇ ਲਗਾਤਾਰ ਕੀਤੇ ਜਾਣ ਵਾਲਾ ਪਾਪ ਹੈ। ਇਸਦਾ ਇੱਕ ਵਿਆਪਕ ਅਨੁਵਾਦ ਇਸ ਪ੍ਰਕਾਰ ਹੋ ਸਕਦਾ ਹੈ: ਕੋਈ ਵੀ ਅਜਿਹਾ ਵਿਅਕਤੀ ਜੋ **ਲਗਾਤਾਰ** ਯਿਸੂ ਦੇ ਵਿੱਚ **ਬਣਿਆ ਹੋਇਆ ਹੈ** ਉਹ **ਲਗਾਤਾਰ** ਜਾਂ **ਆਦੀ ਹੋ ਕੇ** ਪਾਪ ਨਹੀਂ ਕਰ ਸਕਦਾ, ਅਤੇ ਕੋਈ ਵੀ ਅਜਿਹਾ ਵਿਅਕਤੀ ਜੋ **ਲਗਾਤਾਰ** ਜਾਂ **ਆਦੀ ਹੋ ਕੇ** ਪਾਪ ਕਰ ਰਿਹਾ ਹੈ ਉਸਨੇ ਨਾ ਉਸਨੂੰ ਵੇਖਿਆ ਹੈ ਅਤੇ ਨਾ ਉਹ ਉਸਨੂੰ ਜਾਣਦਾ ਹੈ।

ਜੇਕਰ ਕੋਈ ਵਿਅਕਤੀ ਪਾਪ ਦਾ ਇਸਦੀ ਬਹੁਤ ਆਮ ਧਾਰਨਾ ਵਿੱਚ ਲੈਂਦਾ ਹੈ (ਜਿਸਦੇ ਵਿੱਚ ਅਨਜਾਣਪੁਣੇ ਦੇ ਪਾਪ ਜਾਂ ਬਿਨਾਂ ਇਰਾਦੇ ਦੇ ਪਾਪ ਸ਼ਾਮਿਲ ਹਨ), ਤਾਂ ਇਸ ਬਿਆਨ ਦਾ ਕੋਈ ਮਤਲਬ ਨਹੀਂ ਬਣਦਾ। ਮਸੀਹੀਆਂ ਦੇ ਵਿੱਚ ਹੁਣ ਵੀ ਅਜਿਹੀਆਂ ਗ਼ਲਤੀਆਂ ਹੁੰਦੀਆਂ ਹਨ ਜੋ ਜਾਣਬੁੱਝ ਕੇ ਨਹੀਂ ਕੀਤੀਆਂ ਜਾਂਦੀਆਂ। ਪਰ ਜੇਕਰ, ਕੋਈ ਵਿਅਕਤੀ ਪਾਪ ਨੂੰ (ਇਸ ਵਚਨ ਦੇ ਵਿੱਚ) "ਜਾਣਬੁੱਝ ਕੇ ਕੀਤੀ ਜਾਣ ਪਰਮੇਸ਼ੁਰ ਦੀ ਬਿਵਸਥਾ ਦੀ ਉਲੰਘਣਾ" ਵੱਜੋਂ ਵੇਖੇ ਤਾਂ ਵਚਨ ਦਾ ਇਹ ਹਿੱਸਾ ਬਹੁਤ ਹੀ ਅਰਥਪੂਰਨ ਬਣ ਜਾਂਦਾ ਹੈ।

## ਵਿਰਾਸਤ ਵਿੱਚ ਮਿਲਿਆ ਪਾਪ

► ਤੁਸੀਂ ਉਸ ਪਾਪੀ ਸੁਭਾਅ ਦਾ ਵਰਣਨ ਕਿਵੇਂ ਕਰੋਗੇ ਜੋ ਜਨਮ ਤੋਂ ਹੀ ਲੋਕਾਂ ਦੇ ਵਿੱਚ ਹੁੰਦਾ ਹੈ?

**ਵਿਰਾਸਤ ਦੇ ਵਿੱਚ ਮਿਲਿਆ ਪਾਪ** ਮਨੁੱਖ ਦੇ ਨੈਤਿਕ ਸੁਭਾਅ ਦਾ ਭ੍ਰਿਸ਼ਟਾਚਾਰ ਹੈ ਜੋ ਜਨਮ ਤੋਂ ਹੀ ਉਸਨੂੰ ਪਾਪ ਦੇ ਵੱਲ ਝੁਕਾਉਂਦਾ ਹੈ। ਕਈ ਵਾਰ ਇਸਨੂੰ ਮੂਲ ਪਾਪ ਵੀ ਕਿਹਾ ਜਾਂਦਾ ਹੈ। ਅਸੀਂ ਆਦਮ ਦੇ ਪਾਪ ਦੇ ਕਾਰਨ ਪਾਪੀ ਸੁਭਾਅ ਦੇ ਨਾਲ ਪੈਦਾ ਹੁੰਦੇ ਹਾਂ।

ਸਾਰੇ ਲੋਕਾਂ ਦੇ ਵਿੱਚ ਜਨਮ ਤੋਂ ਹੀ ਦੁਸ਼ਟਤਾ ਦੇ ਵੱਲ ਝੁਕਾਅ ਹੁੰਦਾ ਹੈ। (ਪੜ੍ਹੋ ਜ਼ਬੂਰਾਂ ਦੀ ਪੋਥੀ 58:3।) ਕਿਸੇ ਵਿਅਕਤੀ ਦੇ ਜਨਮ ਦੇ ਸਮੇਂ ਤੋਂ ਹੀ ਪਾਪ ਕਰਨ ਦੇ ਝੁਕਾਅ ਦੇ ਨਾਲ ਪਹਿਲਾਂ ਤੋਂ ਵਿਗੜਿਆ ਹੁੰਦਾ ਹੈ। ਜਿਵੇਂ ਹੀ ਕੋਈ ਵਿਅਕਤੀ ਚੋਣਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ ਤਾਂ ਇਸਦੇ ਨਾਲ ਹੀ ਉਹ ਪਾਪ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਪਾਪ ਕਰਨ ਦੀ ਇੱਛਾ ਨੂੰ ਆਪਣੇ ਮਾਹੌਲ ਤੋਂ ਨਹੀਂ ਸਿੱਖਦਾ ਹੈ।

ਦਾਊਦ ਨੇ ਕਿਹਾ ਕਿ ਉਸਦਾ ਜਨਮ ਬੁਰਾਈ ਦੇ ਵਿੱਚ ਹੀ ਹੋਇਆ ਅਤੇ ਪਾਪ ਦੇ ਵਿੱਚ ਹੀ ਉਹ ਆਪਣੀ ਮਾਂ ਦੀ ਕੁੱਖ ਦੇ ਵਿੱਚ ਆਇਆ। (ਪੜ੍ਹੋ ਜ਼ਬੂਰਾਂ ਦੀ ਪੋਥੀ 51:5।) ਉਸਦਾ ਇਹ ਅਰਥ ਨਹੀਂ ਸੀ ਕਿ ਉਸਦੀ ਮਾਂ ਨੇ ਕੁਝ ਗ਼ਲਤ ਕੀਤਾ ਹੈ। ਉਸਦਾ ਮਤਲਬ ਸੀ ਕਿ ਜਦੋਂ ਇੱਕ ਬੱਚਾ ਕੁੱਖ ਦੇ ਵਿੱਚ ਬਣ ਰਿਹਾ ਹੁੰਦਾ ਹੈ, ਤਾਂ ਉਸਦਾ ਸੁਭਾਅ ਪਹਿਲਾਂ ਤੋਂ ਹੀ ਪਾਪ ਦੇ ਦੁਆਰਾ ਭ੍ਰਿਸ਼ਟ ਹੁੰਦਾ ਹੈ।

ਭ੍ਰਿਸ਼ਟ ਸੁਭਾਅ ਦੇ ਕਾਰਨ, ਲੋਕਾਂ ਦੇ ਵਿੱਚ ਪਰਮੇਸ਼ੁਰ ਦਾ ਸਰੂਪ ਵਿਗੜ ਗਿਆ ਹੈ। ਹਰੇਕ ਵਿਅਕਤੀ ਸੁਆਰਥੀ ਅਤੇ ਪਾਪ ਕਰਨ ਵਾਲੀ ਇੱਛਾ ਦੇ ਨਾਲ ਪੈਦਾ ਹੁੰਦਾ ਹੈ। (ਰੋਮੀਆਂ ਨੂੰ 3:10-12)। ਜਦੋਂ ਤੱਕ ਪਰਮੇਸ਼ੁਰ ਸਾਨੂੰ ਅਜਿਹਾ ਕਰਨ ਦੀ ਇੱਛਾ ਅਤੇ ਸ਼ਕਤੀ ਨਾ ਦੇਵੇ ਉਦੋਂ ਤੱਕ ਸਾਡੀ ਇੱਛਾ ਸਹੀ ਗੱਲ ਦੀ ਚੋਣ ਕਰਨ ਲਈ ਆਜਾਦ ਨਹੀਂ ਹੈ।(ਪੜ੍ਹੋ ਰੋਮੀਆਂ ਨੂੰ 6:16-17।)

ਵਿਰਾਸਤ ਵਿੱਚ ਮਿਲਿਆ ਹੋਇਆ ਪਾਪ ਸਾਨੂੰ ਅੰਦਰੂਨੀ ਪਾਪ ਕਰਨ ਲਈ ਪ੍ਰੇਰਿਤ ਕਰਦਾ ਹੈ ਜਿਵੇਂ ਕਿ ਘਮੰਡ, ਈਰਖਾ, ਨਫ਼ਰਤ ਅਤੇ ਮਾਫ਼ੀ ਨਾ ਦੇਣਾ। ਇਹ ਪਾਪ ਦੇ ਕੰਮਾਂ ਨੂੰ ਵੀ ਪ੍ਰੇਰਿਤ ਕਰਦਾ ਹੈ।

ਲੋਕਾਂ ਦੇ ਅੰਦਰ ਸੁਭਾਵਿਕ ਤੌਰ ਤੇ ਪਰਮੇਸ਼ੁਰ ਦੇ ਅਧਿਕਾਰ ਦੇ ਵਿਰੁੱਧ ਬਗ਼ਾਵਤ ਕਰਨ ਅਤੇ ਉਸਦੀ ਬਿਵਸਥਾ ਤੇ ਕ੍ਰੋਧਿਤ ਹੋਣ ਦਾ ਰਵੱਈਆ ਹੁੰਦਾ ਹੈ। ਪਾਪੀਆਂ ਦਾ ਨਿਆਂ ਸਿਰਫ਼ ਉਨ੍ਹਾਂ ਦੇ ਪਾਪ ਦੇ ਕੰਮਾਂ ਅਨੁਸਾਰ ਹੀ ਨਹੀਂ ਪਰ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਦੇ ਰਵੱਈਏ ਦੇ ਆਧਾਰ ਤੇ ਵੀ ਹੋਵੇਗਾ। (ਪੜ੍ਹੋ ਯਹੂਦਾਹ 1:15।)

ਪਾਪੀ ਸੁਭਾਅ ਵਾਲਾ ਵਿਅਕਤੀ ਕੁਦਰਤੀ ਤੌਰ ਤੇ ਸੁਆਰਥੀ ਹੁੰਦਾ ਹੈ। ਉਹ ਪਰਮੇਸ਼ੁਰ ਅਤੇ ਦੂਸਰਿਆਂ ਦੀ ਅਧੀਨਗੀ ਦੇ ਵਿੱਚ ਆਉਣ ਦੀ ਬਜਾਏ ਆਪਣੀ ਹੀ ਇੱਛਾ ਨੂੰ ਪੂਰਿਆਂ ਕਰਨਾ ਚਾਹੁੰਦਾ ਹੈ। ਉਹ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਬਜਾਏ ਆਪਣੀ ਹੀ ਇੱਛਾ ਦੀ ਸੰਤੁਸ਼ਟੀ ਕਰਨੀ ਚਾਹੁੰਦਾ ਹੈ। ਉਸਨੇ ਆਪਣੇ ਆਪ ਤੇ ਭਰੋਸਾ ਹੁੰਦਾ ਹੈ ਅਤੇ ਉਹ ਪਰਮੇਸ਼ੁਰ ਤੇ ਨਿਰਭਰ ਨਹੀਂ ਹੋਣਾ ਚਾਹੁੰਦਾ। ਉਸਦੇ ਲਈ ਪਰਮੇਸ਼ੁਰ ਦੀ ਮਹਿਮਾ ਨਾਲੋਂ ਉਸਦੀ ਆਪਣੀ ਸਫਲਤਾ ਜਿਆਦਾ ਮਹੱਤਵਪੂਰਨ ਹੈ।

ਲੋਕ ਸਹੀ ਅਤੇ ਗ਼ਲਤ ਦੀ ਸੱਚੀ ਪਰਖ ਨਹੀਂ ਕਰਦੇ, ਉਨ੍ਹਾਂ ਉਨ੍ਹਾਂ ਦੇ ਮਨਾਂ ਦੇ ਵਿੱਚ ਅੰਧਕਾਰ ਭਰਿਆ ਹੋਇਆ ਹੈ। (ਪੜ੍ਹੋ ਅਫ਼ਸੀਆਂ ਨੂੰ 4:17-18।) ਸੁਭਾਅ ਤੋਂ ਹੀ, ਉਹ ਬਾਗ਼ੀ ਸੰਸਾਰ ਦੀ ਦਿਸ਼ਾ, ਸ਼ੈਤਾਨ ਦੇ ਕਾਬੂ, ਅਤੇ ਆਪਣੀ ਪਾਪ ਭਰੀ ਇੱਛਾ ਦੇ ਵਿੱਚ ਚੱਲਣਾ ਚਾਹੁੰਦੇ ਹਨ; ਅਤੇ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੇ ਕ੍ਰੋਧ ਦੇ ਅਧੀਨ ਲਿਆਉਂਦੇ ਹਨ। (ਪੜ੍ਹੋ ਅਫ਼ਸੀਆਂ ਨੂੰ 2:2-3)। ਉਨ੍ਹਾਂ ਦਾ ਕੁਰਦਤੀ ਝੁਕਾਅ ਪਾਪ ਦੀ ਹਰੇਕ ਗਤੀਵਿਧੀ ਦੇ ਵੱਲ ਹੁੰਦਾ ਹੈ (ਉਤਪਤ 6:5।)

ਪਰਮੇਸ਼ੁਰ ਦੀ ਕ੍ਰਿਪਾ ਦੁਆਰਾ ਆਉਣ ਵਾਲੇ ਅੰਤਰ ਤੋਂ ਬਿਨਾਂ, ਲੋਕ ਕੁਝ ਵੀ ਭਲਾ ਕਰਨ ਦੇ ਯੋਗ ਨਹੀਂ ਹੋਣਗੇ; ਨਾ ਹੀ ਉਨ੍ਹਾਂ ਦੇ ਅੰਦਰ ਕੁਝ ਭਲਾ ਕਰਨ ਦੀ ਇੱਛਾ ਹੋਵੇਗੀ। ਉਹ ਤੌਬਾ ਕਰਨ ਅਤੇ ਪਰਮੇਸ਼ੁਰ ਦੀ ਭਾਲ ਕਰਨ ਦੇ ਬਿਲਕੁਲ ਵੀ ਯੋਗ ਨਹੀਂ ਹੋਣਗੇ। (ਪੜ੍ਹੋ ਯੂਹੰਨਾ 6:44।) ਉਹ ਪਾਪਾਂ ਅਤੇ ਅਪਰਾਧਾਂ ਦੇ ਵਿੱਚ ਮਰੇ ਹੋਏ ਹਨ (ਅਫ਼ਸੀਆਂ ਨੂੰ 2:1)। ਧਰਮ ਸ਼ਾਸਤਰੀ ਇਸ ਸਥਿਤੀ ਨੂੰ "ਸੰਪੂਰਨ ਵਿਗਾੜ" ਦੇ ਤੌਰ ਦੱਸਦੇ ਹਨ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਪਰਮੇਸ਼ੁਰ ਦੀ ਕ੍ਰਿਪਾ ਵਿਰਾਸਤ ਵਿੱਚ ਮਿਲੇ ਹੋਏ ਪਾਪ ਦੇ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੀ ਹੈ। ਸਭ ਤੋਂ ਪਹਿਲਾਂ ਸ਼ੁਭਸਮਾਚਾਰ ਦੇ ਸੰਦੇਸ਼ ਦੇ ਨਾਲ ਪਰਮੇਸ਼ੁਰ ਦੀ ਸ਼ਕਤੀ ਆਉਂਦੀ ਹੈ, ਜੋ ਕਿਸੇ ਗੁਆਚੇ ਹੋਏ ਵਿਅਕਤੀ ਨੂੰ ਸ਼ੁਭਸਮਾਚਾਰ ਦੇ ਵੱਲ ਪ੍ਰਤੀਕਿਰਿਆ ਕਰਨ ਦੀ ਇੱਛਾ ਅਤੇ ਯੋਗਤਾ ਪ੍ਰਦਾਨ ਕਰਦੀ ਹੈ। (ਪੜ੍ਹੋ ਰੋਮੀਆਂ ਨੂੰ 1:16।) ਫਿਰ ਜਦੋਂ ਇੱਕ ਵਿਅਕਤੀ ਬਚਾਇਆ ਜਾਂਦਾ ਹੈ, ਤਾਂ ਉਸਨੂੰ ਪਾਪ ਦੇ ਕਾਬੂ ਤੋਂ ਛੁਟਕਾਰਾ ਮਿਲ ਜਾਂਦਾ ਹੈ (ਰੋਮੀਆਂ ਨੂੰ 6:11-14)। ਪਰ, ਵਿਰਾਸਤ ਵਿੱਚ ਮਿਲੇ ਪਾਪ ਦਾ ਪ੍ਰਭਾਵ ਇੱਕ ਨਵੇਂ ਮਸੀਹੀ ਦੇ ਵਿੱਚ ਬਣਿਆ ਰਹਿੰਦਾ ਹੈ।

ਵਿਰਾਸਤ ਵਿੱਚ ਮਿਲਿਆ ਹੋਇਆ ਪਾਪ ਇੱਕ ਮਸੀਹੀ ਦੇ ਅੰਦਰ ਕਈ ਤਰੀਕਿਆਂ ਨਾਲ ਨਜ਼ਰ ਆਉਂਦਾ ਹੈ।

1. ਕਈ ਵਾਰ ਇੱਕ ਨਵਾਂ ਮਸੀਹੀ ਪਰਤਾਵੇ ਦੇ ਦੌਰਾਨ ਆਪਣੀ ਹੀ ਇੱਛਾ ਦੇ ਨਾਲ ਸੰਘਰਸ਼ ਕਰਦਾ ਹੈ।
2. ਨਵਾਂ ਮਸੀਹੀ ਗ਼ਲਤ ਇਰਾਦਿਆਂ ਨੂੰ ਮਹਿਸੂਸ ਕਰਦਾ ਹੈ ਜਿਸਦਾ ਉਸਨੂੰ ਸਾਹਮਣਾ ਕਰਨਾ ਚਾਹੀਦਾ ਹੈ।
3. ਨਵੇਂ ਮਸੀਹੀ ਦੇ ਅੰਦਰ ਗ਼ਲਤ ਪ੍ਰਤੀਕਿਰਿਆ ਅਤੇ ਰਵੱਈਏ ਹੋਣਗੇ ਜੋ ਉਨ੍ਹਾਂ ਨੂੰ ਸਮਝਣ ਤੋਂ ਪਹਿਲਾਂ ਵਾਪਰ ਜਾਂਦੇ ਹਨ।

ਨਵੇਂ ਮਸੀਹੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਅਜਿਹਾ ਮਹਿਸੂਸ ਕਰਨ ਕਰਕੇ ਆਪਣੇ ਵਿਸ਼ਵਾਸ ਨੂੰ ਤਿਆਗ ਨਾ ਦੇਵੇ ਕਿ ਉਸਦਾ ਝੁਕਾਅ ਹੁਣ ਵੀ ਪਾਪ ਕਰਨ ਦੇ ਵੱਲ ਹੈ। ਉਸਨੂੰ ਲਗਾਤਾਰ ਉਸ ਸ਼ਕਤੀ ਅਤੇ ਰੂਪਾਂਤਰਨ ਦੀ ਭਾਲ ਕਰਨੀ ਚਾਹੀਦੀ ਹੈ ਜੋ ਪਰਮੇਸ਼ੁਰ ਦੇ ਆਤਮਾ ਦੇ ਦੁਆਰਾ ਮਿਲਦੀ ਹੈ।

ਇੱਕ ਪਾਸਟਰ ਨੂੰ ਨਵੇਂ ਵਿਸ਼ਵਾਸੀਆਂ ਦੇ ਪ੍ਰਤੀ ਧੀਰਜਵਾਨ ਹੋਣਾ ਚਾਹੀਦਾ ਹੈ। ਉਸਨੂੰ ਇਹ ਸਮਝਣਾ ਚਾਹੀਦਾ ਹੈ ਉਹ ਆਪਣੇ ਸਾਰੇ ਵਚਨਾਂ ਅਤੇ ਕੰਮਾਂ ਦੇ ਵਿੱਚ ਲਗਾਤਾਰ ਇਕਸਾਰ ਬਣੇ ਨਹੀਂ ਰਹਿ ਸਕਦੇ। ਉਹ ਇੱਕਦਮ ਆਪਣੀ ਸਮੱਸਿਆ ਨਹੀਂ ਵੇਖ ਸਕਦੇ ਹਨ।

### ਅਨਜਾਣੇ ਵਿੱਚ ਕੀਤੀਆਂ ਜਾਣ ਵਾਲੀਆਂ ਗ਼ਲਤੀਆਂ

ਕਈ ਵਾਰ ਕੋਈ ਵਿਅਕਤੀ ਅਨਜਾਣੇ ਦੇ ਵਿੱਚ ਅਚਨਚੇਤ ਜਾਂ ਅਨਜਾਣਪੁਣੇ ਦੇ ਕਾਰਨ ਪਰਮੇਸ਼ੁਰ ਦੇ ਵਚਨ ਦੇ ਵਿਰੁੱਧ ਗ਼ਲਤੀ ਕਰ ਦਿੰਦਾ ਹੈ। ਲੇਵੀਆਂ ਦੀ ਪੋਥੀ 4:2-3 ਦੇ ਵਿੱਚ, ਅਸੀਂ ਵੇਖਦੇ ਹਾਂ ਕਿ ਅਜਿਹੀ ਸਥਿਤੀ ਦੇ ਵਿੱਚ ਇੱਕ ਵਿਅਕਤੀ ਨੂੰ ਇਸਦਾ ਪਤਾ ਲੱਗਦਿਆਂ ਹੀ ਇੱਕ ਬਲੀਦਾਨ ਚੜ੍ਹਾਉਣ ਦੀ ਆਗਿਆ ਸੀ ਕਿ ਉਸਨੇ ਕੁਝ ਗ਼ਲਤ ਕਰ ਦਿੱਤਾ ਹੈ। ਕਿਉਂਕਿ ਮਸੀਹ ਦੀ ਮੌਤ ਪੁਰਾਣੇ ਨੇਮ ਦੇ ਸਾਰੇ ਬਲੀਦਾਨਾਂ ਦੇ ਸਥਾਨ ਤੇ ਹੋਈ ਹੈ, ਇਸ ਲਈ ਅਸੀਂ ਜਾਣਦੇ ਹਾਂ ਕਿ ਮਸੀਹੀ ਅਨਜਾਣੇ ਵਿੱਚ ਹੋਣ ਵਾਲੀਆਂ ਗ਼ਲਤੀਆਂ ਤੋਂ ਛੁਟਕਾਰਾ ਪਾਏ ਹੋਏ ਹਨ।

ਜਦੋਂ ਤੱਕ ਸਾਡੀ ਸਮਝ ਸੀਮਿਤ ਹੈ ਉਦੋਂ ਤੱਕ ਅਨਜਾਣੇ ਦੇ ਵਿੱਚ ਹੋਣ ਵਾਲੀਆਂ ਗ਼ਲਤੀਆਂ ਅਟੱਲ ਹਨ। ਇਹ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਨੂੰ ਨਹੀਂ ਤੋੜਦੀਆਂ ਹਨ ਕਿਉਂਕਿ ਇਹ ਪਰਮੇਸ਼ੁਰ ਦੇ ਪ੍ਰਤੀ ਸਾਡੇ ਪਿਆਰ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਹਨ। ਪਰਮੇਸ਼ੁਰ ਨੇ ਕਿਹਾ ਕਿ ਉਸਦੇ ਪ੍ਰਤੀ ਸੰਪੂਰਨ ਪਿਆਰ ਉਸਦੀਆਂ ਸਾਰੀਆਂ ਮੰਗਾਂ ਨੂੰ ਪੂਰਿਆਂ ਕਰ ਦਿੰਦਾ ਹੈ। (ਪੜ੍ਹੋ ਮੱਤੀ 22:37-40; ਰੋਮੀਆਂ ਨੂੰ 13:8-10।) ਅਸੀਂ ਉਸਦੇ ਪ੍ਰਤੀ ਜੁਆਬਦੇਹ ਨਹੀਂ ਹਾਂ ਜਿਸਦੀ ਸਾਨੂੰ ਜਾਣਕਾਰੀ ਨਹੀਂ ਹੈ। (ਪੜ੍ਹੋ ਯਾਕੂਬ 4:17।)

ਜਦੋਂ ਅਸੀਂ ਚਾਣਨ ਦੇ ਵਿੱਚ ਚੱਲਦੇ ਹਾਂ (ਉਸ ਸਚਿਆਈ ਦੇ ਅਨੁਸਾਰ ਜਿਉਂਦੇ ਹਾਂ ਜਿਸਨੂੰ ਅਸੀਂ ਜਾਣਦੇ ਹਾਂ), ਤਾਂ ਅਸੀਂ ਸਾਰੇ ਪਾਪ ਤੋਂ ਸ਼ੁੱਧ ਕੀਤੇ ਜਾਂਦੇ ਹਾਂ। (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 1:7।) ਸਾਨੂੰ ਇਸ ਗੱਲ ਤੋਂ ਡਰਨ ਦੀ ਜਰੂਰਤ ਨਹੀਂ ਹੈ ਕਿ ਕੋਈ ਅਨਜਾਣੇ ਦੇ ਵਿੱਚ ਕੀਤੀ ਗ਼ਲਤੀ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਨੂੰ ਤੋੜ ਦੇਵੇਗੀ, ਕਿਉਂਕਿ ਅਸੀਂ ਮਸੀਹ ਦੇ ਪ੍ਰਾਸਚਿੱਤ ਦੇ ਕੰਮ ਤੇ ਭਰੋਸਾ ਰੱਖਦੇ ਹਾਂ।

ਲੇਵੀਆਂ ਦੀ ਪੋਥੀ ਵਿਖਾਉਂਦੀ ਹੈ ਕਿ ਜਦੋਂ ਅਸੀਂ ਜਾਣ ਲੈਂਦੇ ਹਾਂ ਕਿ ਅਸੀਂ ਅਨਜਾਣਪੁਣੇ ਦੇ ਵਿੱਚ ਕੁਝ ਗ਼ਲਤੀ ਕਰ ਲਈ ਹੈ ਤਾਂ ਸਾਨੂੰ ਤੌਬਾ ਕਰਨੀ ਚਾਹੀਦੀ, ਅਤੇ ਪਰਮੇਸ਼ੁਰ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ਅਤੇ ਸਾਨੂੰ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਆਪਣੇ ਜੀਵਨ ਨੂੰ ਸਹੀ ਕਰਨਾ ਚਾਹੀਦਾ ਹੈ।

> "ਪਰਮੇਸ਼ੁਰ ਦੇ ਰਾਜ ਵਿੱਚ ਮਹਾਨਤਾ ਨੂੰ ਆਗਿਆਕਾਰੀ ਦੇ ਦੁਆਰਾ ਨਾਪਿਆ ਜਾਂਦਾ ਹੈ।"
> -ਜੌਨ ਸਟੋਟ

ਜਿਵੇਂ-ਜਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਦੇ ਅਧਿਐਨ ਕਰਦੇ ਹਾਂ, ਪਵਿੱਤਰ ਆਤਮਾ ਦੇ ਪਿੱਛੇ ਚੱਲਦੇ ਹਾਂ, ਦੂਸਰੇ ਵਿਸ਼ਵਾਸੀਆਂ ਦੇ ਨਾਲ਼ ਸੰਗਤੀ ਕਰਦੇ ਹਾਂ, ਅਤੇ ਪਰਿਪੱਕਤਾ ਦੇ ਵਿੱਚ

ਵੱਧਦੇ ਹਾਂ, ਤਾਂ ਸਾਨੂੰ ਅਜਿਹੇ ਵਿਵਹਾਰ ਨੂੰ ਬਦਲਣਾ ਚਾਹੀਦਾ ਹੈ ਜੋ ਬਿਨਾਂ ਇਰਾਦੇ ਦੇ ਪਰਮੇਸ਼ੁਰ ਦੀ ਇੱਛਾ ਦੀ ਉਲੰਘਣਾ ਕਰਦਾ ਹੈ।

► ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਬਿਹਤਰ ਜਾਣਨ ਅਤੇ ਇਸਨੂੰ ਕਰਨ ਦੀ ਕੀ ਜਰੂਰਤ ਹੈ?

ਪਰਮੇਸ਼ੁਰ ਦੀ ਇੱਛਾ ਨੂੰ ਬਿਹਤਰ ਜਾਣਨ ਅਤੇ ਪੂਰੀ ਤਰ੍ਹਾਂ ਇਸ ਤੇ ਚੱਲ ਦੇ ਪਿੱਛੇ ਦੇ ਕਾਰਨ:

1. ਅਸੀਂ ਕੁਝ ਵੀ ਅਜਿਹਾ ਨਹੀਂ ਕਰਨਾ ਚਾਹੁੰਦੇ ਜੋ ਪਰਮੇਸ਼ੁਰ ਨੂੰ ਨਾਰਾਜ਼ ਕਰੇ।
2. ਗ਼ਲਤ ਕੰਮ ਕਰਨ ਦੇ ਬੁਰੇ ਨਤੀਜੇ ਹੁੰਦੇ ਹਨ, ਭਾਵੇਂ ਕਿ ਇਹ ਬਿਨਾਂ ਇਰਾਦੇ ਦੇ ਹੀ ਹੋਣ।
3. ਸਾਨੂੰ ਮਸੀਹੀਆਂ ਦੇ ਤੌਰ ਤੇ ਚੰਗੇ ਨਮੂਨੇ ਬਣਨਾ ਚਾਹੀਦਾ ਹੈ।
4. ਜੇਕਰ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਨਜ਼ਰਅੰਦਾਜ ਕਰਨ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਜਾਣਬੁੱਝ ਕੇ ਕੀਤੇ ਪਾਪ ਦੇ ਦੋਸ਼ੀ ਹੋਵਾਂਗੇ।

ਜਿਵੇਂ-ਜਿਵੇਂ ਅਸੀਂ ਪਰਮੇਸ਼ੁਰ ਦੀ ਇੱਛਾ ਦੀ ਸਮਝ ਦੇ ਵਿੱਚ ਵੱਧਦੇ ਹਾਂ, ਤਾਂ ਅਸੀਂ ਕਦੇ-ਕਦੇ ਹੀ ਆਪਣੇ ਜੀਵਨਾਂ ਦੇ ਵਿੱਚ ਗ਼ਲਤੀਆਂ ਨੂੰ ਵੇਖਦੇ ਹਾਂ। ਜੇਕਰ ਅਸੀਂ ਪਹਿਚਾਣਦੇ ਹਾਂ ਕਿ ਅਸੀਂ ਕੁਝ ਅਜਿਹਾ ਕਰ ਰਹੇ ਹਾਂ ਜੋ ਗ਼ਲਤ ਹੈ, ਪਰ ਫਿਰ ਵੀ ਇਸਨੂੰ ਕਰਨ ਦੀ ਚੋਣ ਕਰਦੇ ਹਾਂ, ਤਾਂ ਫਿਰ ਇਹ ਸਿਰਫ਼ ਅਨਜਾਣਪੁਣੇ ਤੋਂ ਨਿਕੱਲਣ ਵਾਲੀ ਗ਼ਲਤੀ ਨਹੀਂ ਹੈ। ਜੇਕਰ ਅਸੀਂ ਬਦਲਣ ਦਾ ਇਨਕਾਰ ਕਰ ਦਿੰਦੇ ਹਾਂ, ਤਾਂ ਫਿਰ ਉਹ ਗ਼ਲਤੀ ਜਾਣਬੁੱਝ ਕੇ ਕੀਤੇ ਜਾਣ ਵਾਲਾ ਪਾਪ ਬਣ ਜਾਂਦਾ ਹੈ।

## ਸਮਾਪਤੀ

ਕਈ ਵਾਰ ਧਰਮ ਸ਼ਾਸਤਰੀ ਪਾਪ ਦੀਆਂ ਸ਼੍ਰੇਣੀਆਂ ਦੇ ਵਿੱਚਕਾਰ ਕੋਈ ਅੰਤਰ ਨਹੀਂ ਕਰਦੇ ਹਨ। ਉਹ ਕਹਿੰਦੇ ਹਨ ਕਿ ਜੋ ਕੁਝ ਵੀ ਸੰਪੂਰਨਤਾਈ ਤੋਂ ਘੱਟ ਹੈ ਉਹ ਪਾਪ ਹੈ, ਜਾਂ ਉਹ ਸ਼ਾਇਦ ਇਹ ਕਹਿ ਸਕਦੇ ਹਨ ਕਿ ਸਿਰਫ਼ ਜਾਣਬੁੱਝ ਕੇ ਕੀਤਾ ਗਿਆ ਕੰਮ ਹੀ ਪਾਪ ਹੁੰਦਾ ਹੈ। ਜੇਕਰ ਅਸੀਂ ਪਾਪ ਦੀਆਂ ਸ਼੍ਰੇਣੀਆਂ ਨੂੰ ਸਮਝ ਲੈਂਦੇ ਹਾਂ, ਤਾਂ ਅਸੀਂ ਫਿਰ ਅਸੀਂ ਇਸ ਗੱਲ ਨੂੰ ਬਿਹਤਰ ਸਮਝ ਸਕਦੇ ਹਾਂ ਕਿ ਪਰਮੇਸ਼ੁਰ ਆਪਣੀ ਕ੍ਰਿਪਾ ਦੇ ਦੁਆਰਾ ਸਾਡੇ ਲਈ ਕੀ ਕਰਨਾ ਚਾਹੁੰਦਾ ਹੈ।

- ਜਦੋਂ ਕੋਈ ਵਿਅਕਤੀ ਨਵਾਂ ਜਨਮ ਪਾ ਲੈਂਦਾ ਹੈ ਤਾਂ ਫਿਰ ਉਸਨੂੰ **ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪ** ਤੇ ਜਿੱਤ ਪ੍ਰਾਪਤ ਕਰਨੀ ਚਾਹੀਦੀ ਹੈ। ਯੂਹੰਨਾ ਇਸ ਗੱਲ ਦੀ ਘੋਸ਼ਣਾ ਕਰਦਾ ਹੈ ਕਿ ਨਵਾਂ ਜਨਮ ਪਾਇਆ ਹੋਇਆ ਵਿਅਕਤੀ ਪਾਪ ਦਾ ਆਦੀ ਨਹੀਂ ਹੁੰਦਾ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 3:4-9)। ਮਸੀਹ ਦੇ ਵਿਸ਼ਵਾਸ ਵਿੱਚ ਜਾਣਬੁੱਝ ਕੇ ਕੀਤੇ ਜਾਣ ਵਾਲਾ ਪਾਪ ਲਗਾਤਾਰ ਨਹੀਂ ਕੀਤਾ ਜਾਂਦਾ। ਜਾਣਬੁੱਝ ਕੇ ਕੀਤੀ ਜਾਣ ਵਾਲੀ ਬਗ਼ਾਵਤ ਇੱਕ ਸਾਧਾਰਨ ਵਿਸ਼ਵਾਸੀ ਦੀ ਆਦਤ ਦਾ ਹਿੱਸਾ ਨਹੀਂ ਹੁੰਦੀ।

- ਸ਼ੁੱਧੀਕਰਨ ਪਰਮੇਸ਼ੁਰ ਦੁਆਰਾ **ਮਨੁੱਖੀ ਸੁਭਾਅ ਦੇ ਪਾਪਾਂ** ਨਾਲ ਨਜਿੱਠਣ ਦਾ ਤਰੀਕਾ ਹੈ, ਤਾਂ ਕਿ ਵਿਸ਼ਵਾਸੀ ਸੰਪੂਰਨ ਤੌਰ ਤੇ ਪਵਿੱਤਰ ਬਣਾਏ ਜਾਣ (1 ਥੱਸਲੁਨੀਕੀਆਂ ਨੂੰ 5:23)। ਉਨ੍ਹਾਂ ਦੀਆਂ ਸੰਪੂਰਨ ਆਤਮਾਵਾਂ, ਪ੍ਰਾਣ ਅਤੇ ਸ਼ਰੀਰ ਦੋਸ਼ ਰਹਿਤ ਬਣ ਜਾਂਦੇ ਹਨ। ਸ਼ੁੱਧੀਕਰਨ ਮਨੁੱਖੀ ਸੁਭਾਅ ਦੇ ਪਾਪਾਂ ਤੇ ਜਿੱਤ ਪ੍ਰਾਪਤ ਕਰਦਾ ਹੈ।
- **ਅਨਜਾਣਪੁਣੇ ਵਿੱਚ ਕੀਤੇ ਪਾਪ** ਉਦੇਸ਼ਪੂਰਨ ਅਣ-ਆਗਿਆਕਾਰੀ ਨਹੀਂ ਹੈ, ਅਤੇ ਇਹ ਪਾਪੀ ਸੁਭਾਅ ਦੇ ਵਿੱਚੋਂ ਨਹੀਂ ਨਿੱਕਲਦੇ, ਪਰ ਇਹ ਪਾਪ ਦੇ ਵਿੱਚ ਡਿੱਗੇ ਹੋਏ ਸ਼ਰੀਰ ਅਤੇ ਮਨ ਵਿੱਚੋਂ ਨਿੱਕਲਦੇ ਹਨ। ਧਰਤੀ ਦੇ ਜੀਵਨ ਵਿੱਚ ਇਸ ਪ੍ਰਕਾਰ ਦੇ ਪਾਪ ਤੋਂ ਪੂਰਾ ਤਰ੍ਹਾਂ ਦੇ ਨਾਲ ਛੁਟਕਾਰਾ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਮੁਰਦਿਆਂ ਵਿੱਚੋਂ ਜੀ ਉੱਠਣ ਦੇ ਸਮੇਂ, ਮਹਿਮਾਮਈ ਸੰਤ ਪੂਰੇ ਤੌਰ ਤੇ ਸਦਾ ਦੇ ਲਈ ਹਰ ਪ੍ਰਕਾਰ ਦੇ ਪਾਪ ਤੋਂ ਆਜਾਦ ਹੋ ਜਾਣਗੇ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਮਨੁੱਖੀ ਪਾਪ ਦਾ ਅਰੰਭ ਸਭ ਤੋਂ ਪਹਿਲਾਂ ਰਚੇ ਗਏ ਲੋਕਾਂ ਦੁਆਰਾ ਪਰਮੇਸ਼ੁਰ ਦੀ ਅਣ-ਆਗਿਆਕਾਰੀ ਕਰਨ ਦੇ ਆਜਾਦ ਫੈਸਲੇ ਦੇ ਨਾਲ ਹੋਇਆ। ਯਿਸੂ ਤੋਂ ਬਿਨਾਂ ਬਾਕੀ ਸਾਰੇ ਲੋਕਾਂ ਨੇ ਆਦਮ ਤੋਂ ਪਾਪ ਨੂੰ ਵਿਰਾਸਤ ਵਿੱਚ ਪ੍ਰਾਪਤ ਕੀਤਾ ਹੈ ਅਤੇ ਉਹ ਪਾਪ ਦੇ ਕੰਮਾਂ ਦੇ ਵੀ ਦੋਸ਼ੀ ਹਨ। ਮਨੁੱਖੀ ਗ਼ਲਤੀਆਂ ਪਰਮੇਸ਼ੁਰ ਦੀ ਸ਼ਰਾ ਦੀ ਉਲੰਘਣਾ ਕਰ ਸਕਦੇ ਹਨ ਪਰ ਉਹ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਨੂੰ ਨਹੀਂ ਤੋੜਦੇ। ਹਰੇਕ ਪਾਪੀ ਜੋ ਅੰਤਿਮ ਨਿਆਂ ਤੋਂ ਪਹਿਲਾਂ ਪਰਮੇਸ਼ੁਰ ਦੀ ਮਾਫ਼ੀ ਨੂੰ ਪ੍ਰਾਪਤ ਨਹੀਂ ਕਰਦਾ ਉਹ ਸਦੀਪਕ ਸਜ਼ਾ ਦੇ ਵਿੱਚ ਸੁੱਟਿਆ ਜਾਵੇਗਾ।

## ਪਾਠ 5 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਰੋਮੀਆਂ ਨੂੰ 1:21-32
- ਰੋਮੀਆਂ ਨੂੰ 3:10-20
- ਗਲਾਤੀਆਂ ਨੂੰ 5:16-21
- ਅਫ਼ਸੀਆਂ ਨੂੰ 5:1-8
- ਤੀਤੁਸ ਨੂੰ 1:10-16
- ਯਾਕੂਬ 4:1-4

- ਪਤਰਸ ਦੀ ਦੂਜੀ ਪੱਤ੍ਰੀ 2:9-17

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 5 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

**ਪਾਠ 5 ਦੀ ਪ੍ਰੀਖਿਆ**

(1) ਪਾਪ ਨੂੰ ਸਮਝਣਾ ਸਾਡੇ ਲਈ ਕਿਉਂ ਜਰੂਰੀ ਹੈ? ਤਿੰਨ ਕਾਰਨ ਲਿਖੋ।

(2) ਅਸੀਂ ਕਿਵੇਂ ਜਾਣਦੇ ਹਾਂ ਕਿ ਪਾਪ ਪਰਮੇਸ਼ੁਰ ਦੀ ਗ਼ਲਤੀ ਨਹੀਂ ਸੀ?

(3) ਹੇਠਾਂ ਦਿੱਤਿਆਂ ਦੀ ਇੱਕ-ਵਾਕੀ ਪਰਿਭਾਸ਼ਾ ਦਿਓ: ਜਾਣਬੁੱਝ ਕੇ ਕੀਤੇ ਜਾਣ ਵਾਲਾ ਪਾਪ, ਵਿਰਾਸਤ ਵਿੱਚ ਮਿਲਿਆ ਹੋਇਆ ਪਾਪ, ਅਤੇ ਅਨਜਾਣੇ ਵਿੱਚ ਕੀਤੀਆਂ ਜਾਣ ਵਾਲੀਆਂ ਗ਼ਲਤੀਆਂ।

(4) ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਬਿਹਤਰ ਜਾਣਨ ਅਤੇ ਇਸਨੂੰ ਕਰਨ ਦੀ ਕਿਉਂ ਜਰੂਰਤ ਹੈ?

# ਪਾਠ 6

# ਆਤਮਾਵਾਂ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਸਵਰਗਦੂਤਾਂ ਦੇ ਸੁਭਾਅ ਬਾਰੇ ਕੁਝ ਵੇਰਵੇ।
- ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਸਵਰਗਦੂਤਾਂ ਦੀ ਸ਼ਮੂਲੀਅਤ।
- ਸ਼ੈਤਾਨ ਅਤੇ ਹੋਰ ਦੁਸ਼ਟ ਆਤਮਾਵਾਂ ਦਾ ਆਤਮਿਕ ਡਿੱਗਣ।
- ਆਤਮਿਕ ਸੰਸਾਰ ਦੇ ਵਿੱਚ ਚੱਲਣ ਵਾਲੀ ਆਤਮਿਕ ਲੜਾਈ।
- ਬੁਰੀ ਸ਼ਕਤੀਆਂ ਦੇ ਉੱਤੇ ਪਰਮੇਸ਼ੁਰ ਅਤੇ ਵਿਸ਼ਵਾਸੀਆਂ ਦੀ ਅੰਤਿਮ ਜਿੱਤ।
- ਆਤਮਾਵਾਂ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਆਤਮਾਵਾਂ ਦੇ ਸੰਸਾਰ ਵਿੱਚ ਗ਼ਲਤ ਤਰੀਕੇ ਦੀ ਦਿਲਚਸਪੀ ਤੋਂ ਦੂਰ ਰਹਿਣਗੇ।

## ਸਵਰਗਦੂਤ ਕਿਸ ਪ੍ਰਕਾਰ ਦੇ ਹਨ

► ਮੱਤੀ 4:1-11 ਨੂੰ ਮਿਲ ਕੇ ਪੜ੍ਹੋ। ਇਹ ਸਾਨੂੰ ਦੁਸ਼ਟ ਆਤਮਾਵਾਂ ਦੇ ਬਾਰੇ ਕੀ ਦੱਸਦਾ ਹੈ?

ਜਦੋਂ ਲੋਕ ਸਵਰਗਦੂਤਾਂ ਦੇ ਬਾਰੇ ਗੱਲ ਕਰਦੇ ਹਾ, ਤਾਂ ਅਕਸਰ ਪਹਿਲਾਂ ਪ੍ਰਸ਼ਨ ਇਹ ਹੁੰਦਾ ਹੈ, "ਸਵਰਗਦੂਤ ਕਿਸ ਪ੍ਰਕਾਰ ਦੇ ਵਿੱਖਦੇ ਹਨ?" ਬਹੁਤ ਸਾਰੇ ਕਲਾਕਾਰਾਂ ਨੇ ਉਨ੍ਹਾਂ ਦਾ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਹੈ।

► ਸਵਰਗਦੂਤ ਕਿਸ ਪ੍ਰਕਾਰ ਦੇ ਵਿੱਖਦੇ ਹਨ?

ਕੀ ਸਵਰਗਦੂਤਾਂ ਦੇ ਖੰਭ ਹੁੰਦੇ ਹਨ? ਜਿੰਨ੍ਹਾਂ ਸਰਾਫ਼ੀਮਾਂ ਨੂੰ ਯਸਾਯਾਹ ਨੇ ਵੇਖਿਆ ਉਨ੍ਹਾਂ ਦੇ ਛੇ ਖੰਭ ਸਨ (ਯਸਾਯਾਹ 6:2)। ਜਿੰਨਾਂ ਕਰੂਬੀਆਂ ਦੀ ਮੂਰਤ ਪਰਮੇਸ਼ੁਰ ਨੇ ਮੂਸਾ ਨੂੰ ਨੇਮ ਦੇ ਸੰਦੂਕ ਤੇ ਰੱਖਣ ਲਈ ਕਿਹਾ ਉਨ੍ਹਾਂ ਦੇ ਖੰਭ ਸਨ (ਕੂਚ 25:20)। ਜਿੰਨ੍ਹਾਂ ਕਰੂਬੀਆਂ ਨੂੰ ਹਿਜ਼ਕੀਏਲ ਨੇ ਵੇਖਿਆ ਉਨ੍ਹਾਂ ਦੇ ਚਾਰ ਖੰਭ ਸਨ (ਹਿਜ਼ਕੀਏਲ 1:6, ਹਿਜ਼ਕੀਏਲ 10:15)।

ਅਸੀਂ ਨਹੀਂ ਜਾਣਦੇ ਕਿ ਆਮ ਤੌਰ ਤੇ ਸਵਰਗਦੂਤਾਂ ਦੇ ਖੰਭ ਹੁੰਦੇ ਹਨ ਜਾਂ ਨਹੀਂ। ਉਨ੍ਹਾਂ ਨੂੰ ਆਮ ਤੌਰ ਤੇ ਯਾਤਰਾ ਕਰਨ ਦੇ ਲਈ ਖੰਭਾਂ ਦੀ ਜਰੂਰਤ ਨਹੀਂ ਹੁੰਦੀ, ਕਿਉਂਕਿ ਉਹ ਆਤਮਾਵਾਂ ਹਨ ਅਤੇ ਉਹ ਖੰਭਾਂ ਨਾਲ ਉੱਡ ਕੇ ਜਾਣ ਨਾਲੋਂ ਕਿਤੇ ਵੱਧ ਤੇਜੀ ਨਾਲ

ਯਾਤਰਾ ਕਰ ਸਕਦੇ ਹਨ। ਆਤਮਾਵਾਂ ਦੇ ਤੌਰ ਤੇ ਉਨ੍ਹਾਂ ਦੇ ਕੋਲ ਸ਼ਰੀਰ ਨਹੀਂ ਹਨ। ਸਵਰਗਦੂਤਾਂ ਦੇ ਲਈ, ਅਕਸਰ ਖੰਭ ਗ਼ੈਰ-ਜਰੂਰੀ ਹਨ।

ਬਹੁਤ ਸਾਰੀ ਕਲਾ ਜੋ ਅਸੀਂ ਵੇਖਦੇ ਹਾਂ ਉਸਦੇ ਉਲਟ, ਬਾਈਬਲ ਕਦੇ ਵੀ ਸਵਰਗਦੂਤਾਂ ਦਾ ਵਰਣਨ ਔਰਤਾਂ ਜਾਂ ਬੱਚਿਆਂ ਦੀ ਦਿੱਖ ਦੇ ਵਿੱਚ ਨਹੀਂ ਕਰਦੀ। ਉਹ ਪੁਰਸ਼ ਦੇ ਰੂਪ ਵਿੱਚ ਵਿਖਾਈ ਦਿੱਤੇ ਹਨ, ਪਰ ਉਹ ਮਨੁੱਖਾਂ ਦੀ ਤਰ੍ਹਾਂ ਲਿੰਗ ਆਧਾਰਿਤ ਨਹੀਂ ਹਨ। ਉਨ੍ਹਾਂ ਦੇ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਆਹ ਸੰਬੰਧ ਜਾਂ ਪਰਿਵਾਰਿਕ ਗਠਬੰਧਨ ਨਹੀਂ ਹਨ। (ਪੜ੍ਹੋ ਮੱਤੀ 22:30।) ਹਰੇਕ ਨੂੰ ਨਿੱਜੀ ਰੂਪ ਦੇ ਵਿੱਚ ਰਚਿਆ ਗਿਆ ਸੀ।

ਸਵਰਗਦੂਤ ਆਮ ਤੌਰ ਤੇ ਲੋਕਾਂ ਨੂੰ ਵਿਖਾਈ ਨਹੀਂ ਦਿੰਦੇ, ਪਰ ਜਦੋਂ ਇਸਦੇ ਪਿੱਛੇ ਕੋਈ ਉਦੇਸ਼ ਹੋਵੇ ਤਾਂ ਉਹ ਵਿੱਖ ਵੀ ਜਾਂਦੇ ਹਨ। ਕਈ ਵਾਰ ਜਦੋਂ ਸਵਰਗਦੂਤ ਵਿਖਾਈ ਦਿੱਤੇ ਤਾਂ ਪਹਿਲਾਂ ਲੋਕਾਂ ਦੇ ਸੋਚਿਆਂ ਕਿ ਉਹ ਆਮ ਇਨਸਾਨ ਹਨ (ਉਤਪਤ 19:1-2)। ਕਈ ਹੋਰ ਸਥਾਨਾਂ ਤੇ ਸਵਰਗਦੂਤ ਅਜਿਹੇ ਚਾਣਨ ਦੇ ਨਾਲ ਵਿਖਾਈ ਦਿੱਤੇ ਕਿ ਲੋਕ ਡਰ ਦੇ ਕਾਰਨ ਜ਼ਮੀਨ ਦੇ ਡਿੱਗ ਪਏ (ਮੱਤੀ 28:2-4)। ਜਦੋਂ ਸਵਰਗਦੂਤ ਕਿਸੇ ਨੂੰ ਵਿਖਾਈ ਦਿੱਤਾ, ਤਾਂ ਉਸਨੇ ਆਮ ਤੌਰ ਤੇ ਵਿਅਕਤੀ ਨੂੰ ਇਹ ਕਹਿ ਕੇ ਸਲਾਮ ਕੀਤਾ ਕਿ "ਨਾ ਡਰ" (ਪੜ੍ਹੋ ਲੂਕਾ 1:13, 30; ਲੂਕਾ 2:10)।

ਸਵਰਗਦੂਤ ਆਤਮਾਵਾਂ ਹਨ (ਇਬਰਾਨੀਆਂ ਨੂੰ 1:14),[7] ਪਰ ਇਸਦੇ ਕਾਰਨ ਸਾਨੂੰ ਉਨ੍ਹਾਂ ਨੂੰ ਘੱਟ ਅਸਲ ਨਹੀਂ ਸਮਝਣਾ ਚਾਹੀਦਾ। ਬਾਈਬਲ ਦਰਸਾਉਂਦੀ ਹੈ ਕਿ ਆਤਮਾਵਾਂ ਸ਼ਰੀਰਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦੀਆਂ ਹਨ (ਪੜ੍ਹੋ ਯਸਾਯਾਹ 31:1, 3)।

ਸਵਰਗਦੂਤਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਕਿਹਾ ਗਿਆ ਹੈ(ਅੱਯੂਬ 1:6) ਅਤੇ ਉਨ੍ਹਾਂ ਦੇ ਵਿੱਚ ਪਰਮੇਸ਼ੁਰ ਦੇ ਸੁਭਾਅ ਦੇ ਗੁਣ ਹਨ, ਪਰ ਇਹ ਉਸੇ ਪ੍ਰਕਾਰ ਨਹੀਂ ਹਨ ਜਿਵੇਂ ਇਹ ਮਨੁੱਖਾਂ ਦੇ ਵਿੱਚ ਹਨ। ਵਰਤਮਾਨ ਦੇ ਵਿੱਚ ਸਵਰਗਦੂਤਾਂ ਸ਼ਕਤੀ ਅਤੇ ਅਕਲਮੰਦੀ ਵਿੱਚ ਮਨੁੱਖਾਂ ਨਾਲੋਂ ਬਹੁਤ ਜਿਆਦਾ ਉੱਚੇ ਹਨ, ਪਰ ਇੱਕ ਦਿਨ ਮਨੁੱਖ ਸਵਰਗਦੂਤਾਂ ਨਾਲੋਂ ਉੱਪਰ ਹੋਣਗੇ (ਪੜ੍ਹੋ 1 ਕੁਰਿੰਥੀਆਂ ਨੂੰ 6:3)।

ਉਤਪਤੀ ਦੇ ਵਿੱਚ ਸਵਰਗਦੂਤਾਂ ਦੀ ਰਚਨਾ ਦੇ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਹੈ। ਉਹ ਧਰਤੀ ਦੇ ਬਣਾਉਣ ਤੋਂ ਪਹਿਲਾਂ ਬਣਾਏ ਗਏ ਸਨ, ਅਤੇ ਉਨ੍ਹਾਂ ਨੇ ਪਰਮੇਸ਼ੁਰ ਨੂੰ ਰਚਨਾ ਕਰਦੇ ਹੋਏ ਵੇਖ ਕੇ ਅਨੰਦ ਮਨਾਇਆ (ਅੱਯੂਬ 38:4-7)।

ਸਵਰਗਦੂਤ ਕਦੇ ਨਹੀਂ ਮਰਦੇ (ਲੂਕਾ 20:36)। ਇਹ ਸਚਿਆਈ ਕਿ ਉਨ੍ਹਾਂ ਦੀ ਰਚਨਾ ਧਰਤੀ ਤੋਂ ਪਹਿਲਾਂ ਕੀਤੀ ਗਈ ਇਸਦਾ ਅਰਥ ਹੈ ਕਿ ਉਹ ਹਜ਼ਾਰਾਂ ਸਾਲਾਂ ਤੋਂ ਜੀਵਿਤ ਹਨ ਅਤੇ ਉਨ੍ਹਾਂ ਨੇ ਸਾਰੇ ਮਨੁੱਖੀ ਇਤਿਹਾਸ ਨੂੰ ਵੇਖਿਆ ਹੈ।

ਸਵਰਗਦੂਤਾਂ ਦੇ ਕੋਲ ਵਿਅਕਤੀਤਵ ਹੈ। ਉਹ ਬੋਲ ਸਕਦੇ ਹਨ ਅਤੇ ਵਾਰਤਾਲਾਪ ਕਰ ਸਕਦੇ ਹਨ (ਲੂਕਾ 1:18-20)। ਉਹ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ, ਇਸਦਾ ਅਰਥ ਹੈ ਕਿ ਉਹ ਉਸਦੇ ਸੁਭਾਅ ਬਾਰੇ ਕੁਝ ਸਮਝ ਸਕਦੇ ਹਨ ਅਤੇ ਭੈਅ ਦੇ ਨਾਲ ਇਸਦੇ ਬਾਰੇ ਪ੍ਰਤੀਕਿਰਿਆ ਕਰਦੇ ਹਨ (ਇਬਰਾਨੀਆਂ ਨੂੰ 1:6)। ਜਦੋਂ ਕੋਈ ਪਾਪੀ ਤੌਬਾ ਕਰਦਾ ਹੈ ਤਾਂ ਉਹ ਅਨੰਦ ਮਨਾਉਂਦੇ ਹਨ,

[7] ਅੱਗੇ ਦਿੱਤੇ ਵਚਨਾਂ ਦੇ ਵਿੱਚ ਦੁਸ਼ਟ ਆਤਮਾਵਾਂ ਨੂੰ ਵੀ "ਆਤਮਾਵਾਂ" ਕਿਹਾ ਗਿਆ ਹੈ ਮੱਤੀ 8:16, ਮੱਤੀ 12:45; ਰਸੂਲਾਂ ਦੇ ਕਰਤੱਬ 19:12; ਅਤੇ ਹੋਰਾਂ ਤੇ।

ਜੋ ਇਹ ਵਿਖਾਉਂਦਾ ਹੈ ਕਿ ਉਨ੍ਹਾਂ ਦੇ ਕੋਲ ਭਾਵਨਾਵਾਂ ਹਨ (ਪੜ੍ਹੋ ਲੂਕਾ 15:10)। ਉਹ ਮੁਕਤੀ ਦੀ ਯੋਜਨਾ ਨੂੰ ਸਮਝਣ ਦੇ ਵਿੱਚ ਬਹੁਤ ਤੀਬਰ ਰੁਚੀ ਰੱਖਦੇ ਹਨ, ਜੋ ਇਸ ਨੂੰ ਦਰਸਾਉਂਦਾ ਹੈ ਕਿ ਉਨ੍ਹਾਂ ਦੇ ਵਿੱਚ ਸੋਚਣ ਸਮਝਣ ਦੀ ਸਮਰੱਥਾ ਹੈ (ਪੜ੍ਹੋ ਪਤਰਸ ਦੀ ਪਹਿਲੀ ਪੱਤ੍ਰੀ 1:12)। ਉਨ੍ਹਾਂ ਨੇ ਯਿਸੂ ਦੇ ਜਨਮ ਦੀ ਘੋਸ਼ਣਾ ਤੇ ਖੁਸ਼ੀ ਮਨਾਈ (ਲੂਕਾ 2:13-14)।

ਸਾਰੇ ਸਵਰਗਦੂਤ ਇੱਕੋ ਜਿਹੇ ਨਹੀਂ ਹਨ, ਕਿਉਂਕਿ ਕਈਆਂ ਨੂੰ ਕਰੂਬੀ ਕਿਹਾ ਜਾਂਦਾ ਹੈ (ਜ਼ਬੂਰਾਂ ਦੀ ਪੋਥੀ 80:1) ਅਤੇ ਕਈਆਂ ਨੂੰ ਸਰਾਫ਼ੀਮ (ਯਸਾਯਾਹ 6:2)। ਸਵਰਗਦੂਤਾਂ ਦੇ ਪੱਧਰ ਵੀ ਹਨ, ਕਿਉਂਕਿ ਬਾਈਬਲ ਸਵਰਗਦੂਤਾਂ ਅਤੇ ਮਹਾਂ-ਸਵਰਗਦੂਤ ਦੇ ਬਾਰੇ ਜ਼ਿਕਰ ਕਰਦੀ ਹੈ ਅਤੇ "ਸ਼ਤਾਨ ਅਤੇ ਉਹ ਦੇ ਦੂਤਾਂ" (ਮੱਤੀ 25:41)। ਉਨ੍ਹਾਂ ਦੇ ਵਿੱਚਕਾਰ ਇੱਕ ਅਧਿਕਾਰ ਆਧਾਰਿਤ ਢਾਂਚਾ ਹੈ, ਜਿੰਨਾਂ ਨੂੰ ਸਿੰਘਾਸਣ, ਹਕੂਮਤਾਂ ਅਤੇ ਇਖਤਿਆਰਾਂ ਦੇ ਤੌਰ ਤੇ ਦੱਸਿਆ ਗਿਆ ਹੈ (ਪੜ੍ਹੋ ਅਫ਼ਸੀਆਂ ਨੂੰ 6:12; ਕੁਲੁੱਸੀਆਂ ਨੂੰ 1:16)।


ਯਹੂਦੀ ਅਤੇ ਮਸੀਹੀ ਦੋਨਾਂ ਹੀ ਰਿਵਾਇਤੀ ਲਿਖਤਾਂ ਦੇ ਵਿੱਚ ਸਵਰਗਦੂਤਾਂ ਦੇ ਬਾਰੇ ਬਹੁਤ ਕੁਝ ਲਿਖਿਆ ਹੋਇਆ ਹੈ, ਜੋ ਕਿ ਵਚਨਾਂ ਦੇ ਦੱਸੀ ਜਾਣਕਾਰੀ ਨਾਲੋਂ ਵੀ ਪਰੇ ਚਲੇ ਜਾਂਦੇ ਹਨ।

ਸਵਰਗਦੂਤਾਂ ਦੇ ਵਿੱਚਕਾਰ ਅੰਤਰ ਦੇ ਬਾਰੇ ਪਵਿੱਤਰ ਸ਼ਾਸਤਰ ਦੇ ਵਿੱਚ ਕੁਝ ਜਿਆਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ। *ਮਹਾਂ-ਦੂਤ* ਸ਼ਬਦ ਦਾ ਇਸਤੇਮਾਲ ਬਾਈਬਲ ਦੇ ਵਿੱਚ ਦੋ ਵਾਰ ਕੀਤਾ ਗਿਆ ਹੈ। ਮੀਕਾਏਲ ਨੂੰ ਮਹਾਂ-ਦੂਤ ਕਿਹਾ ਗਿਆ ਹੈ, ਅਤੇ ਯਿਸੂ ਦੀ ਦੁਬਾਰਾ ਆਮਦ ਦੇ ਸਮੇਂ ਮਹਾਂ-ਦੂਤ ਦੀ ਆਵਾਜ ਸੁਣਾਈ ਦੇਵੇਗੀ (1 ਥੱਸਲੁਨੀਕੀਆਂ ਨੂੰ 4:16; ਯਹੂਦਾਹ 1:9)। ਮਹਾਂ-ਦੂਤ ਸ਼ਬਦ ਦਾ ਸ਼ਾਬਦਿਕ ਅਰਥ ਸਵਰਗਦੂਤ ਹੈ। ਸਾਨੂੰ ਨਹੀਂ ਪਤਾ ਕਿ ਕੁੱਲ ਕਿੰਨੇ ਮਹਾਂ-ਦੂਤ ਹਨ।

ਸਰਾਫ਼ੀਮ ਬਾਈਬਲ ਦੇ ਵਿੱਚ ਯਸਾਯਾਹ 6 ਦੇ ਵਿੱਚ ਦੱਸੇ ਗਏ ਹਨ। ਉਨ੍ਹਾਂ ਦੇ ਛੇ ਖੰਭ ਸਨ। ਖੰਭਾਂ ਤੋਂ ਇਲਾਵਾ ਉਹ ਕੁਝ ਹੱਦ ਤੱਕ ਮਨੁੱਖਾਂ ਜਿਹੇ ਵਿਖਾਈ ਦਿੰਦੇ ਸਨ, ਕਿਉਂਕਿ ਉਨ੍ਹਾਂ ਦੇ ਹੱਥ, ਪੈਰ ਅਤੇ ਚਿਹਰੇ ਸਨ।

ਆਦਮ ਅਤੇ ਹਵਾ ਦੇ ਬਾਗ਼ ਦੇ ਵਿੱਚੋਂ ਬਾਹਰ ਕੱਢ ਦਿੱਤੇ ਜਾਣ ਤੋਂ ਬਾਅਦ ਕਰੂਬੀ ਅਤੇ ਖੰਡੇ ਦੀ ਲਸ਼ਕ ਬਾਗ਼ ਦੇ ਬਾਹਰ ਰੱਖੇ ਗਏ (ਉਤਪਤ 3:24)। ਇਹ ਇਸ ਲਈ ਸਨ ਕਿ ਕੋਈ ਬਾਗ਼ ਦੇ ਵਿੱਚ ਦਾਖਲ ਨਾ ਹੋ ਸਕੇ। ਹਿਜ਼ਕੀਏਲ ਦੁਆਰਾ ਵੇਖੇ ਕਰੂਬੀਆਂ ਦਾ ਵਰਣਨ ਅਜਿਹੇ ਕਿਸੇ ਵੀ ਪ੍ਰਾਣੀ ਨਾਲੋਂ ਬਹੁਤ ਵੱਖਰਾ ਹੈ ਜਿਸਦੇ ਬਾਰੇ ਅਸੀਂ ਜਾਣਦੇ ਹਾਂ। ਉਨ੍ਹਾਂ ਦੇ ਚਾਰ ਖੰਭ ਸਨ, ਚਾਰ ਚਿਹਰੇ ਜੋ ਸਾਰੇ ਹੀ ਅਲੱਗ-ਅਲੱਗ ਸਨ, ਬਹੁਤ ਸਾਰੇ ਹੱਥ, ਅੱਗ ਜਿਹੀ ਚਮਕ, ਬਿਜ਼ਲੀ ਦੀਆਂ ਲਿਸ਼ਕਾਂ ਅਤੇ ਰੋਸ਼ਨੀ ਵਰਗੀ ਤੇਜੀ ਸੀ (ਹਿਜ਼ਕੀਏਲ 1:5-14, ਹਿਜ਼ਕੀਏਲ 10:15)।

ਦੋ ਕਰੂਬੀਆਂ ਦੀ ਮੂਰਤ ਨੇਮ ਦੇ ਸਦੂਕ ਤੇ ਰੱਖੀ ਗਈ ਸੀ ਜਿੰਨ੍ਹਾਂ ਦੇ ਵਿੱਚਕਾਰ ਦਯਾ ਸਿੰਘਾਸਣ ਸੀ।[8] ਪਰਮੇਸ਼ੁਰ ਨੂੰ ਬਾਰ-ਬਾਰ ਕਰੂਬੀਆਂ ਦੇ ਉੱਤੇ ਵਿਰਾਜਣ ਵਾਲੇ ਵੱਜੋਂ ਪੁਕਾਰਿਆ ਗਿਆ ਹੈ। [9] ਇਸਦੇ ਨਾਲ ਉਸਨੂੰ ਇਸਰਾਏਲ ਦੇ ਪਰਮੇਸ਼ੁਰ ਵੱਜੋਂ ਪਹਿਚਾਣਿਆ ਗਿਆ ਜਿਸਦੀ ਹੈਕਲ ਦੇ ਵਿੱਚ ਅਰਾਧਨਾ ਕੀਤੀ ਜਾਂਦੀ ਸੀ ਅਤੇ ਇਹ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ ਉਸਦੇ ਕੋਲ ਉਸਦੇ ਦੱਸੇ ਰਾਂਹਾਂ ਤੋਂ ਬਿਨਾਂ ਪਹੁੰਚਿਆ ਨਹੀਂ ਜਾ ਸਕਦਾ।



ਪਰਮੇਸ਼ੁਰ ਦੀ ਸਕਤੀ ਅਤੇ ਸ਼ਾਨ ਉਸਦੇ ਸੇਵਕਾਂ ਦੀ ਕਿਸਮ ਤੋਂ ਵੇਖੀ ਜਾ ਸਕਦੀ ਹੈ। ਕਰੂਬੀ ਅਜਿਹੇ ਪ੍ਰਾਣੀ ਹਨ ਕਿ ਜੋ ਵਿਅਕਤੀ ਉਨ੍ਹਾਂ ਨੂੰ ਵੇਖਦਾ ਹੈ ਸੋਚਦਾ ਹੈ ਕਿ ਉਹ ਪਰਮੇਸ਼ੁਰ ਨੂੰ ਵੇਖ ਰਿਹਾ ਹੈ, ਅਤੇ ਉਸਦਾ ਝੁਕਾਅ ਉਸਦੀ ਅਰਾਧਨਾ ਕਰਨ ਦੇ ਵੱਲ ਹੁੰਦਾ ਹੈ, ਅਤੇ ਇਹ ਸਿਰਫ਼ ਪਰਮੇਸ਼ੁਰ ਦਾ ਇੱਕ ਸੇਵਕ ਹੀ ਹੈ।

ਇਹ ਤੱਥ ਪਰਮੇਸ਼ੁਰ ਦੀ ਸ਼ਾਨ ਨੂੰ ਵਿਖਾਉਂਦਾ ਹੈ ਕਿ ਬਹੁਤ ਸਾਰੇ ਸਵਰਗਦੂਤ ਉਸਦੀ ਸੇਵਾ ਕਰਦੇ ਹਨ। ਯੂਹੰਨਾ ਰਸੂਲ ਨੇ ਪਰਮੇਸ਼ੁਰ ਦੇ ਸਿੰਘਾਸਣ ਦੇ ਦੁਆਲੇ ਸਵਰਗਦੂਤਾਂ ਦੀ ਇੱਕ ਭੀੜ ਵੇਖੀ ਜਿਸਨੂੰ ਉਸਨੇ "ਲੱਖਾਂ ਅਤੇ ਕਰੋੜਾਂ" ਕਿਹਾ(ਪਰਕਾਸ਼ ਦੀ ਪੋਥੀ 5:11)।

ਇੱਕ ਸਵਰਗਦੂਤ ਦੀ ਸ਼ਕਤੀ ਅਸੀਮਿਤ ਨਹੀਂ ਹੈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਦਾਨੀਏਲ ਦੇ ਕੋਲ ਸੰਦੇਸ਼ ਲਿਆਉਣ ਵਾਲੇ ਇੱਕ ਦੂਤ ਨੂੰ ਰੋਕ ਲਿਆ ਗਿਆ ਸੀ (ਪੜ੍ਹੋ ਦਾਨੀਏਲ 10:12-13), ਫਿਰ ਵੀ ਪਰਮੇਸ਼ੁਰ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਨੂੰ ਕਰਨ ਦੀ ਭਰਪੂਰ ਸ਼ਕਤੀ ਦਿੰਦਾ ਹੈ, ਜਿਵੇਂ ਕਿ ਇੱਕ ਸਵਰਗਦੂਤ ਨੇ ਇੱਕ ਸਮੇਂ ਤੇ 185,000 ਸਿਪਾਹੀਆਂ ਨੂੰ ਮਾਰ ਦਿੱਤਾ ਸੀ (1 ਰਾਜਿਆਂ ਦੀ ਦੂਜੀ ਪੋਥੀ 19:35)।

ਸਵਰਗਦੂਤਾਂ ਨੂੰ ਸਪੱਸ਼ਟ ਤੌਰ ਤੇ ਜਿੰਮੇਦਾਰੀਆਂ ਦਿੱਤੀਆਂ ਗਈਆਂ ਹਨ। ਬਾਈਬਲ ਸਾਨੂੰ ਦੱਸਦੀ ਹੈ ਕਿ ਉਹ ਮੁਕਤੀ ਪਾਉਣ ਵਾਲਿਆਂ ਦੀ ਸੇਵਾ ਦੇ ਲਈ ਘੱਲੇ ਜਾਂਦੇ ਹਨ (ਪੜ੍ਹੋ ਇਬਰਾਨੀਆਂ ਨੂੰ 1:14।) ਸਵਰਗਦੂਤ ਪਰਮੇਸ਼ੁਰ ਦੀ ਸੇਵਾ ਕਰਨ ਵਾਲਿਆਂ ਦੇ ਦੁਆਲੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਕਰਦੇ ਹਨ (ਜ਼ਬੂਰਾਂ ਦੀ ਪੋਥੀ 34:7)। ਅਸੀਂ ਇਹ ਮੰਨ ਸਕਦੇ ਹਾਂ ਕਿ ਸਾਡੇ ਨਾਲ ਹਮੇਸ਼ਾਂ ਬਹੁਤ ਸਾਰੇ ਸਵਰਗਦੂਤ ਰਹਿੰਦੇ ਹਨ। ਯਿਸੂ ਨੇ ਕਿਹਾ ਕਿ ਬੱਚਿਆਂ ਦੇ ਲਈ ਸਵਰਗਦੂਤਾਂ ਨੂੰ ਜਿੰਮੇਦਾਰੀ ਦਿੱਤੀ ਜਾਂਦੀ ਹੈ (ਪੜ੍ਹੋ ਮੱਤੀ 18:10।) ਮਹਾਂ-ਦੂਤ ਮੀਕਾਏਲ ਨੂੰ ਉਹ ਵੱਡਾ ਸਰਦਾਰ ਕਿਹਾ ਗਿਆ ਹੈ ਜੋ ਇਸਰਾਏਲ ਕੌਮ ਦੀ ਰਾਖੀ ਕਰਦਾ ਹੈ (ਦਾਨੀਏਲ 12:1)।

ਬਾਈਬਲ ਅਜਿਹਾ ਕਦੇ ਨਹੀਂ ਕਹਿੰਦੀ ਕਿ ਸਾਨੂੰ ਸਵਰਗਦੂਤਾਂ ਦੇ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਵਚਨ ਇਹ ਗੱਲ ਵੀ ਨਹੀਂ ਕਹਿੰਦਾ ਕਿ ਸਾਨੂੰ ਉਨ੍ਹਾਂ ਦੇ ਨਾਲ ਵਾਰਤਾਲਾਪ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹ ਸਾਡੇ ਅਤੇ ਪਰਮੇਸ਼ੁਰ ਦੇ ਵਿੱਚਕਾਰ

[8] ਚਿੱਤਰ: "Ark of the Covenant engraving", *Illustrated Bible Dictionary* (1893), https://commons.wikimedia.org/wiki/File:Ark_of_the_Covenant_engraving.jpg, ਤੋਂ ਲਿਆ ਗਿਆ ਜੋ ਕਿ ਪਬਲਿਕ ਡੋਮੇਨ ਹੈ।

[9] ਉਦਾਹਰਨ ਦੇ ਲਈ, 2 ਰਾਜਿਆਂ 19:15, 1 ਇਤਿਹਾਸ 13:6; ਯਸਾਯਾਹ 37:16

ਵਿਚੋਲੇ ਨਹੀਂ ਹਨ। ਬਾਈਬਲ ਦੇ ਵਿੱਚ ਅਜਿਹੇ ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਜੋ ਸਵਰਗਦੂਤਾਂ ਦੀ ਅਰਾਧਨਾ ਕਰਦੇ ਹਨ ਅਤੇ ਆਤਮਾਵਾਂ ਦੇ ਸੰਸਾਰ ਦੀਆਂ ਅਜਿਹੀਆਂ ਗੱਲਾਂ ਦੇ ਵਿੱਚ ਸ਼ਾਮਿਲ ਹੁੰਦੇ ਹਨ ਜਿੰਨਾਂ ਨੂੰ ਉਹ ਨਹੀਂ ਸਮਝਦੇ (ਪੜ੍ਹੋ ਕੁਲੁੱਸੀਆਂ ਨੂੰ 2:18)। ਜੇਕਰ ਅਸੀਂ ਅਜਿਹੇ ਤਰੀਕੇ ਦੇ ਨਾਲ ਸਵਰਗਦੂਤਾਂ ਦੇ ਵਿੱਚ ਸ਼ਾਮਿਲ ਹੋਣ ਦਾ ਯਤਨ ਕਰਦੇ ਹਾਂ ਜਿਸਨੂੰ ਪਰਮੇਸ਼ੁਰ ਨਹੀਂ ਚਾਹੁੰਦਾ, ਤਾਂ ਪਰਮੇਸ਼ੁਰ ਦੇ ਸਵਰਗਦੂਤਾਂ ਦੀ ਬਜਾਏ ਦੁਸ਼ਟ ਆਤਮਾਵਾਂ ਸਾਡੇ ਕੋਲ ਆ ਜਾਂਦੀਆਂ ਹਨ।

## ਸ਼ੈਤਾਨ ਅਤੇ ਡਿੱਗੇ ਹੋਏ ਦੂਤ

► ਦੁਸ਼ਟ ਆਤਮਾਵਾਂ ਦਾ ਅਰੰਭ ਕਦੋਂ ਹੋਇਆ?

ਦੁਸ਼ਟ ਆਤਮਾਵਾਂ ਉਹ ਦੂਤ ਹਨ ਜਿੰਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਕੀਤੀ। ਇਹ ਮਨੁੱਖਤਾ ਦੇ ਰਚੇ ਜਾਣ ਤੋਂ ਪਹਿਲਾਂ ਹੋਇਆ, ਅਤੇ ਬਾਈਬਲ ਇਸਦੇ ਬਾਰੇ ਵਧੇਰੇ ਪ੍ਰਗਟੀਕਰਨ ਨਹੀਂ ਕਰਦੀ। ਸ਼ੈਤਾਨ ਬਗ਼ਾਵਤ ਦਾ ਆਗੂ ਸੀ, ਅਤੇ ਇੱਕ ਤਿਹਾਈ ਦੂਤ ਉਸਦੇ ਪਿੱਛੇ ਲੱਗ ਗਏ (ਪਰਕਾਸ਼ ਦੀ ਪੋਥੀ 12:4)। ਯਹੂਦਾਹ ਉਨ੍ਹਾਂ ਦੂਤਾਂ ਦੀ ਗੱਲ ਕਰਦਾ ਹੈ ਜੋ ਆਪਣੀ ਪਦਵੀ ਵਿੱਚ ਨਾ ਰਹੇ (ਯਹੂਦਾਹ 1:6)। ਉਨ੍ਹਾਂ ਨੂੰ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਨਿਆਂ ਦੁਆਰਾ ਸਜ਼ਾ ਸੁਣਾ ਦਿੱਤੀ ਗਈ ਹੈ (ਪੜ੍ਹੋ ਯੂਹੰਨਾ 16:11; ਪਤਰਸ ਦੀ ਦੂਜੀ ਪੱਤ੍ਰੀ 2:4)।

ਨਬੀਆਂ ਦੀਆਂ ਪੁਸਤਕਾਂ ਦੇ ਵਿੱਚ ਅਜਿਹੇ ਦੋ ਹਵਾਲੇ ਹਨ ਜੋ ਸ਼ਾਇਦ ਸ਼ੈਤਾਨ ਦੇ ਡਿੱਗਣ ਬਾਰੇ ਗੱਲ ਕਰਦੇ ਹਨ (ਯਸਾਯਾਹ 14:12-17 ਅਤੇ ਹਿਜ਼ਕੀਏਲ 28:12-19)। ਹਰੇਕ ਹਵਾਲਾ ਇੱਕ ਮਨੁੱਖ, ਧਰਤੀ ਦੇ ਰਾਜੇ ਦੀ ਗੱਲ ਕਰਦਾ ਹੈ, ਪਰ ਉਹ ਸ਼ਾਇਦ ਰਾਜਿਆਂ ਦੇ ਡਿੱਗਣ ਦੀ ਤੁਲਨਾ ਸ਼ੈਤਾਨ ਦੇ ਡਿੱਗਣ ਦੇ ਨਾਲ ਕਰਦੇ ਹਨ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸ਼ੈਤਾਨ ਘਮੰਡ ਦੇ ਵਿੱਚ ਆ ਗਿਆ ਅਤੇ ਉਹ ਪਰਮੇਸ਼ੁਰ ਤੋਂ ਆਜ਼ਾਦ ਹੋਣਾ ਚਾਹੁੰਦਾ ਸੀ। ਪੌਲੁਸ ਰਸੂਲ ਨੇ ਚੇਤਾਵਨੀ ਦਿੱਤੀ ਕਿ ਕੋਈ ਵਿਅਕਤੀ ਘਮੰਡ ਦੇ ਕਾਰਨ ਸ਼ੈਤਾਨ ਦੇ ਸਮਾਨ ਸਜ਼ਾ ਦੇ ਵਿੱਚ ਜਾ ਸਕਦਾ ਹੈ (ਪੜ੍ਹੋ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:6)। ਇਹ ਉਹੀ ਪਰਤਾਵਾ ਹੈ ਜਿਸਦਾ ਪ੍ਰਸਤਾਵ ਨੇ ਆਦਮ ਅਤੇ ਹਵਾ ਨੂੰ ਦਿੱਤਾ ਜਦੋਂ ਉਸਨੇ ਕਿਹਾਸ਼ੈਤਾਨ, “ਤੁਸੀਂ ਪਰਮੇਸ਼ੁਰ ਵਾਂਙੁ ਭਲੇ ਬੁਰੇ ਦੀ ਸਿਆਣ ਵਾਲੇ ਹੋ ਜਾਓਗੇ।” ਇਹ ਅਜਿਹਾ ਪਰਤਾਵਾ ਹੈ ਜੋ ਪਰਮੇਸ਼ੁਰ ਦੇ ਅਧਿਕਾਰ ਦਾ ਇਨਕਾਰ ਕਰਦਾ ਹੈ ਅਤੇ ਤੁਸੀਂ ਆਪਣੇ ਪਰਮੇਸ਼ੁਰ ਖੁਦ ਬਣ ਜਾਂਦੇ ਹੋ।

► ਸ਼ੈਤਾਨ ਬਾਰੇ ਅਜਿਹੀਆਂ ਕੁਝ ਗੱਲਾਂ ਕਿਹੜੀਆਂ ਹਨ ਜਿੰਨਾਂ ਬਾਰੇ ਅਸੀਂ ਜਾਣਦੇ ਹਾਂ?

ਸ਼ੈਤਾਨ ਹੁਣ ਵੀ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਦੀ ਅਗਵਾਈ ਕਰਦਾ ਹੈ। ਉਸਨੂੰ ਇਖ਼ਤਿਆਰ ਦੇ ਸਰਦਾਰ ਕਿਹਾ ਗਿਆ ਹੈ (ਅਫ਼ਸੀਆਂ ਨੂੰ 2:2)। ਸ਼ੈਤਾਨ ਨੂੰ ਇਸ ਇਸ ਜਗਤ ਦਾ ਸਰਦਾਰ ਕਿਹਾ ਗਿਆ ਹੈ ਕਿਉਂਕਿ ਇਸ ਸੰਸਾਰ ਦੇ ਲੋਕ ਜਿਆਦਾਤਰ

ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਵਿੱਚ ਲੱਗੇ ਹੋਏ ਹਨ (ਯੂਹੰਨਾ 12:31)। ਉਹ ਸੰਸਾਰ ਦੇ ਰਾਜਾਂ ਦੀ ਮਾਲਕੀ ਦਾ, ਅਤੇ ਅਸਥਾਈ ਤੌਰ ਤੇ ਆਪਣੀ ਇੱਛਾ ਅਨੁਸਾਰ ਇਸਨੂੰ ਦੇਣ ਦਾ ਦਾਅਵਾ ਕਰਦਾ ਹੈ (ਲੂਕਾ 4:4-6)। ਉਹ ਪਾਪੀਆਂ ਦੇ ਮਨਾਂ ਨੂੰ ਬੰਨ੍ਹਦਾ ਹੈ ਤਾਂ ਕਿ ਉਹ ਸ਼ੁਭਸਮਾਚਾਰ ਨੂੰ ਸਵੀਕਾਰ ਨਾ ਕਰ ਸਕਣ। (ਪੜ੍ਹੋ 2 ਕੁਰਿੰਥੀਆਂ ਨੂੰ 4:4)। ਜਿੰਨ੍ਹਾਂ ਪਾਪੀਆਂ ਨੇ ਤੌਬਾ ਨਹੀਂ ਕੀਤੀ ਉਹ ਅਸਲ ਦੇ ਵਿੱਚ ਸ਼ੈਤਾਨ ਦੇ ਕੈਦੀ ਹਨ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 2:26)। ਉਹ ਲੋਕਾਂ ਦੇ ਮਨਾਂ ਵਿੱਚੋਂ ਪਰਮੇਸ਼ੁਰ ਦੇ ਵਚਨ ਨੂੰ ਬਾਹਰ ਕੱਢ ਦਿੰਦਾ ਹੈ ਤਾਂ ਕਿ ਉਨ੍ਹਾਂ ਤੇ ਵਚਨ ਦਾ ਕੋਈ ਪ੍ਰਭਾਵ ਨਾ ਹੋਵੇ (ਪੜ੍ਹੋ ਮਰਕੁਸ 4:15)। ਉਸਨੇ ਹਨਾਨਿਯਾ ਅਤੇ ਸਫ਼ੀਰਾ ਦੇ ਦਿਲਾਂ ਵਿੱਚ ਕਲੀਸਿਆ ਅਤੇ ਪਵਿੱਤਰ ਆਤਮਾ ਦੇ ਅੱਗੇ ਝੂਠ ਬੋਲਣ ਦੀ ਯੋਜ਼ਨਾ ਪਾਈ (ਰਸੂਲਾਂ ਦੇ ਕਰਤੱਬ 5:3), ਅਤੇ ਉਹ ਯਹੂਦਾ ਦੇ ਅੰਦਰ ਯਿਸੂ ਨੂੰ ਧੋਖਾ ਦੇਣ ਦੀ ਇੱਛਾ ਦੇ ਨਾਲ ਸਮਾਇਆ (ਲੂਕਾ 22:3)। ਉਹ ਗ਼ਲਤ ਧਾਰਮਿਕ ਸਿੱਖਿਆਵਾਂ ਨੂੰ ਬਣਾਉਂਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਨੂੰ ਸਿਖਾਉਣ ਦੇ ਲਈ ਉਤਸ਼ਾਹਿਤ ਕਰਦਾ ਹੈ (ਪੜ੍ਹੋ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 4:1।)

> "ਸ਼ੈਤਾਨ ਆਪਣੇ ਆਪ ਨੂੰ ਕਿਸੇ ਪਾਪੀ ਦਾ ਦਿਲ, ਅੱਖਾਂ ਅਤੇ ਜੀਭ ਬਣਾਉਂਦਾ ਹੈ। ਉਹ ਉਸਦੇ ਦਿਲ ਨੂੰ ਪਾਪ ਦੇ ਪ੍ਰਤੀ ਪਿਆਰ ਨਾਲ ਭਰਦਾ ਹੈ; ਉਹ ਉਸਦੀਆਂ ਅੱਖਾਂ ਨੂੰ ਅੰਨ੍ਹਿਆਂ ਕਰ ਦਿੰਦਾ ਹੈ ਤਾਂ ਕਿ ਉਹ ਉਸ ਤੇ ਆਉਣ ਵਾਲੇ ਨਾਸ਼ ਨੂੰ ਨਾ ਵੇਖ ਸਕੇ; ਅਤੇ ਉਹ ਉਸਦੀ ਜੀਭ ਨੂੰ ਪ੍ਰਾਥਨਾ ਕਰਨ ਤੋਂ ਰੋਕਦਾ ਹੈ।"
> ਆਡਮ ਕਲਾਰਕ
> ਕ੍ਰਿਸਚਨ ਥਿਓਲੋਜੀ,
> "ਚੰਗੇ ਅਤੇ ਬੁਰੇ ਦੂਤ

ਸ਼ੈਤਾਨ ਪਰਮੇਸ਼ੁਰ ਦੇ ਨਾਲ ਨਫ਼ਰਤ ਕਰਦਾ ਹੈ ਅਤੇ ਇਸੇ ਕਾਰਨ ਉਹ ਲੋਕਾਂ ਦੇ ਨਾਲ ਵੀ ਨਫ਼ਰਤ ਕਰਦਾ ਹੈ ਕਿਉਂਕਿ ਲੋਕ ਪਰਮੇਸ਼ੁਰ ਦੇ ਸਰੂਪ ਤੇ ਬਣਾਏ ਗਏ ਹਨ ਅਤੇ ਉਹ ਪਰਮੇਸ਼ੁਰ ਦੀ ਕ੍ਰਿਪਾ ਨੂੰ ਪ੍ਰਾਪਤ ਕਰਦੇ ਹਨ। ਜੋ ਸਜ਼ਾ ਉਸਨੇ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਕਰਨ ਕਰਕੇ ਪ੍ਰਾਪਤ ਕੀਤੀ ਹੈ ਉਹ ਜਿਆਦਾ ਤੋਂ ਜਿਆਦਾ ਲੋਕਾਂ ਨੂੰ ਉਸੇ ਸਜ਼ਾ ਦੇ ਅਧੀਨ ਲਿਆਉਣਾ ਚਾਹੁੰਦਾ ਹੈ।

ਜੋ ਲੋਕ ਜਾਣਬੁੱਝ ਕੇ ਸ਼ੈਤਾਨ ਦੀ ਸੇਵਾ ਕਰਦੇ ਹਨ ਉਹ ਸੰਸਾਰ ਦੇ ਵਿੱਚ ਸਭ ਤੋਂ ਜਿਆਦਾ ਧੋਖੇ ਦੇ ਵਿੱਚ ਹਨ, ਕਿਉਂਕਿ ਉਹ ਅਜਿਹੀ ਬਗ਼ਾਵਤ ਦਾ ਹਿੱਸਾ ਹਨ ਜੋ ਸਫਲ ਨਹੀਂ ਹੋ ਸਕਦੀ, ਅਤੇ ਉਹ ਅਜਿਹੇ ਸੁਆਮੀ ਦੀ ਸੇਵਾ ਕਰਦੇ ਹਨ ਜੋ ਉਨ੍ਹਾਂ ਨੂੰ ਨਫ਼ਰਤ ਕਰਦਾ ਹੈ ਅਤੇ ਸਿਰਫ਼ ਉਨ੍ਹਾਂ ਦੇ ਨਾਸ਼ ਵਿੱਚ ਰੁਚੀ ਰੱਖਦਾ ਹੈ (ਪਤਰਸ ਦੀ ਪਹਿਲੀ ਪੱਤ੍ਰੀ 5:8)। ਉਹ ਅਜਿਹੇ ਵਾਅਦੇ ਕਰਦਾ ਹੈ ਜਿੰਨਾਂ ਨੂੰ ਉਹ ਵੀ ਜਾਣਦਾ ਹੈ ਕਿ ਉਹ ਪੂਰੇ ਨਹੀਂ ਕਰ ਸਕਦਾ (ਯੂਹੰਨਾ 8:44)।

ਬਾਕੀ ਦੇ ਲੋਕ ਬਿਨਾ ਜਾਣੇ ਸ਼ੈਤਾਨ ਦੇ ਪਿੱਛੇ ਚੱਲਦੇ ਹਨ ਜਦੋਂ ਉਹ ਪਾਪ ਦੇ ਵਿੱਚ ਜਿਉਣ ਦੀ ਚੋਣ ਕਰਦੇ ਹਨ (ਅਫ਼ਸੀਆਂ ਨੂੰ 2:2-3)। ਇਸੇ ਕਾਰਨ ਉਹ ਪਰਤਾਵੇ ਅਤੇ ਧੋਖੇ ਲਿਆਉਣ ਦੇ ਵਿੱਚ ਬਹੁਤ ਸਾਰਾ ਸਮਾਂ ਅਤੇ ਊਰਜਾ ਲਗਾਉਂਦਾ ਹੈ (2 ਕੁਰਿੰਥੀਆਂ ਨੂੰ 4:4, 2 ਕੁਰਿੰਥੀਆਂ ਨੂੰ 11:3, 14)। ਉਹ ਯਤਨ ਕਰਦਾ ਹੈ ਕਿ ਲੋਕ ਪਰਮੇਸ਼ੁਰ ਤੇ ਵਿਸ਼ਵਾਸ ਦਾ ਇਨਕਾਰ ਕਰ ਦੇਣ, ਉਹ ਪਰਮੇਸ਼ੁਰ ਦੀ ਬਜਾਏ ਰਚੀਆਂ ਹੋਈਆਂ ਵਸਤਾਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਅਰਾਧਨਾ ਕਰਨ (ਰੋਮੀਆਂ ਨੂੰ 1:25)। ਉਸਦੇ ਪਰਤਾਵੇ ਧੋਖਾ ਹਨ, ਕਿਉਂਕਿ ਅਸਲ ਦੇ ਵਿੱਚ ਉਸਦੇ ਕੋਲ ਦੇਣ ਦੇ ਲਈ ਕੁਝ ਵੀ ਨਹੀਂ ਹੈ ਪਰ ਸਿਰਫ਼ ਉਨ੍ਹਾਂ ਵਸਤਾਂ ਦਾ ਵਿਗੜਿਆ ਰੂਪ ਜੋ ਪਰਮੇਸ਼ੁਰ ਨੇ ਰਚੇ ਹਨ। ਸ਼ੈਤਾਨ ਨੇ ਕਿਸੇ ਅਨੰਦ ਜਾਂ ਸੁੱਖ ਦੀ ਰਚਨਾ ਨਹੀਂ ਕੀਤੀ ਹੈ; ਇਹ ਸਭ ਪਰਮੇਸ਼ੁਰ ਨੇ ਰਚਿਆ ਹੈ। ਸ਼ੈਤਾਨ

ਸਿਰਫ਼ ਵਿਗੜੇ ਹੋਏ ਰੂਪ ਦੇ ਵਿੱਚ ਸੁੱਖਾਂ ਦਾ ਪ੍ਰਸਤਾਵ ਦੇ ਸਕਦਾ ਹੈ ਜੋ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਹਨ। ਅਸਲ ਦੇ ਵਿੱਚ, ਸ਼ੈਤਾਨ ਕਿਸੇ ਵੀ ਚੀਜ਼ ਦੀ ਰਚਨਾ ਨਹੀਂ ਕਰ ਸਕਦਾ; ਉਹ ਸਿਰਫ਼ ਪਰਮੇਸ਼ੁਰ ਦੁਆਰਾ ਬਣਾਈਆਂ ਹੋਈਆਂ ਵਸਤਾਂ ਨੂੰ ਵਿਗਾੜ ਸਕਦਾ ਹੈ।

ਕੁਝ ਦੁਸ਼ਟ ਆਤਮਾਵਾਂ ਪ੍ਰਤੱਖ ਤੌਰ ਤੇ ਕੁਝ ਖਾਸ ਇਲਾਕਿਆਂ ਜਾਂ ਲੋਕਾਂ ਦੇ ਸਮੂਹਾਂ ਦੇ ਧਿਆਨ ਲਗਾਉਂਦੀਆਂ ਹਨ। ਜਿਵੇਂ ਮੀਕਾਏਲ ਸਵਰਗਦੂਤ ਨੂੰ ਉਹ ਪ੍ਰਧਾਨ ਕਿਹਾ ਗਿਆ ਹੈ ਜੋ ਇਸਰਾਏਲ ਦੇ ਲੋਕਾਂ ਦੀ ਸੁਰੱਖਿਆ ਕਰਦਾ ਹੈ, ਕੁਝ ਅਜਿਹੀਆਂ ਦੁਸ਼ਟ ਆਤਮਾਵਾਂ ਹਨ ਜਿੰਨ੍ਹਾਂ ਨੂੰ ਫ਼ਾਰਸ ਅਤੇ ਯੂਨਾਨ ਦੇ ਪ੍ਰਧਾਨ ਕਿਹਾ ਗਿਆ ਹੈ (ਦਾਨੀਏਲ 10:13, 20)। ਕੁਝ ਆਤਮਾਵਾਂ ਰਾਸ਼ਟਰਾਂ ਦੇ ਦੇਵਤੇ ਬਣ ਜਾਂਦੇ ਹਨ।

ਸ਼ੈਤਾਨ ਅਰਾਧਨਾ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ। (ਪੜ੍ਹੋ ਮੱਤੀ 4:9)। ਦੁਸ਼ਟ ਆਤਮਾਵਾਂ ਝੂਠੇ ਧਰਮਾਂ ਦੇ ਦੁਆਰਾ ਕੰਮ ਕਰਦੀਆਂ ਹਨ। ਬਾਈਬਲ ਸਾਨੂੰ ਦੱਸਦੀ ਹੈ ਕਿ ਜਦੋਂ ਲੋਕ ਮੂਰਤੀਆਂ ਦੀ ਪੂਜਾ ਕਰਦੇ ਹਨ ਤਾਂ ਉਹ ਦੁਸ਼ਟ ਆਤਮਾਵਾਂ ਦੀ ਪੂਜਾ ਕਰ ਰਹੇ ਹੁੰਦੇ ਹਨ। (ਪੜ੍ਹੋ ਬਿਵਸਥਾਸਾਰ 32:17; 1 ਕੁਰਿੰਥੀਆਂ ਨੂੰ 10:20-21)। ਦੁਸ਼ਟ ਆਤਮਾਵਾਂ ਅਜਿਹੇ ਲੋਕਾਂ ਦੀ ਅਰਾਧਨਾ ਦੇ ਪ੍ਰਤੀ ਪ੍ਰਤੀਕਿਰਿਆ ਕਰਦੇ ਹਨ ਜਿੰਨ੍ਹਾਂ ਇਹ ਪਤਾ ਨਹੀਂ ਹੁੰਦਾ ਕਿ ਉਹ ਕਿਸਦੀ ਅਰਾਧਨਾ ਕਰ ਰਹੇ ਹਨ। ਜਿਵੇਂ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਪਰਮੇਸ਼ੁਰ ਜਿਹੇ ਬਣ ਜਾਂਦੇ ਹਨ ਅਤੇ ਪਵਿੱਤਰਤਾਈ ਦੇ ਵਿੱਚ ਖੁਸ਼ ਹੁੰਦੇ ਹਨ, ਇਸੇ ਪ੍ਰਕਾਰ ਦੁਸ਼ਟ ਆਤਮਾਵਾਂ ਦੀ ਅਰਾਧਨਾ ਕਰਨ ਵਾਲੇ ਹੋਰ ਜਿਆਦਾ ਦੁਸ਼ਟ ਬਣ ਜਾਂਦੇ ਹਨ ਅਤੇ ਦੁਸ਼ਟਤਾ ਦੇ ਵਿੱਚ ਪ੍ਰਸੰਨ ਹੁੰਦੇ ਹਨ। ਸ਼ਾਇਦ ਹੁਣ ਤੱਕ ਹੋਈ ਸਭ ਤੋਂ ਪੂਰੀ ਅਰਾਧਨਾ ਉਹ ਸੀ ਜਿਸ ਵਿੱਚ ਲੋਕ ਭੂਤਾਂ ਦੇ ਅੱਗੇ ਆਪਣੇ ਬੱਚਿਆਂ ਦੀ ਬਲੀ ਦਿੰਦੇ ਹਨ। (ਪੜ੍ਹੋ ਜ਼ਬੂਰਾਂ ਦੀ ਪੋਥੀ 106:37-38)।

ਸ਼ੈਤਾਨ ਅਤੇ ਹੋਰ ਭੂਤ ਲੋਕਾਂ ਦੇ ਮਨਾਂ ਅਤੇ ਵਿਵਹਾਰ ਨੂੰ ਪੂਰੀ ਤਰ੍ਹਾਂ ਕਾਬੂ ਵਿੱਚ ਲਿਆਉਣ ਦਾ ਯਤਨ ਕਰਦੇ ਹਨ। ਇਸ ਨੂੰ "ਦੁਸ਼ਟ ਆਤਮਾ ਦੁਆਰਾ ਜਕੜੇ ਜਾਣਾ" ਕਿਹਾ ਜਾਂਦਾ ਹੈ। ਕੁਝ ਲੋਕ ਖੁਦ ਆਪਣੇ ਆਪ ਨੂੰ ਇਸਦੇ ਵਿੱਚ ਫਸਾ ਲੈਂਦੇ ਹਨ; ਅਤੇ ਸ਼ਾਇਦ ਕੁਝ ਲੋਕਾਂ ਨੇ ਇਸਦੀ ਪਹਿਚਾਣ ਕੀਤੇ ਬਿਨਾਂ ਇਸਨੂੰ ਆਪਣੇ ਜੀਵਨਾਂ ਵਿੱਚ ਪ੍ਰਵਾਨਗੀ ਦੇ ਦਿੰਦੇ ਹਨ। ਕੁਝ ਲੋਕ ਹੌਲੀ ਹੌਲੀ ਇਸਦੇ ਵਿੱਚ ਗਏ ਹਨ, ਇਹ ਸੋਚਦੇ ਹੋਏ ਕਿ ਉਹ ਆਪਣੇ ਮਕਸਦਾਂ ਨੂੰ ਪੂਰਿਆਂ ਕਰਨ ਦੇ ਲਈ ਸ਼ਕਤੀ ਪ੍ਰਾਪਤ ਕਰ ਰਹੇ ਸਨ। ਦੁਸ਼ਟ ਆਤਮਾ ਨਾਲ ਜਕੜਿਆ ਹੋਇਆ ਵਿਅਕਤੀ ਆਤਮਾਵਾਂ ਦਾ ਗ਼ੁਲਾਮ ਬਣ ਜਾਂਦਾ ਹੈ, ਉਹ ਸਵੈ-ਨਾਸ਼ ਵੱਲ ਵੱਧਦਾ ਹੈ ਅਤੇ ਉਹ ਆਪਣੇ ਮਨ ਅਤੇ ਭਾਵਨਾਵਾਂ ਦੇ ਵਿੱਚ ਭਿਆਨਕ ਪੀੜ ਝੱਲਦਾ ਹੈ (ਪੜ੍ਹੋ ਮਰਕੁਸ 5:2-5)। ਸਿਰਫ਼ ਯਿਸੂ ਹੀ ਕਿਸੇ ਵਿਅਕਤੀ ਨੂੰ ਅਜਿਹੇ ਬੰਧਨ ਤੋਂ ਛੁਟਕਾਰਾ ਦੇ ਸਕਦਾ ਹੈ।

## ਪਰਮੇਸ਼ੁਰ ਦੀ ਜਿੱਤ

ਜਿੰਨ੍ਹਾਂ ਦੇਸ਼ਾਂ ਦੇ ਵਿੱਚ ਸ਼ੁਭਸਮਾਚਾਰ ਵੱਡੇ ਪੱਧਰ ਤੇ ਫੈਲਿਆ ਹੈ, ਉੱਥੇ ਦੁਸ਼ਟ ਆਤਮਾਵਾਂ ਦਾ ਕੰਮ ਅਕਸਰ ਲੁਕਿਆ ਹੋਇਆ ਹੁੰਦਾ ਹੈ। ਇਹ ਹਾਸੋਹੀਣਾ ਹੈ ਕਿ ਇੰਨ੍ਹਾਂ "ਸੱਭਿਅਤ" ਦੇਸ਼ਾਂ ਦੇ ਵਿੱਚ ਹੀ ਲੋਕ ਜਿਆਦਾਤਰ ਲੋਕ ਧਰਮ ਨਿਰਪੱਖ ਜਾਂ ਨਾਸਤਿਕ ਹਨ, ਜੋ ਕਿਸੇ ਵੀ ਆਤਮਿਕ ਸ਼ਕਤੀ ਜਾਂ ਆਤਮਾਵਾਂ ਦੇ ਹੋਣ ਦਾ ਇਨਕਾਰ ਕਰਦੇ ਹਨ। ਅਜਿਹੇ ਹਾਲਾਤਾਂ ਦੇ ਵਿੱਚ, ਦੁਸ਼ਟ ਆਤਮਾਵਾਂ ਖੁੱਲ੍ਹ

ਕੇ ਕੰਮ ਨਹੀਂ ਕਰਦੀਆਂ, ਕਿਉਂਕਿ ਜੇਕਰ ਉਹ ਉਨ੍ਹਾਂ ਲੋਕਾਂ ਨੂੰ ਡਰਾ ਦੇਣ ਜਿੰਨ੍ਹਾਂ ਨੇ ਸ਼ੁਭਸਮਾਚਾਰ ਨੂੰ ਸੁਣਿਆ ਹੋਇਆ ਹੈ ਤਾਂ ਛੁਟਕਾਰੇ ਅਤੇ ਸੁਰੱਖਿਆ ਦੇ ਲਈ ਪਰਮੇਸ਼ੁਰ ਦੇ ਵੱਲ ਮੁੜ ਆਉਣਗੇ।

ਜਿੰਨ੍ਹਾਂ ਦੇਸ਼ਾਂ ਦੇ ਵਿੱਚ ਸ਼ੁਭਸਮਾਚਾਰ ਦੀ ਘੱਟ ਜਾਣਕਾਰੀ ਹੈ, ਉੱਥੇ ਦੁਸ਼ਟ ਆਤਮਾਵਾਮ ਖੁੱਲ੍ਹ ਕੇ ਕੰਮ ਕਰਦੀਆਂ ਹਨ। ਉੱਥੋਂ ਦੇ ਲੋਕ ਇਹ ਨਹੀਂ ਜਾਣਦੇ ਕਿ ਉਹ ਛੁਟਕਾਰੇ ਦੇ ਲਈ ਯਿਸੂ ਦੇ ਕੋਲ ਜਾ ਸਕਦੇ ਹਨ, ਇਸ ਲਈ ਸ਼ੈਤਾਨੀ ਸ਼ਕਤੀਆਂ ਉਨ੍ਹਾਂ ਨੂੰ ਡਰਾਉਂਦੀਆਂ ਹਨ ਅਤੇ ਆਪਣੇ ਅਧੀਨ ਕਰ ਲੈਂਦੀਆਂ ਹਨ। ਲੋਕ ਅਨੰਦ ਅਤੇ ਇੱਛਾ ਦੇ ਨਾਲ ਨਹੀਂ ਸਗੋਂ ਡਰ ਦੇ ਨਾਲ ਆਤਮਾਵਾਂ ਦੀ ਸੇਵਾ ਕਰਦੇ ਹਨ। ਸ਼ੁਭਸਮਾਚਾਰ ਉਨ੍ਹਾਂ ਦੇ ਲਈ ਛੁਟਕਾਰੇ ਅਤੇ ਆਜਾਦੀ ਦੇ ਅਦਭੁੱਤ ਸੰਦੇਸ਼ ਦੇ ਰੂਪ ਵਿੱਚ ਆਉਂਦਾ ਹੈ।

ਸ਼ੈਤਾਨ ਦੇ ਲਗਾਤਾਰ ਹਮਲੇ ਦੇ ਕਾਰਨ, ਅਤੇ ਇੱਕ ਆਤਮਿਕ ਯੁੱਧ ਦੇ ਵਿੱਚ ਹਾਂ। ਸਾਨੂੰ ਇਹ ਯਾਦ ਰੱਖਣ ਦੀ ਚੇਤਾਵਨੀ ਦਿੱਤੀ ਗਈ ਹੈ ਕਿ ਸਾਡੀ ਲੜਾਈ ਆਤਮਿਕ ਸੰਸਾਰ ਦੇ ਵਿੱਚ ਹੈ ਅਤੇ ਕਿਸੇ ਸਰੀਰਕ ਦੁਸ਼ਮਣ ਦੇ ਵਿਰੁੱਧ ਨਹੀਂ ਹੈ। (ਪੜ੍ਹੋ ਅਫ਼ਸੀਆਂ ਨੂੰ 6:12।) ਸਾਨੂੰ ਆਤਮਿਕ ਸ਼ਸਤਰ ਬਸਤਰ ਪਹਿਣਨ ਦੇ ਲਈ ਕਿਹਾ ਗਿਆ ਹੈ, ਤਾਂ ਕਿ ਅਸੀਂ ਆਪਣੀ ਸੁਰੱਖਿਆ ਕਰ ਸਕੀਏ (ਅਫ਼ਸੀਆਂ ਨੂੰ 6:13)। ਅਸੀਂ ਜਿੱਤ ਦਾ ਭਰੋਸਾ ਰੱਖ ਸਕਦੇ ਹਾਂ ਕਿਉਂਕਿ ਸ਼ੈਤਾਨ ਪਰਮੇਸ਼ੁਰ ਦੀ ਉਸ ਸ਼ਕਤੀ ਦਾ ਸਾਹਮਣਾ ਨਹੀਂ ਕਰ ਸਕਦਾ ਜੋ ਸਾਡੇ ਅੰਦਰ ਹੈ, ਜਦੋਂ ਅਸੀਂ ਸ਼ੈਤਾਨ ਦਾ ਸਾਹਮਣਾ ਕਰਾਂਗੇ, ਉਹ ਸਾਡੇ ਕੋਲੋਂ ਨੱਸ ਜਾਏਗਾ (ਯਾਕੂਬ 4:7)।

> "ਜੇਕਰ ਤੁਸੀਂ ਉਸਦਾ ਸਾਹਮਣਾ ਕਰਦੇ ਰਹੋ ਤਾਂ ਸ਼ੈਤਾਨ ਤੁਹਾਨੂੰ ਹਰਾ ਨਹੀਂ ਸਕਦਾ, ਭਾਵੇਂ ਉਹ ਤਾਕਤਵਰ ਹੈ ਪਰ ਪਰਮੇਸ਼ੁਰ ਉਸਨੂੰ ਅਜਿਹੇ ਮਨੁੱਖ ਨੂੰ ਹਰਾਉਣ ਦੀ ਪ੍ਰਵਾਨਗੀ ਨਹੀਂ ਦਿੰਦਾ ਜੋ ਉਸਦਾ ਲਗਾਤਾਰ ਸਾਹਮਣਾ ਕਰਦਾ ਹੈ। ਉਹ ਮਨੁੱਖੀ ਇੱਛਾ ਨਾਲ ਜਬਰਦਸਤੀ ਨਹੀਂ ਕਰ ਸਕਦਾ"
>
> -ਆਡਮ ਕਲਾਰਕ
>
> ਕ੍ਰਿਸਚਨ ਥਿਓਲੋਜੀ
>
> "ਚੰਗੇ ਅਤੇ ਬੁਰੇ ਦੂਤ"

► ਕੀ ਸ਼ੈਤਾਨ ਪਰਮੇਸ਼ੁਰ ਦੇ ਮੁਕਾਬਲੇ ਦਾ ਵਿਰੋਧੀ ਹੈ?

ਸ਼ੈਤਾਨ ਦੇ ਕੋਲ ਮਨੁੱਖਾਂ ਨਾਲੋਂ ਉਨ੍ਹਾਂ ਦੀ ਵਰਤਮਾਨ ਮਰਨਹਾਰ ਸਥਿਤੀ ਨਾਲੋਂ ਕਿਤੇ ਵਧੇਰੇ ਸ਼ਕਤੀ ਹੈ। ਪਰ ਇਹ ਸ਼ਕਤੀ ਪਰਮੇਸ਼ੁਰ ਦੇ ਅੱਗੇ ਕੁਝ ਵੀ ਨਹੀਂ ਹੈ। ਉਸਨੂੰ ਪਰਮੇਸ਼ੁਰ ਦੇ ਮੁਕਾਬਲੇ ਦੇ ਵਿਰੋਧੀ ਵੱਜੋਂ ਨਹੀਂ ਵੇਖਿਆ ਜਾਣਾ ਚਾਹੀਦਾ। ਕੁਝ ਤੱਤ ਗਿਆਨੀ ਸੋਚਦੇ ਹਨ ਸੰਸਾਰ ਦੇ ਵਿੱਚ ਭਲੇ ਅਤੇ ਬੁਰੇ ਦੀ ਸ਼ਕਤੀ ਇੱਕ ਸਮਾਨ ਹੈ। ਇਹ ਸਚਿਆਈ ਤੋਂ ਬਹੁਤ ਦੂਰ ਹੈ। ਸ਼ੈਤਾਨ ਹਰ ਸਥਾਨ ਤੇ ਮੌਜੂਦ ਨਹੀਂ ਹੈ, ਉਹ ਸਭ ਕੁਝ ਨਹੀਂ ਜਾਣਦਾ ਅਤੇ ਗਲ਼ਤੀਆਂ ਕਰਦਾ ਹੈ। ਪਰਮੇਸ਼ੁਰ ਸਾਰੀਆਂ ਆਤਮਾਵਾਂ ਦਾ ਰਚਨਹਾਰਾ ਹੈ, ਉਹ ਉਸਨੂੰ ਹਰਾ ਨਹੀਂ ਸਕਦੀਆਂ। ਜਦੋਂ ਦਿੱਤਾ ਸਮਾਂ ਪੂਰਾ ਹੋ ਗਿਆ,ਸਾਰੀਆਂ ਆਤਮਾਵਾਂ ਦਾ ਪਾਪੀ ਮਨੁੱਖਾਂ ਸਮੇਤ ਨਿਆਂ ਹੋਵੇਗਾ, ਬੰਨ੍ਹੀਆਂ ਜਾਣਗੀਆਂ ਅਤੇ ਸਜ਼ਾ ਦਿੱਤੀ ਜਾਵੇਗੀ।

ਸ਼ੈਤਾਨ ਦੀ ਹਾਰ ਦਾ ਵਾਇਦਾ ਕਾਫੀ ਦੇਰ ਪਹਿਲਾਂ ਕੀਤਾ ਗਿਆ ਸੀ। ਪਰਮੇਸ਼ੁਰ ਨੇ ਅਜਿਹਾ ਮੁਕਤੀਦਾਤਾ ਭੇਜਣ ਦਾ ਵਾਇਦਾ ਕੀਤਾ ਜੋ ਸੱਪ ਦੇ ਸਿਰ ਨੂੰ ਮਿੱਧ ਸੁੱਟੇਗਾ (ਉਤਪਤ 3:15)। ਯਿਸੂ ਸ਼ੈਤਾਨ ਦੇ ਕੰਮ ਦਾ ਨਾਸ਼ ਕਰਨ ਆਤੇ ਸਾਨੂੰ ਪਾਪ ਤੇ ਜਿੱਤ ਦੇਣ ਦੇ ਲਈ ਆਇਆ (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 3:8)। ਯਿਸੂ ਆਪਣੀ ਮੌਤ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਦੁਆਰਾ ਸ਼ੈਤਾਨ ਨੂੰ ਮੌਤ ਤੇ ਅਧਿਕਾਰ ਰੱਖਣ ਦੀ ਪ੍ਰਵਾਨਗੀ ਨਹੀਂ ਦਿੰਦਾ (ਇਬਰਾਨੀਆਂ ਨੂੰ 2:14; ਪਰਕਾਸ਼ ਦੀ ਪੋਥੀ 1:18)। ਸ਼ੈਤਾਨ ਅਤੇ ਉਸਦੀਆਂ ਦੁਸ਼ਤ ਆਤਮਾਵਾਂ ਦੀ ਅੰਤਿਮ ਮੰਜ਼ਿਲ ਅੱਗ ਦੀ ਝੀਲ ਹੈ। (ਪੜ੍ਹੋ ਮੱਤੀ 25:41)।

ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਸ਼ੈਤਾਨ ਦੇ ਕੰਮ ਨੂੰ ਸੀਮਿਤ ਕੀਤਾ ਹੋਇਆ ਹੈ (ਅੱਯੂਬ 1:12, ਅੱਯੂਬ 2:6)। ਇਸਦਾ ਅਰਥ ਹੈ ਕਿ ਸਾਨੂੰ ਇਸ ਡਰ ਦੇ ਵਿੱਚ ਜਿਉਣ ਦੀ ਜਰੂਰਤ ਨਹੀਂ ਹੈ ਕਿ ਸ਼ੈਤਾਨ ਸਾਡੇ ਨਾਲ ਕੀ ਕਰ ਸਕਦਾ ਹੈ। ਜਦੋਂ ਤੱਕ ਪਰਮੇਸ਼ੁਰ ਪ੍ਰਵਾਨਗੀ ਨਾ ਦੇਵੇ ਉਦੋਂ ਤੱਕ ਕੁਝ ਵੀ ਨਹੀਂ ਹੋ ਸਕਦਾ, ਅਤੇ ਪਰਮੇਸ਼ੁਰ ਜਾਣਦਾ ਹੈ ਕਿ ਅਸੀਂ ਕਿੰਨਾ ਝੱਲ ਸਕਦੇ ਹਾਂ (1 ਕੁਰਿੰਥੀਆਂ ਨੂੰ 10:13)।

ਸਾਨੂੰ ਸਿਰਫ਼ ਸ਼ੈਤਾਨ ਦੇ ਹਮਲਿਆਂ ਦੇ ਵਿਰੁੱਧ ਸੁਰੱਖਿਆ ਹੀ ਨਹੀਂ ਦਿੱਤੀ ਗਈ ਹੈ, ਪਰ ਸਾਡੇ ਕੋਲ ਇਹ ਸ਼ਕਤੀ ਵੀ ਹੈ ਕਿ ਅਸੀਂ ਸ਼ੈਤਾਨ ਦੇ ਵਿਰੁੱਧ ਜਾ ਕੇ ਪਰਮੇਸ਼ੁਰ ਦੇ ਰਾਜ ਨੂੰ ਵਧਾ ਸਕਦੇ ਹਾਂ। ਯਿਸੂ ਨੇ ਸਿਰਫ਼ ਰਸੂਲਾਂ ਨੂੰ ਹੀ ਨਹੀਂ ਸਗੋਂ ਆਪਣੇ ਹੋਰਾਂ ਚੇਲਿਆਂ ਨੂੰ ਸ਼ਕਤੀ ਦਿੱਤੀ, ਕਿ ਉਹ ਦੁਸ਼ਟ ਆਤਮਾਵਾਂ ਨੂੰ ਕੱਢ ਸਕਣ (ਪੜ੍ਹੋ ਲੂਕਾ 10:17)। ਜਦੋਂ ਅਸੀਂ ਸ਼ੁਭਸਮਾਚਾਰ ਦਾ ਪ੍ਰਚਾਰ ਕਰਦੇ ਹਾਂ, ਪਰਮੇਸ਼ੁਰ ਆਪਣੀ ਸਚਿਆਈ ਨੂੰ ਸ਼ਕਤੀ ਦਿੰਦਾ ਹੈ ਅਤੇ ਉਹ ਸ਼ੁਭਸਮਾਚਾਰ ਤੇ ਵਿਸ਼ਵਾਸ ਕਰਨ ਵਾਲਿਆਂ ਨੂੰ ਛੁਟਕਾਰਾ ਦਿੰਦਾ ਹੈ।

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਆਤਮਿਕ ਸੰਸਾਰ ਦੇ ਵਿੱਚ ਗ਼ਲਤ ਤਰ੍ਹਾਂ ਦੀ ਰੁਚੀ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਕੁਝ ਲੋਕ ਆਤਮਿਕ ਸੰਸਾਰ ਵੱਲ ਬਹੁਤ ਜਿਆਦਾ ਆਕਰਸ਼ਤ ਹੁੰਦੇ ਹਨ। ਉਹ ਦੂਤਾਂ ਦਾ ਅਧਿਐਨ ਕਰਦੇ ਹਨ ਅਤੇ ਉਹ ਉਨ੍ਹਾਂ ਦੇ ਨਾਲ ਸੰਪਰਕ ਕਰਨ ਦਾ ਯਤਨ ਵੀ ਕਰ ਸਕਦੇ ਹਨ। ਬਾਈਬਲ ਸਾਨੂੰ ਕਦੇ ਵੀ ਕਿਸੇ ਦੂਤ ਦੇ ਅੱਗੇ ਪ੍ਰਾਰਥਨਾ ਕਰਨ ਜਾਂ ਉਨ੍ਹਾਂ ਦੇ ਨਾਲ ਸੰਬੰਧ ਰੱਖਣ ਦਾ ਯਤਨ ਕਰਨ ਦੇ ਲਈ ਨਹੀਂ ਕਹਿੰਦੀ। ਬਾਈਬਲ ਸਾਨੂੰ ਉਨ੍ਹਾਂ ਦੀ ਅਰਾਧਨਾ ਨਾ ਕਰਨ ਦੀ ਅਤੇ ਲੋੜ ਤੋਂ ਵੱਧ ਉਨ੍ਹਾਂ ਬਾਰੇ ਜਾਣਕਾਰੀ ਲੈਣ ਦਾ ਯਤਨ ਕਰਨ ਦੇ ਵਿਰੁੱਧ ਚੇਤਾਵਨੀ ਦਿੰਦੀ ਹੈ (ਕੁਲੁੱਸੀਆਂ ਨੂੰ 2:18)।

ਜੇਕਰ ਕੋਈ ਵਿਅਕਤੀ ਦੁਸ਼ਟ ਆਤਮਾਵਾਂ ਦੇ ਵਿੱਚ ਬਹੁਤ ਜਿਆਦਾ ਰੁਚੀ ਰੱਖਣ ਲੱਗ ਜਾਏ ਤਾਂ ਫਿਰ ਇਹ ਹੋਰ ਵੀ ਜਿਆਦਾ ਖ਼ਤਰਨਾਕ ਹੋ ਜਾਂਦਾ ਹੈ। ਕੁਝ ਲੋਕ ਉਨ੍ਹਾਂ ਦੀ ਸ਼ਕਤੀ ਅਤੇ ਕੰਮਾਂ ਕਰਕੇ ਉਨ੍ਹਾਂ ਦੇ ਵੱਲ ਆਕਰਸ਼ਤ ਹੋ ਜਾਂਦੇ ਹਨ। ਕੁਝ ਅਜਿਹੀਆਂ ਖੇਡਾਂ ਹਨ ਜਿੰਨ੍ਹਾਂ ਦੁਆਰਾ ਆਤਮਾਵਾਂ ਦੇ ਨਾਲ ਸੰਪਰਕ ਸਾਧਿਆ ਜਾਂਦਾ ਹੈ। ਅਜਿਹੀਆਂ ਵਿਧੀਆਂ ਹਨ ਜਿੰਨ੍ਹਾਂ ਦੁਆਰਾ ਲੋਕ ਆਤਮਾਵਾਂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਨ। ਸਾਨੂੰ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਦੁਸ਼ਟ ਆਤਮਾਵਾਂ ਦਾ ਸਾਹਮਣਾ ਕਰਨ ਤੋਂ ਇਲਾਵਾ ਉਨ੍ਹਾਂ ਦੇ ਨਾਲ ਕਿਸੇ ਹੋਰ ਕੰਮ ਵਿੱਚ ਸ਼ਾਮਿਲ ਨਹੀਂ ਹੋਣਾ ਚਾਹੀਦਾ (ਯਾਕੂਬ 4:7, ਪਤਰਸ ਦੀ ਪਹਿਲੀ ਪੱਤ੍ਰੀ 5:8-9)।

ਕੁਝ ਲੋਕਾਂ ਨੇ ਆਤਮਾਵਾਂ ਦੇ ਸੰਸਾਰ ਅਤੇ ਉਨ੍ਹਾਂ ਦੇ ਕੰਮਾਂ ਬਾਰੇ ਬਹੁਤ ਵਿਖਿਆਤਮਕ ਅਤੇ ਗੁੰਝਲਦਾਰ ਵਿਆਖਿਆਵਾਂ ਵਿਕਸਿਤ ਕੀਤੀਆਂ ਹਨ। ਪਰ, ਪਰਮੇਸ਼ੁਰ ਨੇ ਬਾਈਬਲ ਦੇ ਵਿੱਚ ਆਤਮਾਵਾਂ ਦੇ ਸੰਸਾਰ ਬਾਰੇ ਉਨੀ ਹੀ ਜਾਣਕਾਰੀ ਦਿੱਤੀ ਜਿੰਨ੍ਹੀ ਸਾਨੂੰ ਜਾਣਨ ਦੀ ਜਰੂਰਤ ਹੈ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਪਰਮੇਸ਼ੁਰ ਨੇ ਸਾਰੀਆਂ ਆਤਮਾਵਾਂ ਨੂੰ ਰਚਿਆ ਹੈ। ਪਵਿੱਤਰ ਸਵਰਗਦੂਤ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ ਅਤੇ ਵਿਸ਼ਵਾਸੀਆਂ ਦੀ ਸੁਰੱਖਿਆ ਕਰਦੇ ਹਨ। ਉਨ੍ਹਾਂ ਨੇ ਨੈਤਿਕ ਚੋਣਾਂ ਕੀਤੀਆਂ ਹਨ। ਸਵਰਗਦੂਤ ਅਮਰ ਹਨ, ਉਹ ਵਿਅਕਤੀਗਤ ਪ੍ਰਾਣੀ ਹਨ ਜੋ ਬੋਲ ਸਕਦੇ ਹਨ, ਅਰਾਧਨਾ ਅਤੇ ਤਰਕ ਕਰ ਸਕਦੇ ਹਨ। ਸ਼ੈਤਾਨ ਅਤੇ ਉਸਦੇ ਨਾਲ ਕੁਝ ਦੂਤ ਪਾਪ ਦੇ ਵਿੱਚ ਡਿੱਗ ਪਏ ਅਤੇ ਉਹ ਪਰਮੇਸ਼ੁਰ ਅਤੇ ਮਨੁੱਖਤਾ ਦੇ ਦੁਸ਼ਮਣ ਹਨ। ਪਰਮੇਸ਼ੁਰ ਸ਼ੈਤਾਨ ਦੀ ਸ਼ਕਤੀ ਨੂੰ ਸੀਮਿਤ ਰੱਖਦਾ ਹੈ ਅਤੇ ਉਸਨੇ ਉਸਨੂੰ ਸਦੀਪਕ ਸਜ਼ਾ ਸੁਣਾਈ ਹੋਈ ਹੈ।

## ਪਾਠ 6 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਮੱਤੀ 12:43-45
- ਲੂਕਾ 8:27-35
- ਰਸੂਲਾਂ ਦੇ ਕਰਤੱਬ 12:7-11
- 2 ਕੁਰਿੰਥੀਆਂ ਨੂੰ 11:13-15
- ਪਤਰਸ ਦੀ ਪਹਿਲੀ ਪੱਤ੍ਰੀ 5:8-9

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 6 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 6 ਦੀ ਪ੍ਰੀਖਿਆ

(1) ਅਸੀਂ ਕਿਵੇਂ ਜਾਣਦੇ ਹਾਂ ਕਿ ਸਵਰਗਦੂਤ ਆਮ ਤੌਰ ਤੇ ਸ਼ਰੀਰਕ ਦੇਹ ਨਹੀਂ ਰੱਖਦੇ?

(2) ਸਵਰਗਦੂਤ ਕਦੋਂ ਰਚੇ ਗਏ ਸਨ?

(3) ਕੀ ਸਵਰਗਦੂਤ ਮਰਦੇ ਹਨ?

(4) ਚਾਰ ਤਰੀਕੇ ਲਿਖੋ ਜਿਨ੍ਹਾਂ ਨਾਲ ਅਸੀਂ ਜਾਣਦੇ ਹਾਂ ਕਿ ਸਵਰਗਦੂਤਾਂ ਦੇ ਕੋਲ ਵਿਅਕਤੀਤਵ ਹੈ।

(5) ਬਾਈਬਲ ਵਿੱਚ ਸਵਰਗਦੂਤਾਂ ਲਈ ਵਰਤੇ ਗਏ ਚਾਰ ਸ਼ਬਦ ਲਿਖੋ।

(6) ਸਵਰਗਦੂਤ ਪਰਮੇਸ਼ੁਰ ਦੀ ਸੇਵਾ ਕਰਨ ਵਾਲਿਆਂ ਲਈ ਕੀ ਕਰਦੇ ਹਨ?

(7) ਦੁਸ਼ਟ ਆਤਮਾਵਾਂ ਦਾ ਅਰੰਭ ਕੀ ਹੈ?

(8) ਮੂਰਤੀ ਪੂਜਕ ਅਸਲ ਵਿੱਚ ਕਿਸਦੀ ਅਰਾਧਨਾ ਕਰ ਰਿਹਾ ਹੁੰਦਾ ਹੈ?

(9) ਸ਼ੈਤਾਨ ਅਤੇ ਹੋਰ ਦੁਸ਼ਟ ਆਤਮਾਵਾਂ ਦੀ ਅੰਤਿਮ ਮੰਜ਼ਿਲ ਕੀ ਹੈ?

(10) ਵਿਸ਼ਵਾਸੀਆਂ ਨੂੰ ਆਤਮਿਕ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਲਈ ਕੀ ਕਰਨਾ ਚਾਹੀਦਾ ਹੈ?

# ਪਾਠ 7

# ਮਸੀਹ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਯਿਸੂ ਦੇ ਮਸੀਹ ਹੋਣ ਦਾ ਕੀ ਅਰਥ ਹੈ।
- "ਪ੍ਰਭੂ ਯਿਸੂ ਮਸੀਹ ਦੀ" ਵਾਕ ਦੇ ਵਿੱਚ ਵਿਸ਼ਵਾਸ ਕਥਨ
- ਯਿਸੂ ਦੀ ਮਨੁੱਖਤਾਈ ਦਾ ਪ੍ਰਮਾਣ ਅਤੇ ਮਹੱਤਵ।
- ਯਿਸੂ ਦੀ ਈਸ਼ਵਰਤਾਈ ਦਾ ਪ੍ਰਮਾਣ ਅਤੇ ਮਹੱਤਵ।
- ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਦੀ ਮੌਤ ਦਾ ਕਾਫੀ ਹੋਣਾ।
- ਮਸੀਹੀ ਵਿਸ਼ਵਾਸ ਦੇ ਲਈ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦਾ ਮਹੱਤਵ।
- ਮਸੀਹ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਸਿੱਖਣਗੇ ਕਿ ਦੂਸਰੇ ਧਰਮਾਂ ਦੇ ਲੋਕ ਮਸੀਹ ਦੇ ਬਾਰੇ ਕੀ ਕਹਿੰਦੇ ਹਨ।

## ਜਾਣ-ਪਛਾਣ

► ਪਰਕਾਸ਼ ਦੀ ਪੋਥੀ 5:11-14 ਨੂੰ ਮਿਲ ਕੇ ਪੜ੍ਹੋ। ਇਹ ਵਚਨ ਸਾਨੂੰ ਯਿਸੂ ਦੇ ਬਾਰੇ ਕੀ ਦੱਸਦਾ ਹੈ?

## ਝੂਠੇ ਮਸੀਹ

ਬਾਈਬਲ ਭਵਿੱਖ ਬਾਣੀ ਕਰਦੀ ਹੈ ਕਿ ਅੰਤ ਦੇ ਦਿਨਾਂ ਵਿੱਚ ਝੂਠੇ ਮਸੀਹ ਅਤੇ ਝੂਠੇ ਨਬੀ ਬਹੁਤ ਸਾਰੇ ਲੋਕਾਂ ਨੂੰ ਧੋਖਾ ਦੇਣਗੇ। ਬਹੁਤ ਸਾਰੇ ਲੋਕ ਆਪਣਾ ਵਿਸ਼ਵਾਸ ਕਾਲਪਨਿਕ ਅਤੇ ਝੂਠੇ ਮਸੀਹਾਂ ਤੇ ਲਿਆ ਰਹੇ ਹਨ ਜੋ ਉਨ੍ਹਾਂ ਨੂੰ ਬਚਾ ਨਹੀਂ ਸਕਦੇ। ਤੁਸੀਂ ਦੋ ਅਜਿਹੇ ਮਸੀਹਾਂ ਦੇ ਨਾਲ ਮਿਲੋਗੇ ਜਿੰਨ੍ਹਾਂ ਦੀ ਜਾਣ-ਪਛਾਣ ਤੁਹਾਨੂੰ ਮੋਰਮੋਨਜ਼ ਅਤੇ ਯਹੋਵਾਹ ਵਿਟਨੈਸ ਦੇ ਦੁਆਰਾ ਕਰਾਈ ਜਾਂਦੀ ਹੈ।

### ਮੋਰਮੋਨਜ਼ ਦਾ ਯਿਸੂ

ਜੇਕਰ ਕੋਈ ਮੋਰਮੋਨ ਕਦੇ ਤੁਹਾਡਾ ਦਰਵਾਜਾ ਖੜਕਾਏ, ਤਾਂ ਉਹ ਅਜਿਹੇ ਯਿਸੂ ਨੂੰ ਲਿਆਏਗਾ ਜੋ ਲੂਸੀਫ਼ਰ ਦਾ ਆਤਮਿਕ ਭਰਾ ਹੈ। ਮੋਰਮੋਨਜ਼ ਸਿਖਾਉਂਦੇ ਹਨ ਕਿ ਯਿਸੂ ਉਨ੍ਹਾਂ ਲੱਖਾਂ ਆਤਮਿਕ ਬੱਚਿਆਂ ਦੇ ਵਿੱਚੋਂ ਇੱਕ ਹੈ ਜਿਸਨੂੰ ਸਾਡੇ "ਆਤਮਿਕ ਪਿਤਾ" ਅਤੇ "ਆਤਮਿਕ ਮਾਤਾ" ਨੇ ਬ੍ਰਹਿਮੰਡ ਦੇ ਵਿੱਚ ਲਿਆਂਦਾ ਹੈ। ਮੋਰਮੋਨਜ਼ ਦੇ ਅਨੁਸਾਰ ਜਦੋਂ ਯਿਸੂ ਇਸ ਸੰਸਾਰ ਤੇ ਸੀ ਤਾਂ ਉਸਦੀਆਂ ਬਹੁਤ

ਸਾਰੀਆਂ ਪਤਨੀਆਂ ਸਨ। ਜਿੰਨ੍ਹਾਂ ਦੇ ਵਿੱਚੋਂ ਮਰੀਅਮ ਮਗਦਲੀਨੀ ਇੱਕ ਹੈ। ਉਸਦੀ ਮੌਤ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਤੋਂ ਬਾਅਦ ਉਹ ਸਥਾਨਕ ਅਮਰੀਕੀਆਂ ਨੂੰ ਪ੍ਰਚਾਰ ਕਰਨ ਦੇ ਲਈ ਅਮਰੀਕਾ ਦੇ ਵਿੱਚ ਗਿਆ।

### ਯਹੋਵਾਹ ਵਿਟਨੈਸ ਦਾ ਯਿਸੂ

ਯਹੋਵਾਹ ਵਿਟਨੈਸ ਦੇ ਲੋਕ ਤੁਹਾਨੂੰ ਕਹਿਣਗੇ ਕਿ ਯਿਸੂ ਮਹਾਂ-ਦੂਤ ਮੀਕਾਏਲ ਹੈ, ਉਹ ਸਭ ਤੋਂ ਪਹਿਲਾਂ ਰਚਿਆ ਹੋਇਆ ਪ੍ਰਾਣੀ ਹੈ, ਜੋ ਮਨੁੱਖ ਬਣਿਆ ਅਤੇ ਸਲੀਬ ਦੀ ਜਗ੍ਹਾਂ ਇੱਕ ਸਿੱਧੀ ਲੱਕੜ ਤੇ ਮਰਿਆ। ਉਹ ਇੱਕ ਆਤਮਿਕ ਪ੍ਰਾਣੀ ਵੱਜੋਂ ਜਿਉਂਦਾ ਕੀਤਾ ਗਿਆ, ਫਿਰ ਤੋਂ ਮਹਾਂ-ਦੂਤ ਮੀਕਾਏਲ ਬਣ ਗਿਆ, ਜਦਕਿ ਉਸਦਾ ਸਰੀਰ ਗੈਸਾਂ ਦੇ ਵਿੱਚ ਘੁਲ ਗਿਆ।

## ਅਸਲ ਯਿਸੂ

ਮੈਨੂੰ ਯਕੀਨ ਹੈ ਕਿ ਤੁਸੀਂ ਸਮਝ ਗਏ ਹੋ ਕਿ ਇੰਨ੍ਹਾਂ ਝੂਠੇ ਵਿਸ਼ਵਾਸੀਆਂ ਦੇ ਕੋਲ ਬਾਈਬਲ ਦੇ ਯਿਸੂ ਨਾਲੋਂ ਅਲੱਗ ਹੀ ਯਿਸੂ ਹੈ, ਪਰ ਕੀ ਤੁਸੀਂ ਸੱਚੇ, ਬਾਈਬਲ ਆਧਾਰਿਤ ਯਿਸੂ ਦਾ ਵਰਣਨ ਕਰ ਸਕਦੇ ਹੋ? ਲੱਖਾਂ ਲੋਕਾਂ ਦੇ ਕੋਲ ਯਿਸੂ ਦੇ ਬਾਰੇ ਗ਼ਲਤ ਦਿਮਾਗੀ ਧਾਰਨਾ ਹੈ, ਇੱਕ ਅਜਿਹਾ ਯਿਸੂ ਜੋ ਉਨ੍ਹਾਂ ਨੂੰ ਬਚਾ ਨਹੀਂ ਸਕਦਾ।

ਤੁਹਾਡੇ ਲਈ ਇਹ ਜਰੂਰੀ ਹੈ ਕਿ ਤੁਸੀਂ ਦੇ ਬਾਰੇ ਆਪਣੇ ਵਿਸ਼ਵਾਸ ਦੇ ਵਿੱਚ ਪੱਕੇ ਹੋ ਜਾਉ ਤਾਂ ਕਿ ਤੁਸੀਂ ਧੋਖਾ ਨਾ ਖਾਉ, ਅਤੇ ਤਾਂ ਕਿ ਤੁਸੀਂ ਹੋਰਾਂ ਨੂੰ ਉਸਦੀ ਜਾਣ-ਪਛਾਣ ਕਰਵਾ ਸਕੋ।

*ਕਲਾਸ ਦੇ ਆਗੂ ਲਈ ਸੂਚਨਾ: ਇਸ ਜਾਣਕਾਰੀ ਦੇ ਲਈ ਕੀ ਦੂਸਰੇ ਧਰਮ ਮਸੀਹ ਦੇ ਬਾਰੇ ਕੀ ਸਿਖਾਉਂਦੇ ਹਨ, ਪਾਠ ਦੇ ਅੰਤ ਵਿੱਚ ਉਸ ਭਾਗ ਨੂੰ ਵੇਖੋ "ਦੂਸਰੇ ਧਰਮ ਕੀ ਕਹਿੰਦੇ ਹਨ।"*

### ਯਿਸੂ ਮਸੀਹ

► ਮਸੀਹ ਦੇ ਬਾਰੇ ਕੁਝ ਬਾਈਬਲ ਦੀਆਂ ਭਵਿੱਖਬਾਣੀਆਂ ਕਿਹੜੀਆਂ ਹਨ?

ਚਾਰੇ ਸ਼ੁਭਸਮਾਚਾਰ ਯਿਸੂ ਨੂੰ ਇਸਰਾਏਲ ਦੀ ਆਸ ਵਾਲੇ ਮਸੀਹ ਦੇ ਵੱਜੋਂ ਪ੍ਰਸਤੁਤ ਕਰਦੇ ਹਨ। ਮਸੀਹ ਦੇ ਬਾਰੇ ਬਹੁਤ ਸਾਰੀਆਂ ਗੱਲਾਂ ਦੀ ਭਵਿੱਖਬਾਣੀ ਕੀਤੀ ਗਈ ਸੀ। ਉਹ ਰਾਜਾ ਦਾਊਦ ਦੀ ਸੰਤਾਨ ਹੋਵੇਗਾ ਅਤੇ ਇਸ ਲਈ ਉਹ ਰਾਜਾ ਬਣਨ ਦੇ ਯੋਗ ਹੋਵੇਗਾ। ਉਹ ਆਪਣੇ ਲੋਕਾਂ ਨੂੰ ਬੰਧਨ ਅਤੇ ਅੱਤਿਆਚਾਰ ਤੋਂ ਬਚਾਏਗਾ। ਉਹ ਆਪਣੇ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਪਰਮੇਸ਼ੁਰ ਦੇ ਦੁਆਰਾ ਖਾਸ ਤੌਰ ਤੇ ਮਸਹ ਕੀਤਾ ਜਾਵੇਗਾ। ਮਸੀਹ ਸ਼ਬਦ ਦਾ ਅਰਥ ਹੈ "ਮਸਹ ਕੀਤਾ ਹੋਇਆ" ਜੋ ਕਿ ਇਸਰਾਏਲ ਦੇ ਰਾਜਿਆਂ ਦੇ ਲਈ ਸਿਰਲੇਖ ਸੀ।

ਨਵੇਂ ਨੇਮ ਦੇ ਲਿਖੇ ਜਾਣ ਤੱਕ ਪੁਰਾਣੇ ਨੇਮ ਦੇ ਵਿੱਚ ਮਸੀਹ ਦੇ ਬਾਰੇ ਕੁਝ ਬਹੁਤ ਮਹੱਤਵਪੂਰਨ ਵੇਰਵਿਆਂ ਦੀ ਸਪੱਸ਼ਟਤਾ ਨਾਲ ਵਿਆਖਿਆ ਨਹੀਂ ਕੀਤੀ ਗਈ ਸੀ। ਉਸਦੀ ਪ੍ਰਾਥਮਿਕਤਾ ਆਪਣੇ ਲੋਕਾਂ ਨੂੰ ਪਾਪ ਤੋਂ ਬਚਾਉਣਾ ਸੀ। (ਪੜ੍ਹੋ ਮੱਤੀ 1:21; ਲੂਕਾ 1:74-75)। ਉਸਦਾ ਰਾਜ ਧਰਤੀ ਆਧਾਰਿਤ ਨਹੀਂ ਸੀ, ਪਰ ਇਹ ਆਤਮਿਕ ਅਤੇ ਸਵਰਗੀ ਸੀ (ਪੜ੍ਹੋ ਯੂਹੰਨਾ 18:36), ਹਾਲਾਂਕਿ ਅੰਤ

ਦੇ ਵਿੱਚ ਉਸਦਾ ਰਾਜ ਸਾਰੀ ਧਰਤੀ ਤੇ ਹੋਵੇਗਾ (ਫ਼ਿਲਿੱਪੀਆਂ ਨੂੰ 2:10-11; ਪਰਕਾਸ਼ ਦੀ ਪੋਥੀ 19:11-16; ਪਰਕਾਸ਼ ਦੀ ਪੋਥੀ 20:6)।

*ਮਸੀਹ* ਇੱਕ ਇਬਰਾਨੀ ਸ਼ਬਦ ਹੈ। ਯੂਨਾਨੀ ਦੇ ਵਿੱਚ ਇਸਨੂੰ ਕ੍ਰਿਸਟੋਸ ਕਿਹਾ ਜਾਂਦਾ ਹੈ, ਜਿੱਥੋਂ ਸਾਨੂੰ ਕ੍ਰਾਈਸਟ ਸ਼ਬਦ ਮਿਲਦਾ ਹੈ। “ਯਿਸੂ ਮਸੀਹ” ਸ਼ਬਦਾਂ ਤੋਂ ਭਾਵ ਹੈ ਕਿ ਯਿਸੂ ਹੀ ਮਸੀਹ ਹੈ।

## ਯਿਸੂ ਪ੍ਰਭੂ ਹੈ

ਅਰੰਭਿਕ ਕਲੀਸਿਆ *ਪ੍ਰਭੂ* ਸ਼ਬਦ ਦਾ ਉਪਯੋਗ ਇਸ ਭਾਵ ਦੇ ਨਾਲ ਕਰਦੀ ਸੀ ਕਿ ਯਿਸੂਉਹ ਵੱਡਾ ਅਧਿਕਾਰ ਹੈ ਜਿਸਦੇ ਅਧੀਨ ਸਾਨੂੰ ਹੋਣਾ ਚਾਹੀਦਾ ਹੈ। ਜਦੋਂ ਉਹ ਕਹਿੰਦੇ ਸਨ “ਯਿਸੂ ਪ੍ਰਭੂ ਹੈ” ਤਾਂ ਉਹ ਕਹਿ ਰਹੇ ਸਨ ਕਿ ਉਹ ਸਭਨਾਂ ਦਾ ਪ੍ਰਭੂ ਹੈ, ਜੋ ਕਿ ਰਚਨਹਾਰਾ ਅਤੇ ਬ੍ਰਹਿਮੰਡ ਦਾ ਪਰਮੇਸ਼ੁਰ ਹੈ। ਵਿਸ਼ਵਾਸ ਦਾ ਇਹ ਕਥਨ ਮਸੀਹੀਆਂ ਨੂੰ ਵੱਖਰੇ ਕਰਦਾ ਸੀ, ਕਿਉਂਕਿ ਸਿਰਫ਼ ਮਸੀਹੀ ਲੋਕ ਹੀ ਇਹ ਵਿਸ਼ਵਾਸ ਕਰਦੇ ਸਨ ਕਿ ਮਨੁੱਖ ਯਿਸੂ ਜੋ ਧਰਤੀ ਤੇ ਸੀ ਉਹ ਸਭਨਾਂ ਦਾ ਪਰਮੇਸ਼ੁਰ ਵੀ ਸੀ।

> ਮੈਂ ਇੱਕ ਪ੍ਰਭੂ ਯਿਸੂ ਮਸੀਹ ਤੇ ਵਿਸ਼ਵਾਸ ਕਰਦਾ ਹਾਂ... ਜੋ ਸਾਰੇ ਸੰਸਾਰ ਤੋਂ ਪਹਿਲਾਂ ਪਰਮੇਸ਼ੁਰ ਦਾ ਇੱਕਲੌਤਾ ਪੁੱਤਰ ਹੈ, ਪਰਮੇਸ਼ੁਰ ਦਾ ਪਰਮੇਸ਼ੁਰ, ਚਾਣਨ ਦਾ ਚਾਣਨ, ਇੱਕਲੌਤਾ, ਰਚਿਆ ਹੋਇਆ ਨਹੀਂ; ਪਿਤਾ ਦੇ ਨਾਲ ਇੱਕ ਸਮਾਨ; ਜਿਸਦੇ ਦੁਆਰਾ ਸਭ ਵਸਤਾਂ ਰਚੀਆਂ ਗਈਆਂ।”
> - ਨਾਈਸਨ ਵਿਸ਼ਵਾਸ ਕਥਨ

“ਪ੍ਰਭੂ ਯਿਸੂ ਮਸੀਹ” ਸ਼ਬਦ ਬਹੁਤ ਵੱਡਾ ਬਿਆਨ ਬਣਾਉਂਦੇ ਹਨ। ਉਹ ਕਹਿ ਰਹੇ ਹਨ ਕਿ ਯਿਸੂ ਮਸੀਹ ਹੈ ਅਤੇ ਉਹ ਪਰਮੇਸ਼ੁਰ ਵੀ ਹੈ। ਇਹ ਤਿੰਨੇ ਸ਼ਬਦ ਫ਼ਿਲਿੱਪੀਆਂ ਨੂੰ 2:10-11 ਦੇ ਵਿੱਚ ਪਾਏ ਜਾਂਦੇ ਹਨ। ਉਹ ਵਚਨ ਸਾਨੂੰ ਦੱਸਦੇ ਹਨ ਕਿ ਇੱਕ ਅਜਿਹਾ ਸਮਾਂ ਆਏਗਾ ਜਦੋਂ ਸੰਸਾਰ ਦੇ ਵਿੱਚ ਹਰੇਕ ਨੂੰ ਇਕਰਾਰ ਕਰਨਾ ਪਵੇਗਾ ਜੋ ਯਿਸੂ ਮਸੀਹ ਪ੍ਰਭੂ ਹੈ ।

## ਤਿੰਨ ਖਾਸ ਦਿਨ

ਮਸੀਹ ਦੇ ਬਾਰੇ ਸਾਡੇ ਮੁੱਢਲੇ ਵਿਸ਼ਵਾਸਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ, ਜੋ ਤਿੰਨ ਖਾਸ ਦਿਨਾਂ ਦੇ ਨਾਲ ਜੁੜੇ ਹੋਏ ਹਨ।

### ਅਸੀਂ ਉਸਦੇ ਦੇਹ ਧਾਰੀ ਹੋਣ ਦੇ ਕਾਰਨ ਕ੍ਰਿਸਮਸ ਨੂੰ ਮਨਾਉਂਦੇ ਹਾਂ

ਕ੍ਰਿਸਮਸ ਦੇ ਸਮੇਂ ਯਿਸੂ ਦਾ ਕੁਆਰੀ ਦੀ ਕੁੱਖੋਂ ਪੈਦਾ ਹੋਣ ਨੂੰ ਮਨਾਇਆ ਜਾਂਦਾ ਹੈ, ਕਿਉਂਕਿ ਯਿਸੂ ਪਵਿੱਤਰ ਆਤਮਾ ਦੇ ਦੁਆਰਾ ਕੁੱਖ ਵਿੱਚ ਆਏ ਸਨ (ਪੜ੍ਹੋ ਲੂਕਾ 1:34-35।) ਭਾਵੇਂ ਕਿ ਯਿਸੂ ਮਨੁੱਖ ਸੀ ਕਿਉਂਕਿ ਉਹ ਇੱਕ ਔਰਤ ਤੋਂ ਪੈਦਾ ਹੋਇਆ ਸੀ, ਪਰ ਉਹ ਪਰਮੇਸ਼ੁਰ ਵੀ ਸੀ, ਸੰਸਾਰ ਦਾ ਰਚਨਹਾਰਾ ਇਸਦੇ ਵਿੱਚ ਦਾਖਿਲ ਹੋਇਆ। ਇਹ ਅਦਭੁੱਤ ਹੈ ਪਰ ਸੱਚਾ ਹੈ: ਜਦੋਂ ਯਿਸੂ ਛੋਟਾ ਬੱਚਾ ਸੀ, ਤਾਂ ਉਸਦੀ ਮਾਤਾ ਮਰੀਅਮ ਨੇ ਅਜਿਹੇ ਬਾਲਕ ਨੂੰ ਚੁੱਕਿਆ ਜਿਸਨੇ ਉਸਦੀ ਰਚਨਾ ਕੀਤੀ ਸੀ।

ਪਰਮੇਸ਼ੁਰ ਦੇ ਪੁੱਤਰ ਸ਼ਬਸ ਵਿਸ਼ਵਾਸੀਆਂ ਅਤੇ ਸਵਰਗਦੂਤਾਂ ਦੇ ਲਈ ਉਪਯੋਗ ਕੀਤਾ ਹੈ (ਯੂਹੰਨਾ 1:12; ਅੱਯੂਬ 1:6), ਪਰ ਯਿਸੂ ਇੱਕ ਅਨੋਖੇ ਤਰੀਕੇ ਦੇ ਨਾਲ ਪੁੱਤਰ ਹੈ (ਯੂਹੰਨਾ 3:16)। ਉਹ ਇੱਕ ਮਾਤਰ ਅਜਿਹਾ ਵਿਅਕਤੀਤਵ ਹੈ ਜਿਸਦੇ ਵਿੱਚ ਪਿਤਾ ਦਾ

ਸੰਪੂਰਨ ਸੁਭਾਅ ਹੈ। ਉਹ ਪਿਤਾ ਦਾ ਅਜਿਹਾ ਸੰਪੂਰਨ ਸਰੂਪ ਹੈ ਕਿ ਉਹ ਪਿਤਾ ਦੇ ਹੀ ਤਰ੍ਹਾਂ ਪਰਮੇਸ਼ੁਰ ਹੈ (ਪੜ੍ਹੋ ਇਬਰਾਨੀਆਂ ਨੂੰ 1:2-3।)

ਯਿਸੂ ਦੇ ਵਿਅਕਤੀਤਵ ਦੇ ਵਿੱਚ ਪਰਮੇਸ਼ੁਰ ਅਤੇ ਮਨੁੱਖ ਦੋਨਾਂ ਦਾ ਸੁਭਾਅ ਪਾਇਆ ਜਾਂਦਾ ਹੈ। ਇਸਨੂੰ ਦੇਹਧਾਰੀ ਹੋਣਾ ਕਿਹਾ ਜਾਂਦਾ ਹੈ, ਜਿਸ ਤੋਂ ਭਾਵ ਹੈ ਕਿ ਪਰਮੇਸ਼ੁਰ ਮਨੁੱਖੀ ਸਰੀਰ ਧਾਰਨ ਕਰਦਾ ਹੈ, ਮਨੁੱਖ ਬਣਦਾ ਹੈ। ਸਿਰਫ਼ ਯਿਸੂ ਹੀ ਸਾਡਾ ਮੁਕਤੀਦਾਤਾ ਹੋ ਸਕਦਾ ਸੀ ਕਿਉਂਕਿ ਬ੍ਰਹਿਮੰਡ ਉਹ ਇੱਕ ਮਾਤਰ ਅਜਿਹਾ ਵਿਅਕਤੀ ਜੋ ਪਰਮੇਸ਼ੁਰ ਅਤੇ ਮਨੁੱਖ ਦੋਵੇਂ ਹੈ।

### ਯਿਸੂ ਇੱਕ ਮਨੁੱਖ ਹੈ

ਨਵੇਂ ਨੇਮ ਦੇ ਯਿਸੂ ਦੀ ਮਨੁੱਖ ਦੇ ਵੱਜੋਂ ਪਹਿਚਾਣ ਕਰਨੀ ਔਖੀ ਨਹੀਂ ਹੈ। ਉਹ ਮਾਂ ਦੀ ਕੁੱਖ ਵਿੱਚ ਆਇਆ, ਪਲਿਆ, ਸਿੱਖਿਆ ਪਾਈ ਅਤੇ ਇੱਕ ਵਿਅਕਤੀ ਦੀ ਤਰ੍ਹਾਂ ਵੱਡਾ ਹੋਇਆ (ਪੜ੍ਹੋ ਲੂਕਾ 2:52)। ਉਸਨੂੰ ਥਕਾਵਟ ਹੋਈ, ਉਹ ਸੁੱਤਾ, ਪਰਤਾਇਆ ਗਿਆ ਅਤੇ ਪਾਪ ਤੋਂ ਇਲਾਵਾ ਲਗਭਗ ਉਹ ਸਭ ਕੁਝ ਕੀਤਾ ਜੋ ਮਨੁੱਖ ਕਰਦੇ ਹਨ (ਇਬਰਾਨੀਆਂ ਨੂੰ 4:14-15)। ਇੱਥੋਂ ਤੱਕ ਕਿ ਉਹ ਮਰਿਆ ਵੀ। ਉਹ ਸਾਡੇ ਜਿਹਾ ਇੱਕ ਬਣ ਕੇ ਸੱਚਮੁੱਚ ਮਨੁੱਖਜਾਤੀ ਦੇ ਨਾਲ ਇੱਕ ਹੋਇਆ (ਪੜ੍ਹੋ ਯੂਹੰਨਾ 1:14)।

► ਇਹ ਮਹੱਤਵਪੂਰਨ ਕਿਉਂ ਹੈ ਕਿ ਯਿਸੂ ਇੱਕ ਮਨੁੱਖ ਹੈ?

ਕਿਉਂਕਿ ਯਿਸੂ ਇੱਕ ਮਨੁੱਖ ਹੈ:

1. **ਉਸਨੇ ਦੁੱਖ ਝੱਲਿਆ ਅਤੇ ਬਲੀਦਾਨ ਦੇ ਰੂਪ ਵਿੱਚ ਮਰਿਆ** (ਅਫ਼ਸੀਆਂ ਨੂੰ 5:2, ਇਬਰਾਨੀਆਂ ਨੂੰ 7:26-27)। ਜੇਕਰ ਉਹ ਮਨੁੱਖ ਨਾ ਹੋ ਕੇ ਸਿਰਫ਼ ਪਰਮੇਸ਼ੁਰ ਹੁੰਦਾ ਤਾਂ ਉਹ ਸਰੀਰਕ ਰੂਪ ਵਿੱਚ ਦੁੱਖ ਝੱਲ ਕੇ ਮਰ ਨਹੀਂ ਸਕਦਾ ਸੀ।

2. **ਉਸਦਾ ਧਰਮ ਸਾਨੂੰ ਧਰਮੀ ਬਣਾ ਸਕਦਾ ਹੈ ਅਤੇ ਸਾਨੂੰ ਜੀਵਨ ਦਿੰਦਾ ਹੈ।** ਜਦੋਂ ਪਹਿਲੇ ਆਦਮ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਤੋਂ ਅਲੱਗ ਹੋ ਗਿਆ ਤਾਂ ਉਸਨੇ ਸਾਰੀ ਮਨੁੱਖਤਾ ਦੀ ਪ੍ਰਤੀਨਿਧਤਾ ਕੀਤੀ। ਇਸਦੇ ਨਾਲ ਸਭਨਾਂ ਮਨੁੱਖਾਂ ਦੇ ਵਿੱਚ ਮੌਤ ਆਈ। ਯਿਸੂ ਇੱਕ ਪਾਪ ਰਹਿਤ ਜੀਵਨ ਜੀਵਿਆ ਅਤੇ ਉਸਨੇ ਪਰਮੇਸ਼ੁਰ ਦੀਆਂ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ। ਉਹ ਉਨ੍ਹਾਂ ਸਭਨਾਂ ਨੂੰ ਸਦੀਪਕ ਜੀਵਨ ਦਿੰਦਾ ਹੈ ਜੋ ਉਸਦੇ ਨਾਲ ਜੁੜਦੇ ਹਨ। ਉਸਨੂੰ ਪਵਿੱਤਰ ਸ਼ਾਸਤਰ ਦੇ ਵਿੱਚ ਆਖਰੀ ਆਦਮ ਕਿਹਾ ਗਿਆ ਹੈ (1 ਕੁਰਿੰਥੀਆਂ ਨੂੰ 15:22, 45-49; ਰੋਮੀਆਂ ਨੂੰ 5:17-19)।

3. **ਉਹ ਸਾਡਾ ਜਾਜਕ ਹੋ ਸਕਦਾ ਹੈ ਜੋ ਪਰਮੇਸ਼ੁਰ ਦੇ ਅੱਗੇ ਸਾਡੀ ਪ੍ਰਤੀਨਿਧਤਾ ਕਰਦਾ ਹੈ।** ਸਾਡੇ ਵਿਚੋਲੇ ਦੇ ਰੂਪ ਵਿੱਚ, ਉਹ ਸਿਰਫ਼ ਸਾਡੇ ਲਈ ਗੱਲਬਾਤ ਹੀ ਨਹੀਂ ਕਰਦਾ, ਉਹ ਸਾਡੀ ਪ੍ਰਤੀਨਿਧਤਾ ਕਰਦਾ ਹੈ। ਉਸਦੇ ਲਈ ਮਨੁੱਖ ਬਣਨਾ ਜਰੂਰੀ ਸੀ ਸਾਡੇ ਉਹ ਸਾਡੇ ਅਤੇ ਪਰਮੇਸ਼ੁਰ ਦੇ ਵਿਚਾਲੇ ਸੁਲਾਹ ਕਰਵਾ ਸਕੇ (ਪੜ੍ਹੋ ਇਬਰਾਨੀਆਂ ਨੂੰ 2:17।) ਜਾਜਕ ਦੇ ਰੂਪ ਵਿੱਚ ਉਸਦੀ ਭੂਮਿਕਾ ਸਦੀਪਕ ਮੁਕਤੀ ਪ੍ਰਦਾਨ ਕਰਦੀ ਹੈ (ਇਬਰਾਨੀਆਂ ਨੂੰ 5:9, ਇਬਰਾਨੀਆਂ ਨੂੰ 10:5-7)। ਯਿਸੂ ਦੀ ਮਨੁੱਖਤਾ ਸ਼ੁਭਸਮਾਚਾਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 5:1)।

*ਕਲਾਸ ਦੇ ਆਗੂ ਲਈ ਸੂਚਨਾ: ਬਾਈਬਲ ਦੇ ਵਿੱਚ ਯਿਸੂ ਦੇ ਮਨੁੱਖ ਹੋਣ ਦੇ ਹੋਰ ਪ੍ਰਮਾਣ ਦੇ ਲਈ ਇਸ ਪਾਠ ਦੇ ਅੰਤ ਵਿੱਚ ਦਿੱਤੇ "ਯਿਸੂ ਦੇ ਬਾਰੇ ਵਚਨ ਦੇ ਸਬੂਤ" ਭਾਗ ਨੂੰ ਵੇਖੋ।*

### ਯਿਸੂ ਪਰਮੇਸ਼ੁਰ ਹੈ

#### *ਯਿਸੂ ਨੇ ਪਰਮੇਸ਼ੁਰ ਹੋਣ ਦਾ ਦਾਅਵਾ ਕੀਤਾ*

> "ਜਿਵੇਂ ਪਿਤਾ ਮੈਂ ਹਾਂ ਸਮੀਕਰਨ ਦੀ ਵਰਤੋਂ ਕਰਦਾ ਹੈ, ਉਸੇ ਪ੍ਰਕਾਰ ਯਿਸੂ ਵੀ ਕਰਦਾ ਹੈ, ਕਿਉਂਕਿ ਇਹ ਵਿਅਕਤੀਤਵ ਦੀ ਲਗਾਤਾਰ ਹੋਂਦ ਨੂੰ ਦਰਸਾਉਂਦਾ ਜੋ ਸਮੇਂ ਦੁਆਰਾ ਪ੍ਰਭਾਵਿਤ ਨਹੀਂ ਹੁੰਦਾ।"
> ਜੌਨ ਕ੍ਰਿਸੋਸਟੋਮ

ਬਾਈਬਲ ਦਾ ਯਿਸੂ ਇੱਕ ਮਨੁੱਖ ਹੈ ਪਰ ਉਹ ਸਿਰਫ਼ ਮਨੁੱਖ ਨਹੀਂ ਹੈ। ਉਹ ਬ੍ਰਹਿਮੰਡ ਦਾ ਇੱਕ ਅਮਰ (ਅਸੀਮਿਤ) ਪਰਮੇਸ਼ੁਰ ਹੈ। ਯਿਸੂ ਨੇ ਆਪ ਇਸਦਾ ਦਾਅਵਾ ਕੀਤਾ। ਉਸਨੇ ਕਿਹਾ, "ਮੈ ਅਰ ਮੇਰਾ ਪਿਤਾ ਇੱਕੋ ਹਾਂ" (ਯੂਹੰਨਾ 10:30)। ਜਦੋਂ ਉਸਨੇ ਇਹ ਕਿਹਾ, ਤਾਂ ਯਹੂਦੀਆਂ ਨੇ ਉਸਨੂੰ ਪਥਰਾਅ ਕਰਨਾ ਸ਼ੁਰੂ ਕੀਤਾ ਕਿਉਂਕਿ ਉਹ ਸਮਝ ਗਏ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਮਾਨ ਦੱਸ ਰਿਹਾ ਹੈ। ਕੀ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਨਹੀਂ, ਤੁਸੀਂ ਮੈਨੂੰ ਗ਼ਲਤ ਸਮਝਿਆ ਹੈ, ਮੈਂ ਅਸਲ ਦੇ ਵਿੱਚ ਪਰਮੇਸ਼ੁਰ ਨਹੀਂ ਹਾਂ!"? ਨਹੀਂ, ਯਿਸੂ ਨੇ ਉਨ੍ਹਾਂ ਦੁਆਰਾ ਆਪਣੇ ਵਚਨਾਂ ਦੇ ਕੱਢੇ ਅਰਥ ਨੂੰ ਸਵੀਕਾਰ ਕੀਤਾ। ਉਸਨੇ ਸਿਖਾਇਆ ਕਿ ਉਹ ਪਿਤਾ ਪਰਮੇਸ਼ੁਰ ਦੇ ਸਮਾਨ ਹੈ।

ਜਦੋਂ ਯਿਸੂ ਨੇ ਕਿਹਾ, "ਅਬਰਾਹਾਮ ਦੇ ਹੋਣ ਤੋਂ ਪਹਿਲਾਂ ਮੈਂ ਹਾਂ" (ਯੂਹੰਨਾ 8:58) ਤਾਂ ਉਹ ਕੂਚ 3:14 ਵਾਲਾ ਮੈਂ ਹਾਂ ਹੋਣ ਦਾ ਦਾਅਵਾ ਕਰ ਰਿਹਾ ਸੀ, ਬ੍ਰਹਿਮੰਡ ਦਾ ਸਵੈ-ਮੌਜੂਦ ਪਰਮੇਸ਼ੁਰ। ਯਹੂਦੀਆਂ ਉਸਦੇ ਇਸ ਦਾਅਵੇ ਦੇ ਲਈ ਵੀ ਉਸਨੂੰ ਪਥਰਾਅ ਕਰਨ ਦਾ ਯਤਨ ਕੀਤਾ (ਯੂਹੰਨਾ 8:59)।

#### *ਯਿਸੂ ਨੇ ਇਸ ਧਰਤੀ ਤੇ ਰਹਿੰਦੇ ਹੋਏ ਈਸ਼ਵਰੀ ਕੰਮ ਕੀਤੇ।*

ਜਦੋਂ ਯਿਸੂ ਧਰਤੀ ਤੇ ਸੀ ਤਾਂ ਉਸਨੇ ਈਸ਼ਵਰੀ ਕੰਮ ਕੀਤੇ। ਉਸਨੇ ਸਦੀਪਕ ਜੀਵਨ ਦਿੱਤਾ (ਪੜ੍ਹੋ ਯੂਹੰਨਾ 10:28।) ਉਸਨੇ ਪਾਪ ਮਾਫ਼ ਕੀਤੇ (ਮਰਕੁਸ 2:10)। ਇਹ ਅਜਿਹੇ ਕੰਮ ਹਨ ਜੋ ਸਿਰਫ਼ ਪਰਮੇਸ਼ੁਰ ਕਰ ਸਕਦਾ ਹੈ।

ਜਦੋਂ ਯਿਸੂ ਨੇ ਅਧਰੰਗੀ ਦੇ ਪਾਪ ਮਾਫ਼ ਕੀਤੇ, ਤਾਂ ਉਸਨੇ ਇਹ ਸਾਬਿਤ ਕਰਨ ਦੇ ਲਈ ਉਸ ਮਨੁੱਖ ਨੂੰ ਚੰਗਿਆਂ ਕੀਤਾ ਕਿ ਉਸਦੇ ਕੋਲ ਧਰਤੀ ਉੱਤੇ ਪਾਪ ਮਾਫ਼ ਕਰਨ ਦਾ ਇਖ਼ਤਿਆਰ ਹੈ (ਮਰਕੁਸ 2:5, 10-12) । ਇੱਕ ਕੰਮ ਦੂਸਰੇ ਦੇ ਲਈ ਸਬੂਤ ਸੀ, ਜੋ ਇਸ ਗੱਲ਼ ਨੂੰ ਸਪੱਸ਼ਟ ਕਰ ਰਹੇ ਸਨ ਕਿ ਜੇਕਰ ਯਿਸੂ ਸਿਰਫ਼ ਪਰਮੇਸ਼ੁਰ ਦੇ ਦੁਆਰਾ ਸਮਹ ਕੀਤਾ ਹੋਇਆ ਨਬੀ ਹੁੰਦਾ ਤਾਂ ਉਹ ਚੰਗਿਆਈ ਦੇ ਇੰਨੇ ਚਮਤਕਾਰ ਨਹੀਂ ਕਰ ਸਕਦਾ ਸੀ। ਯਿਸੂ ਦੇ ਕੋਲ ਈਸ਼ਵਰੀ ਅਧਿਕਾਰ ਸੀ ਅਤੇ ਉਸਦੇ ਕੋਲ ਮਾਫ਼ ਕਰਨ ਅਤੇ ਚੰਗਿਆਂ ਕਰਨ ਦੀ ਸ਼ਕਤੀ ਸੀ।

ਯਿਸੂ ਨੇ ਅਜਿਹਾ ਕਹਿਣ ਤੋਂ ਬਾਅਦ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਕਿ "ਕਿਆਮਤ ਅਤੇ ਜੀਉਣ ਮੈਂ ਹਾਂ" (ਯੂਹੰਨਾ 11:25)। ਇਹ ਇੱਕ ਹੋਰ ਈਸ਼ਵਰੀ ਕੰਮ ਸੀ ਜਿਸਦੇ ਨਾਲ ਇੱਕ ਈਸ਼ਵਰੀ ਦਾਅਵਾ ਕੀਤਾ ਗਿਆ। ਸਹੀ ਮਾਇਨੇ ਦੇ ਵਿੱਚ ਸਿਰਫ਼

ਪਰਮੇਸ਼ੁਰ ਹੀ ਕਿਆਮਤ ਹੋਣ ਦਾ ਦਾਅਵਾ ਕਰ ਸਕਦਾ ਹੈ ਕਿਉਂਕਿ ਪਰਮੇਸ਼ੁਰ ਦੀ ਸ਼ਕਤੀ ਹੀ ਕਿਸੇ ਵਿਅਕਤੀ ਨੂੰ ਮੁਰਦਿਆਂ ਵਿੱਚੋਂ ਜਿੰਦਾ ਕਰ ਸਕਦੀ ਹੈ। ਯਿਸੂ ਨੇ ਜੀਵਨ ਦੇਣ ਵਾਲਾ ਹੋਣ ਦਾ ਦਾਅਵਾ ਕੀਤਾ ਅਤੇ ਫਿਰ ਲਾਜ਼ਰ ਨੂੰ ਜੀਵਨ ਦਿੱਤਾ, ਜੋ ਇਹ ਵਿਖਾਉਂਦਾ ਹੈ ਕਿ ਉਹ ਉਹੀ ਹੈ ਜੋ ਹੋਣ ਦਾ ਉਹ ਦਾਅਵਾ ਕਰਦਾ ਹੈ। ਇਸ ਘਟਨਾ ਦੇ ਵਿੱਚ, ਯਿਸੂ ਨੇ ਆਪਣੇ ਆਪ ਨੂੰ ਉਨ੍ਹਾਂ ਸਭਨਾਂ ਨਬੀਆਂ ਅਤੇ ਰਸੂਲਾਂ ਨਾਲੋਂ ਵੱਖਰੇ ਵਿਖਾਇਆ ਜਿੰਨ੍ਹਾਂ ਨੇ ਪਰਮੇਸ਼ੁਰ ਦੀ ਸ਼ਕਤੀ ਦੇ ਦੁਆਰਾ ਲੋਕਾਂ ਨੂੰ ਮੁਰਦਿਆਂ ਵਿੱਚੋਂ ਜਿਉਂਦੇ ਕੀਤਾ ਸੀ। ਉਨ੍ਹਾਂ ਦੇ ਵਿੱਚੋਂ ਕਿਸੇ ਨੇ ਵੀ ਅਜਿਹਾ ਦਾਅਵਾ ਨਹੀਂ ਕੀਤਾ ਕਿ ਉਨ੍ਹਾਂ ਦੇ ਕੋਲ ਚਮਤਕਾਰ ਕਰਨ ਦੀ ਸ਼ਕਤੀ ਹੈ। ਉਸ ਸਿਰਫ਼ ਪਰਮੇਸ਼ੁਰ ਦੇ ਸਾਧਨ ਮਾਤਰ ਸਨ। ਯੂਹੰਨਾ 5:21, ਦੇ ਵਿੱਚ ਯਿਸੂ ਨੇ ਕਿਹਾ ਕਿ ਉਹ ਮੁਰਦਿਆਂ ਨੂੰ ਜਿੰਦਾ ਕਰਦਾ ਹੈ ਜਿਵੇਂ ਪਿਤਾ ਵੀ ਮੁਰਦਿਆਂ ਨੂੰ ਜਿੰਦਾ ਕਰਦਾ ਹੈ।

ਜਦੋਂ ਯਿਸੂ ਨੇ ਚਮਤਕਾਰ ਕੀਤੇ, ਤਾਂ ਉਸਨੇ ਆਪਣੀ ਮਹਿਮਾ ਪ੍ਰਗਟ ਕੀਤੀ (ਯੂਹੰਨਾ 2:11), ਪਿਤਾ ਦੇ ਇੱਕਲੌਤੇ ਪੁੱਤਰ ਦੇ ਸਮਾਨ ਮਹਿਮਾ, ਕ੍ਰਿਪਾ ਅਤੇ ਸਚਿਆਈ ਨਾਲ ਭਰਪੂਰ (ਯੂਹੰਨਾ 1:14)। ਇਹ ਚਮਤਕਾਰ ਪਰਮੇਸ਼ੁਰ ਦੇ ਪੁੱਤਰ ਦੀ ਮਹਿਮਾਮਈ ਸ਼ਕਤੀ ਦੇ ਪ੍ਰਗਟਾਵੇ ਸਨ ਜੋ ਉਸਦੀ ਈਸ਼ਵਰਤਾਈ ਨੂੰ ਸਾਬਿਤ ਕਰਦੇ ਸਨ।

### *ਯਿਸੂ ਰਚਨਹਾਰਾ ਅਤੇ ਪਾਲਣਹਾਰਾ ਹੈ।*

ਯੂਹੰਨਾ ਅਤੇ ਪੌਲੁਸ ਰਸੂਲ ਦੇ ਅਨੁਸਾਰ, ਯਿਸੂ ਨੇ ਸਭ ਕੁਝ ਬਣਾਇਆ ਅਤੇ ਹਰੇਕ ਚੀਜ਼ ਉਸ ਵਿੱਚ ਬਣੀ ਰਹਿੰਦੀ ਹੈ, ਅਤੇ ਸਭ ਕੁਝ ਉਸਦੇ ਲਈ ਹੈ (ਪੜ੍ਹੋ ਯੂਹੰਨਾ 1:3; ਕੁਲੁੱਸੀਆਂ ਨੂੰ 1:17।) ਸੱਚਮੁੱਚ ਇਹ ਗੱਲ ਪਰਮੇਸ਼ੁਰ ਤੋਂ ਕਿਸੇ ਹੋਰ ਲਈ ਨਹੀਂ ਬੋਲੀ ਜਾ ਸਕਦੀ ਸੀ।

► ਸਾਡੇ ਲਈ ਇਹ ਜਾਣਨਾ ਮਹੱਤਵਪੂਰਨ ਕਿਉਂ ਹੈ ਕਿ ਯਿਸੂ ਪਰਮੇਸ਼ੁਰ ਹੈ?

ਕਿਉਂਕਿ ਯਿਸੂ ਪਰਮੇਸ਼ੁਰ ਹੈ ਇਸ ਲਈ,

1. ਉਸਦੀ ਬਲੀਦਾਨੀ ਮੌਤ ਦੀ ਕੀਮਤ ਅਮਰ ਹੈ-ਜੋ ਸਾਰੇ ਸੰਸਾਰ ਦੀ ਮੁਕਤੀ ਦੇ ਲਈ ਕਾਫੀ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 2:2)।
2. ਉਸਦੇ ਕੋਲ ਸਾਨੂੰ ਬਚਾਉਣ ਦੀ ਸ਼ਕਤੀ ਹੈ; ਉਹ ਰਾਹ, ਸਚਿਆਈ ਅਤੇ ਜੀਵਨ ਹੈ (ਯੂਹੰਨਾ 14:6)।
3. ਸਾਨੂੰ ਪਿਤਾ ਦੀ ਹੀ ਤਰ੍ਹਾਂ ਉਸਦੀ ਅਰਾਧਨਾ ਕਰਨੀ ਚਾਹੀਦੀ ਹੈ (ਪੜ੍ਹੋ ਯੂਹੰਨਾ 5:23।)

ਜੇਕਰ ਅਸੀਂ ਯਿਸੂ ਨੂੰ ਪਰਮੇਸ਼ੁਰ ਦੇ ਰੂਪ ਵਿੱਚ ਵੇਖਣ ਦੇ ਵਿੱਚ ਅਸਫਲ ਹੋ ਜਾਂਦੇ ਹਾ, ਤਾਂ ਅਸੀਂ ਪਰਮੇਸ਼ੁਰ ਦੇ ਰੂਪ ਵਿੱਚ ਉਸਦਾ ਆਦਰ ਨਹੀਂ ਕਰਾਂਗੇ। ਜੇਕਰ ਅਸੀਂ ਪਿਤਾ ਅਤੇ ਪੁੱਤਰ ਦੋਵਾਂ ਦਾ ਆਦਰ ਨਹੀਂ ਕਰਦੇ ਤਾਂ ਅਸੀਂ ਬਚਾਏ ਨਹੀਂ ਜਾ ਸਕਦੇ।

ਮਸੀਹਤ ਸਿਰਫ਼ ਯਿਸੂ ਦੀ ਸਿੱਖਿਆ ਅਤੇ ਉਸਦੇ ਕੰਮਾਂ ਦੇ ਆਧਾਰਿਤ ਨਹੀਂ ਹੈ, ਪਰ ਇਹ ਯਿਸੂ ਦੇ ਅਨੋਖੇ ਵਿਅਕਤੀਤਵ ਤੇ ਆਧਾਰਿਤ ਹੈ। ਉਹ ਮੁਕਤੀ ਦੇ ਸੰਦੇਸ਼ ਦਾ ਸਿੱਖਿਅਕ ਮਾਤਰ ਨਹੀਂ ਹੈ। ਉਹ ਆਪ ਮੁਕਤੀਦਾਤਾ ਹੈ, ਅਤੇ ਸਿਰਫ਼ ਉਹ-ਜੋ ਮਨੁੱਖ-ਪਰਮੇਸ਼ੁਰ ਹੈ- ਉਹੀ ਮੁਕਤੀਦਾਤਾ ਹੋ ਸਕਦਾ ਸੀ।

*ਕਲਾਸ ਦੇ ਆਗੂ ਲਈ ਸੂਚਨਾ: ਬਾਈਬਲ ਦੇ ਵਿੱਚ ਯਿਸੂ ਦੇ ਪਰਮੇਸ਼ੁਰ ਹੋਣ ਦੇ ਹੋਰ ਪ੍ਰਮਾਣ ਦੇ ਲਈ ਇਸ ਪਾਠ ਦੇ ਅੰਤ ਵਿੱਚ ਦਿੱਤੇ "ਯਿਸੂ ਦੇ ਬਾਰੇ ਵਚਨ ਦੇ ਸਬੂਤ" ਭਾਗ ਨੂੰ ਵੇਖੋ।*

### ਯਿਸੂ ਇੱਕ ਵਿਅਕਤੀ ਹੈ

ਭਾਵੇਂ ਕਿ ਯਿਸੂ ਦੇ ਵਿੱਚ ਪਰਮੇਸ਼ੁਰ ਅਤੇ ਮਨੁੱਖ ਦਾ ਸਾਰਾ ਸੁਭਾਅ ਹੈ, ਉਹ ਦੋ ਵਿਅਕਤੀਤਵਾਂ ਦਾ ਮਿਸ਼ਰਣ ਨਹੀਂ ਹੈ। ਦੋ ਸੁਭਾਅ ਉਸਦੇ ਅੰਦਰ ਇੱਕ ਵਿਅਕਤੀਤਵ ਨੂੰ ਬਣਾਉਂਦੇ ਹਨ, ਜੋ ਸੰਪੂਰਨ ਅਮਨ ਦੇ ਵਿੱਚ ਹੈ। ਯਿਸੂ ਇੱਕ ਈਸ਼ਵਰੀ ਮਨੁੱਖ ਹੈ ਅਤੇ ਯਿਸੂ ਦੇ ਹਰੇਕ ਕੰਮ ਨੂੰ ਉਸਦੀ ਮਨੁੱਖਤਾ ਅਤੇ ਈਸ਼ਵਰਤਾਈ ਦੇ ਪ੍ਰਕਾਸ਼ ਵਿੱਚ ਵੇਖਿਆ ਜਾਣਾ ਚਾਹੀਦਾ ਹੈ। ਕਲੀਸਿਆ ਨੇ ਹਮੇਸ਼ਾਂ ਸਿਖਾਇਆ ਹੈ ਕਿ ਯਿਸੂ ਦੇ ਵਿੱਚ ਦੋ ਸੁਭਾਵਾਂ ਨੂੰ ਇੱਕ ਦੂਸਰੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ, ਪਰ ਫਿਰ ਵੀ ਉਹ ਇਸ ਤਰੀਕੇ ਦੇ ਨਾਲ ਮਿਸ਼ਰਤ ਹਨ, ਫਿਰ ਵੀ ਉਹ ਇਸ ਪ੍ਰਕਾਰ ਮਿਸ਼ਰਤ ਨਹੀਂ ਹਨ ਜਿਸ ਨਾਲ ਕਿਸੇ ਵੀ ਇੱਕ ਦੀ ਕੋਈ ਵਿਸ਼ੇਸ਼ਤਾ ਗੁਆਚ ਸਕੇ।[10]

ਯਿਸੂ ਦੇ ਸੁਭਾਅ ਦੀ ਤੁਲਨਾ ਪਵਿੱਤਰ ਸ਼ਾਸਤਰ ਦੇ ਨਾਲ ਕਰਨਾ ਸਹਾਈ ਹੋ ਸਕਦਾ ਹੈ। ਯਿਸੂ ਦੀ ਤਰ੍ਹਾਂ, ਬਾਈਬਲ ਪੂਰੀ ਤਰ੍ਹਾਂ ਦੇ ਨਾਲ ਈਸ਼ਵਰੀ ਅਤੇ ਮਨੁੱਖੀ ਹੈ। ਇੱਕ ਮਨੁੱਖੀ ਕਿਤਾਬ ਹੋਣ ਦੇ ਨਾਤੇ ਇਸਦੇ ਵਿੱਚ ਕਿਸੇ ਵੀ ਮਨੁੱਖੀ ਪੁਸਤਕ ਦੀ ਵਿਸ਼ੇਸ਼ਤਾ ਹੈ, ਸਿਵਾਏ ਇਸਦੇ ਕਿ ਇਸਦੇ ਵਿੱਚ ਕੋਈ ਵੀ ਗ਼ਲਤੀ ਨਹੀਂ ਹੈ। ਈਸ਼ਵਰੀ ਹੋਣ ਦੇ ਨਾਤੇ, ਇਹ ਅਜਿਹੀਆਂ ਵਿਸ਼ੇਸ਼ਤਾਵਾਂ ਨੂੰ ਵਿਖਾਉਂਦੀ ਹੈ ਜੋ ਕਿਸੇ ਹੋਰ ਪੁਸਤਕ ਦੇ ਵਿੱਚ ਨਹੀਂ ਹਨ। ਇਸੇ ਪ੍ਰਕਾਰ ਯਿਸੂ ਮਨੁੱਖੀ ਅਤੇ ਈਸ਼ਵਰੀ ਦੋਵੇਂ ਯੋਗਤਾਵਾਂ ਨੂੰ ਵਿਖਾਉਂਦਾ ਹੈ। ਇਹ ਤੱਥ ਕਿ ਬਾਈਬਲ ਈਸ਼ਵਰੀ ਵਿਸ਼ੇਸ਼ਤਾਵਾਂ ਨੂੰ ਵਿਖਾਉਂਦੀ ਹੈ ਇਸਦੇ ਨਾਲ ਇਹ ਘੱਟ ਮਨੁੱਖੀ ਨਹੀਂ ਬਣਦੀ ਹੈ। ਇਸੇ ਪ੍ਰਕਾਰ ਜਦੋਂ ਯਿਸੂ ਉਸਦੇ ਈਸ਼ਵਰੀ ਰੂਪ ਵਿੱਚ ਕੰਮ ਕਰਦਾ ਹੈ ਇਸਦੇ ਨਾਲ ਉਹ ਮਨੁੱਖ ਦੇ ਤੌਰ ਤੇ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੁੰਦਾ। ਅਤੇ ਜਦੋਂ ਯਿਸੂ ਉਸਦੇ ਮਨੁੱਖੀ ਰੂਪ ਵਿੱਚ ਕੰਮ ਕਰਦਾ ਹੈ ਇਸਦੇ ਨਾਲ ਉਹ ਪਰਮੇਸ਼ੁਰ ਦੇ ਤੌਰ ਤੇ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੁੰਦਾ।

### ਧਰਮ ਸਿੱਖਿਆ ਦੀਆਂ ਆਮ ਗ਼ਲਤੀਆਂ

ਮਸੀਹ ਦੇ ਬਾਰੇ ਗੱਲ ਕਰਦੇ ਹੋਏ ਧਰਮ ਸਿੱਖਿਆ ਦੇ ਵਿੱਚ ਲੋਕ ਜੋ ਆਮ ਗ਼ਲਤੀਆਂ ਕਰਦੇ ਹਨ ਉਹ ਹੇਠਾਂ ਦਿੱਤੀਆਂ ਹਨ:

- ਯਿਸੂ ਦੇ ਪਰਮੇਸ਼ੁਰ ਹੋਣ ਦਾ ਇਨਕਾਰ ਕਰਨਾ
- ਯਿਸੂ ਦੇ ਮਨੁੱਖ ਹੋਣ ਦਾ ਇਨਕਾਰ ਕਰਨਾ
- ਯਿਸੂ ਦੀ ਈਸ਼ਵਰਤਾਈ ਜਾਂ ਮਨੁੱਖਤਾਈ ਨੂੰ ਘਟਾਉਣਾ ਜਿਵੇਂ ਉਹ ਮਹੱਤਵਪੂਰਨ ਨਾ ਹੋਣ

---

[10] ਚਾਲਸੇਡੋਨੀਅਨ ਵਿਸ਼ਵਾਸ ਕਥਨ (ਏ.ਡੀ 451),ਜਿਸਨੂੰ ਪਾਠ 15 ਵਿੱਚ ਸ਼ਾਮਿਲ ਕੀਤਾ ਗਿਆ ਹੈ, ਦੱਸਦਾ ਹੈ ਕਿ ਮਸੀਹ ਦੇ ਦੋ ਸੁਭਾਅ ਨਾ ਬਦਲਣ ਵਾਲੇ, ਨਾ ਵੰਡੇ ਜਾ ਸਕਣ ਵਾਲੇ, ਨਾ ਅਲੱਗ ਕੀਤੇ ਜਾ ਸਕਣ ਵਾਲੇ ਅਤੇ ਦੁਵਿਧਾ ਰਹਿਤ ਹਨ।

- ਮਸੀਹ ਦੇ ਵਿਅਕਤੀਤਵ ਦੀ ਏਕਤਾ ਦਾ ਇਨਕਾਰ ਕਰਨਾ

ਇੰਨਾਂ ਵਿੱਚੋਂ ਕੋਈ ਵੀ ਗ਼ਲਤੀ ਦੇਹ ਧਾਰਨ ਦਾ ਇਨਕਾਰ ਕਰਨਾ ਹੈ। ਦੇਹ ਧਾਰਨ ਕਰਨਾ ਸਾਡੀ ਮੁਕਤੀ ਦੇ ਲਈ ਜਰੂਰੀ ਸੀ, ਇਸ ਕਾਰਨ ਜੇਕਰ ਕੋਈ ਦੇਹ ਧਾਰੀ ਹੋਣ ਦਾ ਇਨਕਾਰ ਕਰਦਾ ਹੈ ਤਾਂ ਉਹ ਝੂਠੇ ਸ਼ੁਭਸਮਾਚਾਰ ਤੇ ਵਿਸ਼ਵਾਸ ਕਰੇਗਾ ਅਤੇ ਮੁਕਤੀ ਦੇ ਝੂਠੇ ਰਾਹ ਤੇ ਹੋਵੇਗਾ।

### ਬਾਕੀ ਦੇ ਧਰਮ ਕੀ ਕਹਿੰਦੇ ਹਨ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਯਹੋਵਾਹ ਵਿਟਨੈਸ ਕਹਿੰਦੇ ਹਨ ਕਿ ਯਿਸੂ ਇੱਕ ਮਨੁੱਖ ਸੀ। ਉਹ ਵਿਸ਼ਵਾਸ ਕਰਦੇ ਹਨ ਕਿ ਉਹ ਧਰਤੀ ਦੇ ਰਹਿਣ ਵਾਲਾ ਸਭ ਤੋਂ ਮਹਾਨ ਵਿਅਕਤੀ ਸੀ, ਪਰ ਫਿਰ ਵੀ ਇੱਕ ਮਨੁੱਖ ਹੀ ਸੀ। ਇਸੇ ਕਾਰਨ ਉਹ ਵਿਸ਼ਵਾਸ ਨਹੀਂ ਕਰਦੇ ਕਿ ਉਸਦੀ ਮੌਤ ਸਾਡੀ ਮੁਕਤੀ ਦੇ ਲਈ ਕਾਫੀ ਹੈ। ਉਨ੍ਹਾਂ ਦੇ ਕੋਲ ਕੰਮਾਂ ਦੇ ਦੁਆਰਾ ਮੁਕਤੀ ਦਾ ਸ਼ੁਭਸਮਾਚਾਰ ਹੈ। ਉਹ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਪਰ ਉਹ ਇੱਕ ਅਲੱਗ ਧਰਮ ਹਨ।

ਮੋਰਮੋਨਜ਼ ਵਿਸ਼ਵਾਸ ਕਰਦੇ ਹਨ ਕਿ ਯਿਸੂ ਮੂਲ ਰੂਪ ਦੇ ਵਿੱਚ ਇੱਕ ਆਤਮਾ ਸੀ ਜਿਸਨੂੰ ਪਰਮੇਸ਼ੁਰ ਨੇ ਰਚਿਆ, ਜੋ ਲੂਸੀਫਰ ਦੇ ਭਰਾ ਦੀ ਤਰ੍ਹਾਂ ਸੀ। ਉਸ ਨੂੰ ਧਰਤੀ ਤੇ ਮਨੁੱਖ ਯਿਸੂ ਸੀ ਤਰ੍ਹਾਂ ਜਨਮ ਲੈਣ ਦੇ ਲਈ ਭੇਜਿਆ ਗਿਆ ਸੀ। ਮੋਰਮੋਨਜ਼ ਯਿਸੂ ਤੇ ਪਰਮੇਸ਼ੁਰ ਦੇ ਵੱਜੋਂ ਵਿਸ਼ਵਾਸ ਨਹੀਂ ਕਰਦੇ।

ਮੁਸਲਿਮ ਵਿਸ਼ਵਾਸ ਕਰਦੇ ਹਨ ਕਿ ਯਿਸੂ ਪਰਮੇਸ਼ੁਰ ਦੇ ਦੁਆਰਾ ਭੇਜਿਆ ਹੋਇਆ ਇੱਕ ਨਬੀ ਸੀ। ਉਹ ਉਸਦੇ ਪਰਮੇਸ਼ੁਰ ਹੋਣ ਤੇ ਅਤੇ ਤ੍ਰਿਏਕਤਾ ਤੇ ਵਿਸ਼ਵਾਸ ਨਹੀਂ ਕਰਦੇ। ਉਹ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਕਿ ਉਸਨੂੰ ਸਲੀਬ ਦਿੱਤਾ ਗਿਆ ਜਾਂ ਉਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ।

ਹਿੰਦੂ ਅਤੇ ਬੁੱਧ ਧਰਮ ਦੇ ਮੰਨਣ ਵਾਲੇ ਵਿਸ਼ਵਾਸ ਕਰਦੇ ਹਨ ਕਿ ਯਿਸੂ ਇੱਕ ਪਵਿੱਤਰ ਪੁਰਸ਼ ਸੀ ਜਿਸਨੇ ਚਮਤਕਾਰ ਕੀਤੇ। ਉਹ ਉਨ੍ਹਾਂ ਦੇ ਧਰਮਾਂ ਦੇ ਲਈ ਮਹੱਤਵਪੂਰਨ ਨਹੀਂ ਹੈ। ਉਹ ਯਿਸੂ ਦੇ ਪਰਮੇਸ਼ੁਰ ਹੋਣ ਨੂੰ ਨਹੀਂ ਮੰਨਦੇ ਜੋ ਰਚਨਹਾਰਾ ਅਤੇ ਪ੍ਰਭੂ ਹੈ, ਇਸ ਲਈ ਉਹ ਵਿਸ਼ਵਾਸ ਨਹੀਂ ਕਰਦੇ ਕਿ ਯਿਸੂ ਦੇਹਧਾਰੀ ਪਰਮੇਸ਼ੁਰ ਹੈ।

### ਅਸੀਂ ਉਸਦੇ ਮਾਫ਼ੀ ਦੇਣ ਦੇ ਕੰਮ ਦੇ ਕਾਰਨ ਗੁੱਡ ਫਰਾਈਡੇ ਨੂੰ ਮਨਾਉਂਦੇ ਹਾਂ

ਗੁੱਡ ਫਰਾਈਡੇ ਉਹ ਦਿਨ ਹੈ ਜਦੋਂ ਯਿਸੂ ਨੂੰ ਸਲੀਬ ਤੇ ਚੜ੍ਹਾਇਆ ਗਿਆ ਸੀ। ਇਸ ਭਿਆਨਕ ਅਤੇ ਅਦਭੁੱਤ ਦਿਨ, ਯਿਸੂ ਨੇ ਸਲੀਬ ਤੇ ਸਾਡੇ ਪਾਪ ਚੁੱਕ ਲਏ। ਉਹ ਸਾਡੇ ਪਾਪਾਂ ਦੇ ਲਈ ਇੱਕ ਬਲੀਦਾਨ ਵੱਜੋਂ ਮਰਿਆ ਤਾਂ ਕਿ ਅਸੀਂ ਮਾਫ਼ ਕੀਤੇ ਜਾਈਏ।

### ਇੱਕ ਬਲੀਦਾਨ ਜਰੂਰੀ ਸੀ

ਇੱਕ ਬਲੀਦਾਨ ਕਰਨਾ ਜਰੂਰੀ ਸੀ ਤਾਂ ਕਿ ਪਰਮੇਸ਼ੁਰ ਸਾਨੂੰ ਮਾਫ਼ ਵੀ ਕਰ ਦਿੰਦਾ ਅਤੇ ਫਿਰ ਵੀ ਧਰਮੀ ਅਤੇ ਪਵਿੱਤਰ ਬਣਿਆ ਰਹਿੰਦਾ। ਇਹ ਸਿਧਾਂਤ ਪੁਰਾਣੇ ਨੇਮ ਦੇ ਵਿੱਚ ਸਿਖਾਇਆ ਗਿਆ ਜਿੰਨ੍ਹਾਂ ਬਲੀਦਾਨਾਂ ਦੀ ਪਰਮੇਸ਼ੁਰ ਮੰਗ ਕਰਦਾ ਸੀ (ਇਬਰਾਨੀਆਂ ਨੂੰ 9:22)। ਜੇਕਰ ਪਰਮੇਸ਼ੁਰ ਬਿਨਾਂ ਕਿਸੇ ਆਧਾਰ ਦੇ ਮਾਫ਼ ਕਰ ਦਿੰਦਾ, ਤਾਂ ਇਸਦਾ ਅਰਥ ਇਹ ਹੋਣਾ ਸੀ ਕਿ ਉਹ ਧਰਮੀ ਨਹੀਂ ਹੈ ਅਤੇ ਪਾਪ ਜਿਆਦਾ ਗੰਭੀਰ ਨਹੀਂ ਹੈ। ਪਰ ਕੋਈ ਵੀ ਯਿਸੂ ਦੀ ਸਲੀਬੀ ਮੌਤ ਦੇ ਵੱਲ ਵੇਖ ਕੇ ਇਹ ਨਹੀਂ ਕਹਿ ਸਕਦਾ ਸੀ ਕਿ ਪਾਪ ਗੰਭੀਰ ਨਹੀਂ ਹੈ। ਉਸਦੇ ਬਲੀਦਾਨ ਦੇ ਸਾਡੀ ਮਾਫ਼ੀ ਦੇ ਲਈ ਆਧਾਰ ਪ੍ਰਦਾਨ ਕੀਤਾ।

### ਸਿਰਫ਼ ਯਿਸੂ ਹੀ ਇੱਕ ਸਿੱਧ ਬਲੀਦਾਨ ਹੋ ਸਕਦਾ ਸੀ

► ਸਿਰਫ਼ ਯਿਸੂ ਹੀ ਅਜਿਹਾ ਵਿਅਕਤੀ ਕਿਉਂ ਹੈ ਜੋ ਸਾਡੇ ਪਾਪਾਂ ਦੇ ਲਈ ਬਲੀਦਾਨ ਹੋ ਸਕਦਾ ਸੀ?

ਪਰਮੇਸ਼ੁਰ ਦੇ ਨਿਆਂ ਅਤੇ ਪਾਪ ਦੀ ਗੰਭੀਰਤਾ ਦੇ ਲਈ ਕਿਸੇ ਵੀ ਰਚੇ ਹੋਏ ਪ੍ਰਾਣੀ ਨਾਲੋਂ ਕਿਸੇ ਮਹਾਨ ਬਲੀਦਾਨ ਦੀ ਮੰਗ ਸੀ। (ਪੜ੍ਹੋ ਇਬਰਾਨੀਆਂ ਨੂੰ 10:4)। ਅਸੀਂ ਇੱਕ ਅਮਰ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ ਹੈ, ਜੋ ਸਾਡੇ ਤੇ ਅਮਰ ਦੋਸ਼ ਨੂੰ ਲਿਆਉਂਦਾ ਹੈ। ਇਸ ਕਾਰਨ ਸਿਰਫ਼ ਯਿਸੂ ਹੀ ਇਸਦੇ ਲਈ ਬਲੀਦਾਨ ਹੋ ਸਕਦਾ ਸੀ। ਉਹ ਇਸ ਲਈ ਯੋਗ ਸੀ ਕਿਉਂਕਿ ਉਹ ਪਰਮੇਸ਼ੁਰ ਹੈ ਅਤੇ ਉਹ ਮਨੁੱਖ ਵੀ ਹੈ। ਉਸਦੀ ਈਸ਼ਵਰਤਾਈ ਦੇ ਕਾਰਨ, ਉਹ ਪਾਪ ਰਹਿਤ ਸੀ ਅਤੇ ਉਸਦੇ ਬਲੀਦਾਨ ਦੀ ਅਮਰ ਕੀਮਤ ਸੀ। ਉਸਦੀ ਮਨੁੱਖਤਾਈ ਦੇ ਕਾਰਨ ਉਹ ਸਾਡੀ ਪ੍ਰਤੀਨਿਧਤਾ ਕਰ ਸਕਿਆ ਅਤੇ ਸਾਡੇ ਸਥਾਨ ਤੇ ਮਰਿਆ।

### ਯਿਸੂ ਦਾ ਲਹੂ ਉਸਦੀ ਬਲੀਦਾਨੀ ਮੌਤ ਦੀ ਪ੍ਰਤੀਨਿਧਤਾ

ਪਰਮੇਸ਼ੁਰ ਨੇ ਲੋਕਾਂ ਨੂੰ ਬਲੀਦਾਨ ਪ੍ਰਣਾਲੀ ਦੇ ਦੁਆਰਾ ਪ੍ਰਾਸਚਿਤ ਦੇ ਬਾਰੇ ਸਿਖਾਇਆ। ਜਾਜਕ ਜਾਨਵਰਾਂ ਨੂੰ ਮਾਰਦੇ ਸਨ ਅਤੇ ਉਨ੍ਹਾਂ ਦੇ ਲਹੂ ਨੂੰ ਦੇ ਕੇ ਉਨ੍ਹਾਂ ਦੀ ਮੌਤ ਦੀ ਪ੍ਰਤੀਨਿਧਤਾ ਕਰਦੇ ਸਨ। ਇਬਰਾਨੀਆਂ ਦੀ ਪੁਸਤਕ ਦੱਸਦੀ ਹੈ ਕਿ ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ (ਇਬਰਾਨੀਆਂ ਨੂੰ 9:18-22)।

ਪਰਮੇਸ਼ੁਰ ਨੇ ਲੋਕਾਂ ਨੂੰ ਹੁਕਮ ਦਿੱਤਾ ਕਿ ਉਹ ਲਹੂ ਨੂੰ ਖਾਸ ਮੰਨਣ ਕਿਉਂਕਿ ਇਹ ਕਿਸੇ ਪ੍ਰਾਣੀ ਦੇ ਜੀਵਨ ਦੀ ਪ੍ਰਤੀਨਿਧਤਾ ਕਰਦਾ ਹੈ। (ਲੇਵੀਆਂ ਦੀ ਪੋਥੀ 17:11, 14)। ਲਹੂ ਵਹਾਉਣ ਤੋਂ ਭਾਵ ਸੀ ਮਾਰਨਾ (ਉਤਪਤ 9:5-6)। ਹੈਕਲ ਦੇ ਵਿੱਚ ਲਹੂ ਦੇ ਵਰਤੇ ਜਾਣ ਦਾ ਅਰਥ ਸੀ ਕਿ ਜਾਨਵਰ ਨੂੰ ਮਾਰਿਆ ਗਿਆ ਹੈ।

ਮਸੀਹ ਦੀ ਮੌਤ ਅਜਿਹਾ ਸਿੱਧ ਬਲੀਦਾਨ ਸੀ ਜਿਸਨੇ ਸਾਰੇ ਸਮੇਂ ਦੇ ਲਈ ਮੁਕਤੀ ਨੂੰ ਉਪਲੱਭਧ ਕਰਵਾਇਆ। (ਪੜ੍ਹੋ ਇਬਰਾਨੀਆਂ ਨੂੰ 10:4, 12।) ਉਸਨੇ ਆਪਣੀ ਬਲੀਦਾਨੀ ਮੌਤ ਦੇ ਦੁਆਰਾ ਸਵਰਗ ਦੇ ਵਿੱਚ ਆਪਣੇ ਲਹੂ ਨੂੰ ਪ੍ਰਸਤੁਤ ਕੀਤਾ। (ਪੜ੍ਹੋ ਇਬਰਾਨੀਆਂ ਨੂੰ 9:12, 24।) ਯਿਸੂ ਦਾ ਲਹੂ, ਜੋ ਉਸਦੀ ਮੌਤ ਦੀ ਪ੍ਰਤੀਨਿਧਤਾ ਕਰਦਾ ਹੈ, ਸਾਨੂੰ ਮੁਕਤੀ ਪ੍ਰਦਾਨ ਕਰਦਾ ਹੈ ਕਿਉਂਕਿ ਉਹ ਇੱਕ ਬਲੀਦਾਨ ਦੇ ਰੂਪ ਵਿੱਚ ਮਰਿਆ ਇਸ ਲਈ ਅਸੀਂ ਬਚਾਏ ਜਾ ਸਕੀਏ।

ਯਿਸੂ ਮਸੀਹ ਕਿਸੇ ਹੋਰ ਤਰੀਕੇ ਦੇ ਨਾਲ ਮਰਨ ਦੀ ਬਜਾਏ ਸਲੀਬ ਤੇ ਹੀ ਕਿਉਂ ਮਰਿਆ? ਪੁਰਾਣੇ ਨੇਮ ਦੇ ਵਿੱਚ, ਕਿਸੇ ਵਿਅਕਤੀ ਨੂੰ ਰੁੱਖ ਤੇ ਟੰਗਿਆ ਜਾਣਾ ਇਸ ਗੱਲ ਨੂੰ ਦਰਸਾਉਂਦਾ ਕਿ ਉਹ ਵਿਅਕਤੀ ਪਰਮੇਸ਼ੁਰ ਦੁਆਰਾ ਸ਼ਰਾਪੀ ਕੀਤਾ ਹੋਇਆ ਹੈ (ਬਿਵਸਥਾਸਾਰ 21:23)। ਪੌਲੁਸ ਰਸੂਲਾ ਸਾਨੂੰ ਦੱਸਦਾ ਹੈ ਕਿ ਯਿਸੂ ਨੇ ਰੁੱਖ ਤੇ ਸਲੀਬੀਕਰਨ ਹੋਣ ਦੇ ਦੁਆਰਾ ਪਰਮੇਸ਼ੁਰ ਦੇ ਸ਼ਰਾਪ ਨੂੰ ਆਪਣੇ ਤੇ ਲੈ ਲਿਆ (ਗਲਾਤੀਆਂ ਨੂੰ 3:13)।

### ਯਿਸੂ ਨੇ ਪਰਮੇਸ਼ੁਰ ਅਤੇ ਮਨੁੱਖ ਨੂੰ ਇਕੱਠਿਆਂ ਕੀਤਾ

ਯਿਸੂ ਵੱਖ ਹੋਈਆਂ ਪਾਰਟੀਆਂ ਦਾ ਮੇਲ-ਮਿਲਾਪ ਕਰਾਉਣ ਦੇ ਲਈ ਆਇਆ- ਅਰਥਾਤ ਪਰਮੇਸ਼ੁਰ ਅਤੇ ਮਨੁੱਖਾਂ ਦਾ। ਇੱਕ ਵਿਚੋਲੇ ਦੇ ਰੂਪ ਵਿੱਚ ਯਿਸੂ ਇੱਕ ਹੀ ਸਮੇਂ ਦੋਵਾਂ ਪਾਰਟੀਆਂ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਪਰਮੇਸ਼ੁਰ ਦੇ ਵੱਜੋਂ, ਉਸਨੇ ਮਨੁੱਖਾਂ ਦੇ ਅੱਗੇ ਪਰਮੇਸ਼ੁਰ ਦੀ ਪ੍ਰਤੀਨਿਧਤਾ ਕੀਤੀ। ਇੱਕ ਮਨੁੱਖ ਦੇ ਵੱਜੋਂ ਉਸਨੇ ਪਰਮੇਸ਼ੁਰ ਦੇ ਅੱਗੇ ਮਨੁੱਖਾਂ ਦੀ ਪ੍ਰਤੀਨਿਧਤਾ ਕੀਤੀ। ਦੋਵਾਂ ਪੱਖਾਂ ਦੀ ਸੰਪੂਰਨ ਪ੍ਰਤੀਨਿਧਤਾ ਕਰਕੇ, ਯਿਸੂ ਨੇ ਮਨੁੱਖਾਂ ਅਤੇ ਪਰਮੇਸ਼ੁਰ ਦਾ ਮੇਲ-ਮਿਲਾਪ ਕਰਵਾਇਆ। ਉਸਨੇ ਦੋਵਾਂ ਪੱਖਾਂ ਦਾ ਕੰਮ ਕਰਕੇ ਮੇਲ ਮਿਲਾਪ ਵਰਵਾਇਆ।

### ਅਸੀਂ ਉਸਦੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਨੂੰ ਈਸਟਰ ਦੇ ਸਮੇਂ ਮਨਾਉਂਦੇ ਹਾਂ

ਈਸਟਰ ਨੂੰ ਮਨਾਉਣ ਦੇ ਬਹੁਤ ਸਾਰੇ ਰਿਵਾਇਤੀ ਤਰੀਕੇ ਹਨ, ਪਰ ਬਹੁਤ ਸਾਰੇ ਲੋਕ ਉਨ੍ਹਾਂ ਗੱਲਾਂ ਦੇ ਅਰਥ ਨੂੰ ਨਹੀਂ ਸਮਝਦੇ ਜੋ ਉਹ ਕਰ ਰਹੇ ਹਨ, ਅਤੇ ਉਹ ਸ਼ਾਇਦ ਇਹ ਜਾਣਦੇ ਹੀ ਨਹੀਂ ਕੀ ਯਿਸੂ ਦਾ ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਕਿੰਨਾ ਮਹੱਤਵਪੂਰਨ ਹੈ। ਈਸਟਰ ਦੀ ਸਵੇਰ ਨੂੰ ਯਿਸੂ ਉਸਦੇ ਸਲੀਬ ਤੇ ਚੜ੍ਹਾਏ ਜਾਣ ਦੇ ਤਿੰਨ ਦਿਨਾਂ ਦੇ ਬਾਅਦ ਕਬ਼ਰ ਦੇ ਵਿੱਚੋਂ ਜੀ ਉੱਠਿਆ। ਉਸਨੇ ਵਿਖਾਇਆ ਕਿ ਉਸਦੇ ਕੋਲ ਪਾਪ, ਮੌਤ ਅਤੇ ਸ਼ੈਤਾਨ ਦੇ ਉੱਤੇ ਸ਼ਕਤੀ ਹੈ। ਉਸਨੇ ਸਿਰਫ਼ ਸਾਡੀ ਮੌਤ ਨੂੰ ਹੀ ਨਹੀਂ ਲਿਆ, ਬਲਕਿ ਉਸਨੇ ਜੀਵਨ ਦੇ ਨਾਲ ਇਸਨੂੰ ਜਿੱਤ ਲਿਆ। ਕਿਉਂਕਿ ਉਹ ਜੇਤੂ ਸੀ, ਇਸ ਲਈ ਅਸੀਂ ਵੀ ਜੇਤੂ ਹੋ ਸਕਦੇ ਹਾਂ!

### ਯਿਸੂ ਸਰੀਰਕ ਰੂਪ ਦੇ ਵਿੱਚ ਜੀ ਉੱਠਿਆ

ਇੱਕ ਵਾਰ ਯਿਸੂ ਨੇ ਯਹੂਦੀਆਂ ਨੂੰ ਕਿਹਾ, "ਇਸ ਹੈਕਲ ਨੂੰ ਢਾਹ ਸੁੱਟੋ ਤਾਂ ਮੈਂ ਤਿੰਨਾਂ ਦਿਨਾਂ ਵਿੱਚ ਇਹ ਨੂੰ ਖੜਾ ਕਰ ਦਿਆਂਗਾ"। ਭਾਵੇਂਕਿ ਯਹੂਦੀ ਸੋਚ ਰਹੇ ਸਨ ਕਿ ਉਹ ਹੇਰੋਦੇਸ ਦੇ ਦੁਆਰਾ ਬਣਾਈ ਹੈਕਲ ਦਾ ਹਵਾਲਾ ਦੇ ਰਿਹਾ ਹੈ, ਪਰ ਯਹੂੰਨਾ ਦਾ ਸ਼ੁਭਸਮਾਚਾਰ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਯਿਸੂ ਅਸਲ ਦੇ ਵਿੱਚ ਆਪਣੇ ਸਰੀਰ ਦਾ ਹਵਾਲਾ ਦੇ ਰਿਹਾ ਸੀ (ਯੂਹੰਨਾ 2:19-21)। ਸਾਰੇ ਸ਼ੁਭਸਮਾਚਾਰ ਇਸ ਗੱਲ ਨੂੰ ਦਰਜ ਕਰਦੇ ਹਨ ਕਿ ਯਿਸੂ ਦੇ ਦਫਨਾਏ ਜਾਣ ਦੇ ਤਿੰਨ ਦਿਨਾਂ ਦੇ ਬਾਅਦ ਉਸਦੀ ਕਬ਼ਰ ਖਾਲੀ ਸੀ। ਯਿਸੂ ਨੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਬਾਅਦ ਆਪਣੇ ਆਪ ਨੂੰ ਆਪਣੇ ਚੇਲ੍ਹਿਆਂ ਨੂੰ ਵਿਖਾਇਆ ਅਤੇ ਕਿਹਾ, "ਮੈਨੂੰ ਟੋਹੋ ਅਤੇ ਵੇਖੋ ਕਿਉਂਕਿ ਭੂਤ ਦੇ ਮਾਸ ਅਰ ਹੱਡੀਆਂ ਨਹੀਂ ਹੁੰਦੀਆਂ ਜਿਵੇਂ ਮੇਰੇ ਵਿੱਚ ਵੇਖਦੇ ਹੋ" (ਲੂਕਾ 24:39)। ਉਹ ਇਸ ਗੱਲ ਨੂੰ ਸਾਬਿਤ ਕਰ ਰਿਹਾ ਸੀ ਕਿ ਉਹ ਸਰੀਰਕ ਤੌਰ ਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਹੈ।

► ਜੇਕਰ ਯਿਸੂ ਮੁਰਦਿਆਂ ਦੇ ਵਿੱਚੋਂ ਜਿਉਂਦਾ ਨਾ ਹੁੰਦਾ ਤਾਂ ਇਸ ਨਾਲ ਕੀ ਫ਼ਰਕ ਪੈਂਦਾ?

1. **ਯਿਸੂ ਦਾ ਮੁਰਦਿਆਂ ਦੇ ਵਿੱਚੋਂ ਜਿਉਂਦੇ ਹੋਣਾ ਉਸਦੀ ਪਾਪ ਅਤੇ ਮੌਤ ਤੇ ਸੰਪੂਰਨ ਜਿੱਤ ਨੂੰ ਦਰਸਾਉਂਦਾ ਹੈ।** (ਪੜ੍ਹੋ ਕੁਲੁੱਸੀਆਂ ਨੂੰ 2:12-15; ਪਰਕਾਸ਼ ਦੀ ਪੋਥੀ 1:17-18।)

2. **ਯਿਸੂ ਦਾ ਸਰੀਰਕ ਤੌਰ ਤੇ ਮੁਰਦਿਆਂ ਦੇ ਵਿੱਚੋਂ ਜਿਉਂਦੇ ਹੋਣਾ ਇਸ ਗੱਲ ਨੂੰ ਸਾਬਿਤ ਹੈ ਕਿ ਉਹ ਉਹੀ ਸੀ ਜੋ ਹੋਣ ਦਾ ਉਸਨੇ ਦਾਅਵਾ ਕੀਤਾ ਸੀ** (ਮੱਤੀ 17:22-23, ਯੂਹੰਨਾ 2:16-22)। ਇਸ ਪ੍ਰਕਾਰ ਇਸਨੇ ਸ਼ੁਭਸਮਾਚਾਰ ਨੂੰ ਵੀ ਸਾਬਿਤ ਕੀਤਾ। ਜੋ ਲੋਕ ਯਿਸੂ ਦਾ ਮੁਰਦਿਆਂ ਦੇ ਵਿੱਚ ਯਿਸੂ ਉੱਠਣ ਦਾ ਇਨਕਾਰ ਕਰਦੇ ਹਨ ਉਹ ਸ਼ੁਭਸਮਾਚਾਰ ਦਾ ਵੀ ਇਨਕਾਰ ਕਰਦੇ ਹਨ। (ਪੜ੍ਹੋ 1 ਕੁਰਿੰਥੀਆਂ ਨੂੰ 15:17।)

3. **ਯਿਸੂ ਦਾ ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਇਸ ਗੱਲ ਨੂੰ ਪੱਕਿਆਂ ਕਰਦਾ ਹੈ ਕਿ ਅਸੀਂ ਵੀ ਮੁਰਦਿਆਂ ਦੇ ਵਿੱਚੋਂ ਜੀ ਉੱਠਾਂਗੇ।** ਯਿਸੂ ਨੇ ਵਾਅਦਾ ਕੀਤਾ ਕਿ ਉਹ ਮੁਰਦਿਆਂ ਨੂੰ ਜਿਉਂਦਾ ਕਰੇਗਾ। ਜਦੋਂ ਤੱਕ ਉਹ ਆਪ ਮੁਰਦਿਆਂ ਦੇ ਵਿੱਚੋਂ ਜਿਉਂਦਾ ਨਾ ਹੁੰਦਾ ਤਾਂ ਇਸ ਵਾਇਦੇ ਤੇ ਵਿਸ਼ਵਾਸ ਕਰਨਾ ਕਠਿਨ ਹੁੰਦਾ (ਯੂਹੰਨਾ 5:28-29)। ਅਸੀਂ ਯਿਸੂ ਦੇ ਮਹਿਮਾਮਈ ਸਰੀਰ ਦੇ ਸਮਾਨ ਸਰੀਰਾਂ ਦੇ ਨਾਲ ਮੁਰਦਿਆਂ ਦੇ ਵਿੱਚੋਂ ਜੀ ਉੱਠਾਂਗੇ। (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 3:2।) ਯਿਸੂ ਹੁਣ ਵੀ ਮਨੁੱਖ ਹੈ।

ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਵਿਖਾਉਂਦਾ ਹੈ ਕਿ ਦੇਹ ਧਾਰੀ ਹੋਣਾ ਸਥਾਈ ਹੈ। ਯਿਸੂ ਸਦਾ ਦੇ ਲਈ ਪਰਮੇਸ਼ੁਰ ਅਤੇ ਮਨੁੱਖ ਹੋਵੇਗਾ। ਯਿਸੂ, ਜੋ ਹੁਣ ਵੀ ਪਰਮੇਸ਼ੁਰ ਅਤੇ ਮਨੁੱਖ ਹੈ ਉਹ ਸਾਡੇ ਲਈ ਪਿਤਾ ਦੇ ਅੱਗੇ ਵਿਚੋਲਗੀ ਕਰਦਾ ਹੈ (ਰੋਮੀਆਂ ਨੂੰ 8:34), ਅਤੇ ਇੱਕ ਦਿਨ ਉਹ ਸਾਨੂੰ ਸਵਰਗ ਤੇ ਲੈ ਕੇ ਜਾਣ ਦੇ ਲਈ ਵਾਪਿਸ ਆਵੇਗਾ (1 ਥੱਸਲੁਨੀਕੀਆਂ ਨੂੰ 4:16-17)।

### ਅਸੀਂ ਯਿਸੂ ਦੇ ਵਿਅਕਤੀਤਵ ਅਤੇ ਉਸਦੇ ਕੰਮਾਂ ਦੇ ਕਾਰਨ ਉਸਦੇ ਅਧੀਨ ਹੁੰਦੇ ਹਾਂ।

ਵਿਸ਼ਵਾਸੀਆਂ ਦੇ ਤੌਰ ਤੇ, ਅਸੀਂ ਮਸੀਹ ਦੇ ਨਾਲ ਪ੍ਰਤੀਦਿਨ ਦੀ ਸੰਗਤੀ ਦੇ ਵਿੱਚ ਰਹਿੰਦੇ ਹਾਂ। ਉਹ ਸਿਰਫ਼ ਇਤਿਹਾਸ ਦਾ ਹੀ ਵਿਅਕਤੀਤਵ ਨਹੀਂ ਹੈ, ਅਤੇ ਉਹ ਸਿਰਫ਼ ਸਵਰਗ ਦੇ ਵਿੱਚ ਰਹਿਣ ਵਾਲਾ ਪਰਮੇਸ਼ੁਰ ਨਹੀਂ ਹੈ, ਪਰ ਉਹ ਸਾਡੇ ਨਾਲ ਮੌਜੂਦ ਹੈ। ਉਸਨੇ ਆਪਣੇ ਚੇਲ੍ਹਿਆਂ ਦੇ ਨਾਲ ਹਮੇਸ਼ਾਂ ਹੋਣ ਦਾ ਵਾਇਦਾ ਕੀਤਾ (ਮੱਤੀ 28:20)।

ਉਹ ਕਲੀਸਿਆ ਦੇ ਵਿੱਚ ਇੱਕ ਖਾਸ ਤੌਰ ਤੇ ਮੌਜੂਦ ਹੈ। ਉਹ ਕਲੀਸਿਆ ਦਾ ਸਿਰ ਹੈ, ਅਤੇ ਕਲੀਸਿਆ ਨੂੰ ਉਸਦੀ ਦੇਹ ਕਿਹਾ ਜਾਂਦਾ ਹੈ (ਅਫ਼ਸੀਆਂ ਨੂੰ 1:22-23)। ਉਹ ਕਲੀਸਿਆ ਦੀ ਅਗਵਾਈ ਕਰਦਾ ਹੈ, ਇਸਨੂੰ ਸੰਭਾਲਦਾ ਹੈ, ਅਤੇ ਇਸ ਦੇ ਲਈ ਪ੍ਰਦਾਨ ਕਰਦਾ ਹੈ (ਪੜ੍ਹੋ ਕੁਲੁੱਸੀਆਂ ਨੂੰ 2:19।)

ਜੋ ਵਿਅਕਤੀ ਯਿਸੂ ਦੇ ਬਾਰੇ ਸਚਿਆਈ ਨੂੰ ਸਵੀਕਾਰ ਕਰਦਾ ਹੈ ਉਸਨੂੰ ਵਿਸ਼ਵਾਸ ਅਤੇ ਆਗਿਆਕਾਰੀ ਦੇ ਦੁਆਰਾ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ। ਹੇਠਾਂ ਦਿੱਤੀ ਪ੍ਰਾਰਥਨਾ ਦੇ ਦੁਆਰਾ ਤੁਸੀਂ ਦੂਸਰਿਆਂ ਦੀ ਵਿਸ਼ਵਾਸੀ ਬਣਨ ਦੇ ਵਿੱਚ ਸਹਾਇਤਾ ਕਰ ਸਕਦੇ ਹੋ।

> ਪਿਤਾ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੰਨਾ ਪਿਆਰ ਕੀਤਾ ਕਿ ਤੁਸੀਂ ਮੇਰੇ ਲਈ ਆਪਣੇ ਪੁੱਤਰ ਯਿਸੂ ਨੂੰ ਇਸ ਸੰਸਾਰ ਦੇ ਵਿੱਚ ਘੱਲਿਆ। ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਪਾਪ ਰਹਿਤ ਈਸ਼ਵਰ ਮਨੁੱਖ ਹੈ ਜੋ ਮਰਿਆ ਅਤੇ

ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਤਾਂ ਕਿ ਮੈਨੂੰ ਮੇਰੇ ਪਾਪਾਂ ਤੋਂ ਮਾਫੀ ਮਿਲ ਸਕੇ ਅਤੇ ਤੁਹਾਡੇ ਨਾਲ ਸੰਬੰਧ ਦੇ ਵਿੱਚ ਆ ਸਕਾਂ। ਮੇਰੇ ਦੁਆਰਾ ਕੀਤੇ ਸਾਰੇ ਪਾਪਾਂ ਦੇ ਲਈ ਮੈਂ ਮਾਫੀ ਮੰਗਦਾ ਹਾਂ। ਮੈਂ ਜਾਣਦਾ ਹਾਂ ਕਿ ਮੇਰੇ ਪਾਪਾਂ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਇਆ। ਮੈਂ ਹੁਣੇ ਹੀ ਸਭਨਾਂ ਬੁਰਿਆਈਆਂ ਤੋਂ ਵਾਪਿਸ ਮੁੜਦਾ ਹਾਂ, ਅਤੇ ਮੈਂ ਯਿਸੂ ਨੂੰ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਵੱਜੋਂ ਸਵੀਕਾਰ ਕਰਦਾ ਹਾਂ। ਅੱਗੇ ਤੋਂ ਮੇਰੀ ਅਗਵਾਈ ਕਰੋ। ਮੈਂ ਸਦਾ ਦੇ ਲਈ ਤੁਹਾਡੇ ਲਈ ਜਿਉਣ ਜਾ ਰਿਹਾ ਹਾਂ! ਮੈਨੂੰ ਮਾਫ਼ ਕਰਨ ਦੇ ਲਈ ਤੁਹਾਡਾ ਧੰਨਵਾਦ। ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਆਮੀਨ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਯਿਸੂ ਮਸੀਹ ਅਤੇ ਸਭਨਾਂ ਦਾ ਪ੍ਰਭੂ ਹੈ, ਪਰਮੇਸ਼ੁਰ ਦਾ ਪੁੱਤਰ ਜੋ ਕੁਆਰੀ ਤੋਂ ਪੈਦਾ ਹੋਇਆ, ਜਿਸਦੇ ਇੱਕ ਵਿਅਕਤੀਤਵ ਦੇ ਵਿੱਚ ਮਨੁੱਖੀ ਅਤੇ ਈਸ਼ਵਰੀ ਦੋਵੇਂ ਸੁਭਾਅ ਸਨ। ਉਹ ਇੱਕ ਪਾਪ ਰਹਿਤ ਜੀਵਨ ਜੀਵਿਆ, ਅਤੇ ਇੱਕ ਬਲੀਦਾਨ ਦੇ ਤੌਰ ਤੇ ਮਰਿਆ ਤਾਂ ਕਿ ਸਾਡੇ ਸਾਡੇ ਪਾਪ ਮਾਫ਼ ਕੀਤੇ ਜਾ ਸਕਣ। ਉਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਅਤੇ ਆਪਣੀ ਵਾਪਸੀ ਦੇ ਸਮੇਂ ਸਾਰੇ ਵਿਸ਼ਵਾਸੀਆਂ ਨੂੰ ਮੁਰਦਿਆਂ ਦੇ ਵਿੱਚੋਂ ਜਿਉਂਦਾ ਕਰੇਗਾ। ਉਸਦਾ ਰਾਜ ਵਿਸ਼ਵਵਿਆਪੀ ਅਤੇ ਬਿਨਾਂ ਕਿਸੇ ਅੰਤ ਦੇ ਹੈ।

## ਪਵਿੱਤਰ ਸ਼ਾਸਤਰ ਦੇ ਵਿੱਚੋਂ ਯਿਸੂ ਦੀ ਮਨੁੱਖਤਾਈ ਦੇ ਪ੍ਰਮਾਣ

*ਕਲਾਸ ਦੇ ਆਗੂ ਲਈ ਸੂਚਨਾ: ਇਹ ਭਾਗ ਅਤੇ ਅੱਗਲਾ ਭਾਗ ਦੋਵੇਂ ਵਿਕਲਪ ਦੇ ਵੱਜੋਂ ਹਨ। ਜੇਕਰ ਉਹ ਇੰਨ੍ਹਾਂ ਬਿੰਦੂਆਂ ਦੇ ਬਾਰੇ ਬਾਈਬਲ ਦੇ ਵਿੱਚੋਂ ਵਧੇਰੇ ਪ੍ਰਮਾਣ ਚਾਹੁੰਦੇ ਹਨ ਤਾਂ ਇਹ ਕਲਾਸ ਦੇ ਵਿੱਚ ਦੱਸੇ ਜਾ ਸਕਦੇ ਹਨ।*

ਯਿਸੂ ਹਵਾ ਦੀ ਸੰਤਾਨ ਸੀ (ਉਤਪਤ 3:15), ਅਬਰਾਹਾਮ ਦਾ ਅੰਸ (ਉਤਪਤ 22:18 – ਤੁਲਨਾ ਕਰੋ ਰਸੂਲਾਂ ਦੇ ਕਰਤੱਬ 3:25), ਔਰਤ ਤੋਂ ਪੈਦਾ ਹੋਇਆ (ਗਲਾਤੀਆਂ ਨੂੰ 4:4), ਮਰੀਅਮ ਤੋਂ ਪੈਦਾ ਹੋਇਆ (ਮੱਤੀ 1:21-25), ਉਸਨੂੰ ਮਨੁੱਖ ਦਾ ਪੁੱਤਰ ਕਿਹਾ ਗਿਆ (ਮੱਤੀ 13:37), ਅਤੇ ਉਹ ਵੱਡਾ ਹੋਣ ਦੀ ਆਮ ਪ੍ਰਕਿਰਿਆ ਦੇ ਵਿੱਚੋਂ ਗੁਜ਼ਰਿਆ (ਲੂਕਾ 2:40, 52)।

ਜਦੋਂ ਉਹ ਫੇਰੀ ਦੇ ਲਈ ਆਪਣੇ ਨਗਰ ਆਇਆ, ਤਾਂ ਲੋਕਾਂ ਦੀ ਪ੍ਰਤੀਕਿਰਿਆ ਵਿਖਾਉਂਦੀ ਹੈ ਕਿ ਉਸਦਾ ਬਚਪਨ ਆਮ ਸੀ (ਮੱਤੀ 13:54-56)।

ਇੱਕ ਮਨੁੱਖ ਦੀ ਤਰ੍ਹਾਂ ਆਗਿਆਕਾਰੀ ਕਰਨ ਦੇ ਲਈ ਉਸਦੇ ਕੋਲ ਇੱਕ ਸਰੀਰ ਸੀ (ਇਬਰਾਨੀਆਂ ਨੂੰ 10:5-9); ਉਹ ਲਹੂ ਅਤੇ ਮਾਸ ਬਣਿਆ (ਇਬਰਾਨੀਆਂ ਨੂੰ 2:14); ਉਹ ਸਾਡੇ ਸਮਾਨ ਬਣਿਆ ਤਾਂ ਕਿ ਉਹ ਸਾਡੀ ਤਰ੍ਹਾਂ ਦੁੱਖ ਝੱਲ ਸਕੇ (ਇਬਰਾਨੀਆਂ ਨੂੰ 2:10-18); ਉਹ ਦੁੱਖਾਂ ਦੇ ਦੁਆਰਾ ਸਿੱਧ ਕੀਤਾ ਗਿਆ (ਇਬਰਾਨੀਆਂ ਨੂੰ 2:9-10); ਅਤੇ ਮਨੁੱਖੀ ਪਰਤਾਵਿਆਂ ਦੇ ਦੁਆਰਾ ਪਰਖਿਆ ਗਿਆ (ਇਬਰਾਨੀਆਂ ਨੂੰ 4:15)।

ਉਸਨੇ ਮਨੁੱਖ ਦਾ ਰੂਪ ਧਾਰਿਆ (ਫ਼ਿਲਿੱਪੀਆਂ ਨੂੰ 2:6-8)।

ਉਹ ਪਰਮੇਸ਼ੁਰ ਦਾ ਸਦੀਪਕ ਸ਼ਬਦ ਸੀ ਅਤੇ ਉਹ ਦੇਹ ਧਾਰੀ ਹੋਇਆ ਅਤੇ ਉਸਨੇ ਧਰਤੀ ਤੇ ਵਾਸ ਕੀਤਾ (ਯੂਹੰਨਾ 1:14)।

ਯਿਸੂ ਦੀ ਮਨੁੱਖਤਾਈ ਮਸੀਹੀ ਵਿਸ਼ਵਾਸ ਦਾ ਇੱਕ ਮਹੱਤਵਪੂਰਨ ਬਿਆਨ ਹੈ (ਯੂਹੰਨਾ 1:14; ਯੂਹੰਨਾ ਦੀ ਪਹਿਲੀ ਪੱਤ੍ਰੀ 4:2-3)।

## ਪਵਿੱਤਰ ਸ਼ਾਸਤਰ ਦੇ ਵਿੱਚੋਂ ਯਿਸੂ ਦੀ ਈਸ਼ਵਰਤਾਈ ਦੇ ਪ੍ਰਮਾਣ

ਤਿੰਨ ਤਰੀਕਿਆਂ ਦੇ ਨਾਲ ਯਿਸੂ ਨੂੰ ਪਰਮੇਸ਼ੁਰ ਸਾਬਿਤ ਕੀਤਾ ਜਾਂਦਾ ਹੈ:

1. ਉਸਨੂੰ ਪਰਮੇਸ਼ੁਰ ਕਿਹਾ ਗਿਆ ਹੈ।
2. ਉਸਦੇ ਵਿੱਚ ਪਰਮੇਸ਼ੁਰ ਦੇ ਗੁਣ ਹਨ।
3. ਉਸਨੂੰ ਪਰਮੇਸ਼ੁਰ ਦੀਆਂ ਭੂਮਿਕਾਵਾਂ ਦੇ ਵਿੱਚ ਵਿਖਾਇਆ ਗਿਆ ਹੈ।

### ਯਿਸੂ ਨੂੰ ਪਰਮੇਸ਼ੁਰ ਕਿਹਾ ਗਿਆ ਹੈ

- ਯੂਹੰਨਾ 1:1, 14, ਦੱਸਦਾ ਹੈ ਕਿ ਸ਼ਬਦ ਪਰਮੇਸ਼ੁਰ ਸੀ।
- ਯੂਹੰਨਾ 12:41 ਸਾਨੂੰ ਦੱਸਦਾ ਹੈ ਕਿ ਯਸਾਯਾਹ ਨੇ ਉਸਨੂੰ ਵੇਖਿਆ।
- ਰਸੂਲਾਂ ਦੇ ਕਰਤੱਬ 20:28 ਦੱਸਦਾ ਹੈ ਕਿ ਪਰਮੇਸ਼ੁਰ ਦੀ ਕਲੀਸਿਆ ਉਸਦੇ ਲਹੂ ਦੇ ਦੁਆਰਾ ਖਰੀਦੀ ਗਈ।
- ਰੋਮੀਆਂ ਨੂੰ 9:5 ਨੇ ਦੱਸਿਆ ਕਿ ਮਸੀਹ ਆਇਆ, ਜੋ ਸਦਾ ਦੇ ਲਈ ਪਰਮੇਸ਼ੁਰ ਦਾ ਮੁਬਾਰਕ ਹੈ।
- ਤੀਤੁਸ ਨੂੰ 2:13 ਉਸਨੂੰ ਸਾਡੇ ਪਰਮੇਸ਼ੁਰ ਅਤੇ ਮੁਕਤੀ ਦਾਤਾ ਯਿਸੂ ਮਸੀਹ ਵੱਜੋਂ ਦੱਸਦਾ ਹੈ।
- ਮੱਤੀ 1:23 ( ਯਸਾਯਾਹ 7:14 ਦਾ ਹਵਾਲਾ ਦਿੰਦੇ ਹੋਏ) ਕਿ ਉਸਦੇ ਨਾਮ ਦਾ ਅਰਥ ਹੈ “ਪਰਮੇਸ਼ੁਰ ਅਸਾਡੇ ਸੰਗ” ।
- ਯਸਾਯਾਹ 9:6 ਦੱਸਦਾ ਹੈ ਕਿ ਉਸਦਾ ਨਾਮ ਸ਼ਕਤੀਮਾਨ ਪਰਮੇਸ਼ੁਰ ਪੁਕਾਰਿਆ ਜਾਵੇਗਾ।
- ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:16 ਦੱਸਦਾ ਹੈ ਕਿ ਪਰਮੇਸ਼ੁਰ ਸਰੀਰ ਦੇ ਵਿੱਚ ਪ੍ਰਗਟ ਹੋਇਆ, ਕੌਮਾਂ ਵਿੱਚ ਉਸਦਾ ਪ੍ਰਚਾਰ ਕੀਤਾ ਗਿਆ, ਮਹਿਮਾ ਵਿੱਚ ਉੱਪਰ ਉਠਾ ਲਿਆ ਗਿਆ।
- ਯੂਹੰਨਾ 10:30, 33, ਦੇ ਵਿੱਚ, ਯਿਸੂ ਨੇ ਕਿਹਾ ਕਿ ਉਹ ਅਤੇ ਪਿਤਾ ਇੱਕ ਹਨ।
- ਯੂਹੰਨਾ 5:17-18, ਦੇ ਵਿੱਚ, ਯਹੂਦੀ ਜਾਣਦੇ ਸਨ ਕਿ ਉਸਨੇ ਕਿਹਾ ਕਿ ਉਹ ਪਰਮੇਸ਼ੁਰ ਦੇ ਸਮਾਨ ਹੈ।
- ਯੂਹੰਨਾ 14:9 ਦੇ ਵਿੱਚ, ਉਸਨੇ ਕਿਹਾ, “ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ”।
- ਯੂਹੰਨਾ 20:28-29 ਦੇ ਵਿੱਚ, ਥੋਮਾ ਨੇ ਉਸਦੇ ਜਖ਼ਮਾਂ ਨੂੰ ਵੇਖਿਆ ਅਤੇ ਕਿਹਾ, “ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ,” ਅਤੇ ਯਿਸੂ ਨੇ ਵਿਸ਼ਵਾਸ ਕਰਨ ਵਾਲਿਆਂ ਨੂੰ ਬਰਕਤ ਦਿੱਤੀ।

- ਯੂਹੰਨਾ 8:58 ਦੇ ਵਿੱਚ, ਉਸਨੇ ਆਪਣੇ ਆਪ ਨੂੰ ਮੈਂ ਹਾਂ ਕਿਹਾ, ਅਤੇ ਯਹੂਦੀ ਜਾਣਦੇ ਸਨ ਕਿ ਇਹ ਪਰਮੇਸ਼ੁਰ ਹੋਣ ਦਾ ਦਾਅਵਾ ਸੀ।
- ਪਰਕਾਸ਼ ਦੀ ਪੋਥੀ 1:17, ਪਰਕਾਸ਼ ਦੀ ਪੋਥੀ 2:8, ਅਤੇ ਪਰਕਾਸ਼ ਦੀ ਪੋਥੀ 22:13, ਦੇ ਵਿੱਚ, ਉਸਨੇ ਪਹਿਲਾ ਅਤੇ ਪਿੱਛਲਾ ਹੋਣ ਦਾ ਦਾਅਵਾ ਕੀਤਾ, ਅਤੇ ਯਸਾਯਾਹ 44:6 ਵਿਖਾਉਂਦਾ ਹੈ ਕਿ ਇਹ ਸ਼ਬਦ ਪਰਮੇਸ਼ੁਰ ਦੇ ਲਈ ਹੈ।
- ਇਬਰਾਨੀਆਂ ਨੂੰ 1:2-3 ਸਾਨੂੰ ਦੱਸਦਾ ਹੈ ਕਿ ਉਹ ਪਰਮੇਸ਼ੁਰ ਦਾ ਸੰਪੂਰਨ ਰੂਪ ਹੈ।
- ਇਬਰਾਨੀਆਂ ਨੂੰ 1:8 ਦੇ ਵਿੱਚ, ਉਸਨੂੰ ਪਰਮੇਸ਼ੁਰ ਦੇ ਤੌਰ ਤੇ ਸੰਬੋਧਿਤ ਕੀਤਾ ਗਿਆ ਹੈ।

### ਯਿਸੂ ਦੇ ਵਿੱਚ ਪਰਮੇਸ਼ੁਰ ਦੇ ਗੁਣ ਹਨ

**ਹਰ ਸਥਾਨ ਤੇ ਮੌਜੂਦ।** ਮੱਤੀ 18:20 ਦੇ ਵਿੱਚ, ਯਿਸੂ ਨੇ ਕਿਹਾ ਕਿ ਦੋ ਜਾਂ ਤਿੰਨ ਵਿਸ਼ਵਾਸੀ ਇਕੱਠੇ ਹੋਣਗੇ ਉਹ ਉਨ੍ਹਾਂ ਦੇ ਵਿੱਚ ਮੌਜੂਦ ਹੋਵੇਗਾ। ਮੱਤੀ 28:20 ਦੇ ਵਿੱਚ, ਉਸਨੇ ਸਦਾ ਵਿਸ਼ਵਾਸੀਆਂ ਦੇ ਨਾਲ ਹੋਣ ਵਾਇਦਾ ਕੀਤਾ।

**ਸਬਰ-ਸ਼ਕਤੀਮਾਨ।** ਇਬਰਾਨੀਆਂ ਨੂੰ 1:3 ਕਹਿੰਦਾ ਹੈ ਕਿ ਉਹ ਆਪਣੀ ਸ਼ਕਤੀ ਦੇ ਦੁਆਰਾ ਸਭਨਾਂ ਵਸਤਾਂ ਨੂੰ ਕਾਇਮ ਰੱਖਦਾ ਹੈ। ਫ਼ਿਲਿੱਪੀਆਂ ਨੂੰ 3:21 ਦੱਸਦਾ ਹੈ ਕਿ ਉਹ ਹਰੇਕ ਵਸਤ ਨੂੰ ਆਪਣੇ ਅਧੀਨ ਕਰਦਾ ਹੈ।

**ਸਦੀਪਕ।** ਇਬਰਾਨੀਆਂ ਨੂੰ 13:8 ਸਾਨੂੰ ਦੱਸਦਾ ਹੈ ਕਿ ਉਹ ਸਦੀਪਕ ਤੌਰ ਤੇ ਇੱਕ ਸਮਾਨ ਹੈ। ਇਬਰਾਨੀਆਂ ਨੂੰ 1:12 ਦੱਸਦਾ ਹੈ ਕਿ ਉਹ ਸਦਾ ਇੱਕੋ ਜਿਹਾ ਰਹਿੰਦਾ ਹੈ। ਇਹ ਵਚਨ ਜ਼ਬੂਰਾਂ ਦੀ ਪੋਥੀ 102:25-27 ਦਾ ਹਵਾਲਾ ਹੈ ਜੋ ਪਰਮੇਸ਼ੁਰ ਦੇ ਬਾਰੇ ਗੱਲ ਕਰਦਾ ਹੈ।

**ਸਭ ਕੁਝ ਜਾਣਨ ਵਾਲਾ।** ਯੂਹੰਨਾ 2:24-25 ਸਾਨੂੰ ਦੱਸਦਾ ਹੈ ਕਿ ਉਹ ਸਭਨਾਂ ਲੋਕਾਂ ਨੂੰ ਜਾਣਦਾ ਸੀ, ਅਤੇ ਉਹ ਜਾਣਦਾ ਸੀ ਕਿ ਉਨ੍ਹਾਂ ਦੇ ਮਨਾਂ ਦੇ ਦੇ ਵਿੱਚ ਕੀ ਹੈ। ਯੂਹੰਨਾ 10:15 ਦੇ ਵਿੱਚ, ਦੇ ਵਿੱਚ ਉਸਨੇ ਦਾਅਵਾ ਕੀਤਾ ਕਿ ਉਹ ਪਿਤਾ ਨੂੰ ਉਸੇ ਪ੍ਰਕਾਰ ਜਾਣਦਾ ਹੈ ਜਿਵੇਂ ਪਿਤਾ ਉਸਨੂੰ ਜਾਣਦਾ ਹੈ।

### ਯਿਸੂ ਦੇ ਕੋਲ ਪਰਮੇਸ਼ੁਰ ਦੀਆਂ ਭੂਮਿਕਾਵਾਂ ਹਨ

- ਯਿਸੂ ਰਚਨਹਾਰਾ ਹੈ (ਕੁਲੁੱਸੀਆਂ ਨੂੰ 1:16; ਇਬਰਾਨੀਆਂ ਨੂੰ 1:10)।
- ਯਿਸੂ ਨੇ ਪਾਪ ਮਾਫ਼ ਕੀਤੇ (ਲੂਕਾ 5:20-24, ਲੂਕਾ 7:48)।
- ਯਿਸੂ ਅੰਤਿਮ ਨਿਆਂ ਦੇ ਸਮੇਂ ਨਿਆਂਈ ਹੋਵੇਗਾ (ਮੱਤੀ 25:31-46; 2 ਕੁਰਿੰਥੀਆਂ ਨੂੰ 5:10)।
- ਯਿਸੂ ਦੀ ਪਿਤਾ ਦੀ ਤਰ੍ਹਾਂ ਅਰਾਧਨਾ ਕੀਤੀ ਜਾਂਦੀ ਹੈ (ਯੂਹੰਨਾ 5:22-23; ਇਬਰਾਨੀਆਂ ਨੂੰ 1:6; ਪਰਕਾਸ਼ ਦੀ ਪੋਥੀ 5:12-13)।

## ਪਾਠ 7 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਮਰਕੁਸ 1:1-12
- ਯੂਹੰਨਾ 5:19-26
- ਯੂਹੰਨਾ 6:44-51
- ਯੂਹੰਨਾ 8:51-59
- ਰਸੂਲਾਂ ਦੇ ਕਰਤੱਬ 2:22-36
- ਪਰਕਾਸ਼ ਦੀ ਪੋਥੀ 1:12-18

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 7 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 7 ਦੀ ਪ੍ਰੀਖਿਆ

(1) ਮਸੀਹ ਦੀ ਪ੍ਰਾਥਮਿਕਤਾ ਕੀ ਸੀ?

(2) ਪ੍ਰਾਰੰਭਿਕ ਕਲੀਸਿਆ ਦਾ ਕੀ ਅਰਥ ਸੀ ਜਦੋਂ ਉਹ ਕਹਿੰਦੇ ਸਨ, "ਯਿਸੂ ਪ੍ਰਭੂ ਹੈ"?

(3) ਯਿਸੂ ਕਿਹੜੇ ਤਰੀਕੇ ਨਾਲ ਅਨੋਖੇ ਢੰਗ ਨਾਲ ਪਰਮੇਸ਼ੁਰ ਦਾ ਪੁੱਤਰ ਹੈ?

(4) ਦੇਹਧਾਰੀ ਹੋਣਾ ਕੀ ਹੈ?

(5) ਤਿੰਨ ਕਾਰਨ ਲਿਖੋ ਕਿ ਇਹ ਕਿਉਂ ਮਹੱਤਵਪੂਰਨ ਹੈ ਕਿ ਯਿਸੂ ਇੱਕ ਮਨੁੱਖ ਹੈ।

(6) ਤਿੰਨ ਕਾਰਨ ਲਿਖੋ ਕਿ ਇਹ ਜਾਣਨਾ ਕਿਉਂ ਜਰੂਰੀ ਹੈ ਕਿ ਯਿਸੂ ਪਰਮੇਸ਼ੁਰ ਹੈ।

(7) ਦੋ ਕਾਰਨ ਲਿਖੋ ਕਿ ਬਲੀਦਾਨ ਕਰਨਾ ਕਿਉਂ ਜਰੂਰੀ ਸੀ।

(8) ਯਿਸੂ ਕਿਸੇ ਹੋਰ ਤਰੀਕੇ ਦੀ ਬਜਾਏ ਸਲੀਬ ਤੇ ਹੀ ਕਿਉਂ ਮਰਿਆ?

(9) ਯਿਸੂ ਦੇ ਸਰੀਰਕ ਤੌਰ ਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਤਿੰਨ ਮਹੱਤਵਪੂਰਨ ਕਾਰਨ ਲਿਖੋ।

# ਪਾਠ 8

# ਮੁਕਤੀ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਸਲੀਬ ਬਹੁਤ ਸਾਰੇ ਲੋਕਾਂ ਦੇ ਲਈ ਇੱਕ ਠੇਸ ਪਹੁੰਚਾਉਣ ਵਾਲੀ ਚੀਜ਼ ਕਿਉਂ ਹੈ।
- ਪਾਪੀ ਦੀ ਸਥਿਤੀ।
- ਮਾਫ਼ੀ ਦੇ ਲਈ ਪ੍ਰਾਸਚਿੱਤ ਦੀ ਜਰੂਰਤ
- ਤੌਬਾ ਦਾ ਅਰਥ।
- ਬਚਾਉਣ ਵਾਲੇ ਵਿਸ਼ਵਾਸ ਦੇ ਤੱਥ।
- ਪ੍ਰਾਸਚਿੱਤ ਸਭਨਾਂ ਲੋਕਾਂ ਦੇ ਸਾਰੇ ਪਾਪਾਂ ਦੇ ਕਿਵੇਂ ਕਾਫੀ ਹੈ।
- ਮੁਕਤੀ ਦੇ ਨਿੱਜੀ ਭਰੋਸੇ ਦਾ ਆਧਾਰ।
- ਆਮ ਤਰੀਕੇ ਦੇ ਨਾਲ ਰਚਨਾ ਦਾ ਛੁਟਕਾਰਾ।
- ਮੁਕਤੀ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਬਿਨਾਂ ਤੌਬਾ ਦੇ ਧਰਮ ਦੀ ਗ਼ਲਤ ਨੂੰ ਸਮਝਣਗੇ।

## ਜਾਣ-ਪਛਾਣ

► ਜ਼ਬੂਰਾਂ ਦੀ ਪੋਥੀ 85 ਨੂੰ ਮਿਲ ਕੇ ਪੜ੍ਹੋ। ਇਹ ਵਚਨ ਸਾਨੂੰ ਮੁਕਤੀ ਦੇ ਬਾਰੇ ਕੀ ਕਹਿੰਦਾ ਹੈ?

## ਸਲੀਬ

ਸਲੀਬ ਮਸੀਹਤ ਦਾ ਸਭ ਤੋਂ ਮਹੱਤਵਪੂਰਨ ਚਿੰਨ੍ਹ ਹੈ। ਸਲੀਬ ਉਸ ਘਟਨਾ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਸਾਰੇ ਇਤਿਹਾਸ ਦਾ ਕੇਂਦਰ ਹੈ। ਇਹ ਮਸੀਹੀ ਅਤੇ ਬਾਕੀ ਸਾਰੇ ਧਰਮਾਂ ਦੇ ਵਿਚਾਲੇ ਫ਼ਰਕ ਦੀ ਪ੍ਰਤੀਨਿਧਤਾ ਕਰਦੀ ਹੈ।

ਸਲੀਬ ਬਹੁਤ ਸਾਰੇ ਲੋਕਾਂ ਦੇ ਲਈ ਭੇਤ ਹੈ। ਉਹ ਇਸ ਗੱਲ ਨੂੰ ਨਹੀਂ ਸਮਝਦੇ ਕਿ ਯਿਸੂ ਕਿਉਂ ਮਰਿਆ। ਭਾਵੇਂ ਉਹ ਸੁਣਦੇ ਹਨ ਕਿ ਉਹ ਇਸ ਲਈ ਮਰਿਆ ਕਿਉਂਕਿ ਉਹ ਸਾਨੂੰ ਪਿਆਰ ਕਰਦਾ ਹੈ ਅਤੇ ਸਾਨੂੰ ਬਚਾਉਣਾ ਚਾਹੁੰਦਾ ਹੈ, ਫਿਰ ਵੀ ਉਹ ਇਹ ਨਹੀਂ ਸਮਝਦੇ

ਕਿ ਅਜਿਹਾ ਕਰਨ ਦੀ ਕੀ ਜਰੂਰਤ ਸੀ। ਉਹ ਪੁੱਛਦੇ ਹਨ, "ਜੇਕਰ ਪਰਮੇਸ਼ੁਰ ਸਾਨੂੰ ਮਾਫ਼ ਹੀ ਕਰਨਾ ਚਾਹੁੰਦਾ ਸੀ ਤਾਂ ਉਹ ਇੰਝ ਹੀ ਕਿਉਂ ਨਹੀਂ ਕਰ ਸਕਿਆ?"

ਸਲੀਬ ਦੇ ਬਾਰੇ ਦੁਵਿਧਾ ਸ਼ੁਰੂਆਤ ਤੋਂ ਹੀ ਸ਼ੁਰੂ ਹੋ ਗਈ, ਜਦੋਂ ਮਸੀਹੀਆਂ ਨੇ ਸ਼ੁਭਸਮਾਚਾਰ ਦਾ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ ਸੀ (ਪੜ੍ਹੋ 1 ਕੁਰਿੰਥੀਆਂ ਨੂੰ 1:22-23)। ਯਹੂਦੀ ਸੋਚਦੇ ਸਨ ਕਿ ਪਰਮੇਸ਼ੁਰ ਆਪਣੇ ਆਪ ਨੂੰ ਸ਼ਕਤੀ ਦੇ ਵਿੱਚ ਪ੍ਰਗਟ ਕਰੇਗਾ। ਉਹ ਸੋਚਦੇ ਸਨ ਕਿ ਜਿਸ ਮੁਕਤੀ ਦੀ ਉਨ੍ਹਾਂ ਨੂੰ ਜਰੂਰਤ ਹੈ ਉਹ ਜ਼ੁਲਮ ਤੋਂ ਛੁਟਕਾਰਾ ਸੀ, ਪਰ ਸਲੀਬ ਉਨ੍ਹਾਂ ਨੂੰ ਕਮਜ਼ੋਰੀ ਅਤੇ ਅਸਫਲਤਾ ਪ੍ਰਤੀਤ ਹੋਈ।

ਯੂਨਾਨੀ ਲੋਕ ਸੋਚਦੇ ਸਨ ਕਿ ਪਰਮੇਸ਼ੁਰ ਬੁੱਧ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰੇਗਾ। ਉਹ ਸੋਚਦੇ ਸਨ ਕਿ ਜਿਸ ਮੁਕਤੀ ਦੀ ਉਨ੍ਹਾਂ ਨੂੰ ਜਰੂਰਤ ਹੈ ਉਹ ਇਸ ਗੱਲ ਦੀ ਵਿਆਖਿਆ ਸੀ ਕਿ ਜੀਵਨ ਦੇ ਵਿੱਚੋਂ ਸਭ ਤੋਂ ਉੱਤਮ ਕਿਵੇਂ ਪ੍ਰਾਪਤ ਕੀਤਾ ਜਾਵੇ, ਪਰ ਸਲੀਬ ਉਨ੍ਹਾਂ ਨੂੰ ਮੂਰਖਤਾ ਅਤੇ ਅਸਫਲਤਾ ਮਹਿਸੂਸ ਹੋਈ।

► ਕੁਝ ਲੋਕਾਂ ਨੂੰ ਸਲੀਬ ਦੇ ਦੁਆਰਾ ਠੇਸ ਕਿਉਂ ਪਹੁੰਚਦੀ ਹੈ?

ਸਲੀਬ ਬਹੁਤ ਸਾਰੇ ਲੋਕਾਂ ਨੂੰ ਠੇਸ ਪਹੁੰਚਾਉਂਦੀ ਹੈ। ਬਹੁਤ ਸਾਰੇ ਲੋਕ ਧਾਰਮਿਕ ਹੋਣ, ਧਾਰਮਿਕ ਰਸਮਾਂ ਨੂੰ ਕਰਨ ਅਤੇ ਸਲਾਹ ਲੈਣ ਦੀ ਇੱਛਾ ਰੱਖਦੇ ਹਨ। ਪਰ ਉਹ ਇਸ ਵਿਚਾਰ ਦੇ ਨਾਲ ਨਫ਼ਰਤ ਕਰਦੇ ਹਨ ਕਿ ਉਹ ਇੰਨੇ ਪਾਪੀ ਹਨ ਉਨ੍ਹਾਂ ਦੀ ਮਾਫੀ ਦੇ ਲਈ ਸਲੀਬ ਜਰੂਰੀ ਸੀ। ਉਹ ਸੋਚਦੇ ਹਨ ਕਿ ਪਰਮੇਸ਼ੁਰ ਨੂੰ ਉਨ੍ਹਾਂ ਦੇ ਕੰਮਾਂ ਅਤੇ ਚਰਿੱਤਰ ਤੇ ਕੋਈ ਇਤਰਾਜ਼ ਨਹੀਂ ਕਰਨਾ ਚਾਹੀਦਾ। ਸਲੀਬ ਉਨ੍ਹਾਂ ਨੂੰ ਠੇਸ ਪਹੁੰਚਾਉਂਦੀ ਹੈ ਕਿਉਂਕਿ ਇਸਦਾ ਅਰਥ ਹੈ ਕਿ ਉਹ ਪਾਪੀ ਹਨ ਜਿੰਨ੍ਹਾਂ ਨੂੰ ਮਾਫੀ ਦੀ ਜਰੂਰਤ ਹੈ।

ਸਲੀਬ ਤੇ ਮਸੀਹ ਦੀ ਬਲੀਦਾਨੀ ਮੌਤ ਨੂੰ ਸਮਝਣ ਦੇ ਲਈ, ਸਾਨੂੰ ਪਾਪੀ ਮਨੁੱਖ ਦੀ ਸਥਿਤੀ ਅਤੇ ਪਰਮੇਸ਼ੁਰ ਦੇ ਪਵਿੱਤਰ ਸੁਭਾਅ ਨੂੰ ਸਮਝਣਾ ਪਵੇਗਾ ਜਿਸ ਨਾਲ ਵੱਡੀ ਦੁਵਿਧਾ ਪੈਦਾ ਹੁੰਦੀ ਹੈ। ਸਾਨੂੰ ਇਹ ਸਮਝਣਾ ਪਵੇਗਾ ਪ੍ਰਾਸਚਿੱਤ ਇਸ ਗੱਲ ਨੂੰ ਸੰਭਵ ਕਿਵੇਂ ਕੀਤਾ ਕਿ ਪਰਮੇਸ਼ੁਰ ਮਾਫ਼ ਕਰ ਸਕੇ।

## ਮਨੁੱਖੀ ਸਥਿਤੀ

ਆਦਮ ਦੇ ਪਾਪ ਦੇ ਕਾਰਨ, ਹਰੇਕ ਵਿਅਕਤੀ ਜਨਮ ਦੇ ਸਮੇਂ ਤੋਂ ਪਹਿਲਾਂ ਹੀ ਪਰਮੇਸ਼ੁਰ ਤੋਂ ਅਲੱਗ ਹੁੰਦਾ ਹੈ (ਰੋਮੀਆਂ ਨੂੰ 5:12)। ਇਸਦਾ ਅਰਥ ਹੈ ਕਿ ਹਰੇਕ ਵਿਅਕਤੀ ਸਵੈ-ਕੇਂਦਰਿਤ ਹੈ ਅਤੇ ਉਹ ਆਪਣੇ ਹੀ ਹਿਸਾਬ ਨਾਲ ਚੱਲਦਾ ਹੈ।

ਜਦੋਂ ਹੀ ਕੋਈ ਵਿਅਕਤੀ ਚੋਣਾਂ ਲੈਣੀਆਂ ਸ਼ੁਰੂ ਕਰਦਾ ਹੈ, ਉਹ ਪਾਪ ਕਰਨਾ ਸ਼ੁਰੂ ਕਰ ਦਿੰਦਾ ਹੈ। **ਹਰੇਕ ਪਾਪੀ ਪਾਪ ਦੇ ਬਹੁਤ ਸਾਰੇ ਕੰਮਾਂ ਦਾ ਦੋਸ਼ੀ ਹੁੰਦਾ ਹੈ।** (ਪੜ੍ਹੋ ਰੋਮੀਆਂ ਨੂੰ 3:23।)

ਪਾਪ ਪਰਮੇਸ਼ੁਰ ਦੀ ਬਿਵਸਥਾ ਦਾ ਉਲੰਘਣ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 3:4; ਯਾਕੂਬ 2:10-11)। ਕਿਉਂਕਿ ਪਰਮੇਸ਼ੁਰ ਪੂਰੀ ਤਰ੍ਹਾਂ ਦੇ ਨਾਲ ਧਰਮੀ ਹੈ, ਉਹ ਪਾਪ ਨੂੰ ਨਜ਼ਰਅੰਦਾਜ ਨਹੀਂ ਕਰਦਾ, ਅਤੇ ਹਰੇਕ ਵਿਅਕਤੀ ਦਾ ਉਸਦੇ ਕੰਮਾਂ ਅਨੁਸਾਰ ਨਿਆਂ ਕੀਤਾ

ਜਾਵੇਗਾ (2 ਕੁਰਿੰਥੀਆਂ ਨੂੰ 5:10; ਪਰਕਾਸ਼ ਦੀ ਪੋਥੀ 20:12-13)। ਕਿਸੇ ਵਿਅਕਤੀ ਦੀ ਦੋਸ਼ ਭਾਵਨਾ ਜਾਂ ਉਸਨੂੰ ਮਿਲਣ ਵਾਲੀ ਸਜ਼ਾ ਦੇ ਬਾਰੇ ਕੋਈ ਪ੍ਰਸ਼ਨ ਨਹੀਂ ਕੀਤਾ ਜਾ ਸਕਦਾ (ਪੜ੍ਹੋ ਯੂਹੰਨਾ 3:18-19)

**ਜਿਸ ਪਾਪੀ ਨੇ ਤੋਂਬਾ ਨਹੀਂ ਕੀਤੀ ਹੈ ਉਹ ਪਰਮੇਸ਼ੁਰ ਦਾ ਦੁਸ਼ਮਣ ਹੈ** (ਰੋਮੀਆਂ ਨੂੰ 5:10)। ਜਦੋਂ ਤੱਕ ਇੱਕ ਪਾਪੀ ਦੇ ਦੋਸ਼ ਦੂਰ ਨਹੀਂ ਹੁੰਦੇ ਉਦੋਂ ਤੱਕ ਉਹ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਨਹੀਂ ਆ ਸਕਦਾ।

> "ਕਿਸੇ ਪਾਪੀ ਦਾ ਪਰਮੇਸ਼ੁਰ ਦੇ ਅੱਗੇ ਧਰਮੀ ਠਹਿਰਾਏ ਜਾਣ ਦੇ ਤਰੀਕੇ ਦਾ ਪ੍ਰਸ਼ਨ ਹਰੇਕ ਵਿਅਕਤੀ ਦੇ ਲਈ ਮਹੱਤਵਪੂਰਨ ਹੈ, ਕਿਉਂਕਿ ਜਦੋਂ ਤੱਕ ਅਸੀਂ ਤੱਕ ਅਸੀਂ ਪਰਮੇਸ਼ੁਰ ਦੇ ਦੁਸ਼ਮਣ ਹਾਂ ਤਾਂ ਸਾਡੇ ਕੋਲ ਕੋਈ ਸੱਚੀ ਸ਼ਾਂਤੀ ਜਾਂ ਸੁਰੱਖਿਅਤ ਅਨੰਦ ਨਹੀਂ ਹੋ ਸਕਦਾ, ਨਾ ਇਸ ਸਮੇਂ ਅਤੇ ਨਾ ਹੀ ਸਦੀਪਕਤਾ ਦੇ ਵਿੱਚ।"
> - ਜੌਨ ਵੈਸਲੀ, "ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣਾ" ਨਾਮਕ ਪ੍ਰਚਾਰ ਦੇ ਵਿੱਚ"

ਇੱਕ ਪਾਪੀ ਅਜਿਹੀ ਸਥਿਤੀ ਦੇ ਵਿੱਚ ਹੁੰਦਾ ਹੈ ਜੋ ਉਸਨੂੰ ਪਰਮੇਸ਼ੁਰ ਦੇ ਨਾਲ ਸੰਬੰਧ ਰੱਖਣ ਦੇ ਅਯੋਗ ਬਣਾ ਦਿੰਦੀ ਹੈ। **ਪਾਪੀ ਆਪਣੀ ਇੱਛਾ ਦੇ ਭ੍ਰਿਸ਼ਟ ਹੁੰਦਾ ਹੈ** (ਅਫ਼ਸੀਆਂ ਨੂੰ 2:3)। ਕਿਉਂਕਿ ਉਹ ਪਾਪ ਦਾ ਗ਼ੁਲਾਮ ਹੈ, **ਇਸ ਕਾਰਨ ਪਾਪੀ ਆਪਣੀ ਸਥਿਤੀ ਨੂੰ ਬਦਲਣ ਦੇ ਲਈ ਸ਼ਕਤੀਹੀਨ ਹੁੰਦਾ ਹੈ** ( ਰੋਮੀਆਂ ਨੂੰ 6:20, ਰੋਮੀਆਂ ਨੂੰ 7:23।)

ਇਸ ਕਾਰਨ ਪਾਪੀ ਨੂੰ ਕਿਸ ਮੁਕਤੀ ਦੀ ਜਰੂਰਤ ਹੈ? ਕਿਉਂਕਿ ਪਾਪੀ ਵਿਅਕਤੀ ਦੋਸ਼ੀ ਹੁੰਦਾ ਹੈ, ਇਸ ਲਈ ਮੁਕਤੀ ਦਾ ਅਰਥ ਮਾਫ਼ੀ ਹੈ। ਕਿਉਂਕਿ ਉਹ ਪਰਮੇਸ਼ੁਰ ਦਾ ਦੁਸ਼ਮਣ ਹੈ, ਇਸ ਲਈ ਮੁਕਤੀ ਦਾ ਅਰਥ ਮੇਲ ਮਿਲਾਪ ਹੈ। ਕਿਉਂਕਿ ਉਹ ਭ੍ਰਿਸ਼ਟ ਹੈ, ਇਸ ਲਈ ਮੁਕਤੀ ਦਾ ਅਰਥ ਸ਼ੁੱਧ ਹੋਣਾ ਹੈ। ਕਿਉਂਕਿ ਉਹ ਸ਼ਕਤੀਹੀਨ ਹੈ, ਇਸ ਲਈ ਮੁਕਤੀ ਦਾ ਅਰਥ ਛੁਟਕਾਰਾ ਹੈ। ਇਹ ਸਿਰਫ਼ ਮੁਕਤੀ ਦੇ ਕੁਝ ਤੱਥ ਮਾਤਰ ਹਨ ਜਿੰਨ੍ਹਾਂ ਦੀ ਇੱਕ ਪਾਪੀ ਨੂੰ ਜਰੂਰਤ ਹੈ।

### ਦੁਵਿਧਾ

ਲੋਕ ਆਪਣੇ ਪਾਪ ਦੇ ਲਈ ਆਪ ਕੀਮਤ ਅਦਾ ਨਹੀਂ ਕਰ ਸਕਦੇ ਸਨ। ਇਸਦਾ ਇੱਕ ਕਾਰਨ ਇਹ ਹੈ ਕਿ ਸਭ ਕੁਝ ਜੋ ਸਾਡੇ ਕੋਲ ਹੈ ਉਹ ਪਰਮੇਸ਼ੁਰ ਦਾ ਹੀ ਹੈ। ਇਸਦਾ ਇੱਕ ਹੋਰ ਮਹੱਤਵਪੂਰਨ ਕਾਰਨ ਇਹ ਹੈ ਕਿ ਪਾਪ ਅਮਰ ਪਰਮੇਸ਼ੁਰ ਦੇ ਵਿਰੁੱਧ ਅਪਰਾਧ ਹੈ, ਅਤੇ ਲੋਕਾਂ ਦੇ ਕੋਲ ਅਜਿਹਾ ਕੁਝ ਵੀ ਨਹੀਂ ਹੈ ਜਿਸਦੀ ਕੀਮਤ ਅਮਰ ਹੈ।

ਲੋਕ ਇਸ ਜਰੂਰਰ ਦੇ ਲਈ ਕੁਝ ਵੀ ਨਹੀਂ ਕਰ ਸਕਦੇ ਹਨ; ਇਸ ਲਈ ਉਨ੍ਹਾਂ ਦੇ ਅੱਗੇ ਅਜਿਹੀ ਕੋਈ ਮੰਗ ਨਹੀਂ ਰੱਖੀ ਜਾ ਸਕਦੀ ਸੀ ਜਿਸਦੇ ਨਾਲ ਉਹ ਮੁਕਤੀ ਪ੍ਰਾਪਤ ਕਰ ਸਕਦੇ (ਪੜ੍ਹੋ ਗਲਾਤੀਆਂ ਨੂੰ 3:21) ਜੇਕਰ ਲੋਕਾਂ ਦੇ ਲਈ ਇਹ ਸੰਭਵ ਹੁੰਦਾ ਕਿ ਉਹ ਆਪਣੀ ਮੁਕਤੀ ਨੂੰ ਪ੍ਰਾਪਤ ਕਰ ਸਕਦੇ, ਤਾਂ ਫਿਰ ਯਿਸੂ ਦੇ ਲਈ ਇਹ ਜਰੂਰੀ ਨਹੀਂ ਸੀ ਉਹ ਸਲੀਬ ਤੇ ਮਰਦਾ (ਪੜ੍ਹੋ ਗਲਾਤੀਆਂ ਨੂੰ 2:21)

► ਜੇਕਰ ਪਰਮੇਸ਼ੁਰ ਮਾਫ਼ ਕਰਨਾ ਚਾਹੁੰਦਾ ਸੀ, ਤਾਂ ਉਹ ਸਲੀਬ ਦੇ ਬਿਨਾਂ ਹੀ ਮਾਫ਼ ਕਿਉਂ ਨਹੀਂ ਕੀਤਾ?

ਕਿਉਂਕਿ ਪਰਮੇਸ਼ੁਰ ਪਵਿੱਤਰ ਅਤੇ ਧਰਮੀ ਹੈ, ਇਸ ਲਈ ਉਹ ਨਿਆਂ ਅਤੇ ਸਚਿਆਈ ਦੇ ਅਨੁਸਾਰ ਹੀ ਨਿਆਂ ਕਰਦਾ ਹੈ (ਰੋਮੀਆਂ ਨੂੰ 2:5-6)। *ਪ੍ਰਾਸਚਿੱਤ* ਸ਼ਬਦ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਯਿਸੂ ਦਾ ਬਲੀਦਾਨ ਸਾਡੇ ਲਈ ਉਹ ਜ਼ਰੀਆ ਹੈ ਜਿਸਦੇ ਨਾਲ ਪਰਮੇਸ਼ੁਰ ਦੇ ਨਾਲ ਸਾਡਾ ਮੇਲ ਮਿਲਾਪ ਹੋ ਸਕਦਾ ਹੈ।

ਕਲਪਨਾ ਕਰੋ ਕਿ ਜੇਕਰ ਮਸੀਹ ਦਾ ਬਲੀਦਾਨ ਨਾ ਹੁੰਦਾ। ਜੇਕਰ ਪਰਮੇਸ਼ੁਰ ਨੇ ਪ੍ਰਾਸਚਿੱਤ ਦੇ ਬਿਨਾਂ ਹੀ ਪਾਪ ਮਾਫ਼ ਕਰ ਦਿੱਤਾ ਹੁੰਦਾ ਤਾਂ ਕੀ ਹੁੰਦਾ?

ਜੇਕਰ ਪਰਮੇਸ਼ੁਰ ਪ੍ਰਾਸਚਿਤ ਦੇ ਬਿਨਾਂ ਮਾਫ਼ ਕਰ ਦਿੰਦਾ, ਤਾਂ ਅਜਿਹਾ ਪ੍ਰਤੀਤ ਹੋਣਾ ਸੀ ਕਿ ਪਾਪ ਮਹੱਤਵਪੂਰਨ ਨਹੀਂ ਹੈ। ਅਜਿਹਾ ਪ੍ਰਤੀਤ ਹੋਵੇਗਾ ਕਿ ਪਰਮੇਸ਼ੁਰ ਅਨਿਆਂਈ ਹੈ, ਅਤੇ ਇੱਥੋਂ ਤੱਕ ਕਿ ਅਪਵਿੱਤਰ ਹੈ। ਇਸ ਤੋਂ ਅਜਿਹਾ ਪ੍ਰਤੀਤ ਹੁੰਦਾ ਕਿ ਕਿਸੇ ਵਿਅਕਤੀ ਦੇ ਚੰਗੇ ਜਾਂ ਬੁਰੇ ਕੰਮ ਕਰਨ ਦੇ ਨਾਲ ਪਰਮੇਸ਼ੁਰ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਜੇਕਰ ਮਾਫ਼ੀ ਪ੍ਰਾਸਚਿਤ ਦੇ ਬਿਨਾਂ ਹੁੰਦੀ, ਤਾਂ ਪਰਮੇਸ਼ੁਰ ਦੀ ਇੱਕ ਧਰਮੀ ਜਾਂ ਪਵਿੱਤਰ ਪਰਮੇਸ਼ੁਰ ਦੇ ਵੱਜੋਂ ਅਰਾਧਨਾ ਨਹੀਂ ਹੋ ਸਕਦੀ ਸੀ, ਜੋ ਉਹ ਹੈ। ਪ੍ਰਾਸਚਿੱਤ ਦੇ ਬਿਨਾਂ ਮਿਲੀ ਮਾਫ਼ੀ ਅੰਤ ਦੇ ਵਿੱਚ ਪਰਮੇਸ਼ੁਰ ਦਾ ਆਦਰ ਕਰਨ ਦੀ ਬਜਾਏ ਉਸਦਾ ਨਿਰਾਦਰ ਹੀ ਕਰਦੀ, ਇਸ ਲਈ ਇਹ ਨਹੀਂ ਹੋ ਸਕਦਾ ਸੀ।

ਪਰ ਪਰਮੇਸ਼ੁਰ ਪਿਆਰ ਕਰਨ ਵਾਲਾ ਹੈ ਅਤੇ ਮਾਫ਼ ਕਰਨਾ ਚਾਹੁੰਦਾ ਹੈ। ਉਹ ਸਾਰੀ ਮਨੁੱਖਤਾ ਨੂੰ ਪਾਪ ਦੀ ਸਥਿਤੀ ਦੇ ਵਿੱਚ ਨਹੀਂ ਛੱਡਣਾ ਚਾਹੁੰਦਾ ਸੀ, ਕਿ ਉਹ ਸਦਾ ਦੇ ਲਈ ਗੁਆਚ ਜਾਂਦੇ, ਭਾਵੇਂ ਕਿ ਉਹ ਇਸੇ ਦੇ ਹੱਕਦਾਰ ਸਨ।

ਸਲੀਬ ਤੇ ਯਿਸੂ ਦੇ ਬਲੀਦਾਨ ਨੇ ਅਮਰ ਕੀਮਤ ਵਾਲੇ ਬਲੀਦਾਨ ਨੂੰ ਪ੍ਰਦਾਨ ਕੀਤਾ ਜਿਸਦੀ ਜਰੂਰਤ ਸੀ। **ਯਿਸੂ (1) ਪਾਪ ਰਹਿਤ** (ਸੰਪੂਰਨ ਜਿਸਨੂੰ ਆਪ ਮੁਕਤੀ ਦੀ ਜਰੂਰਤ ਨਾ ਹੋਵੇ) **ਹੋਣ ਦੁਆਰਾ** 2 ਕੁਰਿੰਥੀਆਂ ਨੂੰ 5:21), ਅਤੇ **(2) ਮਨੁੱਖ ਅਤੇ ਪਰਮੇਸ਼ੁਰ ਹੋਣ ਦੁਆਰਾ ਇਸਦੇ ਯੋਗ ਬਣਿਆ**।

ਪ੍ਰਾਸਚਿਤ ਮਾਫ਼ੀ ਦੇ ਲਈ ਆਧਾਰ ਨੂੰ ਪ੍ਰਦਾਨ ਕਰਦਾ ਹੈ। ਹੁਣ ਪਰਮੇਸ਼ੁਰ ਅਜਿਹੇ ਵਿਅਕਤੀ ਨੂੰ ਮਾਫ਼ ਕਰ ਸਕਦਾ ਹੈ ਜੋ ਤੌਬਾ ਕਰਦਾ ਅਤੇ ਉਸਦੇ ਵਾਇਦੇ ਤੇ ਵਿਸ਼ਵਾਸ ਕਰਦਾ ਹੈ। ਜੋ ਵੀ ਕੋਈ ਬਲੀਦਾਨ ਨੂੰ ਸਮਝਦਾ ਹੈ ਉਹ ਅਜਿਹਾ ਕਦੇ ਨਹੀਂ ਸੋਚ ਸਕਦਾ ਕਿ ਪਰਮੇਸ਼ੁਰ ਪਾਪ ਨੂੰ ਗੰਭੀਰਤਾ ਦੇ ਨਾਲ ਨਹੀਂ ਲੈਂਦਾ ਹੈ।

ਪ੍ਰਾਸਚਿਤ ਅਜਿਹਾ ਜ਼ਰੀਆ ਪ੍ਰਦਾਨ ਕਰਦਾ ਹੈ ਜਿਸਦੇ ਦੁਆਰਾ ਪਰਮੇਸ਼ੁਰ ਅਜਿਹੇ ਪਾਪੀ ਨੂੰ ਧਰਮੀ ਠਹਿਰਾਉਂਦਾ ਹੈ ਜੋ ਉਸਦੇ ਵਾਇਦੇ ਤੇ ਵਿਸ਼ਵਾਸ ਕਰਦਾ ਹੈ। (ਪੜ੍ਹੋ ਰੋਮੀਆਂ ਨੂੰ 3:26।) ਰੋਮੀਆਂ ਨੂੰ 3:20-26 ਇੱਕ ਤਰਕਸ਼ੀਲ ਵਿਆਖਿਆ ਦਿੰਦਾ ਹੈ ਕਿ ਪ੍ਰਾਸਚਿਤ ਕਿਵੇਂ ਕੰਮ ਕਰਦਾ ਹੈ।

ਬਾਈਬਲ ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਦੁਆਰਾ ਮੁਕਤੀ ਦੇ ਲਈ ਪ੍ਰਦਾਨ ਕੀਤਾ ਜ਼ਰੀਆ ਇੱਕ ਮਾਤਰ ਜ਼ਰੀਆ ਹੈ। ਜੇਕਰ ਕੋਈ ਵਿਅਕਤੀ ਮਸੀਹ ਦੇ ਵਿੱਚ ਵਿਸ਼ਵਾਸ ਅਤੇ ਕ੍ਰਿਪਾ ਦੁਆਰਾ ਮਿਲਣ ਵਾਲੀ ਮੁਕਤੀ ਦਾ ਇਨਕਾਰ ਕਰ ਦਿੰਦਾ ਹੈ, ਤਾਂ ਉਹ ਬਚਾਇਆ ਨਹੀਂ ਜਾ ਸਕਦਾ (ਪੜ੍ਹੋ ਮਰਕੁਸ 16:15-16; ਰਸੂਲਾਂ ਦੇ ਕਰਤੱਬ 4:12; ਇਬਰਾਨੀਆਂ ਨੂੰ 2:3)।

ਇਸੇ ਕਾਰਨ ਇਹ ਜਾਣਨਾ ਮਹੱਤਵਪੂਰਨ ਹੈ ਕਿ ਮੁਕਤੀ ਦਾ ਸਿਧਾਂਤ ਸਿਰਫ਼ ਕ੍ਰਿਪਾ ਦੇ ਦੁਆਰਾ ਹੈ, ਇਸਨੂੰ ਵਿਸ਼ਵਾਸ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ। ਮੁਕਤੀ ਸਿਰਫ਼ ਕ੍ਰਿਪਾ ਦੇ ਦੁਆਰਾ ਮਿਲਦੀ ਹੈ ਕਿਉਂਕਿ ਅਸੀਂ ਇਸਨੂੰ ਕਮਾਉਣ ਜਾਂ ਇਸਦੇ ਯੋਗ ਹੋਣ ਦੇ ਲਈ ਅਸੀਂ ਕੁਝ ਵੀ ਨਹੀਂ ਕਰ ਸਕਦੇ। ਇਹ ਸਿਰਫ਼ ਵਿਸ਼ਵਾਸ ਦੇ ਦੁਆਰਾ ਹੈ ਕਿਉਂਕਿ ਅਸੀਂ ਇਸਨੂੰ ਪ੍ਰਾਪਤ ਕਰਨ ਲਈ ਕੁਝ ਵੀ ਨਹੀਂ ਕਰ ਸਕਦੇ। ਅਸੀਂ ਸਿਰਫ਼ ਪਰਮੇਸ਼ੁਰ ਦੇ ਵਾਇਦਿਆਂ ਤੇ ਵਿਸ਼ਵਾਸ ਕਰ ਸਕਦੇ ਹਾਂ।

### ਪਹਿਲੀ ਕ੍ਰਿਪਾ

► ਕਿਸੇ ਵਿਅਕਤੀ ਦੀ ਮੁਕਤੀ ਦੇ ਲਈ ਪਹਿਲਾਂ ਕਦਮ ਕੌਣ ਚੁੱਕਦਾ ਹੈ, ਪਰਮੇਸ਼ੁਰ ਜਾਂ ਉਹ ਵਿਅਕਤੀ ਆਪ?

ਕਿਸੇ ਪਾਪੀ ਨੂੰ ਮੁਕਤੀ ਦੇ ਵੱਲ ਲਿਆਉਣ ਦੇ ਲਈ ਪਹਿਲਾ ਕਦਮ ਪਰਮੇਸ਼ੁਰ ਨੇ ਚੁੱਕਿਆ ਹੈ। ਉਸਨੇ ਸਲੀਬ ਤੇ ਯਿਸੂ ਦੇ ਬਲੀਦਾਨ ਨੂੰ ਪ੍ਰਦਾਨ ਕਰਕੇ ਮਾਫ਼ ਕਰਨ ਦੀ ਇੱਛਾ ਵਿਖਾਈ। ਹੁਣ ਪਰਮੇਸ਼ੁਰ ਦੀ ਕ੍ਰਿਪਾ ਕਿਸੇ ਪਾਪੀ ਦੇ ਦਿਲ ਤੱਕ ਪਹੁੰਚਦੀ ਹੈ, ਉਸਨੂੰ ਉਸਦੇ ਪਾਪਾਂ ਦੇ ਬਾਰੇ ਮਨਾਉਂਦੀ ਹੈ ਅਤੇ ਉਸਦੇ ਅੰਦਰ ਮਾਫੀ ਦੀ ਇੱਛਾ ਜਗਾਉਂਦੀ ਹੈ। (ਪੜ੍ਹੋ ਤੀਤੁਸ ਨੂੰ 2:11; ਯੂਹੰਨਾ 1:9; ਰੋਮੀਆਂ ਨੂੰ 1:20।) ਪਰਮੇਸ਼ੁਰ ਦੀ ਸਹਾਇਤਾ ਤੋਂ ਬਿਨਾਂ ਪਾਪੀ ਆਪਣੇ ਪਾਪਾਂ ਨੂੰ ਛੱਡਣ ਦੇ ਵਿੱਚ ਸ਼ਕਤੀਹੀਨ ਹੁੰਦਾ ਹੈ (ਯੂਹੰਨਾ 6:44)। ਪਰਮੇਸ਼ੁਰ ਕਿਸੇ ਪਾਪੀ ਨੂੰ ਸ਼ੁਭਸਮਾਚਾਰ ਦੇ ਪ੍ਰਤੀ ਪ੍ਰਤੀਕਿਰਿਆ ਕਰਨ ਦੀ ਯੋਗਤਾ ਦਿੰਦਾ ਹੈ। ਜੇਕਰ ਕੋਈ ਵਿਅਕਤੀ ਬਚਾਇਆ ਹੋਇਆ ਨਹੀਂ ਹੈ, ਤਾਂ ਇਸਦਾ ਅਰਥ ਇਹ ਨਹੀਂ ਹੈ ਕਿ ਉਸਨੂੰ ਕ੍ਰਿਪਾ ਦੀ ਪ੍ਰਾਪਤੀ ਨਹੀਂ ਹੋਈ, ਪਰ ਇਸਦਾ ਕਾਰਨ ਇਹ ਹੈ ਜੋ ਕ੍ਰਿਪਾ ਪਰਮੇਸ਼ੁਰ ਨੇ ਉਸਨੂੰ ਦਿੱਤੀ ਉਸਨੇ ਉਸਦੇ ਪ੍ਰਤੀ ਪ੍ਰਤੀਕਿਰਿਆ ਨਹੀਂ ਕੀਤੀ।

ਯਿਸੂ ਨੇ ਸਾਰੇ ਸੰਸਾਰ ਦੇ ਪਾਪਾਂ ਦੇ ਲਈ ਆਪਣੀ ਜਾਨ ਦਿੱਤੀ, ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਹਰੇਕ ਵਿਅਕਤੀ ਬਚਾਇਆ ਜਾਏ। (ਪੜ੍ਹੋ ਪਤਰਸ ਦੀ ਦੂਜੀ ਪੱਤ੍ਰੀ 3:9; ਯੂਹੰਨਾ ਦੀ ਪਹਿਲੀ ਪੱਤ੍ਰੀ 2:2; ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 4:10।) ਪਰਮੇਸ਼ੁਰ ਦੀ ਕ੍ਰਿਪਾ ਹਰੇਕ ਵਿਅਕਤੀ ਨੂੰ ਪ੍ਰਤੀਕਿਰਿਆ ਕਰਨ ਦੀ ਯੋਗਤਾ ਦਿੰਦੀ ਹੈ, ਪਰ ਉਹ ਕਿਸੇ ਦੇ ਵੀ ਨਾਲ ਜ਼ਬਰਦਸਤੀ ਨਹੀਂ ਕਰਦਾ। ਇਹੀ ਕਾਰਨ ਹੈ ਕਿ ਪਰਮੇਸ਼ੁਰ ਪਾਪੀ ਨੂੰ ਬੁਲਾਉਂਦਾ ਹੈ ਤਾਂ ਕਿ ਉਹ ਤੌਬਾ ਅਤੇ ਵਿਸ਼ਵਾਸ ਕਰਨ ਦੀ ਚੋਣ ਕਰ ਸਕੇ (ਮਰਕੁਸ 1:15)।

### ਤੌਬਾ

► ਤੌਬਾ ਕੀ ਹੈ?

ਤੌਬਾ ਕਰਨ ਦਾ ਅਰਥ ਮੁੜਣਾ ਅਤੇ ਉਲਟ ਦਿਸ਼ਾ ਦੇ ਵੱਲ ਜਾਣਾ ਹੈ। ਧਰਮ ਸਿੱਖਿਆ ਦੇ ਵਿੱਚ, ਇਸਦਾ ਅਰਥ ਹੈ ਕਿ ਇੱਕ ਪਾਪੀ ਆਪਣੇ ਆਪ ਨੂੰ ਇੱਕ ਅਜਿਹੇ ਦੋਸ਼ੀ ਦੇ ਵੱਜੋਂ ਵੇਖਦਾ ਹੈ ਜੋ ਸਜ਼ਾ ਦਾ ਹੱਕਦਾਰ, ਪਰ ਉਹ ਆਪਣੇ ਪਾਪਾਂ ਤੋਂ ਮੁੜਣ ਦਾ ਇਛੁੱਕ ਹੈ।

> ਦੁਸ਼ਟ ਆਪਣੇ ਰਾਹ ਨੂੰ ਤਿਆਗੇ, ਅਤੇ ਬੁਰਿਆਰ ਆਪਣੇ ਖਿਆਲਾਂ ਨੂੰ, ਉਹ ਯਹੋਵਾਹ ਵੱਲ ਮੁੜੇ ਅਤੇ ਉਹ ਉਸ ਤੇ ਰਹਮ ਕਰੇਗਾ, ਅਤੇ ਸਾਡੇ ਪਰਮੇਸ਼ੁਰ ਵੱਲ ਜੋ ਅੱਤ ਦਿਆਲੂ ਹੈ (ਯਸਾਯਾਹ 55:7)।

ਤੌਬਾ ਦਾ ਇਹ ਅਰਥ ਨਹੀਂ ਹੈ ਕਿ ਕੋਈ ਵਿਅਕਤੀ ਆਪਣੇ ਜੀਵਨ ਨੂੰ ਸਹੀ ਕਰੇ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਧਰਮੀ ਬਣਾਏ ਤਾਂ ਉਹ ਮਾਫ਼ ਕੀਤਾ ਜਾਵੇਗਾ। ਅਜਿਹਾ ਕਰਨਾ ਅਸੰਭਵ ਹੈ। ਪਰ ਪਾਪੀ ਦੇ ਅੰਦਰ ਇਹ ਇੱਛਾ ਹੋਣੀ ਚਾਹੀਦੀ ਹੈ ਕਿ ਪਰਮੇਸ਼ੁਰ ਉਸਨੂੰ ਉਸਦੇ ਪਾਪਾਂ ਤੋਂ ਛੁਟਕਾਰਾ ਦੇਵੇ।

► ਮੁਕਤੀ ਨੂੰ ਕ੍ਰਿਪਾ ਦੇ ਰਾਂਹੀ ਪ੍ਰਾਪਤ ਕੀਤਾ ਜਾਂਦਾ ਹੈ, ਤਾਂ ਫਿਰ ਮੁਕਤੀ ਦੇ ਲਈ ਤੌਬਾ ਦੀ ਕੀ ਜਰੂਰਤ ਹੈ?

ਮਾਫ਼ੀ ਦੇ ਲਈ ਸਿਰਫ਼ ਵਿਸ਼ਵਾਸ ਦੀ ਹੀ ਜਰੂਰਤ ਹੈ, ਪਰ ਮੁਕਤੀ ਪ੍ਰਾਪਤ ਕਰਨ ਵਾਲਾ ਵਿਸ਼ਵਾਸ ਤੌਬਾ ਤੋਂ ਬਿਨਾਂ ਹੋਂਦ ਦੇ ਵਿੱਚ ਨਹੀਂ ਰਹਿ ਸਕਦਾ। ਜੇਕਰ ਕੋਈ ਵਿਅਕਤੀ ਤੌਬਾ ਕਰਨ ਦਾ ਇਛੁੱਕ ਨਹੀਂ ਹੈ, ਤਾਂ ਇਸਦਾ ਅਰਥ ਹੈ ਕਿ ਉਹ ਪਾਪ ਤੋਂ ਬਚਣਾ ਨਹੀਂ ਚਾਹੁੰਦਾ।

ਜੇਕਰ ਪਰਮੇਸ਼ੁਰ ਅਜਿਹੇ ਲੋਕਾਂ ਨੂੰ ਮਾਫ਼ ਕਰ ਦੇਵੇ ਜੋ ਪਾਪ ਦੇ ਵਿੱਚ ਬਣੇ ਰਹਿੰਦੇ ਹਨ ਅਤੇ ਤੌਬਾ ਕਰਨ ਦਾ ਇਨਕਾਰ ਕਰ ਦਿੰਦੇ ਹਨ, ਤਾਂ ਇਹ ਇੱਕ ਧਰਮੀ ਨਿਆਂਈ ਦੇ ਵੱਜੋਂ ਉਸਦਾ ਨਿਰਾਦਰ ਹੋਵੇਗਾ। ਤੌਬਾ ਜਰੂਰੀ ਹੈ, ਕਿਉਂਕਿ ਜੇਕਰ ਕੋਈ ਵਿਅਕਤੀ ਤੌਬਾ ਨਹੀਂ ਕਰਦਾ, ਤਾਂ ਇਸ ਤੋਂ ਭਾਵ ਹੈ ਕਿ ਪਾਪ ਦੀ ਦੁਸ਼ਟਤਾ ਨੂੰ ਨਹੀਂ ਮੰਨ ਰਿਹਾ। ਜੇਕਰ ਕੋਈ ਵਿਅਕਤੀ ਇਹ ਨਹੀਂ ਵੇਖ ਪਾਉਂਦਾ ਕਿ ਉਸਨੂੰ ਪਾਪ ਵੱਲੋਂ ਮੁੜਣਾ ਚਾਹੀਦਾ ਹੈ, ਤਾਂ ਉਹ ਇਹ ਨਹੀਂ ਵੇਖ ਪਾਉਂਦਾ ਉਸਨੂੰ ਮਾਫ਼ੀ ਦੀ ਕੀ ਜਰੂਰਤ ਹੈ।

ਜੇਕਰ ਕਿਸੇ ਵਿਅਕਤੀ ਨੇ ਆਪਣੇ ਆਪ ਨੂੰ ਅਸਲ ਦੇ ਵਿੱਚ ਇੱਕ ਅਜਿਹੇ ਦੋਸ਼ੀ ਦੇ ਵੱਜੋਂ ਨਹੀਂ ਵੇਖਦਾ ਹੈ ਜਿਸਦੇ ਕੋਲ ਕੋਈ ਬਹਾਨਾ ਨਹੀਂ ਹੈ ਅਤੇ ਉਹ ਸਜ਼ਾ ਦਾ ਹੱਕਦਾਰ ਹੈ, ਤਾਂ ਇਸਦਾ ਅਰਥ ਹੈ ਕਿ ਉਸਨੇ ਪੂਰੀ ਤਰ੍ਹਾਂ ਦੇ ਨਾਲ ਤੌਬਾ ਨਹੀਂ ਕੀਤੀ ਹੈ। ਜੇਕਰ ਉਹ ਮੰਨ ਲੈਂਦਾ ਹੈ ਕਿ ਉਹ ਪਾਪੀ ਹੈ ਪਰ ਉਹ ਲਗਾਤਾਰ ਪਾਪ ਦੇ ਵਿੱਚ ਬਣਿਆ ਰਹਿਣਾ ਚਾਹੁੰਦਾ ਹੈ, ਤਾਂ ਉਸਦੀ ਤੌਬਾ ਅਸੰਪੂਰਨ ਹੈ, ਕਿਉਂਕਿ ਉਹ ਉਸ ਕੰਮ ਵਿੱਚ ਲਗਾਤਾਰ ਬਣਿਆ ਰਹਿੰਦਾ ਹੈ ਜਿਸਦਾ ਇਨਕਾਰ ਕਰਨ ਦੀ ਉਸਨੇ ਗੱਲ ਕਹੀ ਸੀ।

## ਬਚਾਉਣ ਵਾਲਾ ਵਿਸ਼ਵਾਸ

► ਜੇਕਰ ਕਿਸੇ ਵਿਅਕਤੀ ਦੇ ਕੋਲ ਬਚਾਉਣ ਵਾਲਾ ਵਿਸ਼ਵਾਸ ਹੈ, ਤਾਂ ਉਹ ਕੀ ਵਿਸ਼ਵਾਸ ਕਰਦਾ ਹੈ?

ਜੇਕਰ ਕਿਸੇ ਵਿਅਕਤੀ ਦੇ ਕੋਲ ਬਚਾਉਣ ਵਾਲਾ ਵਿਸ਼ਵਾਸ ਹੈ, ਤਾਂ ਉਹ ਹੇਠਾਂ ਦੱਸੀਆਂ ਗੱਲਾਂ ਤੇ ਵਿਸ਼ਵਾਸ ਕਰਦਾ ਹੈ:

### (1) ਉਹ ਆਪਣੇ ਆਪ ਨੂੰ ਧਰਮੀ ਠਹਿਰਾਉਣ ਲਈ ਕੁਝ ਵੀ ਨਹੀਂ ਕਰ ਸਕਦਾ।

> ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ (ਅਫ਼ਸੀਆਂ ਨੂੰ 2:8-9)।

ਉਹ ਇਹ ਸਮਝਦਾ ਹੈ ਕਿ ਉਹ ਅਜਿਹਾ ਕੁਝ ਵੀ (ਕੰਮ) ਨਹੀਂ ਕਰ ਸਕਦਾ ਜਿਸਦੇ ਨਾਲ ਉਹ ਮੁਕਤੀ ਪਾਉਣ ਦੇ ਯੋਗ ਹੋ ਸਕੇ, ਇੱਥੋਂ ਤੱਕ ਕਿ ਕੁਝ ਹਿੱਸਾ ਵੀ ਨਹੀਂ।

**(2) ਮਸੀਹ ਦਾ ਬਲੀਦਾਨ ਉਸਦੀ ਮਾਫ਼ੀ ਦੇ ਲਈ ਕਾਫੀ ਹੈ।**

> ਅਤੇ ਉਹ ਸਾਡਿਆਂ ਪਾਪਾਂ ਦਾ ਪਰਾਸਚਿੱਤ ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 2:2)।

*ਪਰਾਸਚਿੱਤ* ਦਾ ਬਲੀਦਾਨ ਨੇ ਸਾਡੇ ਲਈ ਇਹ ਸੰਭਵ ਕੀਤਾ ਕਿ ਅਸੀਂ ਮਾਫ਼ ਕੀਤੇ ਜਾ ਸਕੀਏ। ਮਸੀਹ ਦੇ ਬਲੀਦਾਨ ਤੋਂ ਬਿਨਾਂ ਮਾਫ਼ੀ ਦੇ ਲਈ ਹੋਰ ਕੁਝ ਵੀ ਵਧੇਰੇ ਜਰੂਰੀ ਨਹੀਂ ਹੈ।

> "ਬਚਾਉਣ ਵਾਲਾ ਵਿਸ਼ਵਾਸ, ਆਰਾਮ ਵਾਲਾ ਵਿਸ਼ਵਾਸ ਹੈ, ਅਜਿਹਾ ਭਰੋਸਾ ਜੋ ਪੂਰੀ ਤਰ੍ਹਾਂ ਦੇ ਨਾਲ ਮੁਕਤੀਦਾਤੇ ਤੇ ਨਿਰਭਰ ਹੈ।"
> -ਜੌਨ ਸਟੋਟ

**(3) ਯਿਸੂ ਮੌਤ ਅਤੇ ਪਾਪ ਤੇ ਜਿੱਤ ਪਾ ਕੇ ਮੁਰਦਿਆਂ ਵਿੱਚੋਂ ਜੀ ਉੱਠਿਆ।**

> ...ਜੇ ਤੂੰ ਆਪਣੇ ਮੂੰਹ ਨਾਲ ਪ੍ਰਭੁ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ (ਰੋਮੀਆਂ ਨੂੰ 10:9)।

ਪਾਪ ਅਤੇ ਮੌਤ ਨੂੰ ਹਰਾਉਣ ਦਾ ਇੱਕ ਹੀ ਰਾਹ ਸੀ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠੇ। ਯਿਸੂ ਜੀਵਨ ਦੇ ਲਈ ਜੀ ਉੱਠਿਆ, ਜਿਸਦੇ ਨਾਲ ਉਸਨੇ ਦੋਨਾਂ ਤੇ ਆਪਣੀ ਜਿੱਤ ਨੂੰ ਸਾਬਿਤ ਕਰ ਦਿੱਤਾ।

**(4) ਪਰਮੇਸ਼ੁਰ ਸਿਰਫ਼ ਵਿਸ਼ਵਾਸ ਦੀ ਸ਼ਰਤ ਤੇ ਉਸਨੂੰ ਮਾਫ਼ ਕਰਦਾ ਹੈ।**

> ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ (ਯੂਹੰਨਾ ਦੀ ਪਹਿਲੀ ਪੱਤ੍ਰੀ 1:9)।

ਜੇਕਰ ਕੋਈ ਵਿਅਕਤੀ ਸੋਚਦਾ ਹੈ ਕਿ ਮੁਕਤੀ ਦੇ ਲਈ ਹੋਰ ਵੀ ਸ਼ਰਤਾਂ ਹਨ, ਤਾਂ ਉਹ ਸੰਪੂਰਨ ਤੌਰ ਤੇ ਕ੍ਰਿਪਾ ਦੇ ਦੁਆਰਾ ਬਚਾਏ ਜਾਣ ਦੀ ਬਜਾਏ ਕੁਝ ਹੱਦ ਤੱਕ ਕੰਮਾਂ ਦੁਆਰਾ ਬਚਾਏ ਜਾਣ ਦੀ ਉਮੀਦ ਕਰਦਾ ਹੈ।

**ਭਰੋਸਾ**

► ਲੋਕ ਇਹ ਪੂਰੇ ਭਰੋਸੇ ਨਾਲ ਕਿਵੇਂ ਜਾਣ ਸਕਦੇ ਹਨ ਕਿ ਉਹ ਬਚਾਏ ਗਏ ਹਨ?

ਕੁਝ ਲੋਕ ਆਪਣੀਆਂ ਭਾਵਨਾਵਾਂ ਤੇ ਨਿਰਭਰ ਹਨ, ਪਰ ਭਾਵਨਾਵਾਂ ਬਦਲ ਸਕਦੀਆਂ ਹਨ ਅਤੇ ਗ਼ਲਤ ਦਿਸ਼ਾ ਵੱਲ ਲੈ ਕੇ ਜਾ ਸਕਦੀਆਂ ਹਨ।

ਬਾਈਬਲ ਸਾਨੂੰ ਦੱਸਦੀ ਹੈ ਕਿ ਅਸੀਂ ਭਰੋਸੇ ਨਾਲ ਜਾਣ ਸਕਦੇ ਹਾਂ ਕਿ ਅਸੀਂ ਬਚਾਏ ਗਏ ਹਾਂ (ਯੂਹੰਨਾ ਦੀ ਪਹਿਲੀ ਪੱਤ੍ਰੀ 5:13)। ਅਸੀਂ ਇਹ ਭਰੋਸਾ ਰੱਖ ਸਕਦੇ ਹਾਂ ਕਿ ਪਰਮੇਸ਼ੁਰ ਨੇ ਸਾਨੂੰ ਸਵੀਕਾਰ ਕਰ ਲਿਆ ਹੈ। ਸਾਨੂੰ ਡਰ ਦੇ ਵਿੱਚ ਜਿਉਣ ਦੀ ਲੋੜ ਨਹੀਂ ਹੈ, ਕਿਉਂਕਿ ਪਰਮੇਸ਼ੁਰ ਦਾ ਆਤਮਾ ਸਾਨੂੰ ਭਰੋਸਾ ਦਿਵਾਉਂਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਗੋਦ ਲਈ ਹੋਈ ਸੰਤਾਨ ਹਾਂ। ਪੌਲੁਸ ਰਸੂਲ ਦੱਸਦਾ ਹੈ ਕਿ ਪਵਿੱਤਰ ਆਤਮਾ ਸਾਡੇ ਆਤਮਾ ਦੇ ਅੱਗੇ ਗਵਾਹੀ ਦਿੰਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਸੰਤਾਨ ਹਾਂ (ਰੋਮੀਆਂ ਨੂੰ 8:15-16)।

ਇਹ ਭਰੋਸਾ ਇੰਨਾ ਸੰਪੂਰਨ ਹੈ ਕਿ ਸਾਨੂੰ ਨਿਆਂ ਦੇ ਦਿਨ ਤੋਂ ਡਰਨ ਦੀ ਕੋਈ ਜਰੂਰਤ ਨਹੀਂ ਹੈ (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 4:17)। ਕੁਝ ਲੋਕ ਕਹਿੰਦੇ ਹਨ ਕਿ ਉਹ ਉਮੀਦ ਕਰਦੇ ਹਨ ਕਿ ਉਹ ਸਵਰਗ ਦੇ ਵਿੱਚ ਸਵੀਕਾਰ ਕੀਤੇ ਜਾਣਗੇ, ਪਰ ਅਸੀਂ ਇਸ ਨਾਲੋਂ ਬਿਹਤਰ ਭਰੋਸਾ ਰੱਖ ਸਕਦੇ ਹਾਂ। ਇਹ ਵਿਸ਼ਵਾਸ ਕਰਨਾ ਕਾਫੀ ਨਹੀਂ ਹੈ ਕਿ ਮੁਕਤੀ ਸਾਂਝੇ ਤੌਰ ਤੇ ਸਾਰੀ ਮਨੁੱਖਤਾ ਨੂੰ ਦਿੱਤੀ ਗਈ ਹੈ; ਇੱਕ ਵਿਅਕਤੀ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਉਹ ਬਚਾਇਆ ਹੋਇਆ ਹੈ।

ਇੱਕ ਬਦਲਿਆ ਹੋਇਆ ਜੀਵਨ ਇਸ ਗੱਲ ਦਾ ਸਬੂਤ ਹੈ ਕਿ ਕੋਈ ਵਿਅਕਤੀ ਬਚਾਇਆ ਗਿਆ ਹੈ, ਪਰ ਇਹ ਸਬੂਤ ਪਹਿਲੇ ਹੀ ਪਲ ਨਹੀਂ ਮਿਲ ਜਾਂਦਾ। ਮੁਕਤੀ ਦੇ ਨਤੀਜਿਆਂ ਨੂੰ ਵਿਖਾਈ ਦੇਣ ਦਾ ਸਮਾਂ ਨਹੀਂ ਮਿਲਿਆ। ਇਸ ਕਾਰਨ, ਤੌਬਾ ਦੇ ਸਮੇਂ, ਇੱਕ ਬਦਲਿਆ ਹੋਇਆ ਜੀਵਨ ਭਰੋਸੇ ਦਾ ਆਧਾਰ ਨਹੀਂ ਹੈ।

ਇੱਕ ਵਿਸ਼ਵਾਸੀ ਇਹ ਜਾਣਨ ਦੇ ਦੁਆਰਾ ਆਪਣੀ ਮੁਕਤੀ ਦੇ ਬਾਰੇ ਪੱਕਿਆਂ ਹੋ ਸਕਦਾ ਹੈ ਕਿ ਉਸਨੇ ਮੁਕਤੀ ਦੇ ਲਈ ਵਚਨ ਦੇ ਰਾਹ ਨੂੰ ਚੁਣਿਆ ਹੈ। ਜੇਕਰ ਕਿਸੇ ਨੇ ਬਾਈਬਲ ਦੇ ਅਨੁਸਾਰ ਸੱਚੀ ਤੌਬਾ ਕੀਤੀ ਹੈ, ਤਾਂ ਉਸਦੇ ਕੋਲ ਇਹ ਵਿਸ਼ਵਾਸ ਕਰਨ ਦਾ ਅਧਿਕਾਰ ਹੈ ਕਿ ਪਰਮੇਸ਼ੁਰ ਉਸਨੂੰ ਮਾਫ਼ ਕਰਦਾ ਹੈ ਅਤੇ ਉਹ ਪਰਮੇਸ਼ੁਰ ਦੀ ਸੰਤਾਨ ਬਣ ਚੁੱਕਾ ਹੈ।

ਜਦੋਂ ਕੋਈ ਵਿਅਕਤੀ ਬਿਨਾਂ ਤੌਬਾ ਕੀਤੇ ਇਹ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਉਲਝਣ ਵਿੱਚ ਪੈ ਜਾਏਗਾ ਅਤੇ ਉਹ ਸ਼ਾਇਦ ਆਪਣੇ ਆਪ ਨੂੰ ਹੀ ਧੋਖਾ ਦੇ ਦੇਵੇ।

ਜੇਕਰ ਕੋਈ ਵਿਅਕਤੀ (1) ਸੱਚੀ ਤੌਬਾ ਕਰਦਾ ਹੈ, (2) ਵਚਨ ਦੇ ਵਿੱਚ ਦਿੱਤੇ ਪਰਮੇਸ਼ੁਰ ਦੇ ਵਾਇਦੇ ਤੇ ਭਰੋਸਾ ਕਰਦਾ ਹੈ, ਅਤੇ (3) ਆਤਮਾ ਦੀ ਗਵਾਹੀ ਨੂੰ ਪ੍ਰਾਪਤ ਕਰਦਾ ਹੈ, ਤਾਂ ਉਹ ਧੋਖੇ ਦੇ ਵਿੱਚ ਨਹੀਂ ਰਹੇਗਾ। ਇਹ ਭਰੋਸਾ ਪਰਮੇਸ਼ੁਰ ਦੇ ਵਚਨ ਤੇ ਆਧਾਰਿਤ ਹੈ, ਜੋ ਸੰਪੂਰਨ ਤੌਰ ਤੇ ਭਰੋਸੇਯੋਗ ਹੈ। ਪਰਮੇਸ਼ੁਰ ਹਮੇਸ਼ਾਂ ਆਪਣੇ ਵਾਇਦਿਆਂ ਨੂੰ ਪੂਰਾ ਕਰਦਾ ਹੈ।

## ਮੁਕਤੀ ਦੇ ਤੱਥਾਂ ਲਈ 10 ਸ਼ਬਦ

**ਪੁਨਰ ਮੇਲ-ਮਿਲਾਪ:** ਇਸ ਸ਼ਬਦ ਦਾ ਅਰਥ ਹੈ ਕਿ ਜੋ ਪਹਿਲਾਂ ਦੁਸ਼ਮਣ ਸਨ ਹੁਣ ਉਹ ਮੇਲ-ਮਿਲਾਪ ਦੇ ਵਿੱਚ ਹਨ। ਮੁਕਤੀ ਦੇ ਵਿੱਚ, ਪਰਮੇਸ਼ੁਰ ਆਪਣੇ ਨਾਲ ਸਾਡਾ ਪੁਨਰ ਮੇਲ-ਮਿਲਾਪ ਕਰਦਾ ਹੈ ਅਤੇ ਅਸੀਂ ਉਸਦੇ ਨਾਲ ਸੁਲਾਹ ਦੇ ਵਿੱਚ ਆ ਜਾਂਦੇ ਹਾਂ (ਪੜ੍ਹੋ 2 ਕੁਰਿੰਥੀਆਂ ਨੂੰ 5:19; ਰੋਮੀਆਂ ਨੂੰ 5: ਇਹ ਵਚਨ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਤੇ ਪੁਨਰ ਮੇਲ-ਮਿਲਾਪ ਦੇ ਬਾਰੇ ਗੱਲ ਕਰਦੇ ਹਨ)।

**ਚੇਤੇ ਨਾ ਕਰਨਾ**: ਇਸ ਸ਼ਬਦ ਦਾ ਅਰਥ ਹੈ ਕਿ ਸਾਰਾ ਵੇਰਵਾ ਸਾਫ਼ ਕਰ ਦਿੱਤਾ ਗਿਆ ਹੈ। ਮੁਕਤੀ ਦੇ ਵਿੱਚ, ਸਾਡੇ ਪਾਪਾਂ ਦਾ ਵੇਰਵਾ ਮਿਟਾ ਦਿੱਤਾ ਜਾਂਦਾ ਹੈ (ਪੜ੍ਹੋ ਇਬਰਾਨੀਆਂ ਨੂੰ 8:12)।

**ਪ੍ਰਾਸਚਿੱਤ:** ਇਹ ਸ਼ਬਦ ਅਜਿਹੀ ਚੀਜ਼ ਗੱਲ ਕਰਦਾ ਹੈ ਜੋ ਗੁੱਸੇ ਵਾਪਿਸ ਮੋੜਣ ਦੇ ਲਈ ਦਿੱਤੀ ਜਾਂਦੀ ਹੈ। ਮੁਕਤੀ ਦੇ ਵਿੱਚ, ਯਿਸੂ ਦਾ ਬਲੀਦਾਨ ਪਰਮੇਸ਼ੁਰ ਦੇ ਅਜਿਹੇ ਧਰਮੀ ਗੁੱਸੇ ਨੂੰ ਮੋੜ ਦਿੰਦਾ ਹੈ ਜੋ ਸਾਡੇ ਵਿਰੋਧ ਦੇ ਵਿੱਚ ਸੀ (ਪੜ੍ਹੋ ਯੂਹੰਨਾ ਦੀ ਪਹਿਲੀ ਪੱਤ੍ਰੀ 2:2)।

**ਛੁਟਕਾਰਾ:** ਇਸ ਸ਼ਬਦ ਦਾ ਅਰਥ ਹੈ ਕਿ ਕੋਈ ਵਿਅਕਤੀ ਕਿਸੇ ਵੀ ਸ਼ਕਤੀ ਤੋਂ ਬਚਾਇਆ ਗਿਆ ਹੈ। ਮੁਕਤੀ ਦੇ ਵਿੱਚ, ਅਸੀਂ ਪਾਪ ਅਤੇ ਸ਼ੈਤਾਨ ਦੀ ਸ਼ਕਤੀ ਤੋਂ ਬਚਾਏ ਜਾਂਦੇ ਹਾਂ (ਪੜ੍ਹੋ ਲੂਕਾ 1:74; ਰੋਮੀਆਂ ਨੂੰ 6:6, 12-18।)

**ਛੁਡਾਏ ਜਾਣਾ:** ਇਸ ਸ਼ਬਦ ਦਾ ਅਰਥ ਹੈ ਕਿ ਇੱਕ ਕੀਮਤ ਚੁਕਾਈ ਗਈ ਤਾਂ ਕਿ ਕਿਸੇ ਨੂੰ ਛੁਡਾਇਆ ਜਾ ਸਕੇ। ਮੁਕਤੀ ਦੇ ਵਿੱਚ, ਯਿਸੂ ਦੀ ਮੌਤ ਉਹ ਕੀਮਤ ਹੈ ਜਿਸਦੇ ਨਾਲ ਅਸੀਂ ਪਾਪ ਦੀ ਸਜ਼ਾ ਦੇ ਬੰਧਨ ਤੋਂ ਛੁਡਾਏ ਗਏ ਹਾਂ (ਪੜ੍ਹੋ ਅਫ਼ਸੀਆਂ ਨੂੰ 1:7; ਤੀਤੁਸ ਨੂੰ 2:14।)

**ਧਰਮੀ ਠਹਿਰਾਏ ਜਾਣਾ:** ਇਸ ਸ਼ਬਦ ਦਾ ਅਰਥ ਹੈ ਕਿਸੇ ਵਿਅਕਤੀ ਨੂੰ ਧਰਮੀ ਜਾਂ ਬੇਕਸੂਰ ਘੋਸ਼ਿਤ ਕੀਤੇ ਜਾਣਾ। ਮੁਕਤੀ ਦੇ ਵਿੱਚ ਇੱਕ ਦੋਸ਼ੀ ਪਾਪੀ ਨੂੰ ਧਰਮੀ ਗਿਣਿਆ ਜਾਂਦਾ ਹੈ ਕਿਉਂਕਿ ਉਸਦੇ ਸਥਾਨ ਤੇ ਯਿਸੂ ਨੇ ਦੁੱਖ ਉਠਾਇਆ ਹੈ। (ਪੜ੍ਹੋ ਰੋਮੀਆਂ ਨੂੰ 5:1; 2 ਕੁਰਿੰਥੀਆਂ ਨੂੰ 5:19। ਇਹ ਵਚਨ ਧਰਮੀ ਠਹਿਰਾਏ ਜਾਣ ਅਤੇ ਪੁਨਰ ਮੇਲ ਮਿਲਾਪ ਦੇ ਬਾਰੇ ਗੱਲ ਕਰਦੇ ਹਨ।)

**ਸ਼ੁੱਧੀਕਰਨ:** ਇਸ ਸ਼ਬਦ ਦਾ ਅਰਥ ਹੈ ਕਿਸੇ ਨੂੰ ਪਵਿੱਤਰ ਕੀਤੇ ਜਾਣਾ ਹੈ। ਮੁਕਤੀ ਦੇ ਵਿੱਚ ਇੱਕ ਦੋਸ਼ੀ ਪਾਪੀ ਨੂੰ ਪਰਮੇਸ਼ੁਰ ਦੀ ਪਵਿੱਤਰ ਸੰਤਾਨ ਦੇ ਵਿੱਚ ਬਦਲ ਦਿੱਤਾ ਜਾਂਦਾ ਹੈ। ਬਹੁਤ ਸਾਰੀਆਂ ਪੱਤ੍ਰੀਆਂ ਵਿਸ਼ਵਾਸੀਆਂ ਨੂੰ "ਸੰਤ" ਕਿਹਾ ਗਿਆ ਹੈ (ਪੜ੍ਹੋ ਅਫ਼ਸੀਆਂ ਨੂੰ 1:1, ਫ਼ਿਲਿੱਪੀਆਂ ਨੂੰ 1:1, ਕੁਲੁੱਸੀਆਂ ਨੂੰ 1:2)।

**ਗੋਦ ਲਏ ਜਾਣਾ:** ਇਸ ਸ਼ਬਦ ਦਾ ਅਰਥ ਹੈ ਕਿ ਕੋਈ ਵਿਅਕਤੀ ਕਿਸੇ ਦੀ ਕਾਨੂੰਨੀ ਸੰਤਾਨ ਬਣ ਜਾਂਦਾ ਹੈ। ਮੁਕਤੀ ਦੇ ਵਿੱਚ ਅਸੀਂ ਪਰਮੇਸ਼ੁਰ ਦੀ ਸੰਤਾਨ ਬਣ ਜਾਂਦੇ ਹਾਂ (ਪੜ੍ਹੋ ਯੂਹੰਨਾ 1:12; ਰੋਮੀਆਂ ਨੂੰ 8:15)।

**ਦੁਬਾਰਾ ਜਨਮ/ਨਵਾਂ ਜਨਮ:** ਇਸ ਸ਼ਬਦ ਦਾ ਅਰਥ ਹੈ ਕਿ ਕੋਈ ਆਪਣੇ ਜੀਵਨ ਨੂੰ ਦੁਬਾਰਾ ਸ਼ੁਰੂ ਕਰਦਾ ਹੈ। ਮੁਕਤੀ ਦੇ ਵਿੱਚ ਇੱਕ ਵਿਸ਼ਵਾਸੀ ਉਸਦੇ ਅੰਦਰ ਆਤਮਿਕ ਜੀਵਨ ਦੇ ਜੀ ਉੱਠਣ ਦੇ ਨਾਲ ਨਵੇਂ ਜੀਵਨ ਨੂੰ ਸ਼ੁਰੂ ਕਰਦਾ ਹੈ (ਪੜ੍ਹੋ ਅਫ਼ਸੀਆਂ ਨੂੰ 2:1; ਯੂਹੰਨਾ 3:3, 5)।

**ਮੋਹਰ ਲਗਾਉਣਾ:** ਇਸ ਸ਼ਬਦ ਦਾ ਅਰਥ ਹੈ ਕਿ ਕਿਸੇ ਵਸਤੂ ਤੇ ਨਿਸ਼ਾਨ ਲਗਾ ਕੇ ਇਹ ਵਿਖਾਇਆ ਜਾਂਦਾ ਹੈ ਕਿ ਇਸਦਾ ਮਾਲਿਕ ਕੌਣ ਹੈ। ਮੁਕਤੀ ਦੇ ਵਿੱਚ ਪਵਿੱਤਰ ਆਤਮਾ ਸਾਡੇ ਅੰਦਰ ਅਜਿਹੇ ਮਨੁੱਖ ਦੇ ਵੱਜੋਂ ਪਹਿਚਾਣ ਕਰਦਾ ਹੈ ਜੋ ਪਰਮੇਸ਼ੁਰ ਦੇ ਹਨ। (ਪੜ੍ਹੋ ਅਫ਼ਸੀਆਂ ਨੂੰ 1:13-14)।

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਬਿਨਾਂ ਤੌਬਾ ਦੇ ਧਰਮ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਇੱਕ ਅਜਿਹੀ ਕਿਸਮ ਦਾ ਵਿਅਕਤੀ ਹੈ ਜੋ ਜਦੋਂ ਇਹ ਸੁਣਦਾ ਹੈ ਕਿ ਮੁਕਤੀ ਵਿਸ਼ਵਾਸ ਦੇ ਰਾਂਹੀ ਕ੍ਰਿਪਾ ਦੇ ਦੁਆਰਾ ਹੈ ਤਾਂ ਉਹ ਆਸਾਨੀ ਦੇ ਨਾਲ ਸੋਚਦਾ ਹੈ ਕਿ ਉਹ ਬਚਾਇਆ ਹੋਇਆ ਹੈ। ਉਸਨੇ ਅਸਲ ਦੇ ਵਿੱਚ ਤੌਬਾ ਨਹੀਂ ਕੀਤੀ ਕਿਉਂਕਿ ਉਸਨੇ ਇਹ ਮਹਿਸੂਸ ਨਹੀਂ ਕੀਤਾ ਕਿ ਉਸਨੂੰ ਅਜਿਹਾ ਕਰਨ ਦੀ ਜਰੂਰਤ ਹੈ। ਉਸਨੇ ਕਦੇ ਵੀ ਆਪਣੇ ਆਪ ਨੂੰ ਇੱਕ ਅਜਿਹੇ ਪਾਪੀ ਦੇ ਵੱਜੋਂ ਨਹੀਂ ਵੇਖਿਆ ਜੋ ਪਰਮੇਸ਼ੁਰ ਦੀ ਸਜ਼ਾ ਦਾ ਹੱਕਦਾਰ ਹੈ। ਉਸ ਸੋਚਦਾ ਹੈ ਕਿ ਕ੍ਰਿਪਾ ਦਾ ਅਰਥ ਹੈ ਕਿ ਉਹ ਆਪਣੇ ਰਾਹ ਚੱਲ ਸਕਦਾ ਹੈ। ਕਿਉਂਕਿ ਉਹ ਮਸੀਹਤ ਦੀ ਸਚਿਆਈ ਨੂੰ ਸਵੀਕਾਰ ਕਰਦਾ ਹੈ, ਉਹ ਸੋਚਦਾ ਹੈ ਕਿ ਉਹ ਇੱਕ ਮਸੀਹੀ ਹੈ, ਭਾਵੇਂ ਕਿ ਉਸਦੇ ਅੰਦਰ ਕੋਈ ਵੀ ਪਰਿਵਰਤਨ ਨਹੀਂ ਹੁੰਦਾ। ਉਸਨੇ ਕਦੇ ਵੀ ਆਪਣੀ ਸਵੈ-ਇੱਛਾ ਨੂੰ ਸਮਰਪਿਤ ਨਹੀਂ ਕੀਤਾ; ਇਸਦੀ ਬਜਾਏ ਉਸਨੇ ਪਰਮੇਸ਼ੁਰ ਨੂੰ ਆਪਣੇ ਜੀਵਨ ਦੇ ਹਿੱਸੇ ਵੱਜੋਂ ਸਵੀਕਾਰ ਕਰ ਲਿਆ, ਅਤੇ ਉਹ ਹੁਣ ਵੀ ਜਿਆਦਾਤਰ ਆਪਣੀ ਹੀ ਇੱਛਾ ਦੇ ਨਾਲ ਜੀਵਨ ਬਤੀਤ ਕਰਦਾ ਹੈ। ਇਹ ਆਤਮਿਕ ਵੇਰਵੇ ਦੇ ਅਨੁਸਾਰ ਪਰਮੇਸ਼ੁਰ ਦੇ ਨਾਲ ਬਚਾਏ ਜਾਣ ਵਾਲੇ ਸੰਬੰਧ ਦੀ ਸ਼ੁਰੂਆਤ ਨਹੀਂ ਹੈ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਯਿਸੂ ਮਸੀਹ ਦਾ ਜੀਵਨ, ਮੌਤ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਸੰਸਾਰ ਦੇ ਪਾਪਾਂ ਦੇ ਲਈ ਪ੍ਰਾਸਚਿਤ ਪ੍ਰਦਾਨ ਕਰਦੇ ਹਨ। ਹਰੇਕ ਵਿਅਕਤੀ ਪਾਪ ਦਾ ਦੋਸ਼ੀ ਹੈ ਅਤੇ ਉਹ ਆਪਣੇ ਆਪ ਨੂੰ ਬਚਾਉਣ ਦੇ ਲਈ ਸ਼ਕਤੀਹੀਨ ਹੈ। ਹਰੇਕ ਪਾਪੀ ਜੋ ਤੌਬਾ ਕਰਦਾ ਹੈ ਉਹ ਵਿਸ਼ਵਾਸ ਦੇ ਦੁਆਰਾ ਪਰਮੇਸ਼ੁਰ ਦੀ ਕ੍ਰਿਪਾ ਪ੍ਰਾਪਤ ਕਰ ਸਕਦਾ ਹੈ। ਵਿਸ਼ਵਾਸੀ ਮਾਫ਼ ਕੀਤਾ ਗਿਆ ਹੈ ਅਤੇ ਉਹ ਪਾਪ ਦੀ ਸ਼ਕਤੀ ਅਤੇ ਸਜ਼ਾ ਤੋਂ ਆਜਾਦ ਹੈ। ਪਵਿੱਤਰ ਆਤਮਾ ਇੱਕ ਵਿਸ਼ਵਾਸੀ ਨੂੰ ਇੱਕ ਦੋਸ਼ੀ ਪਾਪੀ ਤੋਂ ਪਰਮੇਸ਼ੁਰ ਦੇ ਅਰਾਧਕ ਵਿੱਚ ਤਬਦੀਲ ਕਰ ਦਿੰਦਾ ਹੈ। ਮੁਕਤੀ ਦਾ ਹੋਰ ਕੋਈ ਵੀ ਰਾਹ ਨਹੀਂ ਹੈ। ਰਚਨਾ ਸਾਂਝੇ ਤੌਰ ਤੇ ਛੁਡਾਈ ਗਈ ਹੈ ਅਤੇ ਅੰਤ ਦੇ ਵਿੱਚ ਇਹ ਪਰਮੇਸ਼ੁਰ ਦੇ ਦੁਆਰਾ ਪੂਰੀ ਤਰ੍ਹਾਂ ਬਹਾਲ ਕੀਤੀ ਜਾਵੇਗੀ।

## ਪੁਰਾਣੇ ਨੇਮ ਦੇ ਵਿੱਚ ਮੁਕਤੀ

*ਕਲਾਸ ਦੇ ਆਗੂ ਲਈ ਸੂਚਨਾ: ਇਹ ਭਾਗ ਅਤੇ ਅੱਗਲਾ ਭਾਗ ਦੋਵੇਂ ਵਿਕਲਪ ਦੇ ਵੱਜੋਂ ਹਨ। ਜੇਕਰ ਮੈਂਬਰ ਇੰਨ੍ਹਾਂ ਵਿਸ਼ਿਆਂ ਦੇ ਵਿੱਚ ਰੁਚੀ ਰੱਖਦੇ ਹਨ ਤਾਂ ਇਸਨੂੰ ਕਲਾਸ ਦੇ ਵਿੱਚ ਸਿਖਾਇਆ ਜਾ ਸਕਦਾ ਹੈ।*

ਪੁਰਾਣੇ ਨੇਮ ਦੇ ਵਿੱਚ, ਪਰਮੇਸ਼ੁਰ ਨੇ ਬਲੀਦਾਨਾਂ ਦੇ ਨਾਲ ਅਰਾਧਨਾ ਦੀ ਇੱਕ ਪ੍ਰਣਾਲੀ ਪ੍ਰਦਾਨ ਕੀਤੀ। ਬਲੀਦਾਨ ਉਸੇ ਤਰੀਕੇ ਨਾਲ ਮੁਕਤੀ ਪ੍ਰਦਾਨ ਨਹੀਂ ਕਰਦੇ ਸਨ ਜਿਵੇਂ ਯਿਸੂ ਨੇ ਪ੍ਰਦਾਨ ਕੀਤੀ। ਬਾਈਬਲ ਸਾਨੂੰ ਦੱਸਦੀ ਹੈ ਕਿ "ਅਣਹੋਣਾ ਹੈ ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ" (ਇਬਰਾਨੀਆਂ ਨੂੰ 10:4)। ਤਾਂ ਫਿਰ ਬਲੀਦਾਨ ਕਿਉਂ ਕੀਤੇ ਜਾਂਦੇ ਸਨ? ਉਹ ਅਰਾਧਨਾ ਦਾ ਅਜਿਹਾ ਰੂਪ ਸਨ ਜੋ ਭਵਿੱਖ ਦੇ ਵਿੱਚ ਹੋਣ ਵਾਲੇ ਯਿਸੂ ਦੇ ਬਲੀਦਾਨ ਦਾ ਚਿੰਨ੍ਹ ਸਨ (ਇਬਰਾਨੀਆਂ ਨੂੰ 10:1)।

ਇਸਦਾ ਇਹ ਅਰਥ ਨਹੀਂ ਹੈ ਕਿ ਨਵੇਂ ਨੇਮ ਦੇ ਸਮੇਂ ਤੱਕ ਮੁਕਤੀ ਉਪਲੱਭਧ ਨਹੀਂ ਸੀ। ਜਦੋਂ ਪੌਲੁਸ ਰਸੂਲ ਨੇ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰਾਏ ਜਾਣ ਦੇ ਧਰਮ ਸਿਧਾਂਤ ਦੀ ਵਿਆਖਿਆ ਕੀਤੀ, ਤਾਂ ਉਸਨੇ ਅਬਰਾਹਾਮ ਅਤੇ ਦਾਊਦ ਦੀ ਉਦਾਹਰਨ ਦੇ ਕੇ ਇਹ ਦੱਸਿਆ ਕਿ ਇਹ ਕੋਈ ਨਵਾਂ ਵਿਚਾਰ ਨਹੀਂ ਸੀ (ਰੋਮੀਆਂ ਨੂੰ 4:1-8)। ਯਿਸੂ ਨੇ ਨਿਕੁਦਿਮੁਸ ਨੂੰ ਕਿਹਾ ਕਿ ਉਸਨੂੰ ਨਵੇਂ ਜਨਮ ਬਾਰੇ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਸੀ ਕਿਉਂਕਿ ਉਹ ਪੁਰਾਣੇ ਨੇਮ ਦਾ ਸਿੱਖਿਅਕ ਸੀ (ਯੂਹੰਨਾ 3:10)। ਪੌਲੁਸ ਨੇ ਤਿਮੋਥਿਉਸ ਨੂੰ ਕਿਹਾ ਕਿ ਪੁਰਾਣੇ ਨੇਮ ਦਾ ਵਚਨ ਉਸਨੂੰ ਮੁਕਤੀ ਦੇ ਲਈ ਬੁੱਧਵਾਨ ਬਣਾਏਗਾ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:15)। ਇਸ ਲਈ ਪੁਰਾਣੇ ਨੇਮ ਦੇ ਵਿੱਚ ਵੀ ਸ਼ੁਭਸਮਾਚਾਰ ਉਪਲੱਭਧ ਸੀ ਭਾਵੇਂ ਕਿ ਇਹ ਨਵੇਂ ਨੇਮ ਦੀ ਤਰ੍ਹਾਂ ਬਹੁਤ ਜਿਆਦਾ ਸਪੱਸ਼ਟਤਾ ਦੇ ਨਾਲ ਨਹੀਂ ਦੱਸਿਆ ਗਿਆ ਸੀ।

ਪੁਰਾਣੇ ਨੇਮ ਦੇ ਵਿੱਚ ਵੀ ਕੁਝ ਅਜਿਹੇ ਲੋਕ ਸਨ ਜਿੰਨ੍ਹਾਂ ਨੇ ਕ੍ਰਿਪਾ ਨੂੰ ਸਮਝਿਆ। ਉਹ ਪ੍ਰਾਸਚਿਤ ਦੇ ਸਾਰੇ ਵੇਰਵੇ ਨੂੰ ਨਹੀਂ ਜਾਣਦੇ ਸਨ ਜਾਂ ਇਹ ਕਿ ਇਹ ਕਿਵੇਂ ਕੰਮ ਕਰੇਗਾ, ਪਰ ਉਨ੍ਹਾਂ ਨੇ ਵਿਸ਼ਵਾਸ ਕੀਤਾ ਕਿ ਪਰਮੇਸ਼ੁਰ ਮੁਕਤੀ ਦੇ ਲਈ ਇੱਕ ਆਧਾਰ ਪ੍ਰਦਾਨ ਕਰ ਰਿਹਾ ਹੈ। ਬਲੀਦਾਨ ਉਸ ਵਿਸ਼ਵਾਸ ਨੂੰ ਵਿਖਾਉਣ ਦਾ ਜ਼ਰੀਆ ਸਨ, ਜਿਵੇਂ ਅੱਜ ਵੀ ਸਾਡੇ ਕੋਲ ਅਰਾਧਨਾ ਦੇ ਰੂਪ ਹਨ (ਉਦਾਹਰਨ ਦੇ ਲਈ ਪ੍ਰਭੂ ਭੋਜ)। ਜੇਕਰ ਬਲੀਦਾਨ ਵਿਸ਼ਵਾਸ ਅਤੇ ਆਗਿਆਕਾਰੀ ਦੇ ਨਾਲ ਨਹੀਂ ਚੜ੍ਹਾਏ ਜਾਂਦੇ ਸਨ ਤਾਂ ਉਹ ਅਰਥਹੀਨ ਸਨ, ਜਿਵੇਂ ਕਿ ਸਾਡੇ ਅਰਾਧਨਾ ਦੇ ਰੂਪ ਅਰਥਹੀਨ ਹਨ ਜੇਕਰ ਉਹ ਅਜਿਹੇ ਦਿਲ ਅਤੇ ਜੀਵਨ ਦਾ ਪ੍ਰਗਟਾਵਾ ਨਹੀਂ ਹਨ ਜੋ ਪਰਮੇਸ਼ੁਰ ਦੇ ਪ੍ਰਤੀ ਸਮਰਪਿਤ ਹਨ। ਜ਼ਬੂਰਾਂ ਦੀ ਪੋਥੀ 51 ਅਤੇ ਯਸਾਯਾਹ 1:11-18 ਵਿਖਾਉਂਦੇ ਹਨ ਕਿ ਤੌਬਾ ਅਤੇ ਵਿਸ਼ਵਾਸ ਪੁਰਾਣੇ ਨੇਮ ਦੇ ਸਮੇਂ ਵਿੱਚ ਮਹੱਤਰਪੂਰਨ ਸਨ।

ਜ਼ਬੂਰਾਂ ਦੀ ਪੋਥੀ 85, ਜੋ ਕਿ ਮਸੀਹ ਦੁਆਰਾ ਪ੍ਰਾਸਚਿੱਤ ਲਿਆਉਣ ਦੇ ਲਈ ਕਈ ਸਾਲ ਪਹਿਲਾਂ ਲਿਖਿਆ ਗਿਆ ਸੀ, ਇਹ ਬਹੁਤ ਹੀ ਸੁੰਦਰ ਢੰਗ ਦੇ ਨਾਲ ਪਰਮੇਸ਼ੁਰ ਦੀ ਕ੍ਰਿਪਾ ਅਤੇ ਪਰਮੇਸ਼ੁਰ ਦੁਆਰਾ ਪਾਪ ਮਾਫ਼ ਕੀਤੇ ਜਾਣ ਨੂੰ ਬਿਆਨ ਕਰਦਾ ਹੈ। ਇਹ ਕ੍ਰੋਧ ਦੇ ਖ਼ਤਮ ਹੋਣ ਦੀ ਗੱਲ ਕਰਦਾ ਹੈ। ਜ਼ਬੂਰਾਂ ਦੀ ਪੋਥੀ 85:10 ਦੱਸਦਾ ਹੈ, "ਦਯਾ ਅਤੇ ਸਚਿਆਈ ਆਪੋ ਵਿੱਚ ਮਿਲ ਗਈਆਂ, ਧਰਮ ਅਤੇ ਸ਼ਾਂਤੀ ਨੇ ਇੱਕ ਦੂਏ ਨੂੰ ਚੁੰਮਿਆ ਹੈ"। ਇਹ ਪ੍ਰਾਸਚਿਤ ਦੇ ਦੁਆਆ ਮੁਕਤੀ ਦੀ ਇੱਕ ਅਦਭੁੱਤ ਉਦਾਹਰਨ ਹੈ। ਪ੍ਰਾਸਚਿਤ ਦੇ ਬਿਨਾਂ ਪਰਮੇਸ਼ੁਰ ਦੀ ਦਯਾ ਇਸ ਸਚਿਆਈ ਦੇ ਦੁਆਰਾ ਸੀਮਿਤ ਹੋਵੇਗੀ ਕਿ ਅਸੀਂ ਦੋਸ਼ੀ ਹਾਂ। ਪਰਮੇਸ਼ੁਰ ਦੀ ਧਾਰਮਿਕਤਾ ਸ਼ਾਂਤੀ ਦੀ ਪ੍ਰਵਾਨਗੀ ਦੇਣ ਦੀ ਬਜਾਏ ਸਾਨੂੰ ਪਰਮੇਸ਼ੁਰ ਦੇ ਦੁਸ਼ਮਣ ਬਣਾ ਦੇਵੇਗੀ। ਪ੍ਰਾਸਚਿਤ ਦੇ ਵਿੱਚ ਨਿਆਂ ਪੂਰਾ ਹੁੰਦਾ ਹੈ ਅਤੇ ਦਯਾ ਵਿਖਾਈ ਜਾਂਦੀ ਹੈ।

## ਮੁਕਤੀ ਪੂਰੀ ਰਚਨਾ ਦੀ ਹੈ

ਬਾਈਬਲ ਦੇ ਵਿੱਚ *ਬਚਾਏ ਜਾਣਾ* ਜਾਂ *ਮੁਕਤੀ* ਸ਼ਬਦ ਕਾਫੀ ਜਿਆਦਾ ਵਰਤੇ ਗਏ ਹਨ। ਉਹ ਨਿੱਜੀ ਮੁਕਤੀ ਤੋਂ ਜਿਆਦਾ ਨੂੰ ਦਰਸਾਉਂਦੇ ਹਨ, ਜੋ ਇਸ ਪਾਠ ਦੇ ਵਿੱਚ ਦਰਸਾਏ ਗਏ ਹਨ। ਇਹ ਸ਼ਬਦ ਅਤੀਤ ਦੇ ਵਿੱਚ ਕੀਤੇ ਕੰਮਾਂ ਨੂੰ ਦਰਸਾਉਂਦੇ ਹਨ (ਅਫ਼ਸੀਆਂ ਨੂੰ 2:8), ਵਰਤਮਾਨ ਦੇ ਵਿੱਚ ਚੱਲ ਰਹੇ ਕੰਮ ਨੂੰ (1 ਕੁਰਿੰਥੀਆਂ ਨੂੰ 1:18), ਅਤੇ ਭਵਿੱਖ ਦੇ ਵਿੱਚ ਹੋਣ ਵਾਲੇ ਕੰਮਾਂ ਨੂੰ ਦਰਸਾਉਂਦੇ ਹਨ (ਮਰਕੁਸ 13:13)। ਇਹ ਧਾਰਨਾ ਵਿਅਕਤੀਆਂ ਦੇ ਵਿੱਚ ਹੋਣ ਵਾਲੇ ਕੰਮ ਦਾ ਹਵਾਲਾ ਹੋ ਸਕਦੀ ਹੈ (ਜਿਸ ਤੇ ਇਸ ਪਾਠ ਦੇ ਵਿੱਚ ਜ਼ੋਰ ਦਿੱਤਾ ਗਿਆ ਹੈ) ਪਰ ਇਹ ਲੋਕਾਂ ਦੇ ਸਮੂਹ ਨਾਲ ਵੀ ਸੰਬੰਧਿਤ ਹੋ ਸਕਦਾ ਹੈ, ਜਿਵੇਂ ਕਿ ਯਹੂਦੀ (ਰੋਮੀਆਂ ਨੂੰ 1:16), ਪਰਾਈਆਂ

ਕੌਮਾਂ (ਰੋਮੀਆਂ ਨੂੰ 11:11), ਇੱਕ ਘਰਾਣਾ (ਲੂਕਾ 19:9), ਜਾਂ ਇੱਕ ਪਰਿਵਾਰ (ਇਬਰਾਨੀਆਂ ਨੂੰ 11:7), ਜਾਂ ਇਹ ਕਿਸੇ ਵਿਅਕਤੀ ਨੂੰ ਸਰੀਰਕ ਖ਼ਤਰੇ ਤੋਂ ਬਚਾਉਣ ਦਾ ਹਵਾਲਾ ਵੀ ਹੋ ਸਕਦਾ ਹੈ (ਮੱਤੀ 14:30)।

ਜਦੋਂ ਪਹਿਲੇ ਲੋਕਾਂ ਨੇ ਪਾਪ ਕੀਤਾ, ਤਾਂ ਸਾਰੀ ਰਚਨਾ ਸਰਾਪੀ ਗਈ (ਉਤਪਤ 3:17)। ਜਦੋਂ ਮੁਕਤੀ ਪੂਰੀ ਹੁੰਦੀ ਹੈ, ਤਾਂ ਰਚਨਾ ਦੀ ਵੀ ਮੁੜ-ਬਹਾਲੀ ਹੋਵੇਗੀ।

ਮੁਕਤੀ ਆਤਮਿਕ ਨਵੀਨੀਕਰਨ ਦੇ ਨਾਲ ਅਰੰਭ ਹੁੰਦੀ ਹੈ। ਵਿਸ਼ਵਾਸੀ ਪਾਪ ਤੋਂ ਬਚਾਏ ਜਾਂਦੇ ਹਨ, ਅਤੇ ਉਹ ਪਰਮੇਸ਼ੁਰ ਦੀਆਂ ਬਰਕਤਾਂ ਦੇ ਵਿੱਚ ਰਹਿੰਦੇ ਹਨ। ਪਰ ਉਨ੍ਹਾਂ ਨੇ ਅਜੇ ਤੱਕ ਪਾਪ ਦੇ ਸ਼ਰਾਪ ਦੇ ਭੌਤਿਕ ਤੱਥਾਂ ਤੋਂ ਛੁਟਕਾਰਾ ਪ੍ਰਾਪਤ ਨਹੀਂ ਕੀਤਾ ਹੈ। ਉਨ੍ਹਾਂ ਦੇ ਕੋਲ ਹੁਣ ਵੀ ਸਰੀਰ ਹਨ ਜੋ ਬੁੱਢੇ ਹੁੰਦੇ ਹਨ ਅਤੇ ਮਰਦੇ ਹਨ।

ਕੁਦਰਤ ਹੁਣ ਵੀ ਪਾਪ ਦੇ ਸ਼ਰਾਪ ਅਧੀਨ ਹੈ। ਅਸੀਂ ਉਸ ਸੰਸਾਰ ਨੂੰ ਨਹੀਂ ਵੇਖਿਆ ਹੈ ਜੋ ਪਰਮੇਸ਼ੁਰ ਨੇ ਸ਼ੁਰੂਆਤ ਦੇ ਵਿੱਚ ਬਣਾਇਆ ਸੀ। ਅਸੀਂ ਅਜਿਹੀ ਕੁਦਰਤ ਨੂੰ ਵੇਖਦੇ ਹਾਂ ਜਿਸਦੇ ਵਿੱਚ ਬਹੁਤ ਨੁਕਸਾਨ ਕਰਨ ਵਾਲੇ ਪ੍ਰਾਣੀ ਹਨ ਅਤੇ ਪ੍ਰਾਣੀ ਆਪਸ ਦੇ ਵਿੱਚ ਲੜਦੇ ਹਨ। ਸਾਡੇ ਸੰਸਾਰ ਦੇ ਵਿੱਚ, ਦੂਸਰੇ ਪ੍ਰਾਣੀਆਂ ਦੇ ਜਿਉਣ ਲਈ ਬਹੁਤ ਸਾਰੇ ਹੋਰ ਪ੍ਰਾਣੀਆਂ ਨੂੰ ਮਰਨਾ ਪੈਂਦਾ ਹੈ।

ਉਹ ਸਮਾਂ ਆ ਰਿਹਾ ਹੈ ਜਦੋਂ ਸਾਰੀ ਰਚਨਾ ਦਾ ਨਵੀਨੀਕਰਨ ਹੋਵੇਗਾ (ਪਰਕਾਸ਼ ਦੀ ਪੋਥੀ 21:1; ਇਬਰਾਨੀਆਂ ਨੂੰ 1:10-12)। ਰੋਮੀਆਂ ਨੂੰ 8:18-25 ਦੱਸਦਾ ਹੈ ਕਿ ਮਸੀਹੀ ਅਜਿਹੇ ਸੰਸਾਰ ਦੀ ਉਮੀਦ ਦੇ ਵਿੱਚ ਹਨ ਜੋ ਪਾਪ ਦੇ ਸ਼ਰਾਪ ਤੋਂ ਆਜ਼ਾਦ ਹੋਵੇਗਾ।

## ਪਾਠ *8* ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜ੍ਹਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਜ਼ਬੂਰਾਂ ਦੀ ਪੋਥੀ 51
- ਯਸਾਯਾਹ 1:11-18
- ਰੋਮੀਆਂ ਨੂੰ 3:20-26
- ਰੋਮੀਆਂ ਨੂੰ 8:19-25
- ਅਫ਼ਸੀਆਂ ਨੂੰ 2:1-10

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 8 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 8 ਦੀ ਪ੍ਰੀਖਿਆ

(1) ਸਲੀਬ ਬਹੁਤ ਸਾਰੇ ਲੋਕਾਂ ਦੇ ਲਈ ਠੇਸ ਕਿਉਂ ਹੈ?

(2) ਹਰੇਕ ਬਿਨਾਂ ਤੌਬਾ ਕੀਤੇ ਪਾਪੀ ਬਾਰੇ ਸੱਚ ਹੋਣ ਵਾਲੀਆਂ ਚਾਰ ਗੱਲਾਂ ਲਿਖੋ।

(3) ਪ੍ਰਾਸਚਿਤ ਦੇ ਬਿਨਾਂ ਮਾਫ਼ੀ ਪਰਮੇਸ਼ੁਰ ਦਾ ਅਦਰ ਕਿਉਂ ਘਟਾ ਦਿੰਦੀ?

(4) ਦੋ ਤਰੀਕੇ ਲਿਖੋ ਜਿਨ੍ਹਾਂ ਨਾਲ ਯਿਸੂ ਬਲੀਦਾਨ ਹੋਣ ਦੇ ਲਈ ਵਿਲੱਖਣ ਢੰਗ ਨਾਲ ਯੋਗ ਸੀ।

(5) ਤੌਬਾ ਕਰਨ ਵਾਲੇ ਪਾਪੀ ਦਾ ਦ੍ਰਿਸ਼ਟਿਕੋਣ ਕੀ ਹੁੰਦਾ ਹੈ?

(6) ਜੇਕਰ ਕਿਸੇ ਵਿਅਕਤੀ ਦੇ ਕੋਲ ਬਚਾਉਣ ਵਾਲਾ ਵਿਸ਼ਵਾਸ ਹੈ, ਤਾਂ ਉਹ ਕੀ ਵਿਸ਼ਵਾਸ ਕਰਦਾ ਹੈ?

(7) ਕੋਈ ਵਿਅਕਤੀ ਕਿਵੇਂ ਪੂਰੇ ਭਰੋਸੇ ਨਾਲ ਜਾਣ ਸਕਦਾ ਹੈ ਕਿ ਉਹ ਬਚਾਇਆ ਗਿਆ ਹੈ?

# ਪਾਠ 9

# ਮੁਕਤੀ ਦੇ ਮੁੱਦੇ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਪਾਪ ਦੇ ਉੱਤੇ ਵਿਸ਼ਵਾਸੀ ਦੀ ਜਿੱਤ ਦਾ ਸੁਭਾਗ ਅਤੇ ਮਹੱਤਵ।
- ਜੇਤੂ ਜੀਵਨ ਜਿਉਣ ਦੇ ਲਈ ਪਰਮੇਸ਼ੁਰ ਦੁਆਰਾ ਦਿੱਤੀ ਜਾਣ ਵਾਲੀ ਕ੍ਰਿਪਾ।
- ਮਸੀਹ ਦੇ ਨਾਲ ਸੰਬੰਧ ਦੇ ਕਾਰਨ ਮਿਲਣ ਵਾਲਾ ਆਤਮਿਕ ਜੀਵਨ।
- ਕ੍ਰਿਪਾ ਤੋਂ ਡਿੱਗਣ ਦੇ ਪ੍ਰਤੀ ਵਚਨਾਂ ਦੀਆਂ ਚੇਤਾਵਨੀਆਂ।
- ਮੁਕਤੀ ਦੇ ਖਾਸ ਮੁੱਦਿਆਂ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਦੇ ਕੋਲ ਪਾਪ ਤੇ ਜਿੱਤ ਪਾ ਕੇ ਜਿਉਣ ਦੀ ਉੱਚੀ ਉਮੀਦ ਹੋਵੇਗੀ।

## ਜਾਣ-ਪਛਾਣ

► ਰੋਮੀਆਂ ਨੂੰ 6 ਨੂੰ ਮਿਲ ਕੇ ਪੜ੍ਹੋ। ਇਹ ਵਚਨ ਦਾ ਭਾਗ ਮੁਕਤੀ ਦੇ ਪ੍ਰਭਾਵਾਂ ਬਾਰੇ ਕੀ ਕਹਿੰਦਾ ਹੈ?

## ਮੁਕਤੀ ਦੇ ਸਬੂਤ

ਨਿੱਜੀ ਮੁਕਤੀ ਦਾ ਭਰੋਸਾ ਯੂਹੰਨਾ ਦੀ ਪਹਿਲੀ ਪੱਤ੍ਰੀ ਦਾ ਇੱਕ ਮੁੱਖ ਵਿਸ਼ਾ ਹੈ। ਯੂਹੰਨਾ ਨੇ ਇਸ ਪੱਤ੍ਰੀ ਨੂੰ ਲਿਖਣ ਦਾ ਕਾਰਨ ਦੱਸਿਆ ਹੈ; "ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ" (ਯੂਹੰਨਾ ਦੀ ਪਹਿਲੀ ਪੱਤ੍ਰੀ 5:13)।

► ਜੇਕਰ ਕਿਸੇ ਵਿਅਕਤੀ ਨੂੰ ਆਪਣੀ ਮੁਕਤੀ ਤੇ ਸ਼ੱਕ ਹੈ ਤਾਂ ਉਸਨੂੰ ਕੀ ਕਰਨਾ ਚਾਹੀਦਾ ਹੈ?

ਰਸੂਲ ਜਾਣਦਾ ਸੀ ਕਿ ਅਜਿਹਾ ਸਮਾਂ ਹੋਵੇਗਾ ਜਦੋਂ ਇੱਕ ਵਿਸ਼ਵਾਸੀ ਨੂੰ ਉਸਦੀ ਮੁਕਤੀ ਦੇ ਭਰੋਸੇ ਦੀ ਜਰੂਰਤ ਪਵੇਗੀ। ਉਸਨੇ ਵਿਖਾਇਆ ਕਿ ਕਿਸੇ ਵਿਸ਼ਵਾਸੀ ਦੇ ਦੁਆਰਾ ਅਜਿਹੇ ਪ੍ਰਮਾਣ ਦੀ ਭਾਲ ਕਰਨਾ ਸਹੀ ਹੈ ਜਿਸ ਤੇ ਉਹ ਆਪਣੇ ਭਰੋਸੇ ਨੂੰ ਟਿਕਾ ਸਕੇ। ਪੂਰੀ ਪੱਤ੍ਰੀ ਦੇ ਵਿੱਚ ਉਸਨੇ ਸਬੂਤ ਦੇ ਕੁਝ ਉਦਾਹਰਨ ਇਹ ਕਹਿੰਦੇ ਹੋਏ ਦਿੱਤੇ ਹਨ "ਇਸ ਤੋਂ ਅਸੀਂ ਜਾਣਦੇ ਹਾਂ"।[11] ਉਸਨੇ ਕਿਹਾ

[11] ਯੂਹੰਨਾ ਦੀ ਪਹਿਲੀ ਪੱਤ੍ਰੀ 2:3, 5, 29; ਯੂਹੰਨਾ ਦੀ ਪਹਿਲੀ ਪੱਤ੍ਰੀ 3:10, 14, 19, 24; ਯੂਹੰਨਾ ਦੀ ਪਹਿਲੀ ਪੱਤ੍ਰੀ 5:2, 18

ਕਿ ਵਿਸ਼ਵਾਸੀ ਆਪਣੇ ਦਿਲਾਂ ਨੂੰ ਭਰੋਸਾ ਦਿਵਾਉਣ ਦੇ ਲਈ ਇਸ ਸਬੂਤ ਦਾ ਉਪਯੋਗ ਕਰ ਸਕਦੇ ਹਨ (ਯੂਹੰਨਾ ਦੀ ਪਹਿਲੀ ਪੱਤ੍ਰੀ 3:19)।

ਕਿਸੇ ਵਿਸ਼ਵਾਸੀ ਦੀ ਇੱਕ ਅਜਿਹੀ ਵਿਸ਼ੇਸ਼ਤਾ ਜਿਸ ਦੇ ਬਾਰੇ ਪੂਰੀ ਯੂਹੰਨਾ ਦੀ ਪਹਿਲੀ ਪੱਤ੍ਰੀ ਦੇ ਵਿੱਚ ਜ਼ੋਰ ਦਿੱਤਾ ਗਿਆ ਹੈ ਉਹ ਪਾਪ ਦੇ ਉੱਤੇ ਜਿੱਤ ਹੈ। ਰਸੂਲ ਨੇ ਕਿਹਾ, "ਹੇ ਮੇਰਿਓ ਬੱਚਿਓ, ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ" (ਯੂਹੰਨਾ ਦੀ ਪਹਿਲੀ ਪੱਤ੍ਰੀ 2:1)। ਇਸ ਬਿਆਨ ਦੇ ਦੁਆਰਾ, ਰਸੂਲ ਵਿਖਾਉਂਦਾ ਹੈ ਕਿ ਇੱਕ ਵਿਸ਼ਵਾਸੀ ਨੂੰ ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪਾਂ ਤੋਂ ਆਜਾਦੀ ਦੇ ਨਾਲ ਜਿਉਣਾ ਚਾਹੀਦਾ ਹੈ।[12] ਉਹ ਜੇਤੂ ਜੀਵਨ ਦਾ ਮਹੱਤਵ ਦੱਸਣ ਦੇ ਲਈ ਉਨ੍ਹਾਂ ਨੂੰ ਲਿਖਦਾ ਹੈ।

> ...ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ ਅਤੇ ਉਹ ਸਾਡਿਆਂ ਪਾਪਾਂ ਦਾ ਪਰਾਸਚਿੱਤ ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ (*ਯੂਹੰਨਾ ਦੀ ਪਹਿਲੀ ਪੱਤ੍ਰੀ* 2:1-2)।

ਇੱਥੇ ਯੂਹੰਨਾ ਮੰਨਦਾ ਹੈ ਕਿ ਭਾਵੇਂ ਇਹ ਜਰੂਰੀ ਨਹੀਂ ਹੈ ਪਰ ਪਾਪ ਹੋ ਸਕਦਾ ਹੈ। ਉਹ ਇਸ ਗੱਲ ਦਾ ਭਰੋਸਾ ਦਿੰਦਾ ਹੈ ਕਿ ਜੇਕਰ ਕੋਈ ਵਿਸ਼ਵਾਸੀ ਪਾਪ ਕਰਦਾ ਹੈ, ਤਾਂ ਮਸੀਹ ਦਾ ਬਲੀਦਾਨ ਉਸ ਪਾਪ ਦਾ ਪ੍ਰਾਸਚਿੱਤ ਪ੍ਰਦਾਨ ਕਰ ਸਕਦਾ ਹੈ। ਉਹ ਸਾਨੂੰ ਭਰੋਸਾ ਦਿਵਾਉਂਦਾ ਹੈ ਕਿ ਇਸਦਾ ਇਹ ਅਰਥ ਨਹੀਂ ਹੈ ਕਿ ਵਿਸ਼ਵਾਸੀ ਪਾਪ ਦੇ ਵਿੱਚ ਵਾਪਿਸ ਜਾ ਸਕਦਾ ਹੈ ਅਤੇ ਆਪਣੇ ਆਪ ਹੀ ਬਿਨਾਂ ਤੌਬਾ ਦੇ ਮਾਫ਼ ਹੋ ਸਕਦਾ ਹੈ। ਇਹ ਵਚਨ ਸਿਰਫ਼ ਇੰਨਾ ਦੱਸਦਾ ਹੈ ਕਿ ਬਲੀਦਾਨ ਉਪਲੱਭਧ ਹੈ, ਜਿਵੇਂ ਇਹ ਹਰੇਕ ਪਾਪ ਦੇ ਲਈ ਸਾਰੇ ਸੰਸਾਰ ਦੇ ਲਈ ਹੈ। ਅਸੀਂ ਜਾਣਦੇ ਹਾਂ ਕਿ ਸਾਰਾ ਸੰਸਾਰ ਆਪਣੇ ਆਪ ਹੀ ਮੁਕਤੀ ਨਹੀਂ ਪਾ ਸਕਦਾ। ਜੇਕਰ ਕੋਈ ਵਿਸ਼ਵਾਸੀ ਪਾਪ ਕਰਦਾ ਹੈ ਤਾਂ ਪਰਮੇਸ਼ੁਰ ਦੇ ਨਾਲ ਉਸਦੇ ਸੰਬੰਧ ਦੇ ਕਾਰਨ ਉਸਨੂੰ ਤੌਬਾ ਕਰਨੀ ਹੀ ਪਵੇਗੀ।

ਯੂਹੰਨਾ ਦੀ ਪਹਿਲੀ ਪੱਤ੍ਰੀ ਦੇ ਅੱਗੇ ਦਿੱਤੇ ਹੋਏ ਵਚਨ ਵਿਖਾਉਂਦੇ ਹਨ ਕਿ ਇੱਕ ਵਿਸ਼ਵਾਸੀ ਦੀ ਵੱਡੀ ਅਲੱਗਤਾਈ ਇੱਛਾ ਦੇ ਨਾਲ ਕੀਤੇ ਜਾਣ ਵਾਲੇ ਪਾਪ ਤੇ ਜਿੱਤ ਹੈ। ਬਰੈਕੇਟਸ ਦੇ ਵਿੱਚ ਦਿੱਤੇ ਵਚਨ ਜੋੜੀਆਂ ਹੋਈਆਂ ਟਿੱਪਣੀਆਂ ਹਨ।

> ਅਤੇ ਜੇ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ ਤਾਂ ਇਸ ਤੋਂ ਜਾਣਦੇ ਹਾਂ ਜੋ ਅਸਾਂ ਉਸ ਨੂੰ ਜਾਤਾ ਹੈ [ਪਰਮੇਸ਼ੁਰ ਦੀ ਅਣ-ਆਗਿਆਕਾਰੀ ਕਰਨ ਵਾਲੇ ਵਿਅਕਤੀ ਦੇ ਵਿੱਚ ਇਸ ਸਬੂਤ ਦੀ ਕਮੀ ਹੁੰਦੀ ਹੈ] ਉਹ ਜਿਹੜਾ ਆਖਦਾ ਹੈ ਭਈ "ਮੈਂ ਉਹ ਨੂੰ ਜਾਣਿਆ ਹੈ" ਅਤੇ ਉਹ ਦੇ ਹੁਕਮਾਂ ਦੀ ਪਾਲਨਾ ਨਹੀਂ ਕਰਦਾ ਸੋ ਝੂਠਾ ਹੈ ਅਤੇ ਸਚਿਆਈ ਉਹ ਦੇ ਵਿੱਚ ਹੈ ਨਹੀਂ (ਯੂਹੰਨਾ ਦੀ ਪਹਿਲੀ ਪੱਤ੍ਰੀ 2:3-4)।
>
> ਹਰ ਕੋਈ ਜਿਹੜਾ ਪਾਪ ਕਰਦਾ ਹੈ ਸ਼ਰਾ ਦਾ ਉਲਟ ਕਰਦਾ ਹੈ ਅਤੇ ਪਾਪ ਤਾਂ ਸ਼ਰਾ ਦਾ ਉਲਟ ਹੀ ਹੈ ਤੁਸੀਂ ਜਾਣਦੇ ਹੋ ਜੋ ਉਹ ਇਸ ਲਈ ਪਰਗਟ ਹੋਇਆ ਭਈ ਪਾਪਾਂ ਨੂੰ ਚੁੱਕ ਲੈ ਜਾਵੇ, ਅਤੇ ਉਹ ਦੇ ਵਿੱਚ ਪਾਪ ਨਹੀਂ ਹੈ ਹਰ ਕੋਈ ਜੋ ਉਸ ਵਿੱਚ

---

[12] ਇੱਛਾ ਨਾਲ ਕੀਤੇ ਜਾਣ ਵਾਲੇ ਪਾਪ ਦੀ ਚਰਚਾ ਪਾਠ 5 ਵਿੱਚ ਵਿਸਤਾਰ ਨਾਲ ਕੀਤੀ ਗਈ ਹੈ।

ਕਾਇਮ ਰਹਿੰਦਾ ਹੈ ਪਾਪ ਨਹੀਂ ਕਰਦਾ । ਹਰ ਕੋਈ ਜਿਹੜਾ ਪਾਪ ਕਰਦਾ ਹੈ ਓਸ ਨੇ ਉਹ ਨੂੰ ਨਹੀਂ ਵੇਖਿਆ, ਨਾ ਉਹ ਨੂੰ ਜਾਣਿਆ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 3:4-6)।

ਹੇ ਬੱਚਿਓ, ਕੋਈ ਤੁਹਾਨੂੰ ਨਾ ਭਰਮਾਵੇ । ਜਿਹੜਾ ਧਰਮ ਕਰਦਾ ਹੈ ਸੋ ਧਰਮੀ ਹੈ ਜਿਵੇਂ [ਅਜਿਹਾ ਵਿਅਕਤੀ ਨਹੀਂ ਜੋ ਕਿਸੇ ਤਰ੍ਹਾਂ ਧਰਮੀ ਗਿਣਿਆ ਗਿਆ ਹੋਵੇ ਜਦਕਿ ਉਹ ਲਗਾਤਾਰ ਪਾਪ ਕਰਦਾ ਹੋਵੇ], ਜਿਵੇਂ ਉਹ ਧਰਮੀ ਹੈ । ਜਿਹੜਾ ਪਾਪ ਕਰਦਾ ਹੈ ਉਹ ਸ਼ਤਾਨ ਤੋਂ ਹੈ ਕਿਉਂ ਜੋ ਸ਼ਤਾਨ ਮੁੱਢੋਂ ਹੀ ਪਾਪ ਕਰਦਾ ਆਇਆ ਹੈ । ਪਰਮੇਸ਼ੁਰ ਦਾ ਪੁੱਤ੍ਰ ਇਸੇ ਲਈ ਪਰਗਟ ਹੋਇਆ ਭਈ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰੇ (ਯੂਹੰਨਾ ਦੀ ਪਹਿਲੀ ਪੱਤ੍ਰੀ 3:7-8)।

ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ਕਿਉਂ ਜੋ ਉਹ ਦਾ ਬੀ ਓਸ ਵਿੱਚ ਰਹਿੰਦਾ ਹੈ ਅਤੇ ਉਹ ਪਾਪ ਨਹੀਂ ਕਰ ਸੱਕਦਾ ਇਸ ਲਈ ਜੋ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 3:9)।

ਅਤੇ ਜਿਹੜਾ ਉਹ ਦੇ ਹੁਕਮਾਂ ਦੀ ਪਾਲਨਾ ਕਰਦਾ ਹੈ ਇਹ ਉਹ ਦੇ ਵਿੱਚ ਅਤੇ ਉਹ ਇਹ ਦੇ ਵਿੱਚ ਰਹਿੰਦਾ ਹੈ । ਉਹ ਨੇ ਆਤਮਾ ਸਾਨੂੰ ਦਿੱਤਾ ਹੈ, ਇਸ ਤੋਂ ਅਸੀਂ ਜਾਣਦੇ ਹਾਂ ਭਈ ਉਹ ਸਾਡੇ ਵਿੱਚ ਰਹਿੰਦਾ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 3:24)। [ਮਸੀਹ ਦੇ ਵਿੱਚ ਬਣੇ ਰਹਿਣਾ ਪਰਮੇਸ਼ੁਰ ਦੇ ਹੁਕਮਾਂ ਨੂੰ ਲਗਾਤਾਰ ਤੋੜਣ ਦੇ ਨਾਲ ਮੇਲ ਨਹੀਂ ਖਾਂਦਾ।]

ਜਾਂ ਅਸੀਂ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਅਤੇ ਉਹ ਦੇ ਹੁਕਮਾਂ ਉੱਤੇ ਚੱਲਦੇ ਹਾਂ ਤਾਂ ਇਸ ਤੋਂ ਜਾਣਦੇ ਹਾਂ ਭਈ ਅਸੀਂ ਪਰਮੇਸ਼ੁਰ ਦਿਆਂ ਬਾਲਕਾਂ ਨਾਲ ਪ੍ਰੇਮ ਰੱਖਦੇ ਹਾਂ ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ (ਯੂਹੰਨਾ ਦੀ ਪਹਿਲੀ ਪੱਤ੍ਰੀ 5:2-3)। [ਅਸਲ ਪਿਆਰ ਆਗਿਆਕਾਰੀ ਨੂੰ ਪ੍ਰੇਰਿਤ ਕਰਦਾ ਹੈ। ਅਣ-ਆਗਿਆਕਾਰੀ ਪਿਆਰ ਦੀ ਕਮੀ ਨੂੰ ਵਿਖਾਉਂਦੀ ਹੈ।]

ਕਿਉਂ ਜੋ ਹਰੇਕ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਉਹ ਸੰਸਾਰ ਉੱਤੇ ਫ਼ਤਹ ਪਾਉਂਦਾ ਹੈ [ਇਸਦੇ ਪਰਤਾਵੇ ਅਤੇ ਆਤਮਾ]। ਅਰ ਫ਼ਤਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹ ਪਾਈ ਅਰਥਾਤ ਸਾਡੀ ਨਿਹਚਾ (ਯੂਹੰਨਾ ਦੀ ਪਹਿਲੀ ਪੱਤ੍ਰੀ 5:4)।

ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਸੋ ਪਾਪ ਨਹੀਂ ਕਰਦਾ ਹੈ ਸਗੋਂ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਸੀ ਉਹ ਉਸ ਦੀ ਰੱਛਿਆ ਕਰਦਾ [ਸੁਰੱਖਿਆ ਕਰਦਾ ਹੈ] ਹੈ ਅਤੇ ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ (ਯੂਹੰਨਾ ਦੀ ਪਹਿਲੀ ਪੱਤ੍ਰੀ 5:18)।

► ਇੰਨ੍ਹਾਂ ਵਚਨਾਂ ਦੇ ਵਿੱਚੋਂ ਇੱਕ ਵਿਸ਼ਵਾਸੀ ਦੀ ਕਿਹੜੀ ਅਲੱਗ ਵਿਸ਼ੇਸ਼ਤਾ ਬਹੁਤ ਸਪੱਸ਼ਟ ਹੈ?

ਇੰਨ੍ਹਾਂ ਵਚਨਾਂ ਤੋਂ, ਇਹ ਬਹੁਤ ਸਪੱਸ਼ਟ ਹੈ ਕਿ ਇੱਕ ਵਿਸ਼ਵਾਸੀ ਦੀ ਅਲੱਗ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਮੇਸ਼ੁਰ ਦੀ ਆਗਿਆਕਾਰੀ ਦੇ ਵਿੱਚ ਜਿਉਂਦਾ ਹੈ। ਇੱਛਾ ਨਾਲ ਕੀਤੇ ਜਾਣ ਵਾਲੇ ਪਾਪ ਦੇ ਉੱਤੇ ਜਿੱਤ ਇੱਕ ਵਿਸ਼ਵਾਸੀ ਦੇ ਲਈ ਮਹਾਨ ਸੁਭਾਗ ਹੈ।

## ਯੂਹੰਨਾ ਦੀ ਪਹਿਲੀ ਪੱਤ੍ਰੀ 1:8 ਦੇ ਉੱਤੇ ਇੱਕ ਨੋਟ

ਕਈ ਵਾਰ ਜੋ ਲੋਕ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਇੱਕ ਵਿਸ਼ਵਾਸੀ ਇੱਛਾ ਨਾਲ ਕੀਤੇ ਜਾਣ ਵਾਲੇ ਪਾਪਾਂ ਤੇ ਜਿੱਤ ਦੇ ਵਿੱਚ ਜੀ ਸਕਦਾ ਹੈ ਉਹ ਅੱਗੇ ਦੱਸਿਆ ਹਵਾਲਾ ਦਿੰਦੇ ਹਨ ਯੂਹੰਨਾ ਦੀ ਪਹਿਲੀ ਪੱਤ੍ਰੀ 1:8: "ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸਚਿਆਈ ਸਾਡੇ ਵਿੱਚ ਹੈ ਨਹੀਂ"। ਪਰ ਸਾਡੇ ਵਿੱਚ ਪਾਪ ਹੋਣ ਦਾ ਕੀ ਅਰਥ ਹੈ? ਕੀ ਇਸਦਾ ਇਹ ਅਰਥ ਹੈ ਕਿ ਵਿਸ਼ਵਾਸੀ ਲਗਾਤਾਰ ਇੱਛੇ ਨਾਲ ਕੀਤੇ ਜਾਣ ਵਾਲੇ ਪਾਪ ਕਰਦੇ ਰਹਿੰਦੇ ਹਨ? ਇਹ ਗੱਲ ਯੂਹੰਨਾ ਦੀ ਪਹਿਲੀ ਪੱਤ੍ਰੀ 3 ਦੇ ਵਿੱਚ ਦਿੱਤੇ ਬਿਆਨ ਦੇ ਨਾਲ ਮੇਲ ਨਹੀਂ ਖਾਂਦੀ। ਜੇਕਰ ਯੂਹੰਨਾ ਨੇ ਪਹਿਲਾਂ ਇਹ ਕਿਹਾ ਹੁੰਦਾ, "ਹਰੇਕ ਵਿਅਕਤੀ ਪਾਪ ਦੇ ਵਿੱਚ ਬਣਿਆ ਰਹਿੰਦਾ ਹੈ, ਜਿਸ ਵਿੱਚ ਵਿਸ਼ਵਾਸੀ ਵੀ ਸ਼ਾਮਿਲ ਹਨ" ਤਾਂ ਫਿਰ ਉਹ 3 ਅਧਿਆਏ ਦੇ ਵਿੱਚ ਅਜਿਹੇ ਬਿਆਨ ਕਿਵੇਂ ਦੇ ਸਕਦਾ ਸੀ? ਇਸਦਾ ਕੋਈ ਮਤਲਬ ਨਹੀਂ ਨਿੱਕਲੇਗਾ।

ਪ੍ਰਸੰਗ ਇਸਦੇ ਅਰਥ ਨੂੰ ਵਿਖਾਉਂਦਾ ਹੈ। ਯੂਹੰਨਾ ਦੀ ਪਹਿਲੀ ਪੱਤ੍ਰੀ 1:7 ਦੇ ਵਿੱਚ ਪਾਪ ਤੋਂ ਸ਼ੁੱਧ ਕੀਤੇ ਜਾਣ ਦਾ ਵਾਇਦਾ ਕੀਤਾ ਗਿਆ ਹੈ। ਇਹ ਸ਼ੁੱਧ ਕਰਨਾ ਉਨ੍ਹਾਂ ਦੇ ਲਈ ਹੈ ਚਾਣਨ ਦੇ ਵਿੱਚ ਚੱਲਦੇ ਹਨ, ਜਿਸਦਾ ਅਰਥ ਹੈ ਸਚਿਆਈ ਦੇ ਅਨੁਸਾਰ ਜਿਉਣਾ, ਅਰਥਾਤ ਪਰਮੇਸ਼ੁਰ ਦੀ ਆਗਿਆਕਾਰੀ ਜਿਉਣਾ। ਜੋ ਲੋਕ ਹੁਣ ਪਰਮੇਸ਼ੁਰ ਦੀ ਆਗਿਆਕਾਰੀ ਦੇ ਵਿੱਚ ਰਹਿੰਦੇ ਹਨ ਉਹ ਯਿਸੂ ਦੇ ਲਹੂ ਦੁਆਰਾ ਆਪਣੇ ਅਤੀਤ ਦੇ ਪਾਪਾਂ ਤੋਂ ਸ਼ੁੱਧ ਕੀਤੇ ਗਏ ਹਨ।

ਪਰ ਕੁਝ ਅਜਿਹੇ ਲੋਕ ਵੀ ਹੋ ਸਕਦੇ ਹਨ ਜੋ ਇਨਕਾਰ ਕਰਨ ਕਿ ਉਨ੍ਹਾਂ ਦੇ ਪਾਪ ਕੀਤਾ ਹੈ ਅਤੇ ਸ਼ੁੱਧ ਹੋਣ ਦੀ ਜਰੂਰਤ ਹੈ। ਉਹ ਅਜਿਹੇ ਲੋਕ ਹਨ ਜੋ ਕਹਿੰਦੇ ਹਨ ਕਿ ਉਨ੍ਹਾਂ ਦੇ ਵਿੱਚ ਕੋਈ ਪਾਪ ਨਹੀਂ ਹੈ ਅਤੇ ਆਪਣੇ ਆਪ ਨੂੰ ਧੋਖਾ ਦਿੰਦੇ ਹਨ। ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਕਦੇ ਪਾਪ ਨਹੀਂ ਕੀਤਾ, ਜਾਂ ਇਹ ਕਿ ਉਨਾਂ ਨੇ ਆਪਣੇ ਪਾਪ ਦੀ ਸਮੱਸਿਆ ਮਸੀਹ ਦੇ ਬਿਨਾਂ ਹੱਲ ਕਰ ਲਈ ਹੈ।

ਇੱਕ ਵਾਰ ਫਿਰ ਤੋਂ ਯੂਹੰਨਾ ਦੀ ਪਹਿਲੀ ਪੱਤ੍ਰੀ 1:9, ਮਾਫੀ ਅਤੇ ਸ਼ੁੱਧ ਕੀਤੇ ਜਾਣ ਦਾ ਵਾਇਦਾ ਕੀਤਾ ਗਿਆ ਹੈ। ਯੂਹੰਨਾ ਦੀ ਪਹਿਲੀ ਪੱਤ੍ਰੀ 1:10 ਦੇ ਵਿੱਚ ਉਹ ਇੱਕ ਵਾਰ ਫਿਰ ਤੋਂ ਕਹਿੰਦਾ ਹੈ ਕਿ ਜੋ ਕਹਿੰਦੇ ਹਨ ਕਿ ਉਨ੍ਹਾਂ ਨੇ ਪਾਪ ਨਹੀਂ ਕੀਤਾ ਉਹ ਪਰਮੇਸ਼ੁਰ ਦੇ ਵਿਰੁੱਧ ਹਨ।

ਯੂਹੰਨਾ ਅਜਿਹੇ ਲੋਕਾਂ ਦੀ ਗ਼ਲਤੀ ਨੂੰ ਸਹੀ ਕਰਨ ਦੇ ਲਈ ਲਿਖ ਰਿਹਾ ਸੀ ਜੋ ਅਜਿਹਾ ਨਹੀਂ ਸੋਚਦੇ ਹਨ ਉਨ੍ਹਾਂ ਨੂੰ ਮਸੀਹ ਦੇ ਦੁਆਰਾ ਦਿੱਤੀ ਜਾਣ ਵਾਲੀ ਸ਼ੁੱਧਤਾ ਜਾਂ ਮਾਫੀ ਦੀ ਜਰੂਰਤ ਹੈ-ਜੋ ਸੋਚਦੇ ਸਨ ਕਿ ਉਨ੍ਹਾਂ ਨੂੰ ਬਚਾਏ ਜਾਣ ਦੀ ਜਰੂਰਤ ਨਹੀਂ ਸੀ। ਉਹ ਅਜਿਹਾ ਨਹੀਂ ਕਹਿ ਰਿਹਾ ਸੀ ਕਿ ਇੱਥੋਂ ਤੱਕ ਕਿ ਵਿਸ਼ਵਾਸੀ ਲਗਾਤਾਰ ਪਾਪ ਦੇ ਵਿੱਚ ਬਣੇ ਰਹਿੰਦੇ ਹਨ, ਕਿਉਂਕਿ ਇਹ ਪੱਤ੍ਰੀ ਦੇ ਵਿੱਚ ਦਿੱਤੇ ਉਸਦੇ ਸਿੱਧੇ ਬਿਆਨਾਂ ਅਤੇ ਉਸਦੇ ਮੁੱਖ ਵਿਸ਼ੇ ਦੇ ਉਲਟ ਹੋਵੇਗਾ।

## ਜਿੱਤ ਦੇ ਜੀਵਨ ਲਈ ਪਰਮੇਸ਼ੁਰ ਦੀ ਕ੍ਰਿਪਾ

ਮਨੁੱਖੀ ਕਮਜ਼ੋਰੀ ਅਤੇ ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ ਦੇ ਕਾਰਨ ਹਮੇਸ਼ਾਂ ਜਿੱਤ ਦੇ ਵਿੱਚ ਜਿਉਣਾ ਆਸਾਨ ਨਹੀਂ ਹੁੰਦਾ। ਇਸਦੇ ਕਾਰਨ ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਹਨ ਕਿ ਇੱਛਾ ਸਹਿਤ ਕੀਤੇ ਪਾਪ ਦੇ ਬਿਨਾਂ ਜਿਉਣਾ ਅਸੰਭਵ ਹੈ। ਪਰ ਪਰਮੇਸ਼ੁਰ ਦੀ ਕ੍ਰਿਪਾ ਦੇ ਕੋਲ ਦੋਵਾਂ ਸਮੱਸਿਆਵਾਂ ਦੇ ਹੱਲ ਹਨ।

► ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ ਕੀ ਹੈ?

***ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ*** ਮਨੁੱਖ ਦੇ ਨੈਤਿਕ ਸੁਭਾਅ ਦਾ ਭ੍ਰਿਸ਼ਟ ਹੋਣਾ ਹੈ ਜੋ ਉਸਨੂੰ ਜਨਮ ਤੋਂ ਹੀ ਪਾਪ ਦੇ ਵੱਲ ਖਿੱਚਦਾ ਹੈ। ਪਰਿਵਰਤਨ ਦੇ ਬਾਅਦ ਇੱਕ ਵਿਸ਼ਵਾਸੀ ਪਾਪ ਕਰਨ ਦੇ ਰੁਝਾਨ ਨਾਲ ਸੰਘਰਸ਼ ਕਰਦਾ ਹੈ। ਪਰ ਪਰਮੇਸ਼ੁਰ ਉਸਨੂੰ ਸਿਰਫ਼ ਪ੍ਰਤੀਦਿਨ ਦੀ ਜਿੱਤ ਹੀ ਨਹੀਂ ਪਰ ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਨੂੰ ਜਿੱਤਣ ਦੇ ਲਈ ਵੀ ਕ੍ਰਿਪਾ ਪ੍ਰਦਾਨ ਕਰਦਾ ਹੈ (ਰਸੂਲਾਂ ਦੇ ਕਰਤੱਬ 15:9; 1 ਥੱਸਲੁਨੀਕੀਆਂ ਨੂੰ 5:23; ਯੂਹੰਨਾ ਦੀ ਪਹਿਲੀ ਪੱਤ੍ਰੀ 1:7)।

ਪਾਪਮਈ ਸੁਭਾਅ ਅਜਿਹੀ ਸਥਿਤੀ ਨਹੀਂ ਹੈ ਜਿਸਦੇ ਅਧੀਨ ਸਾਨੂੰ ਸਾਰੀ ਉਮਰ ਜਿਉਣ ਦੀ ਲੋੜ ਹੈ। ਜਿੱਤ ਦੇ ਵਿੱਚ ਜਿਉਣ ਦੇ ਲਈ, ਇੱਕ ਵਿਸ਼ਵਾਸੀ ਨੂੰ ਇੱਕ ਅਜਿਹੇ ਬਿੰਦੂ ਦੇ ਆਉਣ ਦੀ ਜਰੂਰਤ ਹੈ ਜਿੱਥੇ ਉਹ ਬਿਨਾਂ ਕੁਝ ਪਿੱਛੇ ਰੱਖੇ ਆਪਣਾ ਦਿਲ ਪਰਮੇਸ਼ੁਰ ਦੇ ਅੱਗੇ ਸਮਰਪਿਤ ਕਰ ਦੇਵੇ (ਰੋਮੀਆਂ ਨੂੰ 12:1)। ਜਦੋਂ ਪਵਿੱਤਰ ਆਤਮਾ ਕਿਸੇ ਵਿਸ਼ਵਾਸ ਨੂੰ ਭਰਦਾ ਹੈ, ਤਾਂ ਉਹ ਉਸ ਵਿਸ਼ਵਾਸੀ ਨੂੰ ਯੋਗਤਾ ਦਿੰਦਾ ਹੈ ਕਿ ਉਹ ਉਸਨੂੰ ਸੰਪੂਰਨ ਤੌਰ ਤੇ ਪਿਆਰ ਕਰ ਸਕੇ।

► ਮਨੁੱਖੀ ਕਮਜ਼ੋਰੀ ਕੀ ਹੈ?

***ਮਨੁੱਖੀ ਕਮਜ਼ੋਰੀਆਂ*** ਸਰੀਰਕ ਅਤੇ ਮਾਨਸਿਕ ਸੀਮਾਵਾਂ ਜਾਂ ਕਮੀਆਂ ਹਨ। ਆਦਮ ਦੇ ਪਾਪ ਵਿੱਚ ਡਿੱਗਣ, ਅਤੇ ਲਗਾਤਾਰ ਪਾਪ ਦੇ ਦੁਆਰਾ ਮਨੁੱਖਤਾ ਦੀ ਗਿਰਾਵਟ ਦੇ ਕਾਰਨ ਅਸੀਂ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਤੌਰ ਤੇ ਉਸ ਸਥਿਤੀ ਨਾਲੋਂ ਕਮਜ਼ੋਰ ਹਾਂ ਜਿਸ ਵਿੱਚ ਪਰਮੇਸ਼ੁਰ ਨੇ ਸਾਨੂੰ ਮੂਲ ਰੂਪ ਵਿੱਚ ਬਣਾਇਆ ਸੀ।

ਮਨੁੱਖੀ ਕਮਜ਼ੋਰੀਆਂ ਦੇ ਕਾਰਨ ਅਸੀਂ ਗ਼ਲਤੀਆਂ ਕਰਦੇ ਹਾਂ। ਅਸੀਂ ਸ਼ਾਇਦ ਕਿਸੇ ਹਾਲਾਤ ਦੇ ਵਿੱਚ ਕਰਨ ਵਾਲੇ ਵਾਲੇ ਸਹੀ ਕੰਮ ਨੂੰ ਨਾ ਕਰ ਪਾਈਏ। ਸਾਡੇ ਕੋਲ ਕੁਝ ਲੋਕਾਂ ਦੀਆਂ ਸ਼੍ਰੇਣੀਆਂ ਜਾਂ ਨਸਲੀ ਸਮੂਹਾਂ ਦੇ ਬਾਰੇ ਗ਼ਲਤ ਰਾਏ ਹੋ ਸਕਦੀ ਹੈ। ਜਦੋਂ ਕੋਈ ਵਿਅਕਤੀ ਬਚਾਇਆ ਜਾਂਦਾ ਹੈ ਤਾਂ ਗ਼ਲਤ ਵਿਚਾਰ ਆਪਣੇ ਆਪ ਹੀ ਠੀਕ ਨਹੀਂ ਹੋ ਜਾਂਦੇ। ਗ਼ਲਤ ਵਿਚਾਰ ਗ਼ਲਤ ਕਿਰਿਆਵਾਂ ਦਾ ਕਾਰਨ ਬਣਦੇ ਹਨ ਕਿਉਂਕਿ ਜਦੋਂ ਕਿਸੇ ਵਿਅਕਤੀ ਦੇ ਕੋਲ ਕਿਸੇ ਕੰਮ ਦੇ ਬਾਰੇ ਗ਼ਲਤ ਵਿਚਾਰ ਹੁੰਦਾ ਹੈ ਤਾਂ ਉਹ ਗ਼ਲਤ ਕੰਮ ਹੀ ਕਰਦਾ ਹੈ।

ਕਮਜ਼ੋਰੀ ਦੇ ਕਾਰਨ ਮਨੁੱਖ ਕਈ ਕਾਰਨਾਂ ਕਰਕੇ ਸੰਘਰਸ਼ ਕਰ ਸਕਦਾ ਹੈ। ਸ਼ਾਇਦ ਉਸਨੇ ਇਹ ਨਹੀਂ ਸਿੱਖਿਆ ਹੈ ਕਿ ਵਚਨਾਂ ਦੇ ਸਿਧਾਂਤਾਂ ਨੂੰ ਲਾਗੂ ਕਿਵੇਂ ਕਰਨਾ ਹੈ। ਸ਼ਾਇਦ ਉਸਨੇ ਅਜਿਹੇ ਅਨੁਸ਼ਾਸਨ ਨੂੰ ਵਿਕਸਿਤ ਨਹੀਂ ਕੀਤਾ ਹੈ ਜੋ ਉਸਦੀਆਂ ਲਾਲਸਾਵਾਂ ਨੂੰ

ਵਾਲੀ ਇੱਛਾ ਦੇ ਵਿੱਚ ਉਸਦੀ ਸਹਾਇਤਾ ਕਰਨ। ਸ਼ਾਇਦ ਉਸਦੇ ਕੋਲ ਪ੍ਰਤੀਦਿਨ ਦੀਆਂ ਅਜਿਹੀਆਂ ਆਦਤਾਂ ਨਹੀਂ ਹਨ ਜੋ ਉਸਨੂੰ ਮਜ਼ਬੂਤ ਰੱਖ ਸਕਣ। ਸ਼ਾਇਦ ਉਹ ਆਤਮਾ ਦੇ ਵਿੱਚ ਚੱਲਣ ਦੇ ਮਹੱਤਵ ਨੂੰ ਨਹੀਂ ਸਮਝਦਾ ਹੈ।

"ਲੋਕ ਪਵਿੱਤਰਤਾ ਵੱਲ ਨਹੀਂ ਵਧਦੇ। ਕਿਰਪਾ ਨਾਲ ਮਿਲਣ ਵਾਲੇ ਯਤਨਾਂ ਤੋਂ ਇਲਾਵਾ, ਲੋਕ ਭਗਤੀ, ਪ੍ਰਾਰਥਨਾ, ਧਰਮ ਗ੍ਰੰਥ ਦੀ ਆਗਿਆਕਾਰੀ, ਵਿਸ਼ਵਾਸ ਅਤੇ ਪ੍ਰਭੂ ਵਿੱਚ ਅਨੰਦ ਵੱਲ ਧਿਆਨ ਨਹੀਂ ਦਿੰਦੇ ਹਨ। ਅਸੀਂ ਸਮਝੌਤਾ ਵੱਲ ਵਧਦੇ ਹਾਂ ਅਤੇ ਇਸਨੂੰ ਸਹਿਣਸ਼ੀਲਤਾ ਕਹਿੰਦੇ ਹਾਂ; ਅਸੀਂ ਅਣਆਗਿਆਕਾਰੀ ਵੱਲ ਵਧਦੇ ਹਾਂ ਅਤੇ ਇਸਨੂੰ ਆਜ਼ਾਦੀ ਕਹਿੰਦੇ ਹਾਂ; ਅਸੀਂ ਅੰਧਵਿਸ਼ਵਾਸ ਵੱਲ ਵਧਦੇ ਹਾਂ ਅਤੇ ਇਸਨੂੰ ਵਿਸ਼ਵਾਸ ਕਹਿੰਦੇ ਹਾਂ। ਅਸੀਂ ਸਵੈ-ਕਾਬੂ ਰਹਿਤ ਅਨੁਸ਼ਾਸਨ ਨੂੰ ਪਸੰਦ ਕਰਦੇ ਹਾਂ ਅਤੇ ਇਸਨੂੰ ਆਰਾਮ ਕਹਿੰਦੇ ਹਾਂ; ਅਸੀਂ ਪ੍ਰਾਰਥਨਾ ਨੂੰ ਘਟਾ ਦਿੰਦੇ ਹਾਂ ਅਤੇ ਸੋਚਦੇ ਹਾਂ ਕਿ ਅਸੀਂ ਬਿਵਸਥਾਵਾਦ ਤੋਂ ਬਚ ਗਏ ਹਾਂ; ਅਸੀਂ ਪਰਮੇਸ਼ੁਰ ਰਹਿਤ ਤੋਂ ਜਾਂਦੇ ਹਾਂ ਅਤੇ ਆਪਣੇ ਆਪ ਨੂੰ ਮਨਾਉਂਦੇ ਹਾਂ ਕਿ ਅਸੀਂ ਆਜਾਦ ਹੋ ਗਏ ਹਾਂ।"
-ਡੀ.ਏ. ਕਾਰਸਨ

ਸਾਨੂੰ ਜਲਦੀ ਦੇ ਦੂਸਰਿਆਂ ਦਾ ਨਿਆਂ ਨਹੀਂ ਕਰਨਾ ਚਾਹੀਦਾ, ਕਿਉਂਕਿ ਅਸੀਂ ਨਹੀਂ ਜਾਣਦੇ ਕਿ ਉਹ ਜਾਣਬੁੱਝ ਕੇ ਪਾਪ ਕਦੋਂ ਕਰ ਰਹੇ ਹਨ। ਅਕਸਰ ਲੋਕ ਗਿਆਨ ਦੀ ਕਮੀ ਅਤੇ ਆਤਮਿਕ ਪਰਿਪੱਕਤਾ ਦੀ ਘਾਟ ਦੇ ਕਾਰਨ ਗ਼ਲਤੀਆਂ ਕਰਦੇ ਹਨ।

ਕੀ ਤੁਸੀਂ ਕਦੇ ਅਜਿਹੇ ਪਰਤਾਵੇ ਦੇ ਵਿੱਚੋਂ ਦੀ ਗੁਜ਼ਰੇ ਹੋ ਜਿਸਦੇ ਬਾਰੇ ਤੁਸੀਂ ਸੋਚਿਆ ਹੋਵੇ ਕਿ ਇਸਦਾ ਅਨੁਭਵ ਹੋਰ ਕਿਸੇ ਨੇ ਨਹੀਂ ਕੀਤਾ ਹੋਵੇਗਾ? ਕੀ ਤੁਸੀਂ ਇਸਦੇ ਬਾਰੇ ਕਦੇ ਵਿਚਾਰ ਕੀਤਾ ਹੈ ਕਿ ਪਾਪ ਦੇ ਉੱਤੇ ਸੰਪੂਰਨ ਜਿੱਤ ਦੇ ਵਿੱਚ ਜਿਉਣਾ ਸੰਭਵ ਹੈ ਜਾਂ ਨਹੀਂ? ਪਰਮੇਸ਼ੁਰ ਨੇ ਅਜਿਹੀ ਯੋਗਤਾ ਦੇਣ ਵਾਲੀ ਕ੍ਰਿਪਾ ਪ੍ਰਦਾਨ ਕੀਤੀ ਹੈ ਜੋ ਪਰਤਾਵਿਆਂ ਦੇ ਵਿੱਚ ਸਾਡੀਆਂ ਕਮਜ਼ੋਰੀਆਂ ਦੇ ਵਿੱਚ ਸਹਾਇਤਾ ਕਰਨ ਲਈ ਵਧੀਕ ਹੁੰਦੀ ਹੈ:

> ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ (1 ਕੁਰਿੰਥੀਆਂ ਨੂੰ 10:13)।

► ਅਜਿਹੀਆਂ ਕਿਹੜੀਆਂ ਗੱਲਾਂ ਹਨ ਜੋ ਅਸੀਂ ਇਸ ਵਚਨ ਦੇ ਵਿੱਚੋਂ ਸਿੱਖਦੇ ਹਾਂ?

ਇਹ ਵਚਨ ਸਾਨੂੰ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਦੇ ਬਾਰੇ ਸਿਖਾਉਂਦਾ ਹੈ।

1. **ਪਰਤਾਵੇ ਸਾਡੀ ਮਨੁੱਖਤਾ ਦੇ ਕਾਰਨ ਆਉਂਦੇ ਹਨ।** ਇਸਦਾ ਅਰਥ ਕਿ ਸੰਘਰਸ਼ ਤੁਹਾਡੇ ਇਕੱਲੇ ਤੇ ਹੀ ਨਹੀਂ ਆਉਂਦੇ ਹਨ।

2. **ਪਰਮੇਸ਼ੁਰ ਸਾਡੀਆਂ ਸੀਮਾਵਾਂ ਨੂੰ ਜਾਣਦਾ ਹੈ।** ਉਹ ਸਮਝਦਾ ਹੈ ਕਿ ਅਸੀਂ ਕਿੰਨਾ ਝੱਲ ਸਕਦੇ ਹਾਂ। ਅਸੀਂ ਨਹੀਂ ਜਾਣਦੇ ਕਿ ਅਸੀਂ ਕਿੰਨਾ ਝੱਲ ਸਕਦੇ ਹਾਂ, ਪਰ ਉਹ ਜਾਣਦਾ ਹੈ।

3. **ਪਰਮੇਸ਼ੁਰ ਸਾਡੇ ਦੇ ਆਉਣ ਵਾਲੇ ਪਰਤਾਵਿਆਂ ਨੂੰ ਸੀਮਿਤ ਕਰ ਦਿੰਦਾ ਹੈ।** ਉਹ ਚਾਹੁੰਦਾ ਹੈ ਕਿ ਅਸੀਂ ਜਿੱਤ ਦੇ ਵਿੱਚ ਰਹੀਏ। ਇਸ ਵਚਨ ਦੇ ਅਨੁਸਾਰ, ਸਦਾ ਜਿੱਤ ਦੇ ਵਿੱਚ ਰਹਿਣਾ ਸੰਭਵ ਹੈ।

4. **ਪਰਮੇਸ਼ੁਰ ਸਾਨੂੰ ਜਿੱਤ ਦੇ ਲਈ ਜਰੂਰੀ ਵਸਤਾਂ ਪ੍ਰਦਾਨ ਕਰਦਾ ਹੈ।** ਉਹ ਬਚ ਨਿਕਲਣ ਦਾ ਰਾਹ ਬਣਾਉਂਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜਿੱਤ ਦੇ ਵਿੱਚ ਜੀਵੀਏ। ਉਹ ਜੇਤੂ ਜੀਵਨ ਦੇ ਲਈ ਕ੍ਰਿਪਾ ਦਿੰਦਾ ਹੈ।

## ਆਤਮਾ ਦੇ ਵਿੱਚ ਜੀਵਨ

► ਰੋਮੀਆਂ ਨੂੰ 8 ਦੇ ਵਿੱਚ ਜਾਉ ਅਤੇ ਇਸ ਭਾਗ ਵਿੱਚ ਵਰਤੇ ਗਏ ਵਚਨਾਂ ਨੂੰ ਵੇਖੋ।

ਰੋਮੀਆਂ ਨੂੰ 8 ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਆਤਮਾ ਦੇ ਕੰਮ ਦਾ ਅਦਭੁੱਤ ਵੇਰਵਾ ਦਿੰਦਾ ਹੈ। ਰੋਮੀਆਂ ਨੂੰ 8:26 ਸਾਨੂੰ ਦੱਸਦਾ ਹੈ ਕਿ ਅਸੀਂ ਇਹ ਤੱਕ ਵੀ ਨਹੀਂ ਜਾਣਦੇ ਕਿ ਪ੍ਰਾਥਨਾ ਕਿਵੇਂ ਕਰਨੀ ਚਾਹੀਦੀ ਹੈ, ਪਰ ਪਵਿੱਤਰ ਆਤਮਾ ਸਾਡੇ ਵਿੱਚੋਂ ਦੀ ਹੋ ਕੇ ਪ੍ਰਾਥਨਾ ਕਰਦਾ ਹੈ।

> "ਇਹ ਪਰਮੇਸ਼ੁਰ ਦੇ ਲਈ ਮਹੱਤਵਪੂਰਨ ਹੈ, ਕਿਉਂਕਿ ਉਹ ਸਾਨੂੰ ਕਹਿੰਦਾ ਹੈ ਕਿ 'ਅਤੇ ਪਵਿੱਤਰਤਾਈ ਦਾ ਜਿਹ ਦੇ ਬਿਨਾ ਕੋਈ ਪ੍ਰਭੂ ਨੂੰ ਨਾ ਵੇਖੇਗਾ' (ਇਬਰਾਨੀਆਂ ਨੂੰ 12:14)। ਪਵਿੱਤਰਤਾਈ ਕਰਨ ਜਾਂ ਨਾ ਕਰਨ ਵਾਲੇ ਕੰਮਾਂ ਦੀ ਸੂਚੀ ਨਹੀਂ ਹੈ, ਸਗੋਂ ਇਹ ਮਸੀਹ ਦੇ ਸਮਾਨ ਹੋਣਾ ਹੈ।"
>
> -ਜਿਮ ਸਿੰਮਬਾਲਾ

ਇਹ ਅਧਿਆਏ ਸਾਨੂੰ ਦੱਸਦਾ ਹੈ ਕਿ ਜਿੱਤ ਦੇ ਜੀਵਨ ਨੂੰ ਕਿਵੇਂ ਜੀਵਿਆ ਜਾ ਸਕਦਾ ਹੈ। ਜੇਕਰ ਅਸੀਂ ਸਰੀਰ ਦੇ ਸਥਾਨ ਤੇ ਆਤਮਾ ਦੇ ਪਿੱਛੇ ਚੱਲਾਂਗੇ ਤਾਂ ਸਾਡੇ ਤੇ ਸਜ਼ਾ ਦਾ ਹੁਕਮ ਨਹੀਂ ਹੋਵੇਗਾ (ਰੋਮੀਆਂ ਨੂੰ 8:1, 4)। ਅਸੀਂ ਉਸ ਧਰਮ ਨੂੰ ਪੂਰਾ ਕਰ ਸਕਦੇ ਹਾਮ ਜਿਸਦੀ ਪਰਮੇਸ਼ੁਰ ਸਾਡੇ ਤੋਂ ਉਮੀਦ ਰੱਖਦਾ ਹੈ, ਕਿਉਂਕਿ ਆਤਮਾ ਦੀ ਸ਼ਕਤੀ ਸਾਡੇ ਅੰਦਰ ਕੰਮ ਕਰਦੀ ਹੈ (ਰੋਮੀਆਂ ਨੂੰ 8:4)।

ਜੇਕਰ ਕੋਈ ਵਿਅਕਤੀ ਸਰੀਰ ਦੇ ਵੱਸ ਵਿੱਚ ਹੈ ਤਾਂ ਉਹ ਪਰਮੇਸ਼ੁਰ ਨੂੰ ਖੁਸ਼ ਨਹੀਂ ਕਰ ਸਕਦਾ (ਰੋਮੀਆਂ ਨੂੰ 8:8), ਉਸ ਤੇ ਸਜ਼ਾ ਦਾ ਹੁਕਮ ਹੋ ਚੁੱਕਾ ਹੈ (ਰੋਮੀਆਂ ਨੂੰ 8:1), ਅਤੇ ਪਰਮੇਸ਼ੁਰ ਉਸਦਾ ਨਿਆਂ ਕਰਦਾ ਹੈ ( ਰੋਮੀਆਂ ਨੂੰ 8:13 ਦੇ ਅਨੁਸਾਰ "ਮਰ ਜਾਂਦਾ ਹੈ" )। ਪਰ ਪਵਿੱਤਰ ਆਤਮਾ ਦੀ ਸਮਰੱਥਾ ਅਤੇ ਅਗਵਾਈ ਦੇ ਦੁਆਰਾ ਅਸੀਂ ਪਾਪ ਦੇ ਕੰਮਾਂ ਦਾ ਅੰਤ ਕਰ ਸਕਦੇ ਹਾਂ (ਰੋਮੀਆਂ ਨੂੰ 8:13-14)।

## ਮਸੀਹ ਦੇ ਵਿੱਚ ਜੀਵਨ

ਯੂਹੰਨਾ 15:1-10 ਦੇ ਵਿੱਚ ਅੰਗੂਰ ਦੀ ਵੇਲ੍ਹ ਅਤੇ ਟਾਹਣੀਆਂ ਦਾ ਪ੍ਰਸਿੱਧ ਅਲੰਕਾਰ ਪਾਇਆ ਜਾਂਦਾ ਹੈ। ਇਹ ਕੁਝ ਮਹੱਤਵਪੂਰਨ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ।

ਅਸੀਂ ਮਸੀਹ ਦੇ ਵਿੱਚ ਕਿਵੇਂ ਰਹਿੰਦੇ ਹਾਂ "ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿੱਚ ਰਹੋਗੇ" (ਯੂਹੰਨਾ 15:10)। ਮਸੀਹ ਦੇ ਵਿੱਚ ਵਾਸ ਕਰਨ ਨੂੰ ਬੰਦ ਕਰ ਦੇਣ ਦਾ ਅਰਥ ਹੈ ਕਿ ਕਿਸੇ ਵਿਅਕਤੀ ਨੇ ਉਸਦੀ ਆਗਿਆਕਾਰੀ ਕਰਨੀ ਬੰਦ ਕਰ ਦਿੱਤੀ ਹੈ। ਫਿਰ ਕੀ ਹੁੰਦਾ ਹੈ?

"ਜੇ ਕੋਈ ਮੇਰੇ ਵਿੱਚ ਨਾ ਰਹੇ ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਨ੍ਹਾਂ ਨੂੰ ਇਕੱਠੀਆਂ ਕਰ ਕੇ ਅੱਗ ਵਿੱਚ ਝੋਕਦੇ ਹਨ ਅਤੇ ਓਹ ਸਾੜੀਆਂ ਜਾਂਦੀਆਂ ਹਨ" (ਯੂਹੰਨਾ 15:6)। ਜੇਕਰ ਕੋਈ ਵਿਅਕਤੀ ਆਗਿਆਕਾਰੀ ਕਰਨੀ

ਬੰਦ ਕਰ ਦਿੰਦਾ ਹੈ, ਅਤੇ ਇਸਦੇ ਨਾਲ ਉਹ ਮਸੀਹ ਦੇ ਵਿੱਚ ਰਹਿਣਾ ਬੰਦ ਕਰ ਦਿੰਦਾ ਹੈ, ਉਸਦਾ ਇਨਕਾਰ ਕਰ ਦਿੱਤਾ ਜਾਂਦਾ ਹੈ। ਟਾਹਣੀਆਂ ਦੇ ਸਾੜੇ ਜਾਣ ਦੀ ਉਦਾਹਰਨ ਪੂਰਨ ਇਨਕਾਰ ਕੀਤੇ ਜਾਣ ਨੂੰ ਦਰਸਾਉਂਦੀ ਹੈ।

"ਤੁਸੀਂ ਮੇਰੇ ਵਿੱਚ ਰਹੋ ਅਤੇ ਮੈਂ ਤੁਹਾਡੇ ਵਿੱਚ । ਜਿਸ ਪਰਕਾਰ ਟਹਿਣੀ ਜੇ ਉਹ ਅੰਗੂਰ ਦੀ ਬੇਲ ਵਿੱਚ ਨਾ ਰਹੇ ਆਪਣੇ ਆਪ ਫਲ ਨਹੀਂ ਦੇ ਸੱਕਦੀ ਇਸੇ ਪਰਕਾਰ ਤੁਸੀਂ ਵੀ ਜੇ ਮੇਰੇ ਵਿੱਚ ਨਾ ਰਹੋ ਫਲ ਨਹੀਂ ਦੇ ਸੱਕਦੇ" (ਯੂਹੰਨਾ 15:4)। "ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ" (ਯੂਹੰਨਾ 15:2)। ਜੇਕਰ ਅਸੀਂ ਆਗਿਆਕਾਰੀ ਦੇ ਦੁਆਰਾ ਮਸੀਹ ਦੇ ਵਿੱਚ ਵਾਸ ਨਹੀਂ ਕਰਦੇ ਹਾਂ, ਤਾਂ ਅਸੀਂ ਫ਼ਲ ਉਤਪੰਨ ਨਹੀਂ ਕਰ ਸਕਦੇ। ਫ਼ਲ ਉਤਪੰਨ ਕਰਨ ਦਾ ਅਰਥ ਅਜਿਹੇ ਜੀਵਨ ਨੂੰ ਜਿਉਣਾ ਹੈ ਜੋ ਬਦਲਿਆ ਹੋਇਆ ਹੈ, ਬਰਕਤ ਵਾਲਾ ਹੈ ਅਤੇ ਪਰਮੇਸ਼ੁਰ ਦੀ ਕ੍ਰਿਪਾ ਦੀ ਅਗਵਾਈ ਦੇ ਵਿੱਚ ਚੱਲਦਾ ਹੈ। ਜੇਕਰ ਕੋਈ ਪਰਮੇਸ਼ੁਰ ਅਣ-ਆਗਿਆਕਾਰੀ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਉਸ ਜੀਵਨ ਦੇ ਵਹਾਅ ਨਾਲੋਂ ਅਲੱਗ ਕਰ ਲੈਂਦਾ ਹੈ ਜਿਸਨੂੰ ਪਰਮੇਸ਼ੁਰ ਪ੍ਰਦਾਨ ਕਰਦਾ ਹੈ ਅਤੇ ਹੁਣ ਉਹ ਅੱਗੇ ਤੋਂ ਪਰਮੇਸ਼ੁਰ ਦੀ ਕ੍ਰਿਪਾ ਦੇ ਵਿੱਚ ਨਹੀਂ ਰਹਿ ਸਕਦਾ। ਜੋ ਫ਼ਲ ਉਤਪੰਨ ਨਹੀਂ ਕਰਦਾ ਉਸਦਾ ਇਨਕਾਰ ਕਰ ਦਿੱਤਾ ਜਾਂਦਾ ਹੈ।

ਮਸੀਹ ਅੰਗੂਰ ਦੀ ਅਜਿਹੀ ਵੇਲ੍ਹ ਹੈ ਜੋ ਸਾਨੂੰ ਜੀਵਨ ਦਿੰਦਾ ਹੈ (ਯੂਹੰਨਾ 15:6)। ਮੁਕਤੀ ਨੂੰ ਸੰਬੰਧ ਦੇ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ। ਮਸੀਹ ਤੋਂ ਅਲੱਗ ਹੋਣ ਦਾ ਅਰਥ ਮੁਕਤੀ ਨਾਲੋਂ ਅਲੱਗ ਹੋਣਾ ਹੈ। ਅਸੀਂ ਪਰਮੇਸ਼ੁਰ ਤੇ ਭਰੋਸਾ ਕਰਕੇ ਅਤੇ ਉਸਦੀ ਆਗਿਆਕਾਰੀ ਕਰਕੇ ਮਸੀਹ ਦੇ ਨਾਲ ਸੰਬੰਧ ਨੂੰ ਬਣਾਈ ਰੱਖਦੇ ਹਾਂ (ਯੂਹੰਨਾ 15:10)।

ਬਿਜ਼ਲੀ ਦੇ ਬਲੱਬ ਅਤੇ ਬਿਜ਼ਲੀ ਇਸ ਧਾਰਨਾ ਦੀਆਂ ਆਧੁਨਿਕ ਉਦਾਹਰਨਾਂ ਹਨ। ਕਿਸੇ ਬਲੱਬ ਦੇ ਵਿੱਚ ਉਦੋਂ ਤੱਕ ਹੀ ਰੋਸ਼ਨੀ ਹੁੰਦੀ ਹੈ ਜਦੋਂ ਤੱਕ ਇਸਦੇ ਵਿੱਚ ਬਿਜ਼ਲੀ ਦਾ ਵਹਾਅ ਚੱਲਦਾ ਹੈ। ਜੇਕਰ ਬਲੱਬ ਆਪਣੀ ਸ਼ਕਦੀ ਦੇ ਸ੍ਰੋਤ ਨਾਲੋਂ ਵੱਖਰਾ ਹੋ ਜਾਵੇ ਤਾਂ ਉਹ ਆਪਣੀ ਰੋਸ਼ਨੀ ਨੂੰ ਬਰਕਰਾਰ ਨਹੀਂ ਰੱਖ ਸਕਦਾ। ਇਸੇ ਪ੍ਰਕਾਰ, ਸਾਡੇ ਕੋਲ ਵੀ ਮਸੀਹ ਦੇ ਨਾਲ ਸੰਬੰਧ ਦੇ ਦੁਆਰਾ ਹੀ ਸਦੀਪਕ ਜੀਵਨ ਹੁੰਦਾ ਹੈ (ਯੂਹੰਨਾ 17:3)। ਉਸਦਾ ਜੀਵਨ ਸਾਡੇ ਵਿੱਚ ਵਹਿੰਦਾ ਹੈ। ਜੇਕਰ ਅਸੀਂ ਉਸਦੇ ਨਾਲੋਂ ਅਲੱਗ ਹੋ ਜਾਈਏ ਤਾਂ ਅਸੀਂ ਉਸ ਜੀਵਨ ਨੂੰ ਬਣਾ ਕੇ ਨਹੀਂ ਰੱਖ ਸਕਦੇ।

## ਪਵਿੱਤਰ ਵਚਨਾਂ ਦੀਆਂ ਚੇਤਾਵਨੀਆਂ

ਕੁਝ ਲੋਕ ਕਹਿੰਦੇ ਹਨ ਕਿ ਜੇਕਰ ਇੱਕ ਵਾਰੀ ਕਿਸੇ ਦਾ ਨਾਮ ਜੀਵਨ ਦੀ ਪੁਸਤਕ ਦੇ ਵਿੱਚ ਲਿਖਿਆ ਗਿਆ ਹੋਵੇ ਤਾਂ ਇਹ ਕਿਸੇ ਵੀ ਤਰ੍ਹਾਂ ਹਟਾਇਆ ਨਹੀਂ ਜਾਂਦਾ। ਪਰ ਘੱਟੋ-ਘੱਟ ਇੱਕ ਅਜਿਹਾ ਤਰੀਕਾ ਹੈ ਜਿਸਦੇ ਦੁਆਰਾ ਕੋਈ ਨਾਮ ਹਟਾ ਦਿੱਤਾ ਜਾਂਦਾ ਹੈ:

> ਅਤੇ ਜੋ ਕੋਈ ਇਸ ਅਗੰਮ ਵਾਕ ਦੀ ਪੋਥੀ ਦੀਆਂ ਬਾਣੀਆਂ ਵਿੱਚੋਂ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿੱਚੋਂ ਅਰਥਾਤ ਉਨ੍ਹਾਂ ਗੱਲਾਂ ਵਿੱਚੋਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆ ਹੋਈਆਂ ਹਨ ਪਰਮੇਸ਼ੁਰ ਉਹ ਦਾ ਹਿੱਸਾ ਘਟਾਵੇਗਾ (ਪਰਕਾਸ਼ ਦੀ ਪੋਥੀ 22:19)।

ਕੁਝ ਬਹੁਤ ਘੱਟ ਲੋਕ ਅਜਿਹੇ ਹਨ ਜੋ ਅਸਲ ਦੇ ਵਿੱਚ ਪ੍ਰਕਾਸ਼ ਦੀ ਪੋਥੀ ਦੇ ਕਿਸੇ ਭਾਗ ਨੂੰ ਹਟਾਉਣ ਦੇ ਦੋਸ਼ੀ ਹਨ। ਪਰ ਇੱਥੇ ਇਹ ਗੱਲ ਸਾਬਿਤ ਹੁੰਦੀ ਹੈ ਕਿ ਇਹ ਸੰਭਵ ਹੈ ਕਿ ਕਿਸੇ ਨਾਮ ਨੂੰ ਜੀਵਨ ਦੀ ਪੁਸਤਕ ਦੇ ਵਿੱਚੋਂ ਹਟਾਇਆ ਜਾ ਸਕਦਾ ਹੈ।

ਯਿਸੂ ਨੇ ਇਸ ਪ੍ਰਕਾਰ ਬੋਲ ਕੇ ਵਾਇਦਾ ਅਤੇ ਚੇਤਾਵਨੀ ਦਿੱਤੀ, "ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਇਸੇ ਪਰਕਾਰ ਚਿੱਟੇ ਬਸਤਰ ਪਹਿਨਾਏ ਜਾਣਗੇ ਅਤੇ ਮੈਂ ਉਸ ਦਾ ਨਾਉਂ ਜੀਵਨ ਦੀ ਪੋਥੀ ਵਿੱਚੋਂ ਕਦੀ ਨਾ ਮੇਟਾਂਗਾ ਸਗੋਂ ਮੈਂ" (ਪਰਕਾਸ਼ ਦੀ ਪੋਥੀ 3:5)।

ਇੱਕ ਸਮੇਂ ਤੇ, ਪੌਲੁਸ ਇਸ ਗੱਲ ਦੇ ਪ੍ਰਤੀ ਚਿੰਤਾ ਦੇ ਵਿੱਚ ਸੀ ਕਿ ਥੱਸਲੁਨੀਕੇ ਦੇ ਵਿੱਚ ਉਸਦੇ ਦੁਆਰਾ ਵਿਸ਼ਵਾਸ ਵਿੱਚ ਆਏ ਲੋਕਾਂ ਨੇ ਆਪਣਾ ਵਿਸ਼ਵਾਸ ਤਿਆਗ ਦਿੱਤਾ ਹੋਵੇਗਾ। ਉਸਨੇ ਕਿਹਾ ਕਿ ਜੇਕਰ ਅਜਿਹਾ ਹੋਇਆ ਹੈ ਤਾਂ ਉਸਦੀ ਸ਼ੁਭਸਮਾਚਾਰ ਸੁਣਾਉਣ ਦੀ ਮਿਹਨਤ ਵਿਅਰਥ ਹੋ ਜਾਵੇਗੀ (1 ਥੱਸਲੁਨੀਕੀਆਂ ਨੂੰ 3:5)। ਇਹ ਵਿਖਾਉਂਦਾ ਹੈ ਕਿ ਕਿਸੇ ਵਿਸ਼ਵਾਸੀ ਦਾ ਵਿਸ਼ਵਾਸ ਤੋਂ ਇੰਨਾ ਜਿਆਦਾ ਡਿੱਗ ਜਾਣਾ ਸੰਭਵ ਹੈ ਕਿ ਉਸਦਾ ਅਰੰਭਿਕ ਬਦਲਾਅ ਵਿਅਰਥ ਹੋ ਸਕਦਾ ਹੈ।

ਪਤਰਸ ਦੀ ਦੂਜੀ ਪੱਤ੍ਰੀ 2:18-21 ਦੇ ਵਿੱਚ ਅਸੀਂ ਵੇਖਦੇ ਹਾਂ ਕਿ ਕੁਝ ਅਜਿਹੇ ਝੂਠੇ ਸਿੱਖਿਅਕ ਹਨ ਜੋ ਕੁਝ ਅਜਿਹੇ ਵਿਸ਼ਵਾਸੀਆਂ ਨੂੰ ਧੋਖਾ ਦਿੰਦੇ ਹਨ ਜੋ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ ਸੰਸਾਰ ਦੇ ਵਿਨਾਸ਼ ਤੋਂ ਬਚ ਗਏ ਸਨ। ਇੰਨਾਂ ਸਾਬਕਾ ਵਿਸ਼ਵਾਸੀਆਂ ਨੇ ਧਰਮ ਦੇ ਰਾਹ ਨੂੰ ਜਾਣਿਆ ਸੀ ਪਰ ਇਸਦਾ ਤਿਆਗ ਕਰ ਦਿੱਤਾ। ਵਚਨ ਦੱਸਦਾ ਹੈ ਕਿ ਉਨ੍ਹਾਂ ਦੇ ਲਈ ਪਾਪ ਦੇ ਰਾਹ ਵੱਲ ਮੁੜ ਜਾਣ ਨਾਲੋਂ ਇਹ ਚੰਗਾ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਰਾਹ ਨੂੰ ਕਦੇ ਜਾਣਿਆ ਨਾ ਹੁੰਦਾ। ਇਹ ਵਿਖਾਉਂਦਾ ਕੋਈ ਵਿਅਕਤੀ ਪਾਪ ਦੇ ਰਾਹ ਵਿੱਚ ਵਾਪਿਸ ਜਾ ਕੇ ਆਪਣੀ ਮੁਕਤੀ ਨੂੰ ਗੁਆ ਸਕਦਾ ਹੈ। ਜੇਕਰ ਕਿਸੇ ਵਿਅਕਤੀ ਦਾ ਮੁਕਤੀ ਨੂੰ ਗੁਆ ਦੇਣਾ ਸੰਭਵ ਨਹੀਂ ਹੈ, ਤਾਂ ਫਿਰ ਕੋਈ ਵਿਅਕਤੀ ਬਚਾਏ ਜਾਣ ਤੋਂ ਪਹਿਲਾਂ ਨਾਲੋਂ ਜਿਆਦਾ ਬੁਰਾ ਕਦੇ ਨਹੀਂ ਹੋ ਸਕਦਾ।

ਪੁੱਤਰਪੁਣੇ ਨੂੰ ਬਦਲਿਆ ਜਾ ਸਕਦਾ ਹੈ। ਇੱਕ ਸਮੇਂ ਤੇ ਅਸੀਂ ਸ਼ੈਤਾਨ ਦੀ ਸੰਤਾਨ (ਯੂਹੰਨਾ 8:44) ਅਤੇ ਗਜ਼ਬ ਦੇ ਪੁੱਤ੍ਰ (ਅਫ਼ਸੀਆਂ ਨੂੰ 2:3) ਸੀ, ਪਰ ਜਦੋਂ ਪਰਮੇਸ਼ੁਰ ਨੇ ਸਾਨੂੰ ਗੋਦ ਲੈ ਲਿਆ ਤਾਂ ਇਹ ਬਦਲ ਗਿਆ (ਰੋਮੀਆਂ ਨੂੰ 8:15)। ਜਦੋਂ ਉਜਾੜੂ ਪੁੱਤਰ ਆਪਣੇ ਪਿਤਾ ਨਾਲੋਂ ਅਲੱਗ ਹੋ ਗਿਆ ਤਾਂ ਉਸਨੇ ਪੁੱਤਰ ਹੋਣ ਦੇ ਸਾਰੇ ਫਾਇਦੇ ਗੁਆ ਦਿੱਤੇ। ਜਦੋਂ ਉਹ ਵਾਪਿਸ ਆਇਆ ਤਾਂ ਉਸਦੇ ਪਿਤਾ ਨੇ ਉਸਨੂੰ ਅਜਿਹੇ ਵਿਅਕਤੀ ਦੇ ਰੂਪ ਵਿੱਚ ਦੱਸਿਆ ਜੋ ਮਰ ਚੁੱਕਾ ਸੀ (ਲੂਕਾ 15:32)।

ਪਰਮੇਸ਼ੁਰ ਚਾਹੁੰਦਾ ਹੈ ਕਿ ਵਿਸ਼ਵਾਸੀ ਸੁਰੱਖਿਅਤ ਮਹਿਸੂਸ ਕਰਨ, ਉਹ ਅਜਿਹਾ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਇੱਕ ਝੂਠੇ ਭਰੋਸੇ ਦੇ ਆਧਾਰ ਤੇ ਨਹੀਂ ਰੱਖਣਾ ਚਾਹੁੰਦਾ ਜਿਸਦੇ ਨਾਲ ਉਹ ਅਸਲ ਖ਼ਤਰੇ ਦੇ ਵਿੱਚ ਜਾ ਸਕਦੇ ਹਨ। ਸਾਨੂੰ ਵਿਸ਼ਵਾਸੀਆਂ ਦੇ ਨਾਲ ਕੋਈ ਅਜਿਹਾ ਵਾਇਦਾ ਨਹੀਂ ਕਰਨਾ ਚਾਹੀਦਾ ਜਿਸਨੂੰ ਪਰਮੇਸ਼ੁਰ ਨੇ ਨਹੀਂ ਕੀਤਾ ਹੈ। ਉਸਨੇ ਅਜਿਹਾ ਵਾਇਦਾ ਨਹੀਂ ਕੀਤਾ ਕਿ ਚਾਹੇ ਅਸੀਂ ਜੋ ਮਰਜ਼ੀ ਕਰੀਏ ਅਸੀਂ ਆਪਣੀ ਮੁਕਤੀ ਨੂੰ ਨਹੀਂ ਗੁਆ ਸਕਦੇ। ਉਸਨੇ ਇਹ ਵਾਇਦਾ ਕੀਤਾ ਹੈ ਕਿ ਉਹ ਸਾਡੀ ਅਗਵਾਈ ਕਰੇਗਾ ਅਤੇ ਸਾਨੂੰ ਪਾਪ ਦੇ ਉੱਤੇ ਜਿੱਤ ਦੇ ਜੀਵਨ ਨੂੰ ਜਿਉਣ ਦੇ ਯੋਗ ਬਣਾਵੇਗਾ। ਸਾਡੇ ਲਈ ਡਰ ਤੋਂ ਆਜ਼ਾਦ ਹੋਣ ਦੇ ਲਈ ਇੰਨਾ ਭਰੋਸਾ ਹੀ ਕਾਫੀ ਹੈ।

ਕਈ ਵਾਰ ਵਿਸ਼ਵਾਸੀਆਂ ਨੂੰ ਉਨ੍ਹਾਂ ਦੀ ਮੁਕਤੀ ਦੇ ਬਾਰੇ ਸ਼ੱਕ ਹੁੰਦਾ ਹੈ। ਉਹ ਇਸ ਗੱਲ ਦੇ ਪ੍ਰਤੀ ਪੱਕੇ ਹੋ ਸਕਦੇ ਹਨ ਕਿ ਉਹ ਇੱਕ ਸਮੇਂ ਤੇ ਬਚਾਏ ਗਏ ਸਨ, ਪਰ ਫਿਰ ਵੀ ਉਨ੍ਹਾਂ ਨੂੰ ਸ਼ੱਕ ਹੁੰਦਾ ਹੈ ਕਿ ਉਹ ਹੁਣ ਪਰਮੇਸ਼ੁਰ ਦੇ ਨਾਲ ਮੁਕਤੀ ਦੇ ਸੰਬੰਧ ਵਿੱਚ ਹਨ ਜਾਂ

ਨਹੀਂ। ਬਾਈਬਲ ਸਾਨੂੰ ਇਸ ਮਹੱਤਵਪੂਰਨ ਪ੍ਰਸ਼ਨ ਦੇ ਬਾਰੇ ਕਿਸੇ ਸ਼ੱਕ ਵਿੱਚ ਨਹੀਂ ਰੱਖਦੀ। ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਵਿਸ਼ਵਾਸੀ ਆਪਣੀ ਮੁਕਤੀ ਦੇ ਬਾਰੇ ਪੂਰੀ ਤਰ੍ਹਾਂ ਦੇ ਨਾਲ ਪੱਕੇ ਹੋ ਜਾਣ ਤਾਂ ਕਿ ਨਿਆਂ ਦੇ ਦਿਨ ਉਨ੍ਹਾਂ ਦੇ ਵਿੱਚ ਆਤਮ-ਵਿਸ਼ਵਾਸ ਹੋਵੇ, (ਯੂਹੰਨਾ ਦੀ ਪਹਿਲੀ ਪੱਤ੍ਰੀ 4:17) ਉਹ ਇਸ ਸ਼ੱਕ ਵਿੱਚ ਨਾ ਹੋਣ ਕਿ ਉਹ ਪਰਮੇਸ਼ੁਰ ਪ੍ਰੀਖਿਆ ਨੂੰ ਪਾਸ ਕਰ ਪਾਉਣਗੇ ਜਾਂ ਨਹੀਂ।

ਜਦੋਂ ਕਿਸੇ ਵਿਸ਼ਵਾਸੀ ਦੇ ਅੰਦਰ ਸ਼ੱਕ ਆਉਂਦਾ ਹੈ, ਤਾਂ ਉਸਨੂੰ ਸਾਧਾਰਨ ਤੌਰ ਤੇ ਹੀ ਇਸਨੂੰ ਇਸ ਕਾਰਨ ਨਜ਼ਰਅੰਦਾਜ ਨਹੀਂ ਕਰ ਦੇਣਾ ਚਾਹੀਦਾ ਕਿ ਉਹ ਇੱਕ ਵਾਰ ਬਚਾਇਆ ਗਿਆ ਸੀ। ਉਸ ਸਮੇਂ ਇਹ ਕਰਨਾ ਢੁੱਕਵੀਂ ਗੱਲ ਹੈ ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿੱਚ ਹੋ ਯਾ ਨਹੀਂ (2 ਕੁਰਿੰਥੀਆਂ ਨੂੰ 13:5)। ਜੇਕਰ ਕੋਈ ਵਿਅਕਤੀ ਜਾਣਦਾ ਹੈ ਕਿ ਉਹ ਵਚਨਾਂ ਦੇ ਅਨੁਸਾਰ ਦੱਸੀ ਮੁਕਤੀ ਦੇ ਦੁਆਰਾ ਬਚਾਇਆ ਗਿਆ ਸੀ, ਅਤੇ ਉਹ ਆਗਿਆਕਾਰੀ ਦੇ ਸੰਬੰਧ ਵਿੱਚ ਮਸੀਹ ਦੇ ਵਿੱਚ ਰਹਿ ਰਿਹਾ ਹੈ, ਤਾਂ ਉਹ ਇਸ ਗੱਲ ਦੇ ਬਾਰੇ ਪੱਕਾ ਹੋ ਸਕਦਾ ਹੈ ਕਿ ਉਸਦੇ ਕੋਲ ਆਤਮਿਕ ਜੀਵਨ ਹੈ।

### ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਘੱਟ ਉਮੀਦ ਰੱਖਣਾ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦੇ ਦੋ ਮੈਂਬਰ ਇਸ ਭਾਗ ਅਤੇ ਅੱਗਲੇ ਭਾਗ ਦੀ ਵਿਆਖਿਆ ਕਰ ਸਕਦੇ ਹਨ।*

ਦੋ ਗੱਲਾਂ ਦੇ ਕਾਰਨ ਲੋਕਾਂ ਨੂੰ ਪਾਪ ਤੇ ਜਿੱਤ ਪਾਉਣਾ ਅਸੰਭਵ ਲੱਗਦਾ ਹੈ: ਮਨੁੱਖੀ ਕਮਜ਼ੋਰੀ ਅਤੇ ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਸਾਡੀਆਂ ਮਨੁੱਖੀ ਸੀਮਾਵਾਂ ਦੇ ਕਾਰਨ ਸਜ਼ਾ ਨਹੀਂ ਦਿੰਦਾ ਹੈ। ਪਰਮੇਸ਼ੁਰ ਆਪਣੀ ਆਤਮਾ ਦੇ ਦੁਆਰਾ ਸਮਰੱਥਾ ਦਿੰਦਾ ਹੈ ਤਾਂ ਕਿ ਅਸੀਂ ਉਸਦੀ ਇੱਛਾ ਨੂੰ ਪੂਰਿਆਂ ਕਰ ਸਕੀਏ। ਕਮਜ਼ੋਰੀ ਦਾ ਹੋਣਾ ਪਾਪ ਨਹੀਂ ਹੈ, ਅਤੇ ਕਿਸੇ ਨੂੰ ਵਿਅਕਤੀ ਨੂੰ ਕਮਜ਼ੋਰੀ ਦੇ ਕਾਰਨ ਪਾਪ ਕਰਨ ਦੀ ਜਰੂਰਤ ਨਹੀਂ ਹੈ।

ਪਰਿਵਰਤਨ ਹੋਣ ਦੇ ਬਾਅਦ ਵੀ ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਦਾ ਪ੍ਰਭਾਵ ਬਣਿਆ ਰਹਿੰਦਾ ਹੈ, ਪਰ ਪਰਮੇਸ਼ੁਰ ਸ਼ੁੱਧੀਕਰਨ ਦੇ ਲਈ ਕ੍ਰਿਪਾ ਪ੍ਰਦਾਨ ਕਰਦਾ ਹੈ। ਸਾਡੇ ਤੇ ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਦੇ ਨਾਲ ਪੈਦਾ ਹੋਣ ਦਾ ਦੋਸ਼ ਨਹੀਂ ਲਗਾਇਆ ਜਾਂਦਾ, ਪਰ ਇਹ ਸਾਡੀ ਗ਼ਲਤੀ ਹੈ ਕਿ ਅਸੀਂ ਲਗਾਤਾਰ ਇਸਦੇ ਪ੍ਰਭਾਵ ਦੇ ਵਿੱਚ ਬਣੇ ਰਹਿੰਦੇ ਹਾਂ। ਇਸ ਕਾਰਨ ਨਾ ਹੀ ਮਨੁੱਖੀ ਕਮਜ਼ੋਰੀ ਅਤੇ ਨਾ ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਦੇ ਨਾਲ ਸਾਡੀ ਜਿੱਤ ਦਾ ਜੀਵਨ ਜਿਉਣ ਦੀ ਆਸ ਖ਼ਤਮ ਹੋਣੀ ਚਾਹੀਦੀ ਹੈ।

ਮਸੀਹ ਦੇ ਵਿੱਚ ਵਿਸ਼ਵਾਸ ਦੇ ਕਾਰਨ, ਅਸੀਂ ਉਸਦੇ ਨਾਲ ਜੁੜੇ ਹੋਏ ਹਾਂ। ਅਸੀਂ ਉਸਦੀ ਮੌਤ ਅਤੇ ਜੀ ਉੱਠਣ ਦੇ ਵਿੱਚ ਇੱਕ ਹੁੰਦੇ ਹਾਂ, ਅਤੇ ਸਾਡੇ ਲਈ ਇਸਦਾ ਅਰਥ ਹੈ ਪਾਪ ਦੇ ਵੱਲੋਂ ਮੌਤ ਅਤੇ ਨਵੇਂ ਜੀਵਨ ਦੇ ਵਿੱਚ ਜੀ ਉੱਠਣਾ (ਰੋਮੀਆਂ ਨੂੰ 6:3-11)। ਉਹ ਸਾਡੇ ਵਿੱਚ ਹੈ, ਅਤੇ ਅਸੀਂ ਉਸਦੇ ਵਿੱਚ ਹਾਂ। ਮਸੀਹੀ ਜੀਵਨ ਸਿਰਫ਼ ਇੰਨਾ ਹੀ ਨਹੀਂ ਹੈ ਕਿ ਅਸੀਂ ਪੂਰੇ ਜ਼ੋਰ ਦੇ ਨਾਲ ਉਸਦੀ ਉਦਾਹਰਨ ਦੇ ਪਿੱਛੇ ਚੱਲੀਏ। ਮਸੀਹੀ ਜੀਵਨ ਮਸੀਹ ਦੇ ਸਾਡੇ ਅੰਦਰ ਹੋਣ ਦੁਆਰਾ ਜੀਵਿਆ ਜਾਂਦਾ ਹੈ। ਜਦੋਂ ਉਹ ਧਰਤੀ ਤੇ ਸੀ ਤਾਂ ਉਹ ਪਾਪ ਤੇ ਜੇਤੂ ਰਿਹਾ, ਅਤੇ ਉਹ ਹੁਣ ਵੀ ਸਾਡੇ ਅੰਦਰ ਜੇਤੂ ਜੀਵਨ ਜਿਉਂਦਾ ਹੈ।

## ਇਹ ਮਾਇਨੇ ਕਿਉਂ ਰੱਖਦਾ ਹੈ

ਇੱਕ ਵੱਡੇ ਸ਼ਹਿਰ ਦੀ ਗਲੀ ਦੇ ਨਾਲ ਇੱਕ ਕੋਨੇ ਉੱਤੇ ਬੈਠੀ ਇੱਕ ਗਰੀਬ ਔਰਤ ਗੰਦੇ ਕੱਪੜੇ ਪਹਿਨੀ ਹੋਈ ਹੈ। ਉਸ ਦੇ ਵਾਲ ਗੰਦਗੀ ਨਾਲ ਉਲਝੇ ਹੋਏ ਹਨ। ਉਸਦੀ ਚਮੜੀ ਗੰਦੀ ਅਤੇ ਮੈਲੀ ਹੈ। ਉਹ ਨਿਰਾਸ਼ਾ ਦੇ ਆਲਮ ਵਿਚ ਬੈਠੀ ਹੈ। ਅਚਾਨਕ, ਇੱਕ ਬਹੁਤ ਵੱਡਾ ਹੰਗਾਮਾ ਹੁੰਦਾ ਹੈ ਅਤੇ ਇੱਕ ਕੋਨੇ ਦੇ ਆਲੇ ਦੁਆਲੇ ਰਾਜ ਦਾ ਮਹਾਨ ਰਾਜਕੁਮਾਰ ਆਪਣੇ ਕੁਲੀਨ ਸੇਵਕਾਂ ਨਾਲ ਸਵਾਰ ਹੁੰਦਾ ਹੈ। ਰਾਜਕੁਮਾਰ ਸੁੰਦਰ, ਮਜ਼ਬੂਤ ਅਤੇ ਦਿਆਲੂ ਹੈ! ਜਿਵੇਂ ਹੀ ਉਸਦੀ ਗੱਡੀ ਉਸ ਥਾਂ ਤੋਂ ਲੰਘਦੀ ਹੈ ਜਿੱਥੇ ਗੰਦੀ ਔਰਤ ਬੈਠੀ ਸੀ, ਰਾਜਕੁਮਾਰ ਨੇ ਆਪਣੇ ਡਰਾਈਵਰ ਨੂੰ ਕਿਹਾ, "ਰੁਕੋ!"

ਜਿਵੇਂ ਹੀ ਗੱਡੀ ਰੁਕਦੀ ਹੈ, ਤਾਂ ਰਾਜ ਕੁਮਾਰ ਆਪਣੇ ਨੌਕਰਾਂ ਨੂੰ ਕਹਿੰਦਾ ਹੈ, "ਮੈਂ ਉਸ ਕੋਨੇ ਤੇ ਬੈਠੀ ਔਰਤ ਦੇ ਨਾਲ ਵਿਆਹ ਕਰਨਾ ਚਾਹੁੰਦਾ ਹਾਂ!"

ਹੁਣ ਦ੍ਰਿਸ਼ ਬਦਲਦਾ ਹੈ। ਅਸੀਂ ਵਿਆਹ ਵਾਲੇ ਦਿਨ ਮਹਿਲ ਨੂੰ ਵੇਖਦੇ ਹਾਂ। ਅਸੀਂ ਕੀ ਵੇਖਦੇ ਹਾਂ? ਇੱਕ ਗੰਦੀ ਔਰਤ ਜਿਸਦੇ ਕੱਪੜੇ ਮੈਲੇ ਹਨ ਅਤੇ ਵਾਲ ਗੰਦੇ ਹਨ। ਉਸਦੇ ਆਲੇ-ਦੁਆਲੇ ਸੇਵਕ ਹਨ, ਜਿੰਨ੍ਹਾਂ ਦੇ ਕੋਲ ਵਿਆਹ ਦੀ ਪੁਸ਼ਾਕ, ਸਾਬਣ ਅਤੇ ਅਤਰ ਹਨ, ਪਰ ਦੁਲਹਨ ਆਪਣੇ ਆਪ ਨੂੰ ਵਿਆਹ ਦੇ ਦਿਨ ਲਈ ਤਿਆਰ ਕਰਨ ਦੇ ਵਿੱਚ ਦਿਲਚਸਪ ਨਹੀਂ ਹੈ। ਇੱਕ ਔਰਤ ਪੁੱਛਦੀ ਹੈ, "ਮੇਰੀ ਪਿਆਰੀ, ਕੀ ਤੂੰ ਵਿਆਹ ਦੇ ਲਈ ਤਿਆਰ ਨਹੀਂ ਹੋਣਾ ਚਾਹੁੰਦੀ?" ਦੁਲਹਨ ਉੱਤਰ ਦਿੰਦੀ ਹੈ, "ਜਦੋਂ ਉਸਨੇ ਮੈਨੂੰ ਵੇਖਿਆ ਅਤੇ ਮੇਰੇ ਨਾਲ ਵਿਆਹ ਕਰਨਾ ਚਾਹੁੰਦਾ ਸੀ ਤਾਂ ਮੈਂ ਇਸੇ ਪ੍ਰਕਾਰ ਦੀ ਵਿੱਖਦੀ ਸੀ, ਇਸ ਕਰਕੇ ਮੈਨੂੰ ਲੱਗਦਾ ਹੈ ਕਿ ਇਸ ਨਾਲ ਕੁਝ ਫ਼ਰਕ ਨਹੀਂ ਪੈਂਦਾ ਕਿ ਮੈਂ ਹੁਣ ਕਿਵੇਂ ਦੀ ਵਿੱਖਦੀ ਹਾਂ।"

ਅਸੀਂ ਉਸਦੇ ਰਵੱਈਏ ਤੇ ਬਹੁਤ ਹੈਰਾਨ ਹੋਵਾਂਗੇ। ਕਿਉਂਕਿ ਰਾਜਕੁਮਾਰ ਉਸਦੇ ਨਾਲ ਪਿਆਰ ਕਰਦਾ ਹੈ, ਇਸ ਕਾਰਨ ਉਹ ਨਹੀਂ ਚਾਹੁੰਦਾ ਕਿ ਉਹ ਉਸੇ ਸਥਿਤੀ ਦੇ ਵਿੱਚ ਬਣੀ ਰਹੇ। ਕਿਉਂਕਿ ਰਾਜਕੁਮਾਰ ਨੇ ਉਸਨੂੰ ਉਸ ਸਮੇਂ ਪਿਆਰ ਕੀਤਾ ਜਦੋਂ ਉਹ ਆਕਰਸ਼ਿਤ ਨਹੀਂ ਸੀ, ਹੁਣ ਉਸਨੂੰ ਉਸਦੇ ਲਈ ਬਹੁਤ ਸੁੰਦਰ ਵਿੱਖਣ ਦੀ ਇੱਛਾ ਰੱਖਣੀ ਚਾਹੀਦੀ ਹੈ।

ਜਦੋਂ ਅਸੀਂ ਪਾਪੀ ਹਾਂ ਤਾਂ ਪਰਮੇਸ਼ੁਰ ਸਾਨੂੰ ਪਿਆਰ ਕਰਦਾ ਹੈ, ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਪਾਪ ਨਾਲ ਕੋਈ ਫ਼ਰਕ ਨਹੀਂ ਪੈਂਦਾ ਹੈ। ਕਿਉਂਕਿ ਉਹ ਸਾਡੇ ਨਾਲ ਪਿਆਰ ਕਰਦਾ ਹੈ, ਇਸ ਲਈ ਉਹ ਸਾਡੀ ਸਥਿਤੀ ਨੂੰ ਬਦਲਣਾ ਚਾਹੁੰਦਾ ਹੈ। ਕਿਉਂਕਿ ਉਹ ਸਾਨੂੰ ਪਿਆਰ ਕਰਦਾ ਹੈ, ਇਸ ਲਈ ਸਾਨੂੰ ਅਜਿਹਾ ਸਰੂਪ ਅਤੇ ਚਰਿੱਤਰ ਅਪਨਾਉਣਾ ਚਾਹੀਦਾ ਹੈ ਜੋ ਉਸਨੂੰ ਪ੍ਰਸੰਨ ਕਰਦਾ ਹੈ।

## ਜਿੱਤ ਦੇ ਵਿੱਚ ਜਿਉਣ ਦੇ ਅਭਿਆਸਿਕ ਨਿਰਦੇਸ਼

ਪੂਰੇ ਸੰਸਾਰ ਦੇ ਵਿੱਚ ਮਸੀਹੀ ਸਚਿਆਈ ਦੇ ਵਿੱਚ ਅੰਧ-ਵਿਸ਼ਵਾਸ ਨੂੰ ਮਿਲਾਇਆ ਜਾ ਰਿਹਾ ਹੈ। ਕੁਝ ਲੋਕ ਪਾਪ ਤੇ ਜਿੱਤ ਨੂੰ ਦੁਹਰਾਈ ਜਾਣ ਵਾਲੀ ਪ੍ਰਾਥਨਾ ਦੁਆਰਾ, ਭਾਵੁਕ ਅਨੁਭਵ ਦੁਆਰਾ, ਦੁਸ਼ਟ ਆਤਮਾਵਾਂ (ਜਿੰਨ੍ਹਾਂ ਨੂੰ ਕੁਝ ਪਾਪਾਂ ਦਾ ਕਾਰਨ ਮੰਨਿਆ ਜਾਂਦਾ ਹੈ) ਨੂੰ ਡਾਟਣ ਦੁਆਰਾ, ਸਵੈ-ਪ੍ਰਭਾਵਿਤ ਦਰਦ ਦੁਆਰਾ, ਕੁਝ ਖੁਸ਼ਕਿਸਮਤੀ ਵਾਲੀਆਂ ਚੀਜ਼ਾਂ ਪਹਿਣਨ ਦੁਆਰਾ, ਘਰ ਦੇ ਵਿੱਚ ਕਿਸੇ

ਆਤਮਿਕ ਚਿੰਨ੍ਹ ਨੂੰ ਲਗਾਉਣ ਦੁਆਰਾ ਜਾਂ ਸਰੀਰ ਨੂੰ ਖਾਸ ਤੇਲ ਦੁਆਰਾ ਮਸਹ ਕਰਨ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਸੇ ਆਤਮਿਕ ਜਾਦੂ ਦੇ ਦੁਆਰਾ ਜਿੱਤ ਦੀ ਉਮੀਦ ਰੱਖਣਾ ਇੱਕ ਗ਼ਲਤੀ ਹੈ!

ਕੁਝ ਲੋਕ ਪਾਪ ਦੇ ਉੱਤੇ ਜਿੱਤ ਨੂੰ ਬਹੁਤ ਸਾਧਾਰਨ ਤੌਰ ਤੇ ਸਿਖਾਉਂਦੇ ਹਨ। ਉਹ ਕਹਿੰਦੇ ਹਨ ਕਿ ਮੁਕਤੀ ਦੇ ਅਨੁਭਵ ਅਤੇ ਆਤਮਾ ਦੀ ਭਰਪੂਰੀ ਪਾਪ ਦੀ ਸ਼ਕਤੀ ਨੂੰ ਸਦਾ ਦੇ ਲਈ ਨਾਸ਼ ਕਰ ਦੇਵੇਗਾ। ਉਹ ਆਤਮਿਕ ਵਿਕਾਸ, ਅਨੁਸ਼ਾਸਨ ਅਤੇ ਲਗਾਤਾਰ ਸੁਚੇਤ ਰਹਿਣ ਤੇ ਜ਼ੋਰ ਦੇਣ ਦੇ ਵਿੱਚ ਅਸਫਲ ਹੋ ਜਾਂਦੇ ਹਨ।

ਜੋ ਲੋਕ ਸੰਸਾਰ ਅਤੇ ਪਾਪ ਦੇ ਉੱਤੇ ਲਗਾਤਾਰ ਜਿੱਤ ਪਾਉਣ ਦੇ ਵਿੱਚ ਅਸਫਲ ਰਹਿੰਦੇ ਹਨ ਉਨ੍ਹਾਂ ਨੂੰ ਇਮਾਨਦਾਰੀ ਦੇ ਨਾਲ ਆਪਣੇ ਆਪ ਨੂੰ ਹੇਠਾਂ ਦਿੱਤੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ:

1. **ਕੀ ਮੈਂ ਸੱਚਮੁੱਚ ਨਵਾਂ ਜਨਮ ਪਾਇਆ ਹੈ?** ਕੀ ਮੈਂ ਆਪਣੇ ਪੁਰਾਣੇ ਜੀਵਨ ਦੇ ਲਈ ਮਰ ਗਿਆ ਹਾਂ ਜਾਂ ਨਹੀਂ; ਕੀ ਮੈਂ ਤੌਬਾ ਕਰਕੇ ਇਸਨੂੰ ਪਿੱਛੇ ਛੱਡ ਆਇਆ ਹਾਂ ਜਾਂ ਨਹੀਂ? ਕੀ ਮੇਰੇ ਕੋਲ ਮਸੀਹ ਦੇ ਵਿੱਚ ਨਵਾਂ ਜੀਵਨ ਹੈ-ਨਵੇਂ ਰਵੱਈਏ, ਨਵੀਆਂ ਇੱਛਾਵਾਂ, ਪਰਮੇਸ਼ੁਰ ਦੀਆਂ ਗੱਲਾਂ ਦੇ ਲਈ ਨਵੀਂ ਭੁੱਖ (2 ਕੁਰਿੰਥੀਆਂ ਨੂੰ 5:17)? ਕੀ ਮਸੀਹ ਪਵਿੱਤਰ ਆਤਮਾ ਦੇ ਦੁਆਰਾ ਮੇਰੇ ਦਿਲ ਦੇ ਅੰਦਰ ਆ ਗਿਆ ਹੈ? ਕੀ ਮੈਂ ਪਾਪ ਤੇ ਜਿੱਤ ਪਾਉਣ ਦੇ ਲਈ ਮਨੁੱਖੀ ਇੱਛਾ ਸ਼ਕਤੀ ਦੇ ਨਾਲ ਯਤਨ ਕਰ ਰਿਹਾ ਹਾਂ, ਜਾਂ ਕੀ ਮੈਂ ਆਪਣੇ ਅੰਦਰ ਵਾਸ ਕਰਨ ਵਾਲੀ ਪਰਮੇਸ਼ੁਰ ਦੀ ਸ਼ਕਤੀ ਤੇ ਨਿਰਭਰ ਹਾਂ (ਗਲਾਤੀਆਂ ਨੂੰ 2:20)?

2. **ਕੀ ਮੈਂ ਆਪਣੇ ਦਿਲ ਦੇ ਅੰਦਰ ਪਰਮੇਸ਼ੁਰ ਦੇ ਵਚਨ ਨੂੰ ਜਮ੍ਹਾ ਕਰ ਰਿਹਾ ਹਾਂ?** ਜਬੂਰ ਦਾ ਲਿਖਾਰੀ ਗਵਾਹੀ ਦਿੰਦਾ ਹੈ, " ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ" (ਜ਼ਬੂਰਾਂ ਦੀ ਪੋਥੀ 119:11)। ਸਾਨੂੰ ਇੱਕ ਨਵਜੰਮੇ ਬੱਚੇ ਦੀ ਤਰ੍ਹਾਂ ਪਰਮੇਸ਼ੁਰ ਦੇ ਵਚਨ ਦੀ ਖੁਰਾਕ ਲੈਣੀ ਚਾਹੀਦੀ ਹੈ ਜਿਵੇਂ ਉਹ ਆਪਣੀ ਮਾਂ ਦਾ ਦੁੱਧ ਪੀਂਦਾ ਹੈ (ਪਤਰਸ ਦੀ ਪਹਿਲੀ ਪੱਤ੍ਰੀ 2:2)।

3. **ਕੀ ਮੈਂ ਆਪਣੇ ਆਪ ਨੂੰ ਸੱਚਮੁੱਚ ਪਾਪ ਦੇ ਲਈ ਮੁਰਦਾ ਅਤੇ ਪਰਮੇਸ਼ੁਰ ਦੇ ਵਿੱਚ ਜਿਉਂਦਾ ਮੰਨਦਾ ਹਾਂ?** "ਇਸੇ ਤਰਾਂ ਤੁਸੀਂ ਭੀ ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ ਪਰ ਮਸੀਹ ਯਿਸੂ ਵਿੱਚ ਪਰਮੇਸ਼ੁਰ ਲਈ ਜੀਉਂਦੇ ਸਮਝੋ" (ਰੋਮੀਆਂ ਨੂੰ 6:11)। ਕੀ ਮੈਂ ਪਰਤਾਵੇ ਨੂੰ ਅਜਿਹੇ ਆਤਮ-ਵਿਸ਼ਵਾਸ ਦੇ ਨਾਲ ਇਨਕਾਰ ਕਰ ਰਿਹਾ ਹਾਂ ਜਿਵੇਂ ਇਸਦੀ ਮੇਰੇ ਉੱਤੇ ਕੋਈ ਸ਼ਕਤੀ ਨਾ ਹੋਵੇ?

4. **ਕੀ ਮੈਂ ਜਿੱਤ ਦੇ ਲਈ ਪਰਮੇਸ਼ੁਰ ਤੇ ਨਿਰਭਰ ਰਹਿ ਰਿਹਾ ਹਾਂ?** ਯੂਹੰਨਾ ਰਸੂਲ ਨੇ ਘੋਸ਼ਣਾ ਕੀਤੀ ਕਿ ਜੋ ਵਿਅਕਤੀ ਪਰਮੇਸ਼ੁਰ ਦੇ ਪਰਿਵਾਰ ਵਿੱਚ ਪੈਦਾ ਹੁੰਦਾ ਹੈ ਉਹ ਸੰਸਾਰ ਤੇ ਜਿੱਤ ਪਾਉਂਦਾ ਹੈ। "ਅਰ ਫ਼ਤਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹ ਪਾਈ ਅਰਥਾਤ ਸਾਡੀ ਨਿਹਚਾ" (ਯੂਹੰਨਾ ਦੀ ਪਹਿਲੀ ਪੱਤ੍ਰੀ 5:4)। ਪੌਲੁਸ ਰਸੂਲ ਨੇ ਕਿਹਾ ਕਿ ਉਸਦਾ ਭਰੋਸਾ ਮਸੀਹ ਦੀ ਸਲੀਬ ਤੋਂ ਬਿਨਾਂ ਹੋਰ ਕਿਸੇ ਤੇ ਨਹੀਂ ਹੈ, ਕਿਉਂਕਿ ਸਲੀਬ ਦੇ ਦੁਆਰਾ ਹੀ ਸੰਸਾਰਿਕ ਚੀਜ਼ਾਂ ਸਾਨੂੰ ਆਕਰਸ਼ਿਤ ਕਰਨ ਅਤੇ ਸਾਡੇ ਤੇ ਕਾਬੂ ਕਰਨ ਦੇ ਵਿੱਚ ਆਪਣੀ ਸ਼ਕਤੀ ਨੂੰ ਗੁਆ ਦਿੰਦੀਆਂ ਹਨ (ਗਲਾਤੀਆਂ ਨੂੰ 6:14)।

ਜੇਕਰ ਅਸੀਂ ਸਾਰੇ ਧਰਮ ਦੇ ਸ੍ਰੋਤ ਯਿਸੂ ਨੂੰ ਭੁੱਲ ਜਾਈਏ ਤਾਂ ਸਾਡੇ ਲਈ ਲਗਾਤਾਰ ਜਿੱਤ ਦੇ ਜੀਵਨ ਨੂੰ ਜਿਉਣਾ ਅਸੰਭਵ ਹੈ।

5. **ਕੀ ਮੈਂ ਪ੍ਰਤੀਦਿਨ ਵਿਸ਼ਵਾਸ ਦੇ ਦੁਆਰਾ ਯਿਸੂ ਨੂੰ ਪਹਿਨ ਰਿਹਾ ਹਾਂ ਅਤੇ ਪਾਪ ਨੂੰ ਕਿਸੇ ਵੀ ਤਰ੍ਹਾਂ ਦੀ ਮਨਜ਼ੂਰੀ ਨਹੀਂ ਦੇ ਰਿਹਾ?** ਚਾਹੇ ਅਸੀਂ ਆਪਣੀ ਮਸੀਹੀ ਯਾਤਰਾ ਦੇ ਵਿੱਚ ਕਿਤੇ ਵੀ ਹੋਈਏ, ਜਿੱਤ ਕਦੇ ਵੀ ਆਪਣੇ ਆਪ ਨਹੀਂ ਆਉਂਦੀ। ਮੈਨੂੰ ਸੁਚੇਤ ਤੌਰ ਤੇ ਪਾਪ ਦੇ ਪ੍ਰਤੀ ਯਿਸੂ ਦੇ ਨਜ਼ਰੀਏ ਨੂੰ ਅਪਨਾਉਣਾ ਚਾਹੀਦਾ ਹੈ ਅਤੇ ਉਸਦੇ ਨਮੂਨੇ ਦੇ ਪਿੱਛੇ ਚੱਲਣਾ ਚਾਹੀਦਾ ਹੈ (ਰੋਮੀਆਂ ਨੂੰ 13:14; ਅਫ਼ਸੀਆਂ ਨੂੰ 4:24)।

6. **ਕੀ ਮੈਂ ਪਰਮੇਸ਼ੁਰ ਦੇ ਆਤਮਿਕ ਸ਼ਸਤਰ ਬਸਤਰ ਪਹਿਨ ਰਿਹਾ ਹਾਂ?** ਜੀਵਨ ਦੇ ਯੁੱਧ ਦੇ ਵਿੱਚ ਬਹੁਤ ਸਾਰੇ ਵਿਸ਼ਵਾਸੀ ਸ਼ੈਤਾਨ ਦੇ ਤੀਰਾਂ ਦੁਆਰਾ ਜ਼ਖ਼ਮੀ ਹੋ ਜਾਂਦੇ ਹਨ ਕਿਉਂਕਿ ਉਹ ਆਪਣੀ ਆਤਮਿਕ ਸੁਰੱਖਿਆ ਦੇ ਪ੍ਰਤੀ ਲਾਪਰਵਾਹ ਹੋ ਚੁੱਕੇ ਹਨ (ਅਫ਼ਸੀਆਂ ਨੂੰ 6:11)।

7. **ਕੀ ਮੈਂ ਸਵੈ-ਅਨੁਸ਼ਾਸਨ ਦਾ ਅਭਿਆਸ ਕਰ ਰਿਹਾ ਹਾਂ?** ਚਾਹੇ ਅਸੀਂ ਆਪਣੇ ਵਿਸ਼ਵਾਸ ਦੇ ਵਿੱਚ ਕਿੰਨੇ ਵੀ ਪਰਿਪੱਕ ਹੋ ਜਾਈਏ ਸਵੈ-ਅਨੁਸ਼ਾਸਨ ਦੀ ਜਰੂਰਤ ਸਦਾ ਬਣੀ ਰਹਿੰਦੀ ਹੈ। ਕੀ ਮੈਂ ਆਪਣੇ ਸਰੀਰ ਨੂੰ ਸਿਖਲਾਈ ਦੇ ਕੇ ਅਨੁਸ਼ਾਸਨ ਦੇ ਅਧੀਨ ਲਿਆ ਰਿਹਾ ਹਾਂ? ਪਰਮੇਸ਼ੁਰ ਦੁਆਰਾ ਦਿੱਤੀ ਕੁਦਰਤੀ ਭੁੱਖ (ਜਿਵੇਂ ਕੀ ਭੋਜਨ, ਸੌਣ, ਜਾਂ ਸੰਭੋਗ ਦੀ ਇੱਛਾ) ਤੇ ਸਾਡਾ ਕਾਬੂ ਹੋਣਾ ਚਾਹੀਦਾ ਹੈ, ਤਾਂ ਕਿ ਉਹ ਮੇਰੀ ਨਵਾਂ ਜਨਮ ਪਾਈ ਆਤਮਾ ਦੇ ਉਦੇਸ਼ਾਂ ਨੂੰ ਪੂਰਾ ਕਰ ਸਕਣ। ਕਿਉਂਕਿ ਮੇਰਾ ਸਰੀਰ ਪਾਪ ਦੁਆਰਾ ਵਿਗਾੜਿਆ ਗਿਆ ਹੈ, ਇਸ ਦੀਆਂ ਇੱਛਾਵਾਂ ਸੰਤੁਲਨ ਵਿੱਚ ਨਹੀਂ ਹਨ। ਸਰੀਰ ਨੂੰ ਰਾਜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ; ਇਸ ਨੂੰ ਆਤਮਾ ਦੀ ਸੇਵਾ ਕਰਨੀ ਚਾਹੀਦੀ ਹੈ। ਪੌਲੁਸ ਨੇ ਕਿਹਾ ਕਿ ਉਹ ਆਪਣੇ ਸਰੀਰ ਨੂੰ ਅਨੁਸ਼ਾਸਿਤ ਕਰਦਾ ਹੈ ਅਤੇ ਅਧੀਨਤਾ ਦੇ ਵਿੱਚ ਲਿਆਉਂਦਾ ਹੈ ਤਾਂ ਉਹ ਆਤਮਿਕ ਤੌਰ ਤੇ ਨਿਕੰਮਾ ਨਾ ਹੋ ਜਾਵੇ(1 ਕੁਰਿੰਥੀਆਂ ਨੂੰ 9:25-27)। ਇਹ ਅਨੁਸ਼ਾਸਨ ਹਰੇਕ ਮਸੀਹੀ ਦੇ ਲਈ ਜਰੂਰੀ ਹੈ।

8. **ਕੀ ਮੈਂ ਆਗਿਆਕਾਰੀ ਦੇ ਵਿੱਚ ਜੀ ਰਿਹਾ ਹਾਂ?** "ਚਾਨਣ ਵਿੱਚ ਚੱਲੀਏ" ਯੂਹੰਨਾ ਰਸੂਲ ਇਸਦੇ ਲਈ ਉਤਸ਼ਾਹਿਤ ਕਰਦਾ ਹੈ (ਯੂਹੰਨਾ ਦੀ ਪਹਿਲੀ ਪੱਤ੍ਰੀ 1:7)। ਕਿਉਂਕਿ ਸਵਰਗ ਰਾਜ ਦੇ ਰਾਹ ਤੇ ਬਹੁਤ ਸਾਰੇ ਜਾਲ, ਠੋਕਰਾਂ ਅਤੇ ਖ਼ਤਰਨਾਕ ਸਥਾਨ ਹਨ ਇਸ ਕਾਰਨ ਸਾਨੂੰ ਸਦਾ ਪਰਮੇਸ਼ੁਰ ਦੇ ਵਚਨ ਦੇ ਚਾਨਣ (ਜ਼ਬੂਰਾਂ ਦੀ ਪੋਥੀ 119:105) ਅਤੇ ਪਵਿੱਤਰ ਆਤਮਾ ਦੀ ਮੌਜੂਦਗੀ ਦੇ ਦੁਆਰਾ ਚੱਲਣਾ ਚਾਹੀਦਾ ਹੈ (ਯੂਹੰਨਾ 14:26)। ਆਗਿਆਕਾਰੀ ਦੇ ਵਿੱਚ ਇਹ ਵਾਇਦਾ ਹੈ ਕਿ ਯਿਸੂ ਦਾ ਲਹੂ ਸਾਨੂੰ ਸ਼ੁੱਧ ਰੱਖੇਗਾ। ਅੰਧਕਾਰ ਦੇ ਵਿੱਚ ਚੱਲਣ ਦੇ ਦੁਆਰਾ ਠੋਕਰ ਲੱਗਦੀ ਹੈ ਅਤੇ ਗਿਰਾਵਟ ਆਉਂਦੀ ਹੈ ਅਤੇ ਅੰਤ ਦੇ ਵਿੱਚ ਉਨ੍ਹਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ ਜੋ ਚਾਨਣ ਦੇ ਵਿੱਚ ਵਾਪਿਸ ਆਉਣ ਦਾ ਇਨਕਾਰ ਕਰ ਦਿੰਦੇ ਹਨ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਜੇਤੂ ਮਸੀਹੀ ਜੀਵਨ ਜਿਉਣਾ ਹਰੇਕ ਵਿਸ਼ਵਾਸੀ ਦਾ ਸੁਭਾਗ ਅਤੇ ਫ਼ਰਜ ਹੈ। ਵਿਸ਼ਵਾਸੀ ਦੇ ਕੋਲ ਉਹ ਜੀਵਨ ਹੈ ਜੋ ਮਸੀਹ ਦੇ ਨਾਲ ਸੰਬੰਧ ਤੋਂ ਆਉਂਦਾ ਹੈ। ਜਦੋਂ ਕੋਈ ਵਿਸ਼ਵਾਸੀ ਪਰਮੇਸ਼ੁਰ ਦੀ ਇੱਛਾ ਦਾ ਇਨਕਾਰ ਕਰ ਦਿੰਦਾ ਹੈ ਅਤੇ ਪਾਪ ਦੇ ਵਿੱਚ ਵਾਪਿਸ ਚਲਾ ਜਾਂਦਾ ਹੈ ਇਸਦੇ ਨਾਲ ਉਹ ਵਿਸ਼ਵਾਸ ਨੂੰ ਕਮਜ਼ੋਰ ਜਾਂਦਾ ਹੈ ਜਾਂ ਕਈ ਵਾਰ ਖ਼ਤਮ ਹੋ ਜਾਂਦਾ ਹੈ, ਜਿਸਦੇ ਪਰਮੇਸ਼ੁਰ ਦੇ ਨਾਲ ਸਾਡਾ ਸੰਬੰਧ ਬਣਿਆ ਹੁੰਦਾ ਹੈ। ਪਰਮੇਸ਼ੁਰ ਬਲ ਦੇਣ ਵਾਲੀ ਕ੍ਰਿਪਾ ਪ੍ਰਦਾਨ ਕਰਦਾ ਹੈ, ਇਸ ਨਾਲ ਵਿਸ਼ਵਾਸੀ ਹਰੇਕ ਪਰਤਾਵੇ ਤੇ ਜਿੱਤ ਪ੍ਰਾਪਤ ਕਰ ਸਕਦਾ ਹੈ।

## ਪਾਠ 9 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਮੱਤੀ 13:18-23
- ਇਬਰਾਨੀਆਂ ਨੂੰ 10:23-39
- ਯਾਕੂਬ 1:21-27
- ਪਤਰਸ ਦੀ ਦੂਜੀ ਪੱਤ੍ਰੀ 1:1-11
- ਪਰਕਾਸ਼ ਦੀ ਪੋਥੀ 3:14-22

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 9 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 9 ਦੀ ਪ੍ਰੀਖਿਆ

(1) ਯੂਹੰਨਾ ਦੀ ਪਹਿਲੀ ਪੱਤ੍ਰੀ ਦਾ ਇੱਕ ਮੁੱਖ ਵਿਸ਼ਾ ਕੀ ਹੈ?

(2) ਯੂਹੰਨਾ ਦੀ ਪਹਿਲੀ ਪੱਤ੍ਰੀ ਕਿਸ ਵਿਸ਼ਵਾਸੀ ਗੁਣ ਉੱਤੇ ਸਭ ਤੋਂ ਵੱਧ ਜ਼ੋਰ ਦਿੰਦੀ ਹੈ?

(3) 1 ਕੁਰਿੰਥੀਆਂ ਨੂੰ 10:13 ਤੋਂ ਅਸੀਂ ਕਿਹੜੀਆਂ ਚਾਰ ਗੱਲਾਂ ਜਾਣਦੇ ਹਾਂ?

(4) ਇੱਕ ਵਿਸ਼ਵਾਸੀ ਮਸੀਹ ਦੇ ਵਿੱਚ ਕਿਵੇਂ ਬਣਿਆ ਰਹਿੰਦਾ ਹੈ?

(5) ਅਸੀਂ ਮਸੀਹ ਦੇ ਨਾਲ ਬਚਾਉਣ ਵਾਲੇ ਸੰਬੰਧ ਨੂੰ ਕਿਵੇਂ ਕਾਇਮ ਰੱਖਦੇ ਹਾਂ?

# ਪਾਠ 10

# ਪਵਿੱਤਰ ਆਤਮਾ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਉਹ ਵਿਸ਼ੇਸ਼ਤਾਵਾਂ ਜੋ ਵਿਖਾਉਂਦੀਆਂ ਹਨ ਕਿ ਪਵਿੱਤਰ ਆਤਮਾ ਇੱਕ ਵਿਅਕਤੀਤਵ ਹੈ।
- ਪਵਿੱਤਰ ਆਤਮਾ ਦੇ ਵਿਅਕਤੀਤਵ ਅਤੇ ਈਸ਼ਵਰਤਾਈ ਦੇ ਬਾਰੇ ਬਾਈਬਲ ਦੇ ਸਬੂਤ।
- ਪਵਿੱਤਰ ਆਤਮਾ ਦਾ ਇਤਿਹਾਸਿਕ ਅਤੇ ਮੌਜੂਦਾ ਕੰਮ।
- ਪਵਿੱਤਰ ਆਤਮਾ ਦੇ ਨਾਲ ਇੱਕ ਵਿਸ਼ਵਾਸੀ ਦੇ ਸੰਬੰਧ ਦੇ ਅਭਿਆਸਿਕ ਤੱਥ।
- ਪਵਿੱਤਰ ਆਤਮਾ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਪਵਿੱਤਰ ਆਤਮਾ ਦੇ ਵਰਦਾਨਾਂ ਦੇ ਕੁਝ ਸਿਧਾਂਤ ਲਾਗੂ ਕਰਨਗੇ।

## ਜਾਣ-ਪਛਾਣ

► ਜ਼ਬੂਰਾਂ ਦੀ ਪੋਥੀ 139 ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਪਰਮੇਸ਼ੁਰ ਦੇ ਆਤਮਾ ਬਾਰੇ ਕੀ ਕਹਿੰਦਾ ਹੈ?

ਕੁਝ ਲੋਕ ਸੋਚਦੇ ਹਨ ਕਿ ਪਵਿੱਤਰ ਆਤਮਾ ਸਿਰਫ਼ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਉਸਕਾਉਂਦਾ ਹੈ, ਇਹ ਕੋਈ ਅਜਿਹੀ ਸ਼ਕਤੀ ਹੈ ਜਿਸਨੂੰ ਉਪਯੋਗ ਕਰਨ ਦਾ ਉਹ ਯਤਨ ਕਰਦੇ ਹਨ, ਇੱਕ ਗ਼ੈਰ-ਵਿਅਕਤੀਤਵ ਵਾਲੀ ਸ਼ਕਤੀ ਜਾਂ ਸਾਧਾਰਨ ਤੌਰ ਤੇ ਇੱਕ ਮੌਜੂਦਗੀ। ਉਦਾਹਰਨ ਦੇ ਲਈ ਯਹੋਵਾਹ ਵਿਟਨੈਸ ਵਾਲਾ ਕੋਈ ਵਿਅਕਤੀ ਕਹੇਗਾ: "ਪਵਿੱਤਰ ਆਤਮਾ ਕੋਈ ਵਿਅਕਤੀਤਵ ਨਹੀਂ ਹੈ, ਅਤੇ ਇਹ ਤ੍ਰਿਏਕਤਾ ਦਾ ਹਿੱਸਾ ਨਹੀਂ ਹੈ। ਪਵਿੱਤਰ ਆਤਮਾ ਪਰਮੇਸ਼ੁਰ ਦੀ ਕਿਰਿਆਸ਼ੀਲ ਸ਼ਕਤੀ ਹੈ ਜਿਸਦੇ ਉਪਯੋਗ ਦੁਆਰਾ ਉਹ ਆਪਣੀ ਇੱਛਾ ਨੂੰ ਪੂਰਿਆਂ ਕਰਦਾ ਹੈ...।ਇੱਕ ਹੱਦ ਤੱਕ ਇਸਨੂੰ ਬਿਜ਼ਲੀ ਦੀ ਤਰ੍ਹਾਂ ਵੇਖਿਆ ਜਾ ਸਕਦਾ ਹੈ।"[13]

► ਪਵਿੱਤਰ ਆਤਮਾ ਦੇ ਬਾਰੇ ਯਹੋਵਾਹ ਵਿਟਨੈਸ ਦੀ ਧਾਰਨਾ ਦੇ ਵਿੱਚ ਕੀ ਗ਼ਲਤ ਹੈ?

ਯਹੋਵਾਹ ਵਿਟਨੈਸ ਦੇ ਮੈਂਬਰ ਪਵਿੱਤਰ ਆਤਮਾ ਨੂੰ ਇੱਕ ਗ਼ੈਰ-ਵਿਅਕਤੀਤਵ ਵਾਲੀ ਸ਼ਕਤੀ ਦੇ ਵੱਜੋਂ ਵੇਖਦੇ ਹਨ। ਕਿਉਂਕਿ ਉਨ੍ਹਾਂ ਦੇ ਕੋਲ ਪਰਮੇਸ਼ੁਰ ਦੇ ਬਾਰੇ ਇੱਕ ਬਾਈਬਲ ਆਧਾਰਿਤ ਧਾਰਨਾ ਨਹੀਂ ਹੈ, ਉਹ ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਨਹੀਂ ਰੱਖ ਸਕਦੇ।

---

[13] *Should You Believe in the Trinity?* (New York: The Watchtower Bible and Tract Society, 1989)

ਸਾਨੂੰ ਇਹ ਉਮੀਦ ਨਹੀਂ ਰੱਖਣੀ ਚਾਹੀਦੀ ਕਿ ਅਸੀਂ ਪਵਿੱਤਰ ਆਤਮਾ ਦੇ ਬਾਰੇ ਸਭ ਕੁਝ ਸਮਝ ਸਕਦੇ ਹਾਂ। ਯਿਸੂ ਨੇ ਕਿਹਾ ਕਿ ਪਵਿੱਤਰ ਆਤਮਾ ਦਾ ਕੰਮ ਹਵਾ ਦੀ ਤਰ੍ਹਾਂ ਹੈ; ਤੁਸੀਂ ਇਸਨੂੰ ਸੁਣਦੇ ਹੋ, ਪਰ ਤੁਹਾਨੂੰ ਨਹੀਂ ਪਤਾ ਕਿ ਇਹ ਕਿਥੋਂ ਆਉਂਦੀ ਹੈ ਅਤੇ ਕਿੱਧਰ ਨੂੰ ਜਾਂਦੀ ਹੈ (ਯੂਹੰਨਾ 3:8)। ਪਰ ਪਵਿੱਤਰ ਆਤਮਾ ਦੇ ਬਾਰੇ ਕੁਝ ਅਜਿਹੀਆਂ ਗੱਲਾਂ ਹਨ ਜਿੰਨ੍ਹਾਂ ਨੂੰ ਅਸੀਂ ਜਾਣ ਸਕਦੇ ਹਾਂ, ਅਤੇ ਉਹ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਦੇ ਲਈ ਮਹੱਤਵਪੂਰਨ ਹਨ।

> "ਅਤੇ ਮੈਂ ਪਵਿੱਤਰ ਆਤਮਾ ਤੇ ਵਿਸ਼ਵਾਸ ਕਰਦਾ ਹਾਂ, ਪ੍ਰਭੂ ਅਤੇ ਜੀਵਨਦਾਤਾ, ਜੋ ਪਿਤਾ ਅਤੇ ਪੁੱਤਰ ਤੋਂ ਆਉਂਦਾ ਹੈ; ਜਿਸਦੀ ਪਿਤਾ ਅਤੇ ਪੁੱਤਰ ਦੇ ਨਾਲ ਅਰਾਧਨਾ ਅਤੇ ਮਹਿਮਾ ਕੀਤੀ ਜਾਂਦੀ ਹੈ; ਜਿਸਨੇ ਨਬੀਆਂ ਅਤੇ ਦੁਆਰਾ ਗੱਲਬਾਤ ਕੀਤੀ।"
> - ਨਾਈਸੀਨ ਕ੍ਰੀਡ, ਏ.ਡੀ. 325

ਪਵਿੱਤਰ ਵਚਨਾਂ ਦਾ ਉਹ ਭਾਗ ਜੋ ਪਵਿੱਤਰ ਆਤਮਾ ਅਤੇ ਕਲੀਸਿਆ ਦੇ ਵਿੱਚਕਾਰ ਸੰਬੰਧ ਦੇ ਬਾਰੇ ਜਿਆਦਾਤਰ ਜਾਣਕਾਰੀ ਦਿੰਦਾ ਹੈ ਉਹ ਰਸੂਲਾਂ ਦੇ ਕਰਤੱਬ ਦੀ ਕਿਤਾਬ ਹੈ। ਉੱਥੇ ਅਸੀਂ ਇੱਕ ਨਮੂਨਾ ਵੇਖਦੇ ਹਾਂ ਕਿ ਕਿਵੇਂ ਕਲੀਸਿਆ ਨੇ ਸ਼ੁਰੂਆਤ ਦੇ ਵਿੱਚ ਪਵਿੱਤਰ ਆਤਮਾ ਦੇ ਪ੍ਰਤੀ ਪ੍ਰਤੀਕਿਰਿਆ ਕੀਤੀ।

1. ਉਨ੍ਹਾਂ ਨੇ ਪਵਿੱਤਰ ਆਤਮਾ ਦਾ ਪਰਮੇਸ਼ੁਰ ਦੇ ਤੌਰ ਤੇ ਆਦਰ ਕੀਤਾ। (ਪੜ੍ਹੋ ਰਸੂਲਾਂ ਦੇ ਕਰਤੱਬ 5:3-4)।
2. ਉਹ ਪਵਿੱਤਰ ਆਤਮਾ ਦੀ ਮੌਜੂਦਗੀ, ਅਗਵਾਈ ਅਤੇ ਕੰਮ ਦੇ ਪ੍ਰਤੀ ਸੁਚੇਤ ਸਨ। (ਪੜ੍ਹੋ ਰਸੂਲਾਂ ਦੇ ਕਰਤੱਬ 15:28)।
3. ਉਨ੍ਹਾਂ ਨੇ ਪਵਿੱਤਰ ਆਤਮਾ ਤੇ ਆਪਣੀ ਨਿਰਭਰਤਾ ਅਤੇ ਉਸਦੇ ਪ੍ਰਤੀ ਪ੍ਰਤੀਕਿਰਿਆ ਕਰਨ ਦੀ ਆਪਣੀ ਜਿੰਮੇਵਾਰੀ ਨੂੰ ਪਹਿਚਾਣਿਆ। (ਪੜ੍ਹੋ ਰਸੂਲਾਂ ਦੇ ਕਰਤੱਬ 4:24, 31)।

> "ਅਸੀਂ ਪਵਿੱਤਰ ਆਤਮਾ ਤੇ ਵਿਸ਼ਵਾਸ ਕਰਦੇ ਹਾਂ ਜਿਸਨੇ ਸ਼ਰਾ ਦੇ ਵਿੱਚ ਗੱਲ ਕੀਤੀ, ਅਤੇ ਨਬੀਆਂ ਦੇ ਰਾਂਹੀ ਸਿਖਾਇਆ, ਜੋ ਯਰਦਨ ਦੇ ਕੋਲ ਉੱਤਰਿਆ, ਰਸੂਲਾਂ ਦੇ ਨਾਲ ਗੱਲ ਕੀਤੀ, ਅਤੇ ਸੰਤਾਂ ਦੇ ਵਿੱਚ ਵਾਸ ਕਰਦਾ ਹੈ, ਇਸ ਪ੍ਰਕਾਰ ਅਸੀਂ ਉਸ ਤੇ ਵਿਸ਼ਵਾਸ ਕਰਦੇ ਹਾਂ; ਕਿ ਉਹ ਪਵਿੱਤਰ ਆਤਮਾ ਹੈ, ਪਰਮੇਸ਼ੁਰ ਦਾ ਆਤਮਾ, ਸੰਪੂਰਨ ਆਤਮਾ, ਸਹਾਇਕ, ਜੋ ਰਚਿਆ ਨਹੀਂ ਗਿਆ, ਪਿਤਾ ਤੋਂ ਆਉਂਦਾ ਹੈ ਅਤੇ ਪੁੱਤਰ ਦੁਆਰਾ ਪ੍ਰਾਪਤ ਹੁੰਦਾ ਹੈ, ਜਿਸਦੇ ਵਿੱਚ ਅਸੀਂ ਵਿਸ਼ਵਾਸ ਰੱਖਦੇ ਹਾਂ।"
> - ਐਪੀਫਾਨੀਓਸ ਦਾ ਵਿਸ਼ਵਾਸ ਕਥਨ, ਏ.ਡੀ 374

ਪਵਿੱਤਰ ਆਤਮਾ ਦੇ ਨਾਲ ਇਸ ਪ੍ਰਕਾਰ ਦਾ ਸੰਬੰਧ ਰੱਖਣ ਦੇ ਲਈ ਸਾਨੂੰ ਸਮਝਣਾ ਚਾਹੀਦਾ ਹੈ ਕਿ ਉਹ ਇੱਕ ਵਿਅਕਤੀਤਵ ਹੈ ਅਤੇ ਉਹ ਪਰਮੇਸ਼ੁਰ ਹੈ।

## ਪਵਿੱਤਰ ਆਤਮਾ ਇੱਕ ਵਿਅਕਤੀਤਵ ਹੈ

ਪਵਿੱਤਰ ਆਤਮਾ ਦੇ ਕੋਲ ਯਿਸੂ ਦੀ ਤਰ੍ਹਾਂ ਇੱਕ ਭੌਤਿਕ ਸਰੀਰ ਨਹੀਂ ਹੈ, ਪਰ ਉਹ ਇੱਕ ਵਿਅਕਤੀਤਵ *ਹੈ*। ਇੱਕ ਅਸਲ ਵਿਅਕਤੀਤਵ ਦੇ ਵਿੱਚ ਖਾਸ ਗੁਣ ਹੁੰਦੇ ਹਨ ਜਿਸਦੇ ਵਿੱਚ ਮਨ, ਇੱਛਾ, ਅਤੇ ਭਾਵਨਾਵਾਂ ਹੁੰਦੀਆਂ ਹਨ। ਕੀ ਪਵਿੱਤਰ ਆਤਮਾ ਦੇ ਕੋਲ ਇੱਛਾ ਹੈ? ਉਹ ਆਪਣੇ ਇੱਛਾ ਦੇ ਨਾਲ ਮਸੀਹੀਆਂ ਨੂੰ ਆਤਮਿਕ ਵਰਦਾਨ ਦਿੰਦਾ ਹੈ (1 ਕੁਰਿੰਥੀਆਂ ਨੂੰ 12:11)। ਕੀ ਪਵਿੱਤਰ ਆਤਮਾ ਦੇ ਕੋਲ ਇੱਕ ਮਨ ਹੈ? ਉਹ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਚ ਕਰ ਅਤੇ ਉਨ੍ਹਾਂ ਨੂੰ ਜਾਣਦਾ ਹੈ (1 ਕੁਰਿੰਥੀਆਂ ਨੂੰ 2:10)। ਕੀ ਪਵਿੱਤਰ ਆਤਮਾ ਦੇ ਕੋਲ ਭਾਵਨਾਵਾਂ ਹਨ? ਸਾਨੂੰ ਕਿਹਾ ਗਿਆ ਹੈ ਕਿ ਪਵਿੱਤਰ ਆਤਮਾ

ਨੂੰ ਉਦਾਸ ਨਾ ਕਰੋ (ਅਫ਼ਸੀਆਂ ਨੂੰ 4:30)। ਜੇਕਰ ਪਵਿੱਤਰ ਆਤਮਾ ਉਦਾਸ ਹੋ ਸਕਦਾ ਹੈ, ਤਾਂ ਫਿਰ ਉਸਦੇ ਕੋਲ ਭਾਵਨਾਵਾਂ ਹਨ। ਕਿਉਂਕਿ ਪਵਿੱਤਰ ਆਤਮਾ ਦੇ ਕੋਲ ਮਨ, ਇੱਛਾ ਅਤੇ ਭਾਵਨਾਵਾਂ ਹਨ, ਇਸ ਕਾਰਨ ਅਸੀਂ ਜਾਣਦੇ ਹਾਂ ਕਿ ਉਹ ਇੱਕ ਵਿਅਕਤੀਤਵ ਹੈ।

► ਸਾਡੇ ਲਈ ਇਹ ਜਾਨਣਾ ਮਹੱਤਵਪੂਰਨ ਕਿਉਂ ਹੈ ਕਿ ਪਵਿੱਤਰ ਆਤਮਾ ਇੱਕ ਵਿਅਕਤੀਤਵ ਹੈ?

ਇੱਕ ਵਿਅਕਤੀਤਵ ਦੇ ਕੋਲ ਦੂਸਰਿਆਂ ਦੇ ਨਾਲ ਸੰਬੰਧ ਰੱਖਣ ਦੀ ਯੋਗਤਾ ਹੁੰਦੀ ਹੈ। ਜੇਕਰ ਪਵਿੱਤਰ ਆਤਮਾ ਇੱਕ ਗ਼ੈਰ-ਵਿਅਕਤੀਤਵ ਵਾਲੀ ਸ਼ਕਤੀ ਹੈ, ਤਾਂ ਫਿਰ ਅਸੀਂ ਉਸਦੇ ਨਾਲ ਕੋਈ ਸੰਬੰਧ ਨਹੀਂ ਜੋੜ ਸਕਦੇ। ਪਰ ਫ਼ਿਲਿੱਪੀਆਂ ਨੂੰ 2:1 ਅਤੇ 2 ਕੁਰਿੰਥੀਆਂ ਨੂੰ 13:14 ਦੇ ਅਨੁਸਾਰ ਪਵਿੱਤਰ ਆਤਮਾ ਸਾਡੇ ਨਾਲ ਸੰਗਤੀ ਕਰ ਸਕਦਾ ਹੈ, ਇਸ ਲਈ ਉਹ ਜਰੂਰ ਇੱਕ ਵਿਅਕਤੀਤਵ ਹੈ।

*ਕਲਾਸ ਦੇ ਆਗੂ ਲਈ ਸੂਚਨਾ: ਪਵਿੱਤਰ ਆਤਮਾ ਦੇ ਵਿਅਕਤੀਤਵ ਦੇ ਸਬੂਤ ਦੇ ਲਈ, ਇਸ ਪਾਠ ਦੇ ਅੰਤ ਵਿੱਚ ਦਿੱਤੇ ਭਾਗ ਨੂੰ ਵੇਖੋ ਜਿਸਦਾ ਮੁੱਖ ਵਿਸ਼ਾ ਇਸ ਪ੍ਰਕਾਰ ਹੈ "ਪਵਿੱਤਰ ਆਤਮਾ ਦੇ ਵਿਅਕਤੀਤਵ ਦੇ ਬਾਰੇ ਬਾਈਬਲ ਦੇ ਸਬੂਤ।"*

## ਪਵਿੱਤਰ ਆਤਮਾ ਪਰਮੇਸ਼ੁਰ ਹੈ

ਪਵਿੱਤਰ ਆਤਮਾ ਜਾਣੀ-ਜਾਣ ਹੈ, ਸਭ ਵੇਖਦਾ ਹੈ, ਹਰੇਕ ਸਥਾਨ ਤੇ ਮੌਜੂਦ ਹੈ। ਹਨਾਨਿਯਾ ਅਤੇ ਸਫ਼ੀਰਾ ਦੀ ਕਹਾਣੀ ਯਾਦ ਹੈ? ਹਨਾਨਿਯਾ ਦੇ ਮਾਰੇ ਜਾਣ ਤੋਂ ਪਹਿਲਾਂ, ਪਤਰਸ ਨੇ ਉਸਨੂੰ ਕਿਹਾ, "ਸ਼ਤਾਨ ਤੇਰੇ ਮਨ ਵਿੱਚ ਕਿਉਂ ਸਮਾਇਆ ਜੋ ਤੂੰ ਪਵਿੱਤ੍ਰ ਆਤਮਾ ਨਾਲ ਝੂਠ ਬੋਲੇਂ?... ਤੂੰ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਝੂਠ ਬੋਲਿਆ ਹੈਂ" (ਰਸੂਲਾਂ ਦੇ ਕਰਤੱਬ 5:3-4)। ਇੱਥੇ ਅਸੀਂ ਵੇਖਦੇ ਹਾਂ ਕਿ ਪਵਿੱਤਰ ਆਤਮਾ ਦੇ ਨਾਲ ਝੂਠ ਬੋਲਣਾ ਪਰਮੇਸ਼ੁਰ ਦੇ ਨਾਲ ਝੂਠ ਬੋਲਣ ਦੇ ਸਮਾਨ ਹੈ; ਇਸ ਲਈ, ਪਵਿੱਤਰ ਆਤਮਾ ਪਰਮੇਸ਼ੁਰ ਹੈ।

**ਪਵਿੱਤਰ ਆਤਮਾ ਸਭਨਾਂ ਗੱਲਾਂ ਨੂੰ ਜਾਣਦਾ ਹੈ।** ਅਸੀਂ 1 ਕੁਰਿੰਥੀਆਂ ਨੂੰ 2:10-11 ਦੇ ਵਿੱਚ ਵੇਖਦੇ ਹਾਂ ਕਿ ਉਹ ਪਰਮੇਸ਼ੁਰ ਦੀਆਂ ਸਭਨਾਂ ਗੱਲਾਂ ਨੂੰ ਜਾਣਦਾ ਹੈ। ਇਸਦੇ ਲਈ ਬੇਅੰਤ (ਅਸੀਮਿਤ ਬੁੱਧ ਵਾਲੇ) ਮਨ ਦੀ ਲੋੜ ਹੁੰਦੀ ਹੈ। ਉਸਨੇ ਪੁਰਾਣੇ ਨੇਮ ਦੀਆਂ ਲਿਖਤਾਂ ਨੂੰ ਪ੍ਰੇਰਿਤ ਕੀਤਾ, ਜਿਸਦੇ ਵਿੱਚ ਭਵਿੱਖਬਾਣੀ ਵੀ ਸ਼ਾਮਿਲ ਹੈ, ਇਸ ਦੇ ਲਈ ਸਾਰਾ ਗਿਆਨ ਹੋਣਾ ਜਰੂਰੀ ਹੈ। (ਪੜ੍ਹੋ ਪਤਰਸ ਦੀ ਦੂਜੀ ਪੱਤ੍ਰੀ 1:21)। ਸਾਨੂੰ ਵਚਨਾਂ ਦੇ ਵਿੱਚ ਦੱਸਿਆ ਗਿਆ ਹੈ ਕਿ ਪਵਿੱਤਰ ਸ਼ਾਸਤਰ ਪਰਮੇਸ਼ੁਰ ਦੇ ਸਾਹ ਵਿੱਚੋਂ ਨਿੱਕਲਿਆ ਹੈ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16), ਇਸ ਕਾਰਨ ਪਵਿੱਤਰ ਆਤਮਾ ਪਰਮੇਸ਼ੁਰ ਹੈ।

**ਪਵਿੱਤਰ ਆਤਮਾ ਹਰੇਕ ਸਥਾਨ ਤੇ ਮੌਜੂਦ ਹੈ।** ਜ਼ਬੂਰਾਂ ਦੀ ਪੋਥੀ 139:7-10 ਸਾਨੂੰ ਦੱਸਦਾ ਹੈ ਕਿ ਕੋਈ ਵਿਅਕਤੀ ਪਰਮੇਸ਼ੁਰ ਦੇ ਆਤਮਾ ਦੀ ਮੌਜੂਦਗੀ ਤੋਂ ਬਚ ਕੇ ਕਿਤੇ ਵੀ ਨਹੀਂ ਜਾ ਸਕਦਾ। ਉਹ ਹਰੇਕ ਵਿਸ਼ਵਾਸੀ ਦੇ ਨਾਲ ਮੌਜੂਦ ਹੈ, ਕਿਉਂਕਿ ਬਾਈਬਲ ਦੱਸਦੀ ਹੈ ਕਿ ਜੇਕਰ ਕਿਸੇ ਵਿਅਕਤੀ ਦੇ ਕੋਲ ਮਸੀਹ ਦਾ ਆਤਮਾ ਨਹੀਂ ਹੈ, ਤਾਂ ਉਹ ਮਸੀਹ ਦਾ ਨਹੀਂ ਹੈ (ਰੋਮੀਆਂ ਨੂੰ 8:9)। ਪ੍ਰਸੰਗ ਵਿਖਾਉਂਦਾ ਹੈ ਕਿ ਮਸੀਹ ਦਾ ਆਤਮਾ ਪਵਿੱਤਰ ਆਤਮਾ ਹੈ।

**ਪਵਿੱਤਰ ਆਤਮਾ ਦੇ ਕੋਲ ਸਾਰੀ ਸਮਰੱਥਾ ਹੈ।** ਉਹ ਅਜਿਹੇ ਕੰਮ ਕਰਦਾ ਹੈ ਜੋ ਸਿਰਫ਼ ਪਰਮੇਸ਼ੁਰ ਹੀ ਕਰ ਸਕਦਾ ਹੈ। ਉਹ ਸੰਸਾਰ ਨੂੰ ਪਾਪ, ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰਦਾ ਹੈ (ਯੂਹੰਨਾ 16:8)। ਅਜਿਹਾ ਕਰਨ ਦੇ ਲਈ ਉਸਨੂੰ ਹਰੇਕ ਵਿਅਕਤੀ ਦੇ ਵਿਵੇਕ ਨੂੰ ਪ੍ਰਭਾਵਿਤ ਕਰਨਾ ਪਵੇਗਾ ਤਾਂ ਕਿ ਉਹ ਉਨ੍ਹਾਂ ਦੇ ਮਨਾਂ ਨੂੰ ਕੁਝ ਸਚਿਆਈਆਂ ਦੇ ਵਿਖੇ ਕਾਇਲ ਕਰ ਸਕੇ। ਉਹ ਹਰੇਕ ਵਿਸ਼ਵਾਸੀ ਨੂੰ ਅੰਦਰੂਨੀ ਸਮਰੱਥਾ ਦੇਣ ਦੇ ਯੋਗ ਹੈ। (ਪੜ੍ਹੋ ਅਫ਼ਸੀਆਂ ਨੂੰ 3:16।) ਆਤਮਾ ਸੰਸਾਰ ਦੇ ਹਰੇਕ ਭਾਗ ਵਿੱਚ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਆਤਮਿਕ ਫ਼ਲ ਉਤਪੰਨ ਕਰਦਾ ਹੈ (ਪੜ੍ਹੋ ਗਲਾਤੀਆਂ ਨੂੰ 5:22-23।) ਈਸ਼ਵਰੀ ਸਮਰੱਥਾ ਤੋਂ ਇਲਾਵਾ ਹੋਰ ਕੋਈ ਇਸ ਕੰਮ ਨੂੰ ਨਹੀਂ ਕਰ ਸਕਦਾ।

ਸਾਨੂੰ ਲੂਕਾ 12:10 ਦੇ ਵਿੱਚ ਕਿਹਾ ਗਿਆ ਹੈ ਕਿ **ਪਵਿੱਤਰ ਆਤਮਾ ਦੇ ਵਿਰੁੱਧ ਈਸ਼ਵਰ ਨਿੰਦਾ ਕੀ ਜਾ ਸਕਦੀ ਹੈ।** ਈਸ਼ਵਰ ਨਿੰਦਾ ਸਿਰਫ਼ ਪਰਮੇਸ਼ੁਰ ਦੇ ਵਿਰੁੱਧ ਕੀਤੀ ਜਾ ਸਕਦੀ ਹੈ, ਇਸ ਲਈ, ਪਵਿੱਤਰ ਆਤਮਾ ਜਰੂਰ ਹੀ ਪਰਮੇਸ਼ੁਰ ਹੈ।

**ਪਵਿੱਤਰ ਆਤਮਾ ਸਦੀਪਕ ਹੈ (ਇਬਰਾਨੀਆਂ ਨੂੰ 9:14)।**

ਸਾਡੇ ਸਰੀਰਾਂ ਨੂੰ **ਪਰਮੇਸ਼ੁਰ ਦੀ** ਹੈਕਲ ਕਿਹਾ ਗਿਆ ਹੈ ਕਿਉਂਕਿ ਪਵਿੱਤਰ ਆਤਮਾ ਇਸਦੇ ਵਿੱਚ ਵੱਸਦਾ ਹੈ (1 ਕੁਰਿੰਥੀਆਂ ਨੂੰ 3:16)।

ਬਾਈਬਲ ਦੇ ਸਬੂਤਾਂ ਤੋਂ ਅਸੀਂ ਜਾਣਦੇ ਹਾਂ ਕਿ ਪਵਿੱਤਰ ਆਤਮਾ ਆਪ ਪਰਮੇਸ਼ੁਰ ਹੈ, ਜੋ ਤ੍ਰਿਏਕਤਾ ਦਾ ਤੀਸਰਾ ਈਸ਼ਵਰੀ ਵਿਅਕਤੀਤਵ ਹੈ।

► ਸਾਡੇ ਲਈ ਪਵਿੱਤਰ ਆਤਮਾ ਨੂੰ ਪਰਮੇਸ਼ੁਰ ਦੇ ਰੂਪ ਵਿੱਚ ਮੰਨਣਾ ਮਹੱਤਵਪੂਰਨ ਕਿਉਂ ਹੈ?

ਪਵਿੱਤਰ ਆਤਮਾ ਦੀ ਈਸ਼ਵਰਤਾਈ ਤੇ ਵਿਸ਼ਵਾਸ ਕਰਨਾ ਮਹੱਤਵਪੂਰਨ ਹੈ ਤਾਂ ਕਿ ਤੁਸੀਂ ਉਸਨੂੰ ਆਦਰ ਅਤੇ ਇੱਜ਼ਤ ਦੇ ਸਕੋ ਜਿਸਦੀ ਉਹ ਯੋਗਤਾ ਰੱਖਦਾ ਹੈ। ਪਵਿੱਤਰ ਆਤਮਾ ਦੀ ਅਰਾਧਨਾ ਕਰਨ ਦੇ ਵਿੱਚ ਅਸਫਲ ਹੋਣਾ ਇੱਕ ਗੰਭੀਰ ਗੱਲ ਹੈ।

## ਪਵਿੱਤਰ ਆਤਮਾ ਪਿਤਾ ਅਤੇ ਪੁੱਤਰ ਨਾਲੋਂ ਵੱਖਰਾ ਹੈ

ਜਦੋਂ ਇਹ ਕਿਹਾ ਜਾਂਦਾ ਹੈ ਕਿ ਪਵਿੱਤਰ ਆਤਮਾ ਪਿਤਾ ਅਤੇ ਪੁੱਤਰ ਨਾਲੋਂ ਵੱਖਰਾ ਹੈ ਤਾਂ ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਮਨੁੱਖਾਂ ਦੀ ਤਰ੍ਹਾਂ ਅਲੱਗ ਵਿਅਕਤੀਤਵ ਹਨ। ਤ੍ਰਿਏਕਤਾ ਦੇ ਮੈਂਬਰ ਇੱਕ ਦੂਸਰੇ ਦੇ ਵਿੱਚ ਵਾਸ ਕਰਦੇ ਹਨ ਅਤੇ ਉਹ ਸਭ ਇੱਕ ਹੀ ਪਰਮੇਸ਼ੁਰ ਹਨ, ਪਰ ਉਹ ਇੰਨੇ ਵੱਖਰੇ ਹਨ ਕਿ ਉਹ ਇੱਕ ਦੂਸਰੇ ਦੇ ਨਾਲ ਗੱਲਬਾਤ ਕਰ ਸਕਦੇ ਹਨ, ਇੱਕ ਦੂਸਰੇ ਨੂੰ ਪਿਆਰ ਕਰ ਸਕਦੇ ਹਨ, ਅਤੇ ਇੱਕ ਦੂਸਰੇ ਦੇ ਨਾਲ ਅਤੇ ਸਾਡੇ ਨਾਲ ਨਿੱਜੀ ਸੰਬੰਧ ਰੱਖ ਸਕਦੇ ਹਨ।

ਪਵਿੱਤਰ ਵਚਨ ਤ੍ਰਿਏਕਤਾ ਦੇ ਵਿਅਕਤੀਤਵਾਂ ਦੇ ਵਿਚਾਲੇ ਪਾਏ ਜਾਣ ਵਾਲੀ ਅਲੱਗਤਾਈ ਨੂੰ ਸਿਖਾਉਂਦਾ ਹੈ। ਉਦਾਹਰਨ ਦੇ ਲਈ T ਯੂਹੰਨਾ 14-16 ਦੇ ਵਿੱਚ ਯਿਸੂ ਨੇ ਬਾਰ-ਬਾਰ ਇੱਕ ਸਹਾਇਕ ਦਾ ਜ਼ਿਕਰ ਕੀਤਾ ਜਿਸਨੂੰ ਉਹ ਉਦੋਂ ਘੱਲੇਗਾ ਜਦੋਂ ਉਹ ਪਿਤਾ ਦੇ ਕੋਲ ਵਾਪਿਸ ਚਲਾ ਜਾਵੇਗਾ (ਪੜ੍ਹੋ ਯੂਹੰਨਾ 14:16-17, 26; ਯੂਹੰਨਾ 15:26; ਯੂਹੰਨਾ 16:7, 13-15।) ਇਹ ਸਹਾਇਕ ਚੇਲ੍ਹਿਆਂ ਦੀ ਅਗਵਾਈ ਕਰੇਗਾ ਅਤੇ ਉਨ੍ਹਾਂ ਨੂੰ ਸਿਖਾਏਗਾ। ਜੇਕਰ ਯਿਸੂ ਅਤੇ ਪਵਿੱਤਰ ਆਤਮਾ ਇੱਕ ਹੀ ਵਿਅਕਤੀਤਵ ਹਨ, ਤਾਂ ਯਿਸੂ ਦੁਆਰਾ

ਪਵਿੱਤਰ ਆਤਮਾ ਨੂੰ ਦੂਸਰੇ ਸਹਾਇਕ ਦੇ ਵੱਜੋਂ ਸੰਬੋਧਿਤ ਕਰਨ ਦਾ ਕੋਈ ਮਤਲਬ ਨਹੀਂ ਹੋਵੇਗਾ। ਯਿਸੂ ਜਰੂਰ ਹੀ ਕਿਸੇ ਦੂਸਰੇ ਵਿਅਕਤੀਤਵ ਦਾ ਹਵਾਲਾ ਦੇ ਰਿਹਾ ਹੋਵੇਗਾ ਜੋ ਉਸ ਨਾਲੋਂ ਅਲੱਗ ਹੈ।

ਯਿਸੂ ਨੇ ਕਿਹਾ ਕਿ ਪਵਿੱਤਰ ਆਤਮਾ ਆਪਣੇ ਅਧਿਕਾਰ ਦੇ ਨਾਲ ਨਹੀਂ ਬੋਲੇਗਾ ਪਰ ਉਹ ਮਸੀਹ ਦੀਆਂ ਗੱਲਾਂ ਨੂੰ ਪ੍ਰਗਟ ਕਰੇਗਾ, ਜਿੰਨਾਂ ਨੂੰ ਮਸੀਹ ਨੇ ਪਿਤਾ ਦੇ ਕੋਲੋਂ ਪ੍ਰਾਪਤ ਕੀਤਾ (ਯੂਹੰਨਾ 16:13-15)। ਜੇਕਰ ਯਿਸੂ ਅਤੇ ਪਿਤਾ ਪਵਿੱਤਰ ਆਤਮਾ ਦੇ ਇੱਕ ਹੀ ਵਿਅਕਤੀਤਵ ਹਨ, ਤਾਂ ਇਸ ਬਿਆਨ ਦਾ ਕੋਈ ਅਰਥ ਨਹੀਂ ਹੋਵੇਗਾ।

ਜਦੋਂ ਯਿਸੂ ਨੇ ਬਪਤਿਸਮਾ ਲਿਆ, ਤਾਂ ਇੱਕ ਸਵਰਗੀ ਬਾਣੀ ਆਈ, "ਜੋ ਤੂੰ ਮੇਰਾ ਪਿਆਰਾ ਪੁੱਤ੍ਰ ਹੈਂ," ਅਤੇ ਪਵਿੱਤਰ ਆਤਮਾ ਕਬੂਤਰ ਦੇ ਸਮਾਨ ਯਿਸੂ ਤੇ ਉੱਤਰਿਆ (ਮਰਕੁਸ 1:10-11)। ਤ੍ਰਿਏਕਤਾ ਦੇ ਤਿੰਨੋਂ ਮੈਂਬਰ ਇੱਥੇ ਇੱਕ ਹੀ ਸਮੇਂ ਤੇ ਸ਼ਾਮਿਲ ਹਨ, ਜੋ ਇੱਕ ਦੂਸਰੇ ਨਾਲੋਂ ਅਲੱਗ ਹਨ।

ਇੱਕ ਵੱਖਰੇ ਵਿਅਕਤੀਤਵ ਦੇ ਵੱਜੋਂ, ਪਵਿੱਤਰ ਆਤਮਾ ਸਦੀਪਕਤਾ ਤੋਂ ਪਿਤਾ ਅਤੇ ਪੁੱਤਰ ਦੇ ਨਾਲ ਇੱਕ ਪਿਆਰ ਦੇ ਸੰਬੰਧ ਵਿੱਚ ਰਿਹਾ ਹੈ। ਪਰਮੇਸ਼ੁਰ ਨੇ ਸਾਨੂੰ ਉਸ ਸੰਬੰਧ ਦੇ ਵਿੱਚ ਸ਼ਾਮਿਲ ਹੋਣ ਦੇ ਲਈ ਰਚਿਆ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸਦੇ ਨਾਲ ਸੰਗਤੀ ਦਾ ਅਨੰਦ ਮਾਣੀਏ (ਯੂਹੰਨਾ ਦੀ ਪਹਿਲੀ ਪੱਤ੍ਰੀ 1:3-4), ਜਿਵੇਂ ਤ੍ਰਿਏਕਤਾ ਦੇ ਹਰੇਕ ਮੈਂਬਰ ਨੇ ਸਮੇਂ ਦੇ ਅਰੰਭ ਤੋਂ ਪਹਿਲਾਂ ਇੱਕ ਦੂਸਰੇ ਦੀ ਸੰਗਤੀ ਦਾ ਅਨੰਦ ਮਾਣਿਆ ਹੈ। (ਪੜ੍ਹੋ ਯੂਹੰਨਾ 17:22-23) ।

## ਪਵਿੱਤਰ ਆਤਮਾ ਕਿਰਿਆਸ਼ੀਲ ਹੈ

ਰਚਨਾ ਦੇ ਸਮੇਂ ਤੋਂ ਹੀ ਪਵਿੱਤਰ ਆਤਮਾ ਸੰਸਾਰ ਦੇ ਵਿੱਚ ਕਿਰਿਆਸ਼ੀਲ ਹੈ। ਜਦੋਂ ਧਰਤੀ ਦੀ ਰਚਨਾ ਕੀਤੀ ਗਈ ਤਾਂ ਉਹ ਉੱਥੇ ਮੌਜੂਦ ਸੀ ਅਤੇ ਇਸਦੇ ਵਿੱਚ ਸ਼ਾਮਿਲ ਸੀ (ਉਤਪਤ 1:2, 26)। ਉਸਨੇ ਖਾਸ ਕੰਮ ਦੇ ਲਈ ਬੁਲਾਏ ਗਏ ਲੋਕਾਂ ਨੂੰ ਖਾਸ ਯੋਗਤਾਵਾਂ ਪ੍ਰਦਾਨ ਕੀਤੀਆਂ। (ਕੂਚ 35:30-31; ਨਿਆਈਆਂ ਦੀ ਪੋਥੀ 3:9-10; ਨਿਆਈਆਂ ਦੀ ਪੋਥੀ 15:14-15)। ਉਸਨੇ ਨਬੀਆਂ ਨੂੰ ਸੰਦੇਸ਼ ਦਿੱਤੇ (ਯਸਾਯਾਹ 61:1)। ਉਸਨੇ ਪਵਿੱਤਰ ਸ਼ਾਸਤਰ ਦੇ ਲਈ ਪ੍ਰੇਰਨਾ ਦਿੱਤੀ (ਪਤਰਸ ਦੀ ਦੂਜੀ ਪੱਤ੍ਰੀ 1:21)। ਉਸਨੇ ਹਮੇਸ਼ਾਂ ਲੋਕਾਂ ਨੂੰ ਪਰਮੇਸ਼ੁਰ ਦੇ ਵੱਲ ਮੋੜਣ ਦੇ ਲਈ ਉਨ੍ਹਾਂ ਦੇ ਦਿਲਾਂ ਵਿੱਚ ਕੰਮ ਕੀਤਾ ਹੈ (ਰਸੂਲਾਂ ਦੇ ਕਰਤੱਬ 7:51)।

ਉਸਨੂੰ ਜੀਵਨ ਦਾ ਆਤਮਾ ਕਿਹਾ ਗਿਆ ਹੈ। (ਪੜ੍ਹੋ ਰੋਮੀਆਂ ਨੂੰ 8:2)। ਉਹ ਉਹੀ ਆਤਮਾ ਹੈ ਜਿਸਨੇ ਸਾਡੀ ਰਚਨਾ ਕੀਤੀ ਅਤੇ ਸਾਨੂੰ ਜੀਵਨ ਦਿੱਤਾ। ਜੇਕਰ ਉਹ ਸੰਸਾਰ ਨੂੰ ਤਿਆਗ ਦੇਵੇ, ਤਾਂ ਸਾਰਾ ਜੀਵਨ ਖ਼ਤਮ ਹੋ ਜਾਵੇਗਾ, ਅਤੇ ਮਨੁੱਖ ਮਿੱਟੀ ਦੇ ਵਿੱਚ ਚਲਾ ਜਾਵੇਗਾ। (ਅੱਯੂਬ 33:4, ਅੱਯੂਬ 34:14-15।)

ਨਵਾਂ ਨੇਮ ਪਵਿੱਤਰ ਆਤਮਾ ਦੇ ਕੰਮ ਦੇ ਬਾਰੇ ਇੱਕ ਨਵੇਂ ਤੱਥ ਦੀ ਜਾਣ-ਪਛਾਣ ਕਰਾਉਂਦਾ ਹੈ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਕਿਹਾ ਕਿ ਯਿਸੂ ਲੋਕਾਂ ਨੂੰ ਪਵਿੱਤਰ ਆਤਮਾ ਦੇ ਨਾਲ ਬਪਤਿਸਮਾ ਦੇਵੇਗਾ (ਮੱਤੀ 3:11)। ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਕਿਹਾ ਕਿ ਉਹ ਪਿਤਾ ਦੇ ਵਾਇਦੇ ਦੀ ਉਮੀਦ ਰੱਖਣ, ਜੋ ਪਵਿੱਤਰ ਆਤਮਾ ਦਾ ਬਪਤਿਸਮਾ ਹੈ ਅਤੇ ਇਹ ਪੰਤੇਕੁਸਤ ਦੇ ਸਮੇਂ ਪੂਰਾ ਹੋਇਆ (ਰਸੂਲਾਂ ਦੇ ਕਰਤੱਬ 1:4-5, 8)।

ਯਿਸੂ ਨੇ ਚੇਲ੍ਹਿਆਂ ਦੇ ਨਾਲ ਵਾਇਦਾ ਕੀਤਾ ਕਿ ਪਵਿੱਤਰ ਆਤਮਾ ਉਨ੍ਹਾਂ ਦੇ ਨਾਲ ਹੋਵੇਗਾ, ਜੋ ਉਨ੍ਹਾਂ ਨੂੰ ਉਨ੍ਹਾਂ ਗੱਲਾਂ ਨੂੰ ਚੇਤੇ ਕਰਵਾਏਗਾ ਜੋ ਯਿਸੂ ਨੇ ਸਿਖਾਈਆਂ ਅਤੇ ਸਚਿਆਈ ਦੇ ਵਿੱਚ ਉਨ੍ਹਾਂ ਦੀ ਅਗਵਾਈ ਕਰੇਗਾ (ਯੂਹੰਨਾ 14:26, ਯੂਹੰਨਾ 16:13)। ਯਿਸੂ ਨੇ ਕਿਹਾ ਕਿ ਪਵਿੱਤਰ ਆਤਮਾ ਦੂਸਰਾ ਸਹਾਇਕ ਹੋਵੇਗਾ (ਯੂਹੰਨਾ 14:16, 26; ਯੂਹੰਨਾ 15:26; ਯੂਹੰਨਾ 16:7)। ਜਿਸ ਯੂਨਾਨੀ ਦੇ ਸ਼ਬਦ ਦਾ ਯਿਸੂ ਨੇ ਉਪਯੋਗ ਕੀਤਾ ਉਹ ਉਸਦੇ ਬਾਰੇ ਹੈ ਜੋ ਸਾਡੇ ਨਾਲ ਹੈ, ਜੋ ਸਾਨੂੰ ਉਤਸ਼ਾਹਿਤ ਕਰਦਾ ਹੈ ਅਤੇ ਸਹਾਇਤਾ ਕਰਦਾ ਹੈ। ਇਹ ਕਿਸੇ ਪ੍ਰਤੀਨਿਧੀ ਨੂੰ ਦਰਸਾ ਸਕਦਾ ਹੈ। ਪਵਿੱਤਰ ਆਤਮਾ ਯਿਸੂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਸਾਨੂੰ ਉਸਦੇ ਸ਼ਬਦ ਯਾਦ ਦਿਵਾਉਂਦਾ ਹੈ।[14]

► ਪਵਿੱਤਰ ਆਤਮਾ ਦੁਆਰਾ ਕੀਤੇ ਜਾਣ ਵਾਲੇ ਕੁਝ ਕੰਮ ਕਿਹੜੇ ਹਨ?

ਸੰਸਾਰ ਦੇ ਵਿੱਚ ਪਵਿੱਤਰ ਆਤਮਾ ਦੇ ਕੰਮ ਦੀ ਪੂਰੀ ਤਰ੍ਹਾਂ ਦੇ ਨਾਲ ਵਿਆਖਿਆ ਨਹੀਂ ਕੀਤੀ ਜਾ ਸਕਦੀ, ਪਰ ਹੇਠਾਂ ਉਸਦੇ ਕੁਝ ਕੰਮਾਂ ਦੀ ਸੂਚੀ ਹੈ।

1. ਉਹ ਪਾਪ ਦੇ ਵਿਖੇ ਕਾਇਲ ਕਰਦਾ ਹੈ (ਯੂਹੰਨਾ 16:8; 1 ਕੁਰਿੰਥੀਆਂ ਨੂੰ 2:4; 1 ਥੱਸਲੁਨੀਕੀਆਂ ਨੂੰ 1:5)। ਨਹੀਂ ਤਾਂ ਕਿਸੇ ਵਿਅਕਤੀ ਦੇ ਲਈ ਇਹ ਅਸੰਭਵ ਹੋਵੇਗਾ ਕਿ ਉਸਨੂੰ ਤੌਬਾ ਕਰਨ ਅਤੇ ਮਾਫ਼ ਕੀਤੇ ਜਾਣ ਦੀ ਜਰੂਰਤ ਹੈ।
2. ਉਹ ਨਵਾਂ ਜਨਮ ਦਿੰਦਾ ਹੈ, ਕਿਸੇ ਅਜਿਹੇ ਵਿਅਕਤੀ ਨੂੰ ਜੀਵਨ ਦਿੰਦਾ ਹੈ ਜੋ ਇੱਕ ਸਮੇਂ ਪਾਪ ਦੇ ਵਿੱਚ ਮੁਰਦਾ ਸੀ। (ਤੀਤੁਸ ਨੂੰ 3:5; ਅਫ਼ਸੀਆਂ ਨੂੰ 2:1; ਯੂਹੰਨਾ 3:5)।
3. ਉਹ ਇੱਕ ਵਿਸ਼ਵਾਸੀ ਨੂੰ ਨਿੱਜੀ ਭਰੋਸਾ ਦਿੰਦਾ ਹੈ ਕਿ ਉਹ ਬਚਾਇਆ ਹੋਇਆ ਹੈ (ਰੋਮੀਆਂ ਨੂੰ 8:16)।
4. ਉਹ ਹਰੇਕ ਵਿਸ਼ਵਾਸੀ ਦੇ ਵਿੱਚ ਵਾਸ ਕਰਦਾ ਹੈ (ਹਰੇਕ ਬਚਾਏ ਹੋਏ ਵਿਅਕਤੀ ਦੇ ਕੋਲ ਪਵਿੱਤਰ ਆਤਮਾ ਹੈ) (ਰੋਮੀਆਂ ਨੂੰ 8:9; 1 ਕੁਰਿੰਥੀਆਂ ਨੂੰ 6:19)।
5. ਉਹ ਪਰਮੇਸ਼ੁਰ ਦੇ ਵਚਨ ਦੀ ਸਚਿਆਈ ਦੀ ਸਮਝ ਪ੍ਰਦਾਨ ਕਰਦਾ ਹੈ (1 ਕੁਰਿੰਥੀਆਂ ਨੂੰ 2:9-10, 13-14; 2 ਕੁਰਿੰਥੀਆਂ ਨੂੰ 3:14-17; ਅਫ਼ਸੀਆਂ ਨੂੰ 6:17)।
6. ਉਹ ਲੋਕਾਂ ਨੂੰ ਖਾਸ ਸੇਵਕਾਈ ਦੇ ਲਈ ਬੁਲਾਉਂਦਾ ਹੈ ਅਤੇ ਸੇਵਕਾਈ ਦੇ ਫੈਸਲੇ ਵਿੱਚ ਉਨ੍ਹਾਂ ਦੀ ਅਗਵਾਈ ਕਰਦਾ ਹੈ (ਰਸੂਲਾਂ ਦੇ ਕਰਤੱਬ 13:2-4, ਰਸੂਲਾਂ ਦੇ ਕਰਤੱਬ 15:28, ਰਸੂਲਾਂ ਦੇ ਕਰਤੱਬ 16:6-10)।
7. ਉਹ ਵਿਸ਼ਵਾਸੀ ਦਾ ਸ਼ੁੱਧੀਕਰਨ ਕਰਦਾ ਹੈ, ਉਸਨੂੰ ਪਵਿੱਤਰ ਬਣਾਉਣ ਦੇ ਲਈ ਉਸਦੇ ਦਿਲ ਨੂੰ ਸ਼ੁੱਧ ਕਰਦਾ ਹੈ (ਰਸੂਲਾਂ ਦੇ ਕਰਤੱਬ 15:8-9; ਪਤਰਸ ਦੀ ਪਹਿਲੀ ਪੱਤ੍ਰੀ 1:2)।

---

[14] ਯੂਹੰਨਾ ਦੀ ਪਹਿਲੀ ਪੱਤ੍ਰੀ 2:1 ਦੇ ਵਿੱਚ ਇਹੀ ਸ਼ਬਦ ਹੈ, ਜਿੱਥੇ ਯਿਸੂ ਨੂੰ ਪਿਤਾ ਦੇ ਅੱਗੇ ਸਾਡਾ ਪ੍ਰਤੀਨਿਧੀ ਕਿਹਾ ਜਾਂਦਾ ਹੈ।

8. ਉਹ ਪਾਪ ਤੇ ਜਿੱਤ ਪਾ ਕੇ ਜਿਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ (ਰੋਮੀਆਂ ਨੂੰ 8:1, 5, 13; ਗਲਾਤੀਆਂ ਨੂੰ 5:16)।

9. ਉਹ ਵਿਸ਼ਵਾਸੀ ਦੇ ਜੀਵਨ ਵਿੱਚ ਆਤਮਿਕ ਫ਼ਲ ਉਤਪੰਨ ਕਰਦਾ ਹੈ (ਗਲਾਤੀਆਂ ਨੂੰ 5:22-23)।

10. ਉਹ ਸੇਵਕਾਈ ਦੇ ਲਈ ਵਰਦਾਨ ਦਿੰਦਾ ਹੈ (1 ਕੁਰਿੰਥੀਆਂ ਨੂੰ 12:4-10, 28-30; ਰੋਮੀਆਂ ਨੂੰ 12:6-8; ਪਤਰਸ ਦੀ ਪਹਿਲੀ ਪੱਤ੍ਰੀ 4:10-11)।

11. ਉਹ ਸੇਵਕਾਈ ਦੇ ਬਲ ਲਈ ਖਾਸ ਮਸਹ ਦਿੰਦਾ ਹੈ (ਰਸੂਲਾਂ ਦੇ ਕਰਤੱਬ 1:8, ਰਸੂਲਾਂ ਦੇ ਕਰਤੱਬ 13:9; ਗਲਾਤੀਆਂ ਨੂੰ 3:5; ਪਤਰਸ ਦੀ ਪਹਿਲੀ ਪੱਤ੍ਰੀ 1:12)।

12. ਉਹ ਇੱਕ ਵਿਸ਼ਵਾਸੀ ਦੀ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਪ੍ਰਾਥਨਾ ਕਰਨ ਦੇ ਵਿੱਚ ਸਹਾਇਤਾ ਕਰਦਾ ਹੈ (ਰੋਮੀਆਂ ਨੂੰ 8:26-27; ਅਫ਼ਸੀਆਂ ਨੂੰ 6:18)।

13. ਉਹ ਕਲੀਸਿਆ ਦੇ ਵਿੱਚ ਏਕਤਾ ਅਤੇ ਸੰਗਤੀ ਬਣਾਉਂਦਾ ਹੈ (ਅਫ਼ਸੀਆਂ ਨੂੰ 4:3; ਫ਼ਿਲਿੱਪੀਆਂ ਨੂੰ 2:1)।

## ਆਤਮਾ ਦੇ ਵਰਦਾਨਾਂ ਬਾਰੇ ਕੁਝ ਸਿਧਾਂਤ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਵਿਆਖਿਆ ਕਰ ਸਕਦਾ ਹੈ।*

1. ਆਤਮਾ ਅਲੱਗ-ਅਲੱਗ ਵਰਦਾਨਾਂ, ਕੰਮਾਂ ਅਤੇ ਸੰਚਾਲਨ ਦੇ ਦੁਆਰਾ ਕੰਮ ਕਰਦਾ ਹੈ (1 ਕੁਰਿੰਥੀਆਂ ਨੂੰ 12:4-6)।

2. ਆਤਮਿਕ ਵਰਦਾਨ ਆਤਮਿਕਤਾ ਦੇ ਅਨੁਸਾਰ ਨਹੀਂ ਸਗੋਂ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਵੰਡੇ ਜਾਂਦੇ ਹਨ (1 ਕੁਰਿੰਥੀਆਂ ਨੂੰ 12:11, 1 ਕੁਰਿੰਥੀਆਂ ਨੂੰ 4:7)।

3. ਹਰੇਕ ਵਿਸ਼ਵਾਸੀ ਦੇ ਕੋਲ ਆਤਮਾ ਦੀ ਦਿੱਤੀ ਕੁਝ ਯੋਗਤਾ ਜਰੂਰ ਹੁੰਦੀ ਹੈ (1 ਕੁਰਿੰਥੀਆਂ ਨੂੰ 12:7)।

4. ਹਰੇਕ ਵਿਸ਼ਵਾਸੀ ਦੇ ਕੋਲੋਂ ਇੱਕ ਹੀ ਤਰ੍ਹਾਂ ਦੇ ਆਤਮਿਕ ਵਰਦਾਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ (1 ਕੁਰਿੰਥੀਆਂ ਨੂੰ 12:8-11, 14-30)।

5. ਆਤਮਿਕ ਵਰਦਾਨਾਂ ਦੀ ਵਰਤੋਂ ਹਮੇਸ਼ਾਂ ਦੂਸਰਿਆਂ ਦੀ ਸੇਵਾ ਅਤੇ ਪਰਮੇਸ਼ੁਰ ਦੀ ਵਡਿਆਈ ਦੇ ਲਈ ਕੀਤੀ ਜਾਣੀ ਚਾਹੀਦੀ ਹੈ (1 ਕੁਰਿੰਥੀਆਂ ਨੂੰ 12:21-22, 25; ਪਤਰਸ ਦੀ ਪਹਿਲੀ ਪੱਤ੍ਰੀ 4:10-11)।

## ਪਰਾਈ ਭਾਸ਼ਾ ਦਾ ਆਤਮਿਕ ਵਰਦਾਨ

ਸਾਰੇ ਮਸੀਹੀ ਪਰਾਈ ਭਾਸ਼ਾ ਦੇ ਆਤਮਿਕ ਵਰਦਾਨ ਦੇ ਅਭਿਆਸ ਦੇ ਪ੍ਰਤੀ ਸਹਿਮਤ ਨਹੀਂ ਹੁੰਦੇ। ਕੁਝ ਵਿਸ਼ਵਾਸੀ ਮੰਨਦੇ ਹਨ ਕਿ ਜਦੋਂ ਪਵਿੱਤਰ ਆਤਮਾ ਪ੍ਰਾਪਤ ਹੁੰਦਾ ਹੈ ਤਾਂ ਹਰੇਕ ਵਿਸ਼ਵਾਸੀ ਪਰਾਈ ਭਾਸ਼ਾ ਦੇ ਵਿੱਚ ਬੋਲਣਾ ਚਾਹੀਦਾ ਹੈ।

ਕੁਝ ਮਸੀਹੀ ਮੰਨਦੇ ਹਨ ਕਿ ਪਰਾਈ ਭਾਸ਼ਾ ਦਾ ਵਰਦਾਨ ਕੁਝ ਹੀ ਵਿਸ਼ਵਾਸੀਆਂ ਨੂੰ ਦਿੱਤਾ ਜਾਂਦਾ ਹੈ ਤਾਂ ਕਿ ਉਹ ਅਜਿਹੇ ਲੋਕਾਂ ਦੇ ਨਾਲ ਵਾਰਤਾਲਾਪ ਕਰ ਸਕਣ ਜੋ ਦੂਸਰੀ ਭਾਸ਼ਾ ਬੋਲਦੇ ਹਨ। ਉਹ ਅਜਿਹਾ ਇਸ ਕਾਰਨ ਮੰਨਦੇ ਹਨ ਕਿਉਂਕਿ ਪੰਤੇਕੁਸਤ ਦੇ ਸਮੇਂ ਬੋਲਣ ਵਾਲਿਆਂ ਨੂੰ ਬਹੁਤ ਸਾਰੀਆਂ ਵੱਖ-ਵੱਖ ਭਾਸ਼ਾਵਾਂ ਵਾਲੇ ਲੋਕ ਸਮਝ ਸਕੇ (ਰਸੂਲਾਂ ਦੇ ਕਰਤੱਬ 2:6)। ਉਹ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਇਸ ਵਰਦਾਨ ਨੂੰ ਅਤੇ ਦੂਸਰੇ ਵਰਦਾਨਾਂ ਨੂੰ ਆਪਣੀ ਇੱਛਾ ਦੇ ਅਨੁਸਾਰ ਦਿੰਦਾ ਹੈ (1 ਕੁਰਿੰਥੀਆਂ ਨੂੰ 12:4-11)। ਉਹ ਵਿਸ਼ਵਾਸ ਕਰਦੇ ਹਨ ਕਿ ਹਰੇਕ ਵਿਸ਼ਵਾਸੀ ਦੇ ਕੋਲ ਇੱਕ ਸਮਾਨ ਆਤਮਿਕ ਵਰਦਾਨ ਨਹੀਂ ਹੁੰਦੇ ਹਨ (1 ਕੁਰਿੰਥੀਆਂ ਨੂੰ 12:29-30), ਇਸ ਲਈ ਆਤਮਿਕ ਵਰਦਾਨ ਕਿਸੇ ਵਿਸ਼ਵਾਸੀ ਦੇ ਪ੍ਰਤੀ ਕੁਝ ਸਾਬਿਤ ਨਹੀਂ ਕਰਦਾ (1 ਕੁਰਿੰਥੀਆਂ ਨੂੰ 14:22), ਭਾਵੇਂਕਿ ਹਰੇਕ ਵਿਸ਼ਵਾਸੀ ਦੇ ਕੋਲ ਪਵਿੱਤਰ ਆਤਮਾ ਹੁੰਦਾ ਹੈ (ਰੋਮੀਆਂ ਨੂੰ 8:9)।

ਪਰਾਈ ਭਾਸ਼ਾ ਦੇ ਬਾਰੇ ਵੱਖ-ਵੱਖ ਧਾਰਨਾਵਾਂ ਵਿਸ਼ਵਾਸੀਆਂ ਨੂੰ ਕੁਝ ਪ੍ਰਕਾਰ ਦੀ ਸੇਵਕਾਈ ਦੇ ਵਿੱਚ ਮਿਲ ਕੇ ਕੰਮ ਕਰਨ ਤੋਂ ਰੋਕ ਸਕਦੀਆਂ ਹਨ, ਪਰ ਵਿਸ਼ਵਾਸੀਆਂ ਨੂੰ ਇਸ ਮੁੱਦੇ ਦੇ ਬਾਰੇ ਆਪਣੀਆਂ ਵੱਖਰੀਆਂ ਧਾਰਨਾਵਾਂ ਦੇ ਕਾਰਨ ਇੱਕ ਦੂਸਰੇ ਦਾ ਨਿਆਂ ਨਹੀਂ ਕਰਨਾ ਚਾਹੀਦਾ।

## ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੇ ਨਾਲ ਸੰਬੰਧ ਦੇ ਵਿੱਚ ਹੁੰਦਾ ਹੈ

ਜੇਕਰ ਤੁਸੀਂ ਪਰਮੇਸ਼ੁਰ ਦੇ ਨਾਲ ਸੰਬੰਧ ਵਿੱਚ ਹੋ, ਤਾਂ ਤੁਸੀਂ ਪਵਿੱਤਰ ਆਤਮਾ ਦੇ ਨਾਲ ਸੰਬੰਧ ਵਿੱਚ ਹੋ। ਇਹ ਸੰਭਵ ਨਹੀਂ ਹੈ ਕਿ ਤੁਸੀਂ ਤ੍ਰਿਏਕਤਾ ਦੇ ਦੂਸਰੇ ਵਿਅਕਤੀਤਵਾਂ ਨੂੰ ਛੱਡ ਕੇ ਤੁਸੀਂ ਇੱਕ ਵਿਅਕਤੀਤਵ ਨੂੰ ਜਾਣੋ। (ਪੜ੍ਹੋ ਅਫ਼ਸੀਆਂ ਨੂੰ 2:18; ਯੂਹੰਨਾ 6:44।)

ਕਿਸੇ ਵਿਅਕਤੀ ਨੂੰ ਬਚਾਏ ਜਾਣ ਤੋਂ ਪਹਿਲਾਂ ਇਹ ਜਰੂਰੀ ਨਹੀਂ ਹੈ ਕਿ ਉਹ ਪਵਿੱਤਰ ਆਤਮਾ ਦੀ ਧਰਮ ਸਿੱਖਿਆ ਨੂੰ ਜਾਣੇ। ਚੇਲ੍ਹੇ ਆਤਮਾ ਦੇ ਬਾਰੇ ਜਿਆਦਾ ਨਹੀਂ ਜਾਣਦੇ ਸਨ, ਪਰ ਯਿਸੂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਪਵਿੱਤਰ ਆਤਮਾ ਨੂੰ ਜਾਣਦੇ ਸਨ ਅਤੇ ਉਹ ਪਹਿਲਾਂ ਤੋਂ ਹੀ ਉਨ੍ਹਾਂ ਦੇ ਨਾਲ ਸੀ (ਪੜ੍ਹੋ ਯੂਹੰਨਾ 14:17)।

ਪਵਿੱਤਰ ਆਤਮਾ ਦੀ ਸਹੀ ਸਿੱਖਿਆ ਨੂੰ ਜਾਨਣ ਦੁਆਰਾ ਅਸੀਂ ਉਸਦੇ ਨਾਲ ਸਹੀ ਸੰਬੰਧ ਤਰੀਕੇ ਦੇ ਨਾਲ ਸੰਬੰਧ ਦੇ ਵਿੱਚ ਰਹਿ ਸਕਦੇ ਹਾਂ ਤਾਂ ਕਿ ਉਹ ਸਾਡੇ ਜੀਵਨਾਂ ਵਿੱਚ ਜਿਆਦਾ ਕੰਮ ਕਰ ਸਕੇ। ਉਸਨੂੰ ਇੱਕ ਵਿਅਕਤੀਤਵ ਦੇ ਰੂਪ ਵਿੱਚ ਜਾਨਣ ਦੁਆਰਾ ਅਸੀਂ ਇਹ ਜਾਣ ਸਕਦੇ ਹਾਂ ਕਿ ਅਸੀਂ ਉਸਦੇ ਨਾਲ ਸੰਬੰਧ ਰੱਖ ਸਕਦੇ ਹਾਂ। ਅਸੀਂ ਉਸਦੇ ਨਾਲ ਗੱਲਬਾਤ ਕਰ ਸਕਦੇ ਹਾਂ, ਅਤੇ ਉਹ ਸਾਡੇ ਨਾਲ ਗੱਲਬਾਤ ਕਰੇਗਾ। ਉਹ ਆਮ ਤੌਰ ਤੇ ਸਾਡੇ ਨਾਲ ਸੁਣੀ ਜਾ ਸਕਣ ਵਾਲੀ ਆਵਾਜ ਦੇ ਵਿੱਚ ਗੱਲ ਨਹੀਂ ਕਰਦਾ, ਪਰ ਉਹ ਸਾਡੀ ਪਰਮੇਸ਼ੁਰ ਦੀ ਇੱਛਾ ਅਤੇ ਉਸਦੇ ਪਿਆਰ ਨੂੰ ਸਮਝਣ ਦੇ ਵਿੱਚ ਸਹਾਇਤਾ ਕਰਦਾ ਹੈ। ਜੇਕਰ ਅਸੀਂ ਸੱਚਮੁੱਚ ਪਰਮੇਸ਼ੁਰ ਦੀ ਮਰਜ਼ੀ ਨੂੰ ਪੂਰਿਆਂ ਕਰਨਾ ਚਾਹੁੰਦੇ ਹਾਂ, ਤਾਂ ਪਵਿੱਤਰ ਆਤਮਾ ਸਾਡੀ ਅਗਵਾਈ ਕਰੇਗਾ ਭਾਵੇਂਕਿ ਅਸੀਂ ਹਮੇਸ਼ਾਂ ਇਸਨੂੰ ਮਹਿਸੂਸ ਨਹੀਂ ਕਰ ਸਕਦੇ।

ਇਹ ਜਾਣਨ ਦਾ ਅਰਥ ਕਿ ਉਹ ਇੱਕ ਵਿਅਕਤੀਤਵ ਹੈ ਇਸਦੇ ਨਾਲ ਅਸੀਂ ਅਜਿਹੀ ਪ੍ਰਤੀਕਿਰਿਆ ਨਹੀਂ ਕਰਦੇ ਜਿਵੇਂ ਕਿ ਉਹ ਸਿਰਫ਼ ਇੱਕ ਸ਼ਕਤੀ ਜਾਂ ਭਾਵਨਾ ਹੋਵੇ। ਜਦੋਂ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ, ਤਾਂ ਅਸੀਂ ਇਸ ਬਾਰੇ ਸੋਚਦੇ ਹਾਂ ਕਿ ਉਹ

ਕੌਣ ਹੈ ਅਤੇ ਉਹ ਕਿਹੋ ਜਿਹਾ ਹੈ, ਨਾ ਕਿ ਅਸੀਂ ਕੇਵਲ ਇੱਕ ਬੇਸਮਝ ਭਾਵਨਾ ਦਾ ਆਨੰਦ ਮਾਣਦੇ ਹਾਂ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਤਾਂ ਅਸੀਂ ਸਮਝਦਾਰੀ ਨਾਲ ਬੋਲਦੇ ਹਾਂ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਸਾਨੂੰ ਕੀ ਵਿਖਾ ਸਕਦਾ ਹੈ, ਨਾ ਕਿ ਦੂਜੇ ਵਿਸ਼ਵਾਸਾਂ ਦੇ ਲੋਕਾਂ ਵਾਂਗ, ਅਵਿਅਕਤੀਗਤ, ਜਾਦੂਈ ਤਰੀਕੇ ਨਾਲ ਸ਼ਬਦਾਂ ਦੀ ਵਰਤੋਂ ਕਰਦੇ ਹਾਂ।

ਜਦੋਂ ਅਸੀਂ ਜਾਣ ਲੈਂਦੇ ਹਾਂ ਕਿ ਪਵਿੱਤਰ ਆਤਮਾ ਪਰਮੇਸ਼ੁਰ ਹੈ ਤਾਂ ਇਸਦੇ ਨਾਲ ਸਾਨੂੰ ਅਰਾਧਨਾ ਦੇ ਵਿੱਚ ਇੱਕ ਆਦਰਯੋਗ ਰਵੱਈਆ ਮਿਲਦਾ ਹੈ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਉਸਦੀ ਅਗਵਾਈ ਨੂੰ ਮਹਿਸੂਸ ਕਰਦੇ ਹਾਂ, ਤਾਂ ਸਾਨੂੰ ਇਹ ਯਾਦ ਰੱਖਣ ਦੀ ਜਰੂਰਤ ਹੈ ਕਿ ਉਹ ਅਜਿਹਾ ਪਰਮੇਸ਼ੁਰ ਹੈ ਜੋ ਸਾਡੇ ਨਾਲ ਪਿਆਰ ਕਰਦਾ ਹੈ, ਸਾਨੂੰ ਪੂਰੀ ਤਰ੍ਹਾਂ ਦੇ ਨਾਲ ਜਾਣਦਾ ਹੈ, ਅਤੇ ਸਾਡੇ ਭਵਿੱਖ ਨੂੰ ਜਾਣਦਾ ਹੈ। ਉਹ ਸਰਬਉੱਚ ਅਧਿਕਾਰ ਹੈ, ਜਿਸਦੀ ਸਾਨੂੰ ਆਗਿਆਕਾਰੀ ਕਰਨੀ ਚਾਹੀਦੀ ਹੈ।

ਉਹ ਸਦਾ ਸਾਡੇ ਨਾਲ ਰਹਿੰਦਾ ਹੈ। ਪਵਿੱਤਰ ਵਚਨ ਦੱਸਦਾ ਹੈ ਕਿ ਸਾਨੂੰ ਆਤਮਾ ਦੇ ਵਿੱਚ ਰਹਿਣਾ ਅਤੇ ਉਸਦੇ ਵਿੱਚ ਚੱਲਣਾ ਚਾਹੀਦਾ ਹੈ (ਗਲਾਤੀਆਂ ਨੂੰ 5:25)। ਸਾਨੂੰ ਇਸ ਪ੍ਰਕਾਰ ਜਿਉਣਾ ਚਾਹੀਦਾ ਹੈ ਜਿਵੇਂ ਅਸੀਂ ਉਸਦੀ ਹਜ਼ੂਰੀ ਦੇ ਵਿੱਚ ਹਾਂ, ਅਤੇ ਅਜਿਹਾ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਉਸਦੀ ਹਜ਼ੂਰੀ ਦੇ ਵਿੱਚ ਉਦੋਂ ਹੀ ਆਉਂਦੇ ਹਾਂ ਜਦੋਂ ਕਲੀਸਿਆ ਦੇ ਵਿੱਚ ਹੁੰਦੇ ਹਾਂ। ਉਹ ਸਿਰਫ਼ ਸਾਡੇ ਨਾਲ ਹੀ ਨਹੀਂ ਹੈ, ਪਰ ਉਹ ਸਾਡੇ ਅੰਦਰ ਵਾਸ ਕਰਦਾ ਹੈ। ਇਹੀ ਕਾਰਨ ਹੈ ਕਿ ਸਾਨੂੰ ਅਜਿਹਾ ਜੀਵਨ ਜਿਉਣਾ ਚਾਹੀਦਾ ਹੈ ਜੋ ਸ਼ੁੱਧ ਅਤੇ ਪਵਿੱਤਰ ਹੋਵੇ (ਪੜ੍ਹੋ 1 ਕੁਰਿੰਥੀਆਂ ਨੂੰ 6:19।)।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਆਤਮਾ ਦੀ ਵੱਡੀ ਪ੍ਰਾਥਮਿਕਤਾ ਸਾਨੂੰ ਪਾਪ ਦੇ ਜੀਵਨ ਤੇ ਜਿੱਤ ਦੇਣਾ ਅਤੇ ਸਾਡੇ ਦਿਲਾਂ ਨੂੰ ਸ਼ੁੱਧ ਕਰਨਾ ਹੈ (ਰੋਮੀਆਂ ਨੂੰ 8:13; ਗਲਾਤੀਆਂ ਨੂੰ 5:16; ਰਸੂਲਾਂ ਦੇ ਕਰਤੱਬ 15:8-9)। ਜੇਕਰ ਅਸੀਂ ਉਸਨੂੰ ਉਸਦੀਆਂ ਪ੍ਰਮੁੱਖ ਪ੍ਰਾਥਮਿਕਤਾਵਾਂ ਨੂੰ ਪੂਰਿਆਂ ਨਹੀਂ ਕਰਨ ਦੇ ਰਹੇ ਤਾਂ ਫਿਰ ਸਾਨੂੰ ਹੋਰ ਗੱਲਾਂ ਦੇ ਲਈ ਪ੍ਰਾਥਨਾ ਨਹੀਂ ਕਰਨੀ ਚਾਹੀਦੀ। ਸਾਨੂੰ ਵਿਸ਼ਵਾਸ ਦੇ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ, ਇਹ ਮੰਨਦੇ ਹੋਏ ਕਿ ਉਹ ਸਾਨੂੰ ਪੂਰਨ ਤੌਰ ਤੇ ਪਵਿੱਤਰ ਬਣਾ ਸਕਦਾ ਹੈ। (ਪੜ੍ਹੋ 1 ਥੱਸਲੁਨੀਕੀਆਂ ਨੂੰ 5:23।)

ਜੀਵਨ ਦੇ ਸੰਘਰਸ਼ਾਂ ਦੇ ਵਿੱਚ ਉਹ ਸਾਨੂੰ ਅੰਦਰੂਨੀ ਬਲ ਪ੍ਰਦਾਨ ਕਰਦਾ ਹੈ (ਅਫ਼ਸੀਆਂ ਨੂੰ 3:16)। ਉਹ ਸਾਨੂੰ ਸਮਝਦਾ ਹੈ, ਉਹ ਸਾਡੇ ਹਲਾਤਾਂ ਨੂੰ ਸਮਝਦਾ ਹੈ, ਅਤੇ ਉਹ ਸਾਨੂੰ ਬਿਲਕੁਲ ਉਹ ਦੇ ਸਕਦਾ ਹੈ ਜਿਸਦੀ ਸਾਨੂੰ ਜਰੂਰਤ ਹੈ।

ਸੇਵਕਾਈ ਦੇ ਵਿੱਚ, ਸਾਨੂੰ ਅਗਵਾਈ ਦੇ ਲਈ ਉਸ ਤੇ ਨਿਰਭਰ ਹੋਣਾ ਚਾਹੀਦਾ ਹੈ, ਕਿ ਉਹ ਸਾਨੂੰ ਉਸਦੇ ਵਚਨਾਂ ਨੂੰ ਸਮਝਣ ਦੇ ਲਈ ਬਲ ਦੇਵੇ, ਅਤੇ ਅਸੀਂ ਦੂਸਰਿਆਂ ਦੇ ਦਿਲਾਂ ਵਿੱਚ ਆਤਮਿਕ ਨਤੀਜੇ ਲਿਆ ਸਕੀਏ। ਇਸਨੂੰ ਅਸੀਂ ਰਸੂਲਾਂ ਦੇ ਕਰਤੱਬ ਦੀ ਕਿਤਾਬ ਦੇ ਵਿੱਚ ਵੇਖਦੇ ਹਾਂ। ਕੋਈ ਵੀ ਮਨੁੱਖੀ ਯੋਗਤਾ ਆਤਮਾ ਦੇ ਕੰਮ ਦਾ ਸਥਾਨ ਨਹੀਂ ਲੈ ਸਕਦੀ।

ਭਾਵੇਂ ਤੁਸੀਂ ਪਹਿਲਾਂ ਤੋਂ ਹੀ ਆਤਮਾ ਨਾਲ ਭਰਪੂਰ ਹੋ, ਤਦ ਵੀ ਤੁਹਾਨੂੰ ਉਸਦੇ ਨਾਲ ਸੰਬੰਧ ਰੱਖਣਾ ਭੁੱਲਣਾ ਨਹੀਂ ਚਾਹੀਦਾ। ਆਤਮਾ ਨਾਲ ਭਰਪੂਰ ਹੋ ਜਾਓ ਦੀ ਆਗਿਆ ਲਗਾਤਾਰ ਭਰਦੇ ਰਹਿਣ ਦੀ ਆਗਿਆ ਹੈ (ਪੜ੍ਹੋ ਅਫ਼ਸੀਆਂ ਨੂੰ 5:18)। ਸਾਨੂੰ ਉਸਦੇ ਨਾਲ ਆਪਣੇ ਸੰਬੰਧ ਦੇ ਦੁਆਰਾ ਲਗਾਤਾਰ ਭਰਪੂਰ ਹੋਣ ਦੀ ਜਰੂਰਤ ਹੈ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਪਵਿੱਤਰ ਆਤਮਾ ਤ੍ਰਿਏਕਤਾ ਦਾ ਤੀਸਰਾ ਵਿਅਕਤੀਤਵ ਹੈ, ਜੋ ਪਿਤਾ ਅਤੇ ਪੁੱਤਰ ਦੇ ਨਾਲ ਪੂਰਨ ਪਰਮੇਸ਼ੁਰ ਹੈ। ਉਹ ਪਾਪ ਦੇ ਵਿਖੇ ਕਾਇਲ ਕਰਦਾ ਹੈ, ਨਵਾਂ ਜਨਮ ਦਿੰਦਾ ਹੈ ਅਤੇ ਹਰੇਕ ਵਿਸ਼ਵਾਸੀ ਦੇ ਅੰਦਰ ਵਾਸ ਕਰਦਾ ਹੈ, ਪਾਪ ਦੇ ਉੱਤੇ ਜਿੱਤ ਦਿੰਦਾ ਹੈ ਅਤੇ ਦਿਲਾਂ ਨੂੰ ਸ਼ੁੱਧ ਕਰਦਾ ਹੈ। ਉਹ ਕਲੀਸਿਆ ਦੇ ਜੀਵਨ ਵਿੱਚ ਏਕਤਾ ਲਿਆਉਂਦਾ ਹੈ, ਜਿਸਨੂੰ ਉਹ ਆਤਮਾ ਦੇ ਫ਼ਲਾਂ ਅਤੇ ਆਤਮਿਕ ਵਰਦਾਨਾਂ ਦੀ ਬਰਕਤ ਦਿੰਦਾ ਹੈ।

## ਪਵਿੱਤਰ ਆਤਮਾ ਦੇ ਵਿਅਕਤੀਤਵ ਦੇ ਬਾਰੇ ਬਾਈਬਲ ਦੇ ਸਬੂਤ

*ਕਲਾਸ ਦੇ ਆਗੂ ਲਈ ਸੂਚਨਾ: ਇਹ ਭਾਗ ਇੱਕ ਵਿਕਲਪ ਦੇ ਰੂਪ ਵਿੱਚ ਹੈ ਅਤੇ ਜੇਕਰ ਕਲਾਸ ਇਸ ਬਿੰਦੂ ਦੇ ਲਈ ਜਿਆਦਾ ਬਾਈਬਲ ਆਧਾਰਿਤ ਸਬੂਤਾਂ ਦੀ ਜਰੂਰਤ ਮਹਿਸੂਸ ਕਰਦੀ ਹੈ ਤਾਂ ਇਸਦਾ ਅਧਿਐਨ ਕੀਤਾ ਜਾ ਸਕਦਾ ਹੈ।*

ਕੁਝ ਲੋਕ ਆਤਮਾ ਦੇ ਵਿਅਕਤੀਤਵ ਦਾ ਇਨਕਾਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਇੱਕ ਗ਼ੈਰ-ਵਿਅਕਤੀਤਵ ਵਾਲੀ ਸ਼ਕਤੀ ਹੈ ਜੋ ਬਿਜ਼ਲੀ ਜਾਂ ਗੁਰਤਾਆਕਰਸ਼ਣ ਦੇ ਸਮਾਨ ਹੈ। ਪਰ ਜਿਵੇਂ ਬਾਈਬਲ ਪਵਿੱਤਰ ਆਤਮਾ ਨੂੰ ਦਰਸਾਉਂਦੀ ਹੈ ਉਸ ਪ੍ਰਕਾਰ ਇਸਨੂੰ ਗ਼ੈਰ-ਵਿਅਕਤੀਤਵ ਵਾਲੀ ਸ਼ਕਤੀ ਕਹਿਣਾ ਅਸੰਭਵ ਹੈ। ਬਿਜ਼ਲੀ ਗੱਲਬਾਤ ਅਤੇ ਤਰਕ ਨਹੀਂ ਕਰ ਸਕਦੀ; ਗੁਰਤਾਆਕਸਣ ਦੇ ਨਾਲ ਝੂਠ ਨਹੀਂ ਬੋਲਿਆ ਜਾ ਸਕਦਾ। ਇੱਕ ਮਨ-ਰਹਿਤ ਸ਼ਕਤੀ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਨਹੀਂ ਕਰ ਸਕਦੀ।

ਕੁਝ ਲੋਕ ਕਹਿੰਦੇ ਹਨ ਕਿ ਇਹ ਵਚਨ ਵਿਅਕਤੀਤਵ ਦੇਣ ਦਾ ਯਤਨ ਕਰਦੇ ਹਨ, ਇਹ ਇੱਕ ਗ਼ੈਰ-ਵਿਅਕਤੀਤਵ ਨੂੰ ਇਸ ਪ੍ਰਕਾਰ ਦੱਸਦੇ ਹਨ ਜਿਵੇਂ ਉਹ ਕੋਈ ਵਿਅਕਤੀਤਵ ਹੋਵੇ ਅਸਲ ਵਿੱਚ ਉਨ੍ਹਾਂ ਦਾ ਇਹ ਮਤਲਬ ਨਹੀਂ ਹੈ। ਪਰ ਵਚਨਾਂ ਦੇ ਵਿੱਚ ਆਤਮਾ ਨੂੰ ਇੱਕ ਵਿਅਕਤੀਤਵ ਦੇ ਰੂਪ ਵਿੱਚ ਦੱਸਿਆ ਗਿਆ ਹੈ, ਅਤੇ ਲੋਕਾਂ ਨੇ ਉਸਦੇ ਪ੍ਰਤੀ ਇੱਕ ਵਿਅਕਤੀਤਵ ਦੇ ਵੱਜੋਂ ਪ੍ਰਤੀਕਿਰਿਆ ਕੀਤੀ। ਕੁਝ ਸਥਾਨਾਂ ਤੇ ਆਤਮਾ ਨੂੰ ਤਸਵੀਰੀ ਭਾਸ਼ਾ ਦੇ ਵਿੱਚ ਅਜਿਹਾ ਦਰਸਾਇਆ ਗਿਆ ਹੈ ਜਿਵੇਂ ਉਹ ਕੋਈ ਪਦਾਰਥ ਹੋਵੇ, ਜਿਵੇਂ ਬਾਈਬਲ ਕਹਿੰਦੀ ਹੈ ਕਿ ਆਤਮਾ ਵਹਾਇਆ ਜਾਵੇਗਾ (ਰਸੂਲਾਂ ਦੇ ਕਰਤੱਬ 2:17)। ਇਸਨੂੰ ਤਸਵੀਰੀ ਭਾਸ਼ਾ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਬਾਈਬਲ ਆਤਮਾ ਦੇ ਬਾਰੇ ਸਾਧਾਰਨ ਤੌਰ ਤੇ ਇੱਕ ਵਿਅਕਤੀਤਵ ਦੇ ਵੱਜੋਂ ਗੱਲ ਕਰਦੀ ਹੈ।

ਪਵਿੱਤਰ ਆਤਮਾ ਦੇ ਵਿਅਕਤੀਤਵ ਦੇ ਬਾਰੇ ਬਾਈਬਲ ਦੇ ਸਬੂਤ:

- ਮੱਤੀ 28:19 ਦੇ ਵਿੱਚ ਸਾਨੂੰ ਕਿਹਾ ਗਿਆ ਹੈ ਕਿ ਅਸੀਂ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੇ ਨਾਮ ਤੇ ਬਪਤਿਸਮਾ ਦੇਣ ਲਈ ਕਿਹਾ ਗਿਆ ਹੈ, ਜਿਸਦਾ ਮਤਲਬ ਹੈ ਕਿ ਤਿੰਨ੍ਹਾਂ ਦੇ ਕੋਲ ਹੀ ਅਧਿਕਾਰ ਹੈ।
- 2 ਕੁਰਿੰਥੀਆਂ ਨੂੰ 13:14 ਦੇ ਵਿੱਚ ਪਵਿੱਤਰ ਆਤਮਾ ਦੇ ਨਾਲ ਸੰਗਤੀ ਕਰਨ ਦਾ ਜ਼ਿਕਰ ਕੀਤਾ ਗਿਆ ਹੈ, ਜੋ ਇੱਕ ਬੁੱਧੀਮਾਨ ਵਾਰਤਾਲਾਪ ਨੂੰ ਦਰਸਾਉਂਦਾ ਹੈ।

- ਮਰਕੁਸ 13:11 ਦੇ ਵਿੱਚ ਵਿਸ਼ਵਾਸੀਆਂ ਦੇ ਨਾਲ ਵਾਇਦਾ ਕੀਤਾ ਗਿਆ ਕਿ ਸਤਾਅ ਦੇ ਸਮੇਂ ਪਵਿੱਤਰ ਆਤਮਾ ਉਨ੍ਹਾਂ ਦੇ ਦੁਆਰਾ ਬੋਲੇਗਾ।
- ਯੂਹੰਨਾ 14:17, 26 ਦੇ ਵਿੱਚ ਪਵਿੱਤਰ ਆਤਮਾ ਨੂੰ ਸਚਿਆਈ ਦਾ ਆਤਮਾ ਕਿਹਾ ਗਿਆ ਹੈ ਜੋ ਸਾਨੂੰ ਸਿਖਾਏਗਾ ਅਤੇ ਯਾਦ ਕਰਵਾਏਗਾ।
- ਯੂਹੰਨਾ 16:7-11 ਦੇ ਵਿੱਚ, ਯਿਸੂ ਨੇ ਵਾਇਦਾ ਕੀਤਾ ਕਿ ਪਵਿੱਤਰ ਆਤਮਾ ਸੰਸਾਰ ਨੂੰ ਪਾਪ, ਧਾਰਮਿਕਤਾ ਅਤੇ ਨਿਆਂ ਦੇ ਵਿਖੇ ਕਾਇਲ ਕਰੇਗਾ, ਜਿਸਦੇ ਵਿੱਚ ਬੁੱਧੀਮਾਨੀ ਦੇ ਵਾਰਤਾਲਾਪ ਦੀ ਜਰੂਰਤ ਹੁੰਦੀ ਹੈ।
- ਯੂਹੰਨਾ 16:13-15 ਦੱਸਦਾ ਹੈ ਕਿ ਪਵਿੱਤਰ ਆਤਮਾ ਆਪਣੇ ਅਧਿਕਾਰ ਦੇ ਨਾਲ ਨਹੀਂ ਬੋਲੇਗਾ, ਪਰ ਉਹ ਮਸੀਹ ਦੀਆਂ ਗੱਲਾਂ ਦੀ ਘੋਸ਼ਣਾ ਕਰੇਗਾ।
- 1 ਕੁਰਿੰਥੀਆਂ ਨੂੰ 12:11 ਦੇ ਅਨੁਸਾਰ ਪਵਿੱਤਰ ਆਤਮਾ ਇਸ ਗੱਲ ਦੀ ਚੋਣ ਕਰਦਾ ਹੈ ਕਿ ਆਤਮਿਕ ਵਰਦਾਨ ਕਿਵੇਂ ਦਿੱਤੇ ਜਾਣਗੇ।
- ਉਹ ਸਾਡੇ ਆਤਮਾ ਨੂੰ ਸਾਖੀ ਦਿੰਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ (ਰੋਮੀਆਂ ਨੂੰ 8:16)।
- ਉਹ ਸਾਡੇ ਲਈ ਪਿਤਾ ਦੇ ਅੱਗੇ ਵਿਚੋਲਗੀ ਕਰਦਾ ਹੈ ਅਤੇ ਉਸਦੇ ਕੋਲ ਅਜਿਹਾ ਮਨ ਹੈ ਜੋ ਪਰਮੇਸ਼ੁਰ ਦੀ ਇੱਛਾ ਨੂੰ ਸਮਝ ਸਕਦਾ ਹੈ (ਰੋਮੀਆਂ ਨੂੰ 8:26-27)।
- ਅਫ਼ਸੀਆਂ ਨੂੰ 4:30 ਦੇ ਅਨੁਸਾਰ, ਉਹ ਉਦਾਸ ਹੋ ਸਕਦਾ ਹੈ, ਇਸਦਾ ਅਰਥ ਹੈ ਕਿ ਉਹ ਸਾਡੀਆਂ ਪ੍ਰਤੀਕਿਰਿਆਵਾਂ ਨੂੰ ਸਮਝਦਾ ਹੈ ਅਤੇ ਉਸਦੇ ਵਿੱਚ ਭਾਵਨਾਵਾਂ ਹਨ।
- ਉਸਦੇ ਨਾਲ ਝੂਠ ਬੋਲਿਆ ਜਾ ਸਕਦਾ ਹੈ, ਜਿਸਦਾ ਅਰਥ ਉਹ ਸਾਡੇ ਵਾਰਤਾਲਾਪ ਨੂੰ ਸਮਝਦਾ ਹੈ (ਰਸੂਲਾਂ ਦੇ ਕਰਤੱਬ 5:3)।
- ਉਹ ਗੱਲਬਾਤ ਕਰਦਾ ਹੈ, ਦਿਸ਼ਾ-ਨਿਰਦੇਸ਼ ਦਿੰਦਾ ਹੈ ਅਤੇ ਉਸਦੀ ਇੱਛਾ ਹੈ ਜਿਸਦੇ ਪਿੱਛੇ ਸਾਨੂੰ ਚੱਲਣਾ ਚਾਹੀਦਾ ਹੈ (ਰਸੂਲਾਂ ਦੇ ਕਰਤੱਬ 13:2-4)।
- ਉਸਨੇ ਮਿਸ਼ਨਰੀ ਯਾਤਰਾ ਦੇ ਵਿੱਚ ਰਸੂਲਾਂ ਦਾ ਦਿਸ਼ਾ-ਨਿਰਦੇਸ਼ ਕੀਤਾ ਅਤੇ ਕਈ ਵਾਰ ਉਨ੍ਹਾਂ ਨੂੰ ਕਿਸੇ ਸਥਾਨ ਤੇ ਜਾਣ ਤੋਂ ਮਨ੍ਹਾ ਕੀਤਾ (ਰਸੂਲਾਂ ਦੇ ਕਰਤੱਬ 16:6)।

## ਪਾਠ 10 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਰਸੂਲਾਂ ਦੇ ਕਰਤੱਬ 1:4-8
- ਰੋਮੀਆਂ ਨੂੰ 8:1-14
- 1 ਕੁਰਿੰਥੀਆਂ ਨੂੰ 2:9-16
- 1 ਕੁਰਿੰਥੀਆਂ ਨੂੰ 12:1-13
- ਗਲਾਤੀਆਂ ਨੂੰ 5:22-26

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 10 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 10 ਦੀ ਪ੍ਰੀਖਿਆ

(1) ਪ੍ਰਾਰੰਭਿਕ ਕਲੀਸਿਆ ਦੀ ਪਵਿੱਤਰ ਆਤਮਾ ਪ੍ਰਤੀ ਪ੍ਰਤੀਕਿਰਿਆ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ।

(2) ਅਸੀਂ ਕਿਵੇਂ ਜਾਣਦੇ ਹਾਂ ਕਿ ਪਵਿੱਤਰ ਆਤਮਾ ਇੱਕ ਵਿਅਕਤੀਤਵ ਹੈ?

(3) ਪੰਜ ਤਰੀਕੇ ਲਿਖੋ ਜਿਨ੍ਹਾਂ ਨਾਲ ਅਸੀਂ ਜਾਣਦੇ ਹਾਂ ਕਿ ਪਵਿੱਤਰ ਆਤਮਾ ਪਰਮੇਸ਼ੁਰ ਹੈ।

(4) ਪਵਿੱਤਰ ਆਤਮਾ ਦੇ ਕੰਮਾਂ ਵਿੱਚੋਂ ਨੌਂ ਲਿਖੋ।

(5) ਸਾਡੇ ਜੀਵਨਾਂ ਵਿੱਚ ਪਵਿੱਤਰ ਆਤਮਾ ਦੇ ਕੰਮ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਕੀ ਹੈ?

# ਪਾਠ 11

# ਮਸੀਹੀ ਪਵਿੱਤਰਤਾਈ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਬਾਈਬਲ ਦੇ ਵਿੱਚ ਵਰਤੇ ਗਏ *ਪਵਿੱਤਰ* ਸ਼ਬਦ ਦੀ ਸਮਝ।
- ਮਸੀਹੀ ਪਵਿੱਤਰਤਾਈ ਦੇ ਆਧਾਰ ਵੱਜੋਂ ਪਰਮੇਸ਼ੁਰ ਦੀ ਪਵਿੱਤਰਤਾਈ।
- ਅਰਾਧਨਾ ਅਤੇ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਪਵਿੱਤਰਤਾਈ ਦਾ ਮਹੱਤਵ।
- ਸ਼ੁੱਧੀਕਰਨ ਦੇ ਅਨੁਭਵ ਬਾਰੇ ਬਾਈਬਲ ਵਿੱਚ ਪਾਈਆਂ ਜਾਣ ਵਾਲੀਆਂ ਉਦਾਹਰਨਾਂ।
- ਆਤਮਿਕ ਪਰਿਪੱਕਤਾ ਦੇ ਅਭਿਆਸ।
- ਮਸੀਹੀ ਪਵਿੱਤਰਤਾਈ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਦੇ ਕੋਲ ਵਿਸ਼ਵਾਸ ਹੋਵੇਗਾ ਕਿ ਪਰਮੇਸ਼ੁਰ ਦੀ ਕ੍ਰਿਪਾ ਉਸਨੂੰ ਵਰਤਮਾਨ ਸੰਸਾਰ ਦੇ ਵਿੱਚ ਪਵਿੱਤਰ ਬਣਾਏਗੀ।

## ਬਾਈਬਲ ਦਾ ਸ਼ਬਦ

*ਪਵਿੱਤਰਤਾਈ* ਜਾਂ *ਸ਼ੁੱਧੀਕਰਨ* ਦੇ ਵੱਜੋਂ ਅਨੁਵਾਦ ਕੀਤਾ ਗਿਆ ਇਬਰਾਨੀ ਸ਼ਬਦ ਪੁਰਾਣੇ ਨੇਮ ਦੇ ਵਿੱਚ 600 ਤੋਂ ਵੀ ਜਿਆਦਾ ਵਾਰ ਉਪਯੋਗ ਕੀਤਾ ਗਿਆ ਹੈ। ਇਬਰਾਨੀ ਅਤੇ ਯੂਨਾਨੀ ਦੋਨਾਂ ਭਾਸ਼ਾਵਾਂ ਦੇ ਵਿੱਚ *ਪਵਿੱਤਰ* ਸ਼ਬਦ ਦਾ ਮੁੱਢਲੇ ਤੌਰ ਤੇ ਅਰਥ ਹੈ ਅਲੱਗ ਹੋਣਾ, ਕਿਸੇ ਇੱਕ ਉਦੇਸ਼ ਦੇ ਪ੍ਰਤੀ ਸਮਰਪਿਤ ਹੋਣਾ। ਜਿਸ ਵਸਤੂ ਜਾਂ ਵਿਅਕਤੀ ਨੂੰ ਅਲੱਗ ਕੀਤਾ ਜਾਂਦਾ ਹੈ ਉਸਨੂੰ ਉਸਦੇ ਪਹਿਲੇ ਉਪਯੋਗ ਨਾਲੋਂ ਅਲੱਗ ਉਦੇਸ਼ ਦੇ ਲਈ ਵੱਖ ਕੀਤਾ ਜਾਂਦਾ ਹੈ। ਉਨ੍ਹਾਂ ਵੱਖ-ਵੱਖ ਚੀਜ਼ਾਂ ਤੇ ਧਿਆਨ ਦਿਓ ਜਿੰਨ੍ਹਾਂ ਨੂੰ ਪੁਰਾਣੇ ਨੇਮ ਦੇ ਵਿੱਚ ਸਮਰਪਿਤ ਕੀਤਾ ਗਿਆ ਅਤੇ ਪਵਿੱਤਰ ਮੰਨਿਆ ਗਿਆ:

- **ਪਵਿੱਤਰ ਭੂਮੀ।** ਪਰਮੇਸ਼ੁਰ ਮੂਸਾ ਦੇ ਨਾਲ ਮਿਲਣ ਦੇ ਸਥਾਨ ਦੀ ਭੂਮੀ ਨੂੰ ਅਲੱਗ ਕਰਦਾ ਹੈ (ਕੂਚ 3:5)।
- **ਪਵਿੱਤਰ ਮਿਲਾਪ ਦਾ ਤੰਬੂ ਅਤੇ ਹੈਕਲ।** ਮਿਲਾਪ ਦੇ ਤੰਬੂ ਅਤੇ ਹੈਕਲ ਦੇ ਨਾਲ ਬਹੁਤ ਸਾਰੀਆਂ ਪਵਿੱਤਰ ਵਸਤਾਂ ਜੁੜੀਆਂ ਹੋਈਆਂ ਹਨ, ਜਿੰਨ੍ਹਾਂ ਦੇ ਵਿੱਚ ਜਾਜਕਾਂ ਦੀ ਬਸਤਰ ਵੀ ਸ਼ਾਮਿਲ ਸਨ (ਲੇਵੀਆਂ ਦੀ ਪੋਥੀ 16:32), ਰੋਟੀ (ਕੂਚ 29:34), ਸਮਾਨ (ਕੂਚ 40:9)। ਇਹ ਪਰਮੇਸ਼ੁਰ ਦੀ ਅਰਾਧਨਾ ਦੇ ਲਈ ਅਲੱਗ ਕੀਤੇ ਗਏ ਸਨ।

- **ਪਵਿੱਤਰ ਦਿਨ**। ਸਬਤ ਦੇ ਦਿਨ ਨੂੰ ਪਵਿੱਤਰ ਮੰਨ ਕੇ ਅਲੱਗ ਕੀਤਾ ਗਿਆ (ਉਤਪਤ 2:3; ਕੂਚ 20:8)। ਹੋਰ ਯਹੂਦੀ ਦਿਨ ਜਿਵੇਂ ਕਿ ਪ੍ਰਾਸਚਿੱਤ ਦਾ ਦਿਨ ਵੀ ਖਾਸ ਸਨ (ਲੇਵੀਆਂ ਦੀ ਪੋਥੀ 23:26-29)। ਇਹ ਦਿਨ ਆਰਾਮ ਕਰਨ, ਯਾਦ ਕਰਨ ਅਤੇ ਅਰਾਧਨਾ ਕਰਨ ਦੇ ਲਈ ਅਲੱਗ ਕੀਤੇ ਗਏ ਸਨ।

- **ਪਵਿੱਤਰ ਪਰਮੇਸ਼ੁਰ**। ਬਾਈਬਲ ਦੇ ਵਿੱਚ ਪਵਿੱਤਰਤਾਈ ਦੀ ਸਭ ਵੱਡੀ ਉਦਾਹਰਨ ਪਰਮੇਸ਼ੁਰ ਆਪ ਹੈ। ਪਰਮੇਸ਼ੁਰ ਪੂਰੀ ਤਰ੍ਹਾਂ ਦੇ ਨਾਲ ਪਵਿੱਤਰ ਹੈ। ਉਸਦਾ ਨਾਮ ਪਵਿੱਤਰ ਹੈ (ਲੇਵੀਆਂ ਦੀ ਪੋਥੀ 22:2); ਉਸਦੇ ਵਚਨ ਪਵਿੱਤਰ ਹਨ (ਯਿਰਮਿਯਾਹ 23:9); ਉਸਦੇ ਰਾਹ ਪਵਿੱਤਰ ਹਨ (ਜ਼ਬੂਰਾਂ ਦੀ ਪੋਥੀ 77:13)। ਪਵਿੱਤਰਤਾਈ ਦਾ ਅਰਥ ਹੈ ਕਿ ਪਰਮੇਸ਼ੁਰ ਆਪਣੇ ਈਸ਼ਵਰੀ ਵਿਅਕਤੀਤਵ ਅਤੇ ਸਥਾਨ ਦੇ ਵਿੱਚ ਪਾਪ, ਅਸ਼ੁੱਧਤਾ, ਸਾਂਝੇ, ਆਮ ਜਾਂ ਅਨਉੱਚਿਤ ਤੋਂ ਪੂਰੀ ਤਰ੍ਹਾਂ ਦੇ ਨਾਲ ਅਲੱਗ ਹੈ।

ਨਵੇਂ ਨੇਮ ਦੇ ਵਿੱਚ ਯਿਸੂ ਨੂੰ ਪਵਿੱਤਰ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ (ਯੂਹੰਨਾ 17:19; ਰਸੂਲਾਂ ਦੇ ਕਰਤੱਬ 4:27, 30) ਅਤੇ ਪਾਪ-ਰਹਿਤ ਕਿਹਾ ਗਿਆ (2 ਕੁਰਿੰਥੀਆਂ ਨੂੰ 5:21)। ਸਵਰਗਦੂਤ (ਮਰਕੁਸ 8:38) ਅਤੇ ਰਸੂਲਾਂ ਅਤੇ ਨਬੀਆਂ ਨੂੰ ਵੀ ਪਵਿੱਤਰ ਕਿਹਾ ਗਿਆ ਹੈ(ਅਫ਼ਸੀਆਂ ਨੂੰ 3:5)। ਇਹ ਸਭ ਕਿਸੇ ਖਾਸ ਕੰਮ ਦੇ ਲਈ ਅਲੱਗ ਕੀਤੇ ਗਏ ਸਨ।

ਬਾਈਬਲ ਪਰਮੇਸ਼ੁਰ ਦੇ ਲੋਕਾਂ ਨੂੰ ਪਵਿੱਤਰ ਹੋਣ ਦੇ ਲਈ ਬੁਲਾਉਂਦੀ ਹੈ (ਲੇਵੀਆਂ ਦੀ ਪੋਥੀ 11:44-45; 1 ਕੁਰਿੰਥੀਆਂ ਨੂੰ 1:2; 1 ਪਤਰਸ 1:15-16)। ਇਹ ਪਾਠ ਸਾਨੂੰ ਉਸ ਪਵਿੱਤਰਤਾਈ ਦੇ ਬਾਰੇ ਸਿਖਾਏਗਾ ਜਿਸਦੀ ਪਰਮੇਸ਼ੁਰ ਸਾਡੇ ਤੋਂ ਉਮੀਦ ਕਰਦਾ ਹੈ।

## ਪਰਮੇਸ਼ੁਰ ਦੇ ਪਵਿੱਤਰ ਅਰਾਧਕ

► ਜ਼ਬੂਰਾਂ ਦੀ ਪੋਥੀ 119:33-40 ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਪਰਮੇਸ਼ੁਰ ਦੇ ਦੁਆਰਾ ਕਿਸੇ ਵਿਸ਼ਵਾਸੀ ਦੇ ਪਰਿਵਰਤਨ ਕੀਤੇ ਜਾਣ ਦੇ ਬਾਰੇ ਕੀ ਕਹਿੰਦਾ ਹੈ?

ਜਦੋਂ ਪਰਮੇਸ਼ੁਰ ਨੇ ਆਪਣਾ ਪ੍ਰਗਟਾਵਾ ਕਰਨਾ ਸ਼ੁਰੂ ਕੀਤਾ, ਉਸਦਾ ਪਹਿਲਾ ਉਦੇਸ਼ ਇਹ ਵਿਖਾਉਣਾ ਸੀ ਕਿ ਉਹ ਕਿਸ ਪ੍ਰਕਾਰ ਦਾ ਪਰਮੇਸ਼ੁਰ ਹੈ। ਪਰਮੇਸ਼ੁਰ ਨੇ ਮੁੱਢਲੇ ਰੂਪ ਦੇ ਵਿੱਚ ਆਪਣੇ ਆਪ ਨੂੰ ਪਵਿੱਤਰ ਰੂਪ ਦੇ ਵਿੱਚ ਦਰਸਾਇਆ। ਯਸਾਯਾਹ ਦੇ ਅਕਸਰ ਪਰਮੇਸ਼ੁਰ ਦਾ ਹਵਾਲਾ "ਇਸਰਾਏਲ ਦੇ ਪਵਿੱਤਰ ਪੁਰਖ" ਵੱਜੋਂ ਦਿੱਤਾ।

ਪਰਮੇਸ਼ੁਰ ਦੀ ਪਵਿੱਤਰਤਾਈ ਅਰਾਧਨਾ ਦਾ ਮੁੱਖ ਵਿਸ਼ਾ ਸੀ:

> ਓਹ ਤੇਰੇ ਵੱਡੇ ਅਤੇ ਭਿਆਣਕ ਨਾਮ ਨੂੰ ਸਲਾਹੁਣ, ਉਹ ਪਵਿੱਤਰ ਹੈ। ਤੁਸੀਂ ਯਹੋਵਾਹ ਸਾਡੇ ਪਰਮੇਸ਼ੁਰ ਦੀ ਬਜ਼ੁਰਗੀ ਕਰੋ, ਅਤੇ ਉਹ ਦਿਆਂ ਚਰਨਾਂ ਦੀ ਚੌਂਕੀ ਉੱਤੇ ਮੱਥਾ ਟੇਕੋ, ਉਹ ਪਵਿੱਤਰ ਹੈ (ਜ਼ਬੂਰਾਂ ਦੀ ਪੋਥੀ 99:3, 5)।

ਪਰਮੇਸ਼ੁਰ ਦੀ ਪਵਿੱਤਰਤਾ ਮਨੁੱਖ ਲਈ ਉਸਦੀ ਲੋੜ ਦਾ ਆਧਾਰ ਹੈ। ਕਿਉਂਕਿ ਉਹ ਪਵਿੱਤਰ ਹੈ, ਇਸ ਲਈ ਉਹ ਆਪਣੇ ਅਰਾਧਕ ਨੂੰ ਪਵਿੱਤਰ ਹੋਣ ਦਾ ਸੱਦਾ ਦਿੰਦਾ ਹੈ। ਉਸਨੇ ਕਿਹਾ, "ਪਵਿੱਤਰ ਬਣੋ, ਕਿਉਂਕਿ ਮੈਂ ਪਵਿੱਤਰ ਹਾਂ" (ਲੇਵੀਆਂ ਦੀ ਪੋਥੀ 11:44-45, ਲੇਵੀਆਂ ਦੀ ਪੋਥੀ 19:2, ਲੇਵੀਆਂ ਦੀ ਪੋਥੀ 20:26, ਲੇਵੀਆਂ ਦੀ ਪੋਥੀ 21:8)।

ਇਸਰਾਏਲ ਦਾ ਪਰਮੇਸ਼ੁਰ ਪਰਾਈਆਂ ਕੌਮਾਂ ਦੇ ਝੂਠੇ ਦੇਵਤਿਆਂ ਨਾਲੋਂ ਅਲੱਗ ਸੀ ਅਤੇ ਉਸਨੇ ਇੱਕ ਅਲੱਗ ਤਰ੍ਹਾਂ ਦੀ ਅਰਾਧਨਾ ਦੀ ਮੰਗ ਕੀਤੀ।

> ਯਹੋਵਾਹ ਦੇ ਪਹਾੜ ਉੱਤੇ ਕੌਣ ਚੜ੍ਹੇਗਾ,ਅਤੇ ਉਸ ਦੇ ਪਵਿੱਤਰ ਅਸਥਾਨ ਵਿੱਚ ਕੌਣ ਖੜਾ ਹੋਵੇਗਾ? ਉਹ ਜਿਸ ਦੇ ਹੱਥ ਪਾਕ ਅਤੇ ਮਨ ਪਵਿੱਤਰ ਹੈ,ਅਤੇ ਜਿਸ ਨੇ ਆਪਣਾ ਜੀ ਫਰੇਬ ਵੱਲ ਨਹੀਂ ਲਾਇਆ, ਅਤੇ ਛਲਣ ਲਈ ਸੌਂਹ ਨਹੀਂ ਖਾਧੀ (ਜ਼ਬੂਰਾਂ ਦੀ ਪੋਥੀ 24:3-4)।

ਇੱਥੇ ਪ੍ਰਸ਼ਨ ਇਹ ਹੈ ਕਿ, "ਪਰਮੇਸ਼ੁਰ ਕਿਸਦੀ ਅਰਾਧਨਾ ਨੂੰ ਸਵੀਕਾਰ ਕਰਦਾ ਹੈ?" ਹਰ ਕਿਸੇ ਨੂੰ ਪਰਮੇਸ਼ੁਰ ਦੇ ਅਰਾਧਕ ਵੱਜੋਂ ਸਵੀਕਾਰ ਨਹੀਂ ਕੀਤਾ ਜਾਂਦਾ। ਪਰਮੇਸ਼ੁਰ ਦੇ ਅਰਾਧਕ ਪਵਿੱਤਰ ਹੋਣੇ ਚਾਹੀਦੇ ਹਨ।

ਜਿਸ ਪਵਿੱਤਰਤਾਈ ਦੀ ਪਰਮੇਸ਼ੁਰ ਉਮੀਦ ਰੱਖਦਾ ਹੈ ਉਹ ਸਿਰਫ਼ ਰਸਮੀ ਜਾਂ ਵਿਖਾਵੇ ਦੀ ਨਹੀਂ ਹੈ। ਨਵੇਂ ਨੇਮ ਦੇ ਵਿੱਚ ਪਰਮੇਸ਼ੁਰ ਦੀ ਅਰਾਧਨਾ ਦੇ ਪੱਧਰ ਨੂੰ ਦੁਹਰਾਇਆ ਗਿਆ ਹੈ:

> ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ (ਪਤਰਸ ਦੀ ਪਹਿਲੀ ਪੱਤ੍ਰੀ 1:15-16)।

*ਚਾਲ* ਕਿਸੇ ਵਿਅਕਤੀ ਦੇ ਵਿਵਹਾਰ ਅਤੇ ਉਸਦੀ ਪੂਰੀ ਜੀਵਨਸ਼ੈਲੀ ਨੂੰ ਦਰਸਾਉਂਦਾ ਹੈ। ਪਰਮੇਸ਼ੁਰ ਇਹ ਨਹੀਂ ਕਹਿੰਦਾ ਕਿ ਉਸਦੇ ਅਰਾਧਕ ਸਿਰਫ਼ ਰਸਮੀ ਤੌਰ ਤੇ ਪਵਿੱਤਰ ਹੋਣ, ਜਾਂ ਉਹ ਸਿਰਫ਼ ਪਵਿੱਤਰ ਬੁਲਾਏ ਜਾਣ ਅਤੇ ਅਸਲ ਦੇ ਵਿੱਚ ਉਹ ਪਵਿੱਤਰ ਨਾ ਹੋਣ। ਉਹ ਆਪਣੇ ਅਰਾਧਕਾਂ ਤੋਂ ਉਮੀਦ ਕਰਦਾ ਹੈ ਕਿ ਉਹ ਪਵਿੱਤਰ ਜੀਵਨ ਨੂੰ ਜਿਉਣ।

► ਉਹ ਕਿਹੜੇ ਕਾਰਨ ਹਨ ਜਿੰਨਾਂ ਦੇ ਕਰਕੇ ਪਵਿੱਤਰਤਾਈ ਨੂੰ ਅਰਾਧਨਾ ਦੇ ਨਾਲ ਜੋੜਿਆ ਜਾਂਦਾ ਹੈ?

ਪਵਿੱਤਰਤਾਈ ਅਰਾਧਨਾ ਦੇ ਲਈ ਜਰੂਰੀ ਹੈ ਕਿਉਂਕਿ

1. **ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ ਅਤੇ ਉਸਦੇ ਜਿਹੇ ਬਣਨਾ ਚਾਹੁੰਦੇ ਹਾਂ।** ਪਰਮੇਸ਼ੁਰ ਦੀ ਅਰਾਧਨਾ ਕਰਨਾ ਪਰਮੇਸ਼ੁਰ ਨੂੰ ਹੋਂਦ ਦੇ ਵਿੱਚ ਹੋਣ ਵਾਲੇ ਸਭ ਤੋਂ ਅਦਭੁੱਤ ਵਿਅਕਤੀਤਵ ਵੱਜੋਂ ਵੇਖਣਾ ਹੈ ਅਤੇ ਉਸਦੇ ਲਈ ਉਸਦੀ ਵਡਿਆਈ ਕਰਨਾ ਹੈ ਜੋ ਉਹ ਹੈ। ਅਰਾਧਨਾ ਕਰਨਾ ਉਸਦੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਦੀ ਪ੍ਰਸ਼ੰਸਾ ਕਰਨਾ ਹੈ। ਪਰਮੇਸ਼ੁਰ ਦਾ ਸੁਭਾਅ ਮੂਲ ਰੂਪ ਦੇ ਵਿੱਚ ਪਵਿੱਤਰ ਹੈ, ਇਸ ਲਈ ਜੇਕਰ ਅਸੀਂ ਅਸਲ ਦੇ ਵਿੱਚ ਪਰਮੇਸ਼ੁਰ ਦੇ ਸੁਭਾਅ ਦੀ ਪ੍ਰਸ਼ੰਸਾ ਕਰਦੇ ਹਾਂ, ਤਾਂ ਅਸੀਂ ਪਾਪ ਅਤੇ ਅਸ਼ੁੱਧਤਾਈ ਨੂੰ ਨਫ਼ਰਤ ਕਰਾਂਗੇ, ਭਾਵੇਂ ਅਸੀਂ ਇਸਨੂੰ ਆਪਣੇ ਵਿੱਚ ਹੀ ਕਿਉਂ ਨਾ ਵੇਖੀਏ।
2. **ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ ਅਤੇ ਉਸਨੂੰ ਪ੍ਰਸੰਨ ਕਰਨਾ ਚਾਹੁੰਦੇ ਹਾਂ।** ਜੇਕਰ ਅਸੀਂ ਅਰਾਧਨਾ ਨੂੰ ਸਮਝਦੇ ਹਾਂ ਤਾਂ ਪਰਮੇਸ਼ੁਰ ਦੀ ਇਹ ਮੰਗ ਸਾਨੂੰ ਹੈਰਾਨ ਨਹੀਂ ਕਰਦੀ। ਅਸੀਂ ਉਸਦੀ ਅਰਾਧਨਾ ਡਰ ਦੇ ਕਾਰਨ ਨਹੀਂ ਕਰਦੇ।

ਅਸੀਂ ਉਸਦੀ ਅਰਾਧਨਾ ਸਿਰਫ਼ ਇਸ ਕਾਰਨ ਨਹੀਂ ਕਰਦੇ ਕਿ ਉਹ ਸਾਨੂੰ ਬਰਕਤ ਦਿੰਦਾ ਹੈ। ਅਸੀਂ ਉਸਦੀ ਅਰਾਧਨਾ ਇਸ ਲਈ ਕਰਦੇ ਹਾਂ ਕਿਉਂਕਿ ਅਸੀਂ ਉਸਨੂੰ ਪਿਆਰ ਕਰਦੇ ਹਾਂ।

## ਪਰਿਵਰਤਨ ਦੇ ਸਮੇਂ ਸ਼ੁੱਧੀਕਰਨ

ਬਾਈਬਲ *ਸ਼ੁੱਧੀਕਰਨ* ਦਾ ਹਵਾਲਾ ਉਸ ਬਦਲਾਅ ਦੇ ਰੂਪ ਵਿੱਚ ਦਿੰਦੀ ਹੈ ਜੋ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਹੁੰਦਾ ਹੈ। ਪੌਲੁਸ ਨੇ ਲਿਖਿਆ, "ਪਰਮੇਸ਼ੁਰ ਦੀ ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ ਓਹਨਾਂ ਨੂੰ ਜਿਹੜੇ ਮਸੀਹ ਯਿਸੂ ਵਿੱਚ ਪਵਿੱਤਰ ਕੀਤੇ ਹੋਏ ਅਤੇ ਸੰਤ ਹੋਣ ਲਈ" (1 ਕੁਰਿੰਥੀਆਂ ਨੂੰ 1:2)। ਪੌਲੁਸ ਨੇ ਲਿਖਿਆ, "...ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ **ਪਵਿੱਤਰ** ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ" (1 ਕੁਰਿੰਥੀਆਂ ਨੂੰ 6:11)। ਭਾਵੇਂ ਕਿ ਕੁਰਿੰਥੁਸ ਦੇ ਵਿਸ਼ਵਾਸੀ ਆਤਮਿਕ ਪਰਿਪੱਕਤਾ ਦੇ ਵਿੱਚ ਵਿਕਸਿਤ ਨਹੀਂ ਹੋਏ ਸਨ ਅਤੇ ਉਹ ਹੁਣ ਵੀ ਸਰੀਰਕ ਲੋਕ ਸਨ, ਅਤੇ ਮਸੀਹ ਦੇ ਵਿੱਚ ਨਿਆਣੇ ਸਨ ਪਰ ਉਹ ਪਹਿਲਾਂ ਤੋਂ ਹੀ ਪਵਿੱਤਰ ਕੀਤੇ ਗਏ ਸਨ (1 ਕੁਰਿੰਥੀਆਂ ਨੂੰ 3:1)।

ਜਦੋਂ *ਪਵਿੱਤਰ* ਸ਼ਬਦ, ਕੁਰਿੰਥੀਆਂ ਦੇ ਬਾਰੇ ਦਰਸਾਉਂਦੇ ਹੈ, ਤਾਂ ਇਸਦਾ ਉਪਯੋਗ ਆਮ ਭਾਵ ਦੇ ਨਾਲ ਕੀਤਾ ਗਿਆ ਹੈ। ਕੁਰਿੰਥੀਆਂ ਨੂੰ ਪਾਪ ਅਤੇ ਸੰਸਾਰ ਦੇ ਵਿੱਚੋਂ ਬਾਹਰ ਕੱਢਕੇ ਪਰਮੇਸ਼ੁਰ ਦੇ ਲਈ ਅਲੱਗ ਕੀਤਾ ਗਿਆ। ਉਹ ਨਿਸਚਿਤ ਤੌਰ ਤੇ ਸ਼ੁੱਧੀਕਰਨ ਦੇ ਵਿੱਚ ਪਰਿਪੱਕ ਨਹੀਂ ਸਨ, ਪਰ ਉਹ ਪੁਰਾਣੇ ਜੀਵਨ ਤੋਂ ਅਲੱਗ ਕੀਤੇ ਗਏ ਸਨ ਅਤੇ ਹੁਣ ਉਹ ਪਰਮੇਸ਼ੁਰ ਦੇ ਪਰਿਵਾਰ ਦਾ ਹਿੱਸਾ ਸਨ।

> ਇੱਕ ਬਜ਼ੁਰਗ ਹਿੰਦੂ ਮਨੁੱਖ ਕੇ ਐਮੀ ਕਰਮਾਈਕਲ ਤੋਂ ਪੁੱਛਿਆ, "ਅਸੀਂ ਪ੍ਰਚਾਰ ਬਹੁਤ ਸੁਣ ਲਿਆ ਹੈ, ਕੀ ਤੁਸੀਂ ਸਾਨੂੰ ਪ੍ਰਭੂ ਯਿਸੂ ਦਾ ਜੀਵਨ ਵਿਖਾ ਸਕਦੇ ਹੋ?"

ਜਦੋਂ ਅਸੀਂ ਪਹਿਲੀ ਵਾਰ ਪਰਮੇਸ਼ੁਰ ਨੂੰ ਮਿਲਦੇ ਹਾਂ, ਤਾਂ ਪਾਪ ਸਾਡੇ ਨਾਲ ਉਸਦੇ ਸੰਬੰਧ ਦੇ ਵਿੱਚ ਇੱਕ ਰੁਕਾਵਟ ਹੁੰਦਾ ਹੈ। ਇਸੇ ਕਾਰਨ ਜਦੋਂ ਤੱਕ ਅਸੀਂ ਤੌਬਾ ਨਹੀਂ ਕਰਦੇ, ਮਾਫ਼ ਨਹੀਂ ਕੀਤੇ ਜਾਂਦੇ, ਅਤੇ ਸਾਨੂੰ ਇੱਕ ਨਵਾਂ ਦਿਲ ਨਹੀਂ ਮਿਲਦਾ ਉਦੋਂ ਤੱਕ ਅਸੀਂ ਪਰਮੇਸ਼ੁਰ ਦੇ ਨਾਲ ਆਪਣੇ ਸੰਬੰਧ ਨੂੰ ਅਰੰਭ ਨਹੀਂ ਕਰ ਸਕਦੇ।

ਜਦੋਂ ਅਸੀਂ ਪਰਮੇਸ਼ੁਰ ਦੇ ਨਾਲ ਸੁਲਾਹ ਦੇ ਵਿੱਚ ਆ ਜਾਂਦੇ ਹਾਂ, ਤਾਂ ਅਸੀਂ ਪਰਿਵਰਤਿਤ ਹੋ ਜਾਂਦੇ ਹਾਂ(ਤੀਤੁਸ ਨੂੰ 3:5)। ਆਤਮਿਕ ਤੌਰ ਤੇ ਅਸੀਂ ਨਵੀਂ ਰਚਨਾ ਬਣ ਜਾਂਦੇ ਹਾਂ। ਅਸੀਂ ਪਾਪ ਦੀ ਸ਼ਕਤੀ ਤੋਂ ਬਚਾਏ ਜਾਂਦੇ ਹਾਂ, ਅਤੇ ਅਸੀਂ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਇੱਛਾ ਰੱਖਦੇ ਹਾਂ। ਮਸੀਹੀ ਪਵਿੱਤਰਤਾਈ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਕੋਈ ਵਿਅਕਤੀ ਬਚਾਇਆ ਜਾਂਦਾ ਹੈ।

ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਮੁਕਤੀ ਸਾਨੂੰ ਜਲਦੀ ਦੇ ਨਾਲ ਪਵਿੱਤਰ ਜੀਵਨ ਦੇ ਵੱਲ ਲੈ ਜਾਂਦੀ ਹੈ। ਮੁਕਤੀ ਲਿਆਉਣ ਵਾਲੀ ਪਰਮੇਸ਼ੁਰ ਦੀ ਕ੍ਰਿਪਾ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਇਸ ਵਰਤਮਾਨ ਜੁੱਗ ਵਿੱਚ ਸੁਰਤ, ਧਰਮ ਅਤੇ ਭਗਤੀ ਨਾਲ ਉਮਰ ਬਤੀਤ ਕਰੀਏ(ਤੀਤੁਸ ਨੂੰ 2:11-12)। ਮੁਕਤੀ ਦਾ ਉਦੇਸ਼ ਸਾਨੂੰ ਪਾਪ ਤੋਂ ਆਜ਼ਾਦ ਕਰਕੇ ਪਵਿੱਤਰ ਬਣਾਉਣਾ ਹੈ, ਤਾਂ ਕਿ ਅਸੀਂ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਜੀ ਸਕੀਏ (ਲੂਕਾ 1:74-75, ਰੋਮੀਆਂ ਨੂੰ 6:2, 11-16)।

## ਸ਼ੁੱਧੀਕਰਨ ਦੇ ਵਿੱਚ ਵੱਧਣਾ

ਜਿਵੇਂ ਅਸੀਂ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਰਹਿੰਦੇ ਹਾਂ, ਤਾਂ ਜਦੋਂ ਅਸੀਂ ਉਸਦੀ ਸਚਿਆਈ ਨੂੰ ਜਿਆਦਾ ਤੋਂ ਜਿਆਦਾ ਜਾਣ ਕੇ ਪਵਿੱਤਰਤਾਈ ਦੇ ਵਿੱਚ ਲਗਾਤਾਰ ਵੱਧਦੇ ਜਾਂਦੇ ਹਾਂ। ਚਾਨਣ ਦੇ ਵਿੱਚ ਚੱਲਣ ਦਾ ਅਰਥ ਹੈ ਉਸਦੀ ਸਚਿਆਈ ਨੂੰ ਸਿੱਖ ਕੇ ਲਗਾਤਾਰ ਉਸਦੀ ਆਗਿਆਕਾਰੀ ਕਰਦੇ ਜਾਣਾ (ਯੂਹੰਨਾ ਦੀ ਪਹਿਲੀ ਪੱਤ੍ਰੀ 1:7)। ਜਦੋਂ ਅਸੀਂ ਇਸਨੂੰ ਬਿਹਤਰ ਸਮਝ ਲੈਂਦੇ ਹਾਂ ਕਿ ਕਿਹੜੀ ਗੱਲ ਉਸਨੂੰ ਪ੍ਰਸੰਨ ਕਰਦੀ ਹੈ ਅਤੇ ਕਿਹੜੀ ਗੱਲ ਤੋਂ ਉਹ ਨਾਰਾਜ਼ ਹੁੰਦਾ ਹੈ, ਤਾਂ ਅਸੀਂ ਉਸਦੀ ਸਚਿਆਈ ਅਤੇ ਉਸਦੇ ਪਵਿੱਤਰ ਆਤਮਾ ਦੀ ਸਮਰੱਥਾ ਦੇ ਦੁਆਰਾ ਬਦਲ ਜਾਂਦੇ ਹਾਂ।

ਜੋ ਵਿਅਕਤੀ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ ਉਹ ਪੂਰਨ ਤੌਰ ਤੇ ਪਵਿੱਤਰ ਬਣਨ ਦੀ ਇੱਛਾ ਰੱਖੇਗਾ। ਉਹ ਸਿਰਫ਼ ਆਪਣੇ ਕੰਮਾਂ ਨੂੰ ਹੀ ਨਹੀਂ ਬਦਲੇਗਾ। ਉਹ ਇਹ ਇੱਛਾ ਵੀ ਰੱਖੇਗਾ ਕਿ ਉਸਦੇ ਇਰਾਦੇ ਵੀ ਸ਼ੁੱਧ ਰਹਿਣ। ਦਾਊਦ ਨੇ ਪ੍ਰਾਰਥਨਾ ਕੀਤੀ ਕਿ ਉਹ ਪਾਪ ਦੇ ਉੱਤੇ ਪੂਰੀ ਤਰ੍ਹਾਂ ਦੇ ਨਾਲ ਜਿੱਤ ਦਾ ਜੀਵਨ ਜੀ ਸਕੇ, ਫਿਰ ਉਸਨੇ ਪ੍ਰਾਰਥਨਾ ਕੀਤੀ ਕਿ ਉਸਦੇ ਸ਼ਬਦ ਅਤੇ ਇੱਥੋਂ ਤੱਕ ਕਿ ਉਸਦੇ ਦਿਲ ਦੇ ਵਿਚਾਰ ਵੀ ਪਰਮੇਸ਼ੁਰ ਪ੍ਰਸੰਨ ਕਰ ਸਕਣ (ਜ਼ਬੂਰਾਂ ਦੀ ਪੋਥੀ 19:12-14। ਇਸਦੇ ਨਾਲ ਹੀ ਵੇਖੋ ਜ਼ਬੂਰਾਂ ਦੀ ਪੋਥੀ 119:7, 34, 36, 69, 80, ਅਤੇ 112।)।

ਆਤਮਿਕ ਪਰਿਪੱਕਤਾ ਦੀ ਪੂਰੀ ਪ੍ਰਕਿਰਿਆ ਨੂੰ ਸ਼ੁੱਧੀਕਰਨ ਕਿਹਾ ਜਾਂਦਾ ਹੈ। ਸ਼ੁੱਧੀਕਰਨ ਪਾਪ ਅਤੇ ਸੰਸਾਰ ਨਾਲੋਂ ਵੱਖ ਹੋਣ ਅਤੇ ਪਰਮੇਸ਼ੁਰ ਦੇ ਪ੍ਰਤੀ ਸਮਰਪਿਤ ਹੋਣ ਦੀ ਜੀਵਨ ਭਰ ਦੀ ਪ੍ਰਕਿਰਿਆ ਹੈ। ਇਸਦੀ ਉਦਾਹਰਨ ਪੌਲੁਸ ਦੀ ਸੰਸਾਰ ਦੇ ਸਰੂਪ ਜਹੇ ਬਣਨ ਦੇ ਬਾਰੇ ਦਿੱਤੀ ਚੇਤਾਵਨੀ ਅਤੇ (ਲਗਾਤਾਰ) "ਬੁੱਧ ਦੇ ਨਵੇਂ ਹੋ ਜਾਣ ਦੇ" ਉਤਸ਼ਾਹ ਦੇ ਵਿੱਚ ਪਾਈ ਜਾਂਦੀ ਹੈ (ਰੋਮੀਆਂ ਨੂੰ 12:2)। ਸੰਸਾਰ ਨਾਲੋਂ ਅਲੱਗ ਹੋਣਾ ਅਤੇ ਮਨ ਦਾ ਨਵੀਨੀਕਰਨ ਅਜਿਹੇ ਅਨੁਭਵ ਨਹੀਂ ਹਨ ਜੋ ਮਸੀਹੀ ਜੀਵਨ ਦੇ ਵਿੱਚ ਕਿਸੇ ਖਾਸ ਸਮੇਂ ਦੇ ਵਿੱਚ ਪੂਰੇ ਹੁੰਦੇ ਹਨ। ਜਦੋਂ ਇੱਕ ਵਿਸ਼ਵਾਸੀ ਪ੍ਰਭੂ ਦੇ ਨਾਲ ਚੱਲਦਾ ਹੈ ਤਾਂ ਉਹ ਲਗਾਤਾਰ ਵਿਕਾਸ ਅਤੇ ਉੱਨਤੀ ਦੇ ਅਨੁਭਵ ਕਰਦਾ ਹੈ। ਇਹ ਸਭ ਕੁਝ *ਸ਼ੁੱਧੀਕਰਨ* ਸ਼ਬਦ ਦੇ ਵਿੱਚ ਸ਼ਾਮਿਲ ਹੈ।

## ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਅਤੇ ਸ਼ੁੱਧੀਕਰਨ

***ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ*** ਕਿਸੇ ਵਿਅਕਤੀ ਦੇ ਨੈਤਿਕ ਸੁਭਾਅ ਦਾ ਭ੍ਰਿਸ਼ਟਾਚਾਰ ਹੈ ਜੋ ਉਸਨੂੰ ਜਨਮ ਤੋਂ ਹੀ ਪਾਪ ਦੇ ਵੱਲ ਲੈ ਕੇ ਜਾਂਦਾ ਹੈ। ਬਾਈਬਲ ਵਿਦਵਾਨ ਕਈ ਵਾਰ ਇਸਨੂੰ "ਅਰੰਭਿਕ ਪਾਪ" ਕਹਿੰਦੇ ਹਨ ਕਿਉਂਕਿ ਇਹ ਸਾਡੇ ਸੁਭਾਅ ਵਿੱਚ ਪਾਇਆ ਜਾਣ ਵਾਲਾ ਪਾਪ ਹੈ ਜੋ ਆਦਮ ਦੇ ਪਾਪ ਕਾਰਨ ਜਨਮ ਤੋਂ ਹੀ ਸਾਡੇ ਵਿੱਚ ਹੁੰਦਾ ਹੈ।

ਹਰੇਕ ਵਿਅਕਤੀ ਅਜਿਹੀ ਇੱਛਾ ਦੇ ਨਾਲ ਪੈਦਾ ਹੁੰਦਾ ਹੈ ਜੋ ਸਵੈ-ਕੇਂਦਰਿਤ ਹੈ ਅਤੇ ਪਾਪ ਦੇ ਵੱਲ ਝੁਕੀ ਹੁੰਦੀ ਹੈ। ਜਦੋਂ ਤੱਕ ਪਰਮੇਸ਼ੁਰ ਸਾਨੂੰ ਇੱਛਾ ਅਤੇ ਬਲ ਨਾ ਦੇਵੇ ਉਦੋਂ ਤੱਕ ਸਾਡੀਆਂ ਇੱਛਾਵਾਂ ਸਹੀ ਦੀ ਚੋਣ ਕਰਨ ਦੇ ਲਈ ਆਜ਼ਾਦ ਨਹੀਂ ਹੁੰਦੀਆਂ (ਰੋਮੀਆਂ ਨੂੰ 6:16-17)। ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ ਅੰਦਰੂਨੀ ਪਾਪਾਂ ਨੂੰ ਪ੍ਰੇਰਿਤ ਕਰਦੀ ਹੈ ਜਿਵੇਂ ਕਿ ਘਮੰਡ, ਈਰਖਾ, ਨਫ਼ਰਤ ਅਤੇ ਮਾਫ਼ ਨਾ ਕਰਨਾ। ਇਹ ਪਾਪ ਦੇ ਕੰਮਾਂ ਨੂੰ ਵੀ ਪ੍ਰੇਰਿਤ ਕਰਦੀ ਹੈ।

► ਕੀ ਕਿਸੇ ਵਿਅਕਤੀ ਦੇ ਅੰਦਰ ਬਚਾਏ ਜਾਣ ਤੋਂ ਬਾਅਦ ਵੀ, ਵਿਰਾਸਤ ਵਿੱਚ ਮਿਲੀ ਹੋਈ ਭ੍ਰਿਸ਼ਟਤਾ ਹੁੰਦੀ ਹੈ?

ਇੱਕ ਬਚਾਇਆ ਹੋਇਆ ਵਿਅਕਤੀ ਅੱਗੇ ਤੋਂ ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ ਦੇ ਅਧੀਨ ਨਹੀਂ ਹੁੰਦਾ। ਜੇਕਰ ਉਹ ਅਜੇ ਵੀ ਇਸਦੇ ਕਾਬੂ ਵਿੱਚ ਹੈ ਤਾਂ ਉਹ ਹੁਣ ਵੀ ਪਾਪ ਦੇ ਵਿੱਚ ਜੀ ਰਿਹਾ ਹੈ ਅਤੇ ਬਚਾਇਆ ਹੋਇਆ ਨਹੀਂ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ ਜੋ ਵਿਅਕਤੀ ਸਰੀਰਕ ਗੱਲਾਂ ਦੇ ਕਾਬੂ ਵਿੱਚ ਹੁੰਦਾ ਹੈ ਉਸ ਤੇ ਸਜ਼ਾ ਦਾ ਹੁਕਮ ਹੋ ਚੁੱਕਾ ਹੈ (ਰੋਮੀਆਂ ਨੂੰ 8:6-8, 13)। ਬਚਾਇਆ ਹੋਇਆ ਵਿਅਕਤੀ ਵਿਰਾਸਤ ਦੇ ਵਿੱਚ ਮਿਲੀ ਭ੍ਰਿਸ਼ਟਤਾ ਦੇ ਕਾਬੂ ਵਿੱਚ ਨਹੀਂ ਹੁੰਦਾ ਅਤੇ ਉਹ ਪਵਿੱਤਰ ਆਤਮਾ ਦੀ ਸ਼ਕਤੀ ਦੇ ਦੁਆਰਾ ਪਾਪ ਤੇ ਜੇਤੂ ਜੀਵਨ ਜੀ ਸਕਦਾ ਹੈ (ਰੋਮੀਆਂ ਨੂੰ 8:1, 9, 13)।

ਪਰ ਜਦੋਂ ਤੱਕ ਇੱਕ ਬਚਾਇਆ ਹੋਇਆ ਵਿਅਕਤੀ ਇਸ ਤੋਂ ਸ਼ੁੱਧ ਨਹੀਂ ਕੀਤਾ ਜਾਂਦਾ ਉਹ ਵਿਰਾਸਤ ਦੇ ਵਿੱਚ ਮਿਲੀ ਭ੍ਰਿਸਟਤਾ ਦੇ ਪ੍ਰਭਾਵ ਅਧੀਨ ਰਹਿੰਦਾ ਹੈ। ਪੌਲੁਸ ਨੇ ਕੁਰਿੰਥੀਆਂ ਦੇ ਵਿਸ਼ਵਾਸੀਆਂ ਨੂੰ ਕਿਹਾ ਕਿ ਉਹ ਹੁਣ ਹੀ ਸਰੀਰਕ ਸਨ ਅਤੇ ਉਨ੍ਹਾਂ ਦਾ ਰਵੱਈਆ ਸੰਸਾਰ ਦੇ ਲੋਕਾਂ ਵਰਗਾ ਸੀ, ਭਾਵੇਂਕਿ ਉਹ ਬਚਾਏ ਹੋਏ ਸਨ (ਪੜ੍ਹੋ 1 ਕੁਰਿੰਥੀਆਂ ਨੂੰ 3:1-3।) ਉਸਨੇ ਇਹ ਵੀ ਕਿਹਾ ਕਿ ਇੱਕ ਨਵੇਂ ਮਸੀਹੀ ਦਾ ਉਸ ਸਥਿਤੀ ਦੇ ਵਿੱਚ ਹੋਣਾ ਆਮ ਗੱਲ ਹੈ। ਉਸਨੇ ਕਿਹਾ ਕਿ ਸਰੀਰਕ ਹੋਣ ਤੋਂ ਭਾਵ ਮਸੀਹ ਦੇ ਵਿੱਚ ਨਿਆਣੇ ਹੋਣਾ ਹੈ।

ਇਸ ਸਥਿਤੀ ਦੇ ਵਿੱਚ ਇੱਕ ਵਿਸ਼ਵਾਸੀ ਪਰਮੇਸ਼ੁਰ ਦੇ ਨਾਲ ਪਿਆਰ ਕਰਦਾ ਹੈ, ਪਰ ਉਹ ਪਰਮੇਸ਼ੁਰ ਦੇ ਨਾਲ ਆਪਣੇ ਸਾਰੇ ਦਿਲ ਨਾਲ, ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਨਹੀਂ ਕਰ ਸਕਦਾ (ਮੱਤੀ 22:37)। ਉਹ ਪੌਲੁਸ ਦੀ ਤਰ੍ਹਾਂ ਨਹੀਂ ਕਹਿ ਸਕਦਾ ਕਿ ਉਸਦਾ ਸਿਰਫ਼ ਇੱਕ ਹੀ ਇਰਾਦਾ ਹੈ ਜੋ ਪਰਮੇਸ਼ੁਰ ਦੀ ਸੇਵਾ ਕਰਨਾ ਹੈ (ਫ਼ਿਲਿੱਪੀਆਂ ਨੂੰ 3:13-15)। ਉਹ ਜਾਣਦਾ ਹੈ ਕਿ ਉਸਦੇ ਮਨ ਦੀ ਕੁਝ ਭਗਤੀ ਪਰਮੇਸ਼ੁਰ ਨੂੰ ਸਵੀਕਾਰ ਨਹੀਂ ਹੈ (ਜ਼ਬੂਰਾਂ ਦੀ ਪੋਥੀ 19:14)।

ਪਰਮੇਸ਼ੁਰ ਸਾਨੂੰ ਇਸ ਸਥਿਤੀ ਵਿੱਚ ਨਹੀਂ ਛੱਡਦਾ। ਇੱਥੋਂ ਤੱਕ ਕਿ ਪੁਰਾਤਨ ਸਮੇਂ ਦੇ ਵਿੱਚ ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਵਾਇਦਾ ਕੀਤਾ ਕਿ ਉਹ ਕ੍ਰਿਪਾ ਦਾ ਆਜਿਹਾ ਕੰਮ ਕਰੇਗਾ ਜੋ ਉਨ੍ਹਾਂ ਨੂੰ ਉਸਦੇ ਨਾਲ ਪੂਰੇ ਦਿਲ ਤੋਂ ਪਿਆਰ ਕਰਨ ਦੇ ਯੋਗ ਬਣਾ ਦੇਵੇਗਾ (ਪੜ੍ਹੋ ਬਿਵਸਥਾਸਾਰ 30:6।)।

> "ਸ਼ੁੱਧੀਕਰਨ ਮੇਰਾ ਵਿਚਾਰ ਨਹੀਂ ਹੈ ਜੋ ਮੈਂ ਚਾਹੁੰਦਾ ਹਾਂ ਕਿ ਪਰਮੇਸ਼ੁਰ ਮੇਰੇ ਲਈ ਕਰੇ ਸ਼ੁੱਧੀਕਰਨ ਪਰਮੇਸ਼ੁਰ ਦਾ ਵਿਚਾਰ ਹੈ ਜੋ ਉਹ ਚਾਹੁੰਦਾ ਹੈ ਕਿ ਮੈਂ ਕਰਾ, ਉਸਨੂੰ ਮੈਨੂੰ ਮਨ ਦੇ ਅਜਿਹੇ ਰਵੱਈਏ ਅਤੇ ਆਤਮਾ ਦੇ ਵਿੱਚ ਲੈ ਕੇ ਜਾਣਾ ਪਵੇਗਾ ਜਿੱਥੇ ਮੈਂ ਕਿਸੇ ਵੀ ਕੀਮਤ ਤੇ ਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੇ ਨਾਲ ਸ਼ੁੱਧ ਕਰਨ ਦੇਵਾਂਗਾ
> -ਔਸਵਾਲਡ ਚੈਂਬਰਜ਼

ਦਾਊਦ ਨੇ ਅਜਿਹੀ ਕ੍ਰਿਪਾ ਦੇ ਲਈ ਪ੍ਰਾਰਥਨਾ ਕੀਤੀ ਜੋ ਮਾਫ਼ੀ ਤੋਂ ਵੀ ਪਰ੍ਹੇ ਸੀ। ਉਹ ਪਾਪ ਦੇ ਵਿੱਚ ਡਿੱਗ ਪਿਆ ਅਤੇ ਉਸਨੂੰ ਸਮਝ ਆਇਆ ਕਿ ਇਹ ਉਸਦੇ ਦਿਲ ਵਿੱਚ ਪਾਈ ਜਾਣ ਵਾਲੀ ਸਮੱਸਿਆ ਦੇ ਕਾਰਨ ਹੋਇਆ। ਉਹ ਜਾਣਦਾ ਸੀ ਕਿ ਪਾਪ ਉਸਦੇ ਸੁਭਾਅ ਵਿੱਚ ਸੀ, ਪਰ ਉਸਨੇ ਵਿਸ਼ਵਾਸ ਕੀਤਾ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਉਹ ਪੂਰੀ ਤਰ੍ਹਾਂ ਦੇ ਨਾਲ ਪਵਿੱਤਰ ਬਣੇ। ਉਸਨੇ ਸੰਪੂਰਨ ਸ਼ੁੱਧਤਾਈ ਦੇ ਲਈ ਪ੍ਰਾਰਥਨਾ ਕੀਤੀ (ਪੜ੍ਹੋ ਜ਼ਬੂਰਾਂ ਦੀ ਪੋਥੀ 51:5-10)।

ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਪਰਿਵਰਤਨ ਦੇ ਬਾਅਦ ਇੱਕ ਹੋਰ ਖਾਸ ਕੰਮ ਦੇ ਲਈ ਬੁਲਾਇਆ ਗਿਆ। ਥੱਸਲੁਨੀਕੀਆਂ ਦੇ ਵਿਸ਼ਵਾਸੀ ਇਸਦੀ ਅਦਭੁੱਤ ਉਦਾਹਰਨ ਸਨ ਜਿੰਨ੍ਹਾਂ ਨੇ ਸ਼ੁਭਸਮਾਚਾਰ ਨੂੰ ਸਵੀਕਾਰ ਕੀਤਾ, ਮੂਰਤੀਆਂ ਤੋਂ ਮੁੜ ਗਏ, ਸਤਾਅ ਨੂੰ ਝੱਲਿਆ, ਉਨ੍ਹਾਂ ਦੇ ਵਿੱਚ ਪਵਿੱਤਰ ਆਤਮਾ ਦਾ ਅਨੰਦ ਸੀ, ਅਤੇ ਉਹ ਯਿਸੂ ਦੀ ਆਮਦ ਦੀ ਉਡੀਕ ਕਰ ਰਹੇ ਸਨ (1 ਥੱਸਲੁਨੀਕੀਆਂ ਨੂੰ 1:6-10)।

ਪਰ ਫਿਰ ਵੀ ਉਨ੍ਹਾਂ ਦੇ ਵਿਸ਼ਵਾਸ ਵਿੱਚ ਇੱਕ ਗੱਲ ਦੀ ਕਮੀ ਸੀ। ਇਹ ਕੁਝ ਅਜਿਹਾ ਨਹੀਂ ਸੀ ਜੋ ਲੰਬੀ ਪ੍ਰਕਿਰਿਆ ਜਾਂ ਮੌਤ ਦੇ ਸਮੇਂ ਦਿੱਤਾ ਜਾਣ ਵਾਲਾ ਸੀ, ਕਿਉਂਕਿ ਪੌਲੁਸ ਨੇ ਕਿਹਾ ਕਿ ਜਦੋਂ ਉਹ ਉਨ੍ਹਾਂ ਦੇ ਕੋਲ ਆਵੇਗਾ ਤਾਂ ਇਹ ਹੋ ਸਕਦਾ ਹੈ। (ਪੜ੍ਹੋ 1 ਥੱਸਲੁਨੀਕੀਆਂ ਨੂੰ 3:10।) ਉਸਨੇ ਪ੍ਰਾਰਥਨਾ ਕੀਤੀ:

> ਅਤੇ ਸ਼ਾਂਤੀ ਦਾਤਾ ਪਰਮੇਸ਼ੁਰ ਆਪੇ ਤੁਹਾਨੂੰ ਪੂਰੀ ਤਰਾਂ ਪਵਿੱਤਰ ਕਰੇ ਅਰ ਤੁਹਾਡਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੇ। ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ ਉਹ ਅਜਿਹਾ ਹੀ ਕਰੇਗਾ (1 ਥੱਸਲੁਨੀਕੀਆਂ ਨੂੰ 5:23-24)।

ਪੌਲੁਸ ਨੇ ਪ੍ਰਾਰਥਨਾ ਕੀਤੀ ਇਹ ਵਿਸ਼ਵਾਸੀ ਪੂਰੀ ਤਰ੍ਹਾਂ ਦੇ ਨਾਲ ਪਵਿੱਤਰ ਕੀਤੇ ਜਾਣ। ਇਸਦਾ ਨਤੀਜ਼ਾ ਇਹ ਹੋਵੇਗਾ ਕਿ ਵਿਸ਼ਵਾਸੀ ਪ੍ਰਭੂ ਦੇ ਆਉਣ ਵੇਲੇ ਆਤਮਾ, ਜੀਵ ਅਤੇ ਸਰੀਰ ਦੇ ਵਿੱਚ ਦੋਸ਼ ਰਹਿਤ ਹੋਣਗੇ।

ਪੰਤੇਕੁਸਤ ਦੇ ਸਮੇਂ ਯਿਸੂ ਦੇ ਚੇਲ੍ਹਿਆਂ ਨੇ ਕ੍ਰਿਪਾ ਦੇ ਖਾਸ ਕੰਮ ਦਾ ਅਨੁਭਵ ਕੀਤਾ। ਅਸੀਂ ਜਾਣਦੇ ਹਾਂ ਕਿ ਉਹ ਇਸ ਸਮੇਂ ਤੋਂ ਪਹਿਲਾਂ ਹੀ ਬੁਲਾਏ ਗਏ ਸਨ, ਕਿਉਂਕਿ ਯਿਸੂ ਨੇ ਕਿਹਾ ਕਿ ਉਹ ਸੰਸਾਰ ਦੇ ਨਹੀਂ ਹਨ, ਉਹ ਉਸਦੇ ਅਤੇ ਪਿਤਾ ਦੇ ਸਨ, ਅਤੇ ਉਨ੍ਹਾਂ ਦੇ ਨਾਮ ਸਵਰਗ ਦੇ ਵਿੱਚ ਲਿਖੇ ਹੋਏ ਸਨ (ਯੂਹੰਨਾ 15:3, ਯੂਹੰਨਾ 17:14, 9-10; ਲੂਕਾ 10:20)। ਪਰ ਉਹ ਸਵੈ-ਕੇਂਦਰਿਤ ਸਨ ਅਤੇ ਉਨ੍ਹਾਂ ਦੇ ਵਿੱਚ ਪਰਮੇਸ਼ੁਰ ਦੀਆਂ ਪ੍ਰਾਥਮਿਕਤਾਵਾਂ ਨਹੀਂ ਸਨ। ਯਿਸੂ ਨੇ ਬਾਰ-ਬਾਰ ਉਨ੍ਹਾਂ ਨੂੰ ਉਨ੍ਹਾਂ ਦੇ ਪਾਪੀ ਰਵੱਈਏ ਤੋਂ ਸੁਧਾਰਿਆ। (ਪੜ੍ਹੋ ਮਰਕੁਸ 9:33-34; ਮਰਕੁਸ 10:35-41; ਲੂਕਾ 9:54-55।)

> "ਕਲੀਸਿਆ ਦੇ ਕੋਲ ਸਾਡੇ ਆਸ-ਪਾਸ ਦੇ ਸੰਸਾਰ ਪ੍ਰਤੀ ਦੁਹਰੀ ਜਿੰਮੇਵਾਰੀ ਹੈ। ਇੱਕ ਪਾਸੇ ਸਾਨੂੰ ਗਵਾਹ ਦੇ ਰੂਪ ਵਿੱਚ ਜਿਉਣਾ, ਸੇਵਾ ਕਰਨਾ ਅਤੇ ਗਵਾਹ ਬਣਨਾ ਚਾਹੀਦਾ ਹੈ। ਦੂਸਰੇ ਪਾਸੇ ਸਾਨੂੰ ਸੰਸਾਰ ਦੇ ਦੁਆਰਾ ਭ੍ਰਿਸ਼ਟ ਹੋਣ ਤੋਂ ਬਚਣਾ ਪਵੇਗਾ। ਇਸ ਲਈ ਅਸੀਂ ਨਾ ਹੀ ਆਪਣੀ ਪਵਿੱਤਰਤਾਈ ਨੂੰ ਬਚਾਉਣ ਦੇ ਲਈ ਸੰਸਾਰ ਤੋਂ ਦੂਰ ਜਾਣਾ ਹੈ ਅਤੇ ਨਾ ਹੀ ਸੰਸਾਰ ਵਰਗੇ ਬਣਨ ਦੇ ਲਈ ਪਵਿੱਤਰਤਾਈ ਦਾ ਬਲੀਦਾਨ ਕਰਨਾ ਹੈ"
> -ਜੌਨ੍ਹ ਸਟੋਟ

ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਾਅਦ, ਉਸਦੇ ਸਵਰਗ ਜਾਣ ਤੋਂ ਕੁਝ ਸਮਾਂ ਪਹਿਲਾਂ, ਉਸਨੇ ਆਪਣੇ ਚੇਲ੍ਹਿਆਂ ਨੂੰ ਕਿਹਾ ਕਿ ਉਹ ਸੰਸਾਰ ਦੇ ਵਿੱਚ ਉਸਦੇ ਗਵਾਹ ਬਣਨ ਜਾ ਰਹੇ ਹਨ। ਪਰ ਉਸਨੇ ਉਨ੍ਹਾਂ ਨੂੰ ਕਿਹਾ ਕਿ ਪਹਿਲਾਂ ਉਨ੍ਹਾਂ ਨੂੰ ਪਵਿੱਤ੍ਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ। (ਪੜ੍ਹੋ ਲੂਕਾ 24:49; ਯੂਹੰਨਾ 20:22; ਰਸੂਲਾਂ ਦੇ ਕਰਤੱਬ 1:2-5, 8।) ਉਸਨੇ ਪਹਿਲਾਂ ਹੀ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਕੰਮ ਬਾਰੇ ਕਾਫੀ ਕੁਝ ਦੱਸ ਦਿੱਤਾ ਸੀ, ਖਾਸ ਤੌਰ ਤੇ ਯੂਹੰਨਾ 14-16 ਦੇ ਵਿੱਚ।

ਪੰਤੇਕੁਸਤ ਦੇ ਦਿਨ ਚੇਲ੍ਹੇ ਪਵਿੱਤਰ ਆਤਮਾ ਦੇ ਨਾਲ ਭਰ ਗਏ (ਰਸੂਲਾਂ ਦੇ ਕਰਤੱਬ 2:4)। ਇਸ ਭਰਪੂਰੀ ਨੇ ਉਨ੍ਹਾਂ ਦੇ ਇਰਾਦਿਆਂ, ਪ੍ਰਾਥਮਿਕਤਾਵਾਂ ਅਤੇ ਕੰਮਾਂ ਨੂੰ ਬਦਲ ਦਿੱਤਾ। ਬਾਕੀ ਦੇ ਨਵੇਂ ਨੇਮ ਦੇ ਵਿੱਚ, ਚੇਲ੍ਹਿਆਂ ਨੇ ਮਸੀਹ ਜਿਹੇ ਰਵੱਈਏ ਅਤੇ ਪ੍ਰਾਥਮਿਕਤਾਵਾਂ ਦਾ ਪ੍ਰਗਟਾਵਾ ਕੀਤਾ, ਭਾਵੇਂ ਕਿ ਅਜੇ ਵੀ ਉਨ੍ਹਾਂ ਦੇ ਵਿੱਚ ਗ਼ਲਤ ਫਹਿਮੀਆਂ ਸਨ ਅਤੇ ਉਨ੍ਹਾਂ ਨੇ ਗ਼ਲਤੀਆਂ ਵੀ ਕੀਤੀਆਂ। ਪਤਰਸ ਅਤੇ ਯੂਹੰਨਾ ਦੁਆਰਾ ਲਿਖੀਆਂ ਗਈਆਂ ਪੱਤ੍ਰੀਆਂ ਮਸੀਹ ਦੇ ਸੰਦੇਸ਼ ਅਤੇ ਦਿਲ ਦੀ ਝਲਕ ਦਿੰਦੀਆਂ ਹਨ। ਆਤਮਾ ਦੀ ਭਰਪੂਰੀ ਨੇ ਉਨ੍ਹਾਂ ਨੂੰ ਇਸ ਯੋਗ ਬਣਾਇਆ ਕਿ ਉਹ ਆਪਣੇ ਪ੍ਰਭੂ ਦੇ ਨਾਲ ਆਪਣੀ ਸਾਰੀ ਬੁੱਧ, ਮਨ ਅਤੇ ਬਲ ਦੇ ਨਾਲ ਪਿਆਰ ਕਰ ਸਕਣ ਅਤੇ ਆਪਣੇ

ਗੁਆਢੀਆਂ ਦੇ ਨਾਲ ਆਪਣੇ ਸਮਾਨ ਪਿਆਰ ਕਰ ਸਕਣ (ਮੱਤੀ 22:37-39)। ਕਿਉਂਕਿ ਉਹ ਪੂਰਨ ਤੌਰ ਤੇ ਪਵਿੱਤਰ ਆਤਮਾ ਦੇ ਅਧੀਨ ਸਨ, ਇਸ ਲਈ ਉਹ ਉਨ੍ਹਾਂ ਦੇ ਵਿੱਚੋਂ ਦੀ ਜੀਵਿਆ, ਜਿਵੇਂ ਉਹ ਮਸੀਹ ਦੇ ਵਿੱਚ ਜਿਉਂਦਾ ਸੀ (ਲੂਕਾ 4:1, 14, 18; ਰਸੂਲਾਂ ਦੇ ਕਰਤੱਬ 2:22)।

ਕੁਝ ਮਸੀਹੀ ਸਿੱਖਿਅਕ ਸ਼ੁੱਧੀਕਰਨ ਤੇ ਧਿਆਨ ਦਿੰਦੇ ਹਨ, ਅਤੇ ਦੂਸਰੇ ਕਮੀਆਂ ਤੇ ਧਿਆਨ ਦਿੰਦੇ ਹਨ। ਪੰਤੇਕੁਸਤ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਅਨੁਭਵ ਸ਼ੁੱਧੀਕਰਨ ਦੀ ਇੱਕ ਖਾਸ ਘਟਨਾ ਦੀ ਉਦਾਹਰਨ ਹਨ। ਕਿਉਂਕਿ ਕੋਈ ਚੀਜ਼ ਪੂਰੀ ਹੋ ਸਕਦੀ ਹੈ ਜਾਂ ਪੂਰੀ ਤਰ੍ਹਾਂ ਤਜਰਬੀ ਹੋ ਸਕਦੀ ਹੈ, ਇਹ ਦੱਸਦਾ ਹੈ ਕਿ ਇਹ ਕਿਸੇ ਨਿਸ਼ਚਤ ਸਮੇਂ 'ਤੇ ਹੋ ਜਾਂਦੀ ਹੈ। ਇਸ ਮਹੱਤਵਪੂਰਨ ਹੈ ਕਿ ਅਸੀਂ ਉਸ ਕੰਮ ਨੂੰ ਸੀਮਿਤ ਨਾ ਕਰੀਏ ਕਿ ਵਿਸ਼ਵਾਸ ਅਤੇ ਪੂਰਨ ਸਮਰਪਣ ਦੇ ਨਾਲ ਸ਼ੁਭਸਮਾਚਾਰ ਕੀ ਕਰ ਸਕਦਾ ਹੈ (ਰੋਮੀਆਂ ਨੂੰ 12:1-2)। ਉਹ ਸਭ ਜੋ ਯਿਸੂ ਨੇ ਆਪਣੀ ਮੌਤ ਅਤੇ ਜੀ ਉੱਠਣ ਦੇ ਦੁਆਰਾ ਪ੍ਰਦਾਨ ਕੀਤਾ ਉਹ ਉਨ੍ਹਾਂ ਸਭਨਾਂ ਦੇ ਲਈ ਉਪਲੱਭਧ ਹੈ ਜੋ:

1. ਆਪਣੇ ਆਪ ਨੂੰ ਪਾਪ ਦੇ ਵੱਲੋਂ ਮੁਰਦਾ ਮੰਨਦੇ ਹਨC (ਰੋਮੀਆਂ ਨੂੰ 6:11)
2. ਪਾਪ ਨੂੰ ਉਨ੍ਹਾਂ ਦੇ ਸਰੀਰ ਤੇ ਰਾਜ ਨਹੀਂ ਕਰਨ ਦਿੰਦੇ (ਰੋਮੀਆਂ ਨੂੰ 6:12)
3. ਜੋ ਆਪਣੇ ਸਰੀਰਾਂ ਨੂੰ ਧਰਮ ਦੇ ਸਾਧਨ ਬਣਾਉਂਦੇ ਹਨ (ਰੋਮੀਆਂ ਨੂੰ 6:13)

ਇਤਿਹਾਸ ਦੇ ਵਿੱਚ, ਮਹਾਨ ਮਸੀਹੀਆਂ ਨੇ ਅਜਿਹੇ ਪਲਾਂ ਦੀ ਗਵਾਹੀ ਦਿੱਤੀ ਹੈ ਜਦੋਂ ਉਹ ਆਤਮਾ ਦੇ ਨਾਲ ਭਰਪੂਰ ਜੀਵਨ ਅਤੇ ਪਰਮੇਸ਼ੁਰ ਦੇ ਨਾਲ ਡੂੰਘੇ ਸੰਬੰਧ ਦੇ ਵਿੱਚ ਦਾਖਿਲ ਹੋਏ ਸਨ, ਜਿੰਨਾਂ ਦੇ ਪੁਰਸ਼ ਅਤੇ ਇਸਤਰੀਆਂ ਦੋਵੇਂ ਸ਼ਾਮਿਲ ਹਨ ਜਿਵੇਂ ਕਿ ਜੋਨ੍ਹ ਬਨਿਅਨ, ਹਡਸਨ ਟੈਲਰ, ਡਵਾਈਟ ਐਲ।ਮੂਡੀ, ਸੈਮੀ ਮੋਰਿਸ, ਔਸਵਾਲਡ ਚੈਂਬਰਜ਼, ਫਰਾਂਸੈਸ ਰਾਈਡਲੇ ਹੇਵਗ੍ਰਾਲ ਅਤੇ ਐਮੀ ਕਾਰਮਾਈਕਲ।[15]

ਜਦਕਿ ਇਹ ਮਹੱਤਵਪੂਰਨ ਹੈ ਕਿ ਅਸੀਂ ਉਸ ਕੰਮ ਨੂੰ ਸੀਮਿਤ ਨਹੀਂ ਕਰ ਸਕਦੇ ਜੋ ਪਰਮੇਸ਼ੁਰ ਇੱਕ ਪਲ ਵਿੱਚ ਕਰ ਸਕਦਾ ਹੈ, ਇਸਦੇ ਨਾਲ ਇਹ ਵੀ ਮਹੱਤਵਪੂਰਨ ਹੈ ਕਿ ਅਸੀਂ ਪਵਿੱਤਰ ਆਤਮਾ ਦੇ ਉਸ ਕੰਮ ਨੂੰ ਨਾਲ ਭੁੱਲੀਏ ਜੋ ਪ੍ਰਕਿਰਿਆ ਦੇ ਦੁਆਰਾ ਹੁੰਦਾ ਹੈ। ਭਾਵੇਂ ਕਿ ਕਈ ਵਾਰ ਇਸ ਪ੍ਰਕਾਰ ਦੇ ਸ਼ੁੱਧੀਕਰਨ ਨੂੰ ਸੰਪੂਰਨ ਦਰਸਾਇਆ ਜਾਂਦਾ ਹੈ, ਪਰ ਇਹ ਪੱਧਰ ਇਹ ਨਹੀਂ ਦਰਸਾਉਂਦਾ ਕਿ ਅੱਗੇ ਹੋਰ ਉੱਨਤੀ ਨਹੀਂ ਹੋ ਸਕਦੀ। ਉਦਾਹਰਨ ਦੇ ਲਈ ਜੇਕਰ ਕੋਈ ਅੰਗਰੇਜ਼ੀ ਬੋਲਣੀ ਸਿੱਖ ਲਵੇ ਤਾਂ ਇਸਦਾ ਇਹ ਮਤਲਬ ਨਹੀਂ ਹੈ ਕਿ ਕੋਈ ਇਸਨੂੰ ਲਗਾਤਾਰ ਸਿੱਖ ਨਹੀਂ ਸਕਦਾ ਹੈ ਤਾਂ ਹੋਰ ਵੀ ਬਿਹਤਰ ਅੰਗਰੇਜ਼ੀ ਬੋਲ ਸਕੇ। ਜੋ ਲੋਕ ਪੂਰਨ ਤੌਰ ਤੇ ਸ਼ੁੱਧ ਕੀਤੇ ਗਏ ਹਨ ਉਹ ਇੱਕ ਅਜਿਹੇ ਮੁਕਾਮ ਦੇ ਆ ਗਏ ਜਿੱਥੇ ਉਹ ਅਜਿਹੇ ਸ਼ੁੱਧੀਕਰਨ ਨੂੰ ਅਨੁਭਵ ਕਰਦੇ ਹਨ ਜਿਸਦਾ ਅਨੁਭਵ

[15] ਤੁਸੀਂ ਇੰਨ੍ਹਾਂ ਬਹੁਤ ਸਾਰੀਆਂ ਕਹਾਣੀਆਂ ਨੂੰ Shepherds Global Classroom (ਸ਼ਫਰਡ ਗਲੋਬਲ ਕਲਾਸਰੂਮ) ਦੇ ਕੋਰਸ *Doctrine and Practice of the Holy Life* ਵਿੱਚ ਪੜ੍ਹ ਸਕਦੇ ਹੋ।

ਉਨ੍ਹਾਂ ਨੇ ਪਹਿਲਾਂ ਨਹੀਂ ਕੀਤਾ ਸੀ। ਪਰ ਇਹ ਵੀ ਕੋਈ ਸੰਪੂਰਨ ਸਥਿਤੀ ਨਹੀਂ ਹੈ। ਇਹ ਪਵਿੱਤਰਤਾਈ ਦਾ ਅਜਿਹਾ ਜੀਵਨ ਜਿੱਥੇ ਇੱਕ ਵਿਸ਼ਵਾਸੀ ਲਗਾਤਾਰ ਵਿਕਸਿਤ ਹੁੰਦਾ ਰਹਿੰਦਾ ਹੈ।

## ਸ਼ੁੱਧੀਕਰਨ ਅਤੇ ਮਸੀਹੀ ਪਰਿਪੱਕਤਾ

ਬਾਈਬਲ ਇੱਕ ਪਰਿਪੱਕ ਵਿਸ਼ਵਾਸੀ ਦੇ ਜੀਵਨ ਨੂੰ ਬਿਆਨ ਕਰਦੀ ਹੈ। ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਮਸੀਹੀ ਯੋਗਤਾਵਾਂ ਨੂੰ ਵਿਕਸਿਤ ਕਰਨ ਦੇ ਲਈ ਕੰਮ ਕਰਦਾ ਹੈ। ਆਤਮਾ ਦੇ ਕੰਮ ਦੇ ਵਿੱਚ ਸ਼ੁੱਧੀਕਰਨ ਜਾਂ ਮਸਹ ਦੇ ਖਾਸ ਪਲ ਅਤੇ ਨਾਲ ਹੀ ਧੀਮੀ ਪ੍ਰਕਿਰਿਆ ਸ਼ਾਮਿਲ ਹੁੰਦੀ ਹੈ। ਇੱਕ ਵਿਸ਼ਵਾਸੀ ਨੂੰ ਅਜਿਹੇ ਆਤਮਿਕ ਜੀਵਨ ਦੇ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੀਦਾ ਜੋ ਬਾਈਬਲ ਦੇ ਵਿੱਚ ਦੱਸੇ ਇੱਕ ਪਰਿਪੱਕ ਵਿਸ਼ਵਾਸੀ ਦੇ ਪੱਧਰ ਨਾਲ ਮੇਲ ਨਹੀਂ ਖਾਂਦਾ।

ਇਬਰਾਨੀਆਂ ਦਾ ਲੇਖਕ ਦੱਸਦਾ ਹੈ ਕਿ ਉਸਦੇ ਕੁਝ ਪਾਠਕ ਨਿਆਣਿਆਂ ਦੇ ਸਮਾਨ ਸਨ (ਇਬਰਾਨੀਆਂ ਨੂੰ 5:12)। ਉਸਨੇ ਉਨ੍ਹਾਂ ਅੱਗੇ ਅਪੀਲ ਕੀਤੀ ਕਿ ਉਹ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ **ਸਿਆਣਪੁਣੇ** ਦੀ ਵੱਲ ਅਗਾਹਾਂ ਵਧਦੇ ਜਾਣ (ਇਬਰਾਨੀਆਂ ਨੂੰ 6:1)।

ਰਸੂਲਾਂ ਦੇ ਦੁਆਰਾ ਵਿਸ਼ਵਾਸੀਆਂ ਦੇ ਕੀਤੀਆਂ ਪ੍ਰਾਰਥਨਾਵਾਂ ਸਾਡੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਪ੍ਰਗਟ ਕਰਦੀਆਂ ਹਨ।

### ਪਿਆਰ

ਪੌਲੁਸ ਨੇ ਪ੍ਰਾਰਥਨਾ, "ਪ੍ਰਭੂ ਤੁਹਾਡੇ ਇੱਕ ਦੂਏ ਨਾਲ ਅਤੇ ਸਭਨਾਂ ਮਨੁੱਖਾਂ **ਨਾਲ ਪ੍ਰੇਮ ਕਰਨ ਨੂੰ ਵਧਾਵੇ ਅਤੇ ਬਹੁਤਾ ਕਰੇ** ..." (1 ਥੱਸਲੁਨੀਕੀਆਂ ਨੂੰ 3:12-13)। ਉਸਨੇ ਅਫ਼ਸੀਆਂ ਦੇ ਲਈ ਵੀ ਪ੍ਰਾਰਥਨਾ ਕੀਤੀ:

> ... ਤਾਂ ਜੋ ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ ਤੁਸੀਂ ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੋ ਭਈ ਕਿੰਨੀ ਹੀ ਚੁੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ ਜਾਣ ਸੱਕੋ ਭਈ ਤੁਸੀਂ (ਅਫ਼ਸੀਆਂ ਨੂੰ 3:17-19)।

ਪੌਲੁਸ ਪ੍ਰਾਰਥਨਾ ਕਰ ਰਿਹਾ ਸੀ ਕਿ ਪ੍ਰਭੂ ਇੰਨ੍ਹਾਂ ਵਿਸ਼ਵਾਸੀ ਨੂੰ ਪ੍ਰੇਮ ਕਰਨ ਵਿੱਚ ਵਧਾਵੇ ਅਤੇ ਬਹੁਤਾ ਕਰੇ। 1 ਕੁਰਿੰਥੀਆਂ ਨੂੰ 13 ਦੇ ਵਿੱਚ ਪੌਲੁਸ ਨੇ ਵਰਣਨ ਕੀਤਾ ਕਿ ਪਿਆਰ ਕਿਸੇ ਪਰਿਪੱਕ ਵਿਸ਼ਵਾਸੀ ਦੇ ਅੰਦਰ ਕਿਸ ਪ੍ਰਕਾਰ ਵਿਖਣਾ ਚਾਹੀਦਾ ਹੈ। ਸ਼ੁੱਧੀਕਰਨ ਦਾ ਜੀਵਨ ਸਾਧਾਰਨ ਤੌਰ ਤੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ, ਜਾਨ, ਸ਼ਕਤੀ ਅਤੇ ਬੁੱਧ ਨਾਲ ਪਿਆਰ ਕਰਨਾ ਅਤੇ ਆਪਣੇ ਗੁਆਂਢੀ ਨੂੰ ਆਪਣੇ ਸਮਾਨ ਪਿਆਰ ਕਰਨਾ ਹੈ (ਲੂਕਾ 10:27)। ਪਵਿੱਤਰ ਲੋਕਾਂ ਦਾ ਪਰਮੇਸ਼ੁਰ ਦੇ ਨਾਲ ਅਤੇ ਆਪਣੇ ਨਾਲ ਵਾਲੇ ਮਨੁੱਖਾਂ ਦੇ ਨਾਲ ਇਸੇ ਪ੍ਰਕਾਰ ਦਾ ਸੰਬੰਧ ਹੁੰਦਾ ਹੈ।

## ਨਿਰਦੋਸ਼ ਹੋਣਾ

ਪੌਲੁਸ ਨੇ ਥੱਸਲੁਨੀਕੀਆਂ ਦੇ ਲਈ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਉਨ੍ਹਾਂ ਦੇ ਮਨਾਂ...ਪਵਿੱਤਰਤਾਈ ਵਿੱਚ ਨਿਰਦੋਸ਼ ਸਥਾਪਿਤ ਕਰੇ(1 ਥੱਸਲੁਨੀਕੀਆਂ ਨੂੰ 3:12-13)। ਦੋ ਅਧਿਆਇਆਂ ਦੇ ਬਾਅਦ, ਉਹ ਪ੍ਰਾਰਥਨਾ ਕਰਦਾ ਹੈ ਕਿ ਉਹ ਸ਼ੁੱਧ ਹੋ ਜਾਣ ਕਿ ਉਨ੍ਹਾਂ ਦਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ **ਦੋਸ਼ ਰਹਿਤ** ਸੰਪੂਰਨ ਬਚਿਆ ਰਹੇ (1 ਥੱਸਲੁਨੀਕੀਆਂ ਨੂੰ 5:23)। *ਨਿਰਦੋਸ਼ ਹੋਣ* ਦਾ ਅਰਥ ਹਰੇਕ ਕੰਮ ਦੇ ਵਿੱਚ ਸੰਪੂਰਨ ਹੋਣਾ ਨਹੀਂ ਹੈ। ਇੱਕ ਨਿਰਦੋਸ਼ ਵਿਅਕਤੀ ਵੀ ਗ਼ਲਤੀਆਂ ਕਰ ਸਕਦਾ ਹੈ ਪਰ ਉਸਦੇ ਕੋਲ ਅਜਿਹਾ ਚਰਿੱਤਰ ਅਤੇ ਵਿਵਹਾਰ ਹੈ ਜੋ ਉਸਦੇ ਵਿੱਚ ਹੋਣਾ ਚਾਹੀਦਾ ਹੈ।

## ਅੰਦਰਲੀ ਸਮਰੱਥਾ

ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਵਿਸ਼ਵਾਸੀ ਆਤਮਾ ਦੇ ਰਾਂਹੀ ਆਪਣੀ ਅੰਦਰਲੀ ਇਨਸਾਨੀਅਤ ਵਿੱਚ **ਸਮੱਰਥਾ ਨਾਲ ਬਲਵੰਤ ਹੋ ਜਾਣ** (ਅਫ਼ਸੀਆਂ ਨੂੰ 3:15-16)। ਜਦੋਂ ਕੋਈ ਵਿਅਕਤੀ ਵਿਸ਼ਵਾਸ ਦੇ ਵਿੱਚ ਅੱਗੇ ਵੱਧਦਾ ਹੈ ਤਾਂ ਉਸਦਾ ਅੰਦਰੂਨੀ ਚਰਿੱਤਰ ਮਜ਼ਬੂਤ ਹੋ ਜਾਂਦਾ ਹੈ। ਅੰਦਰੂਨੀ ਬਲ ਸਹੀ ਚੋਣ ਕਰਨ ਅਤੇ ਗ਼ਲਤ ਫੈਸਲੇ ਦਾ ਇਨਕਾਰ ਕਰਨ ਦੀ ਯੋਗਤਾ ਹੈ।

## ਮਸੀਹ ਸਾਡੇ ਅੰਦਰ ਵਾਸ ਕਰੇ

ਪੌਲੁਸ ਅਫ਼ਸੀਆਂ ਦੀ ਪ੍ਰਾਰਥਨਾ ਨੂੰ ਇਹ ਪ੍ਰਾਰਥਨਾ ਕਰਦੇ ਹੋਏ ਜਾਰੀ ਰੱਖਦਾ ਹੈ ਕਿ **ਮਸੀਹ ਉਨ੍ਹਾਂ ਦੇ ਮਨਾਂ ਵਿੱਚ ਵਾਸ ਕਰੇ** (ਅਫ਼ਸੀਆਂ ਨੂੰ 3:17)। ਇੱਥੇ "ਵਾਸ ਕਰਨ" ਦੇ ਅਨੁਵਾਦ ਕੀਤੇ ਹੋਏ ਸ਼ਬਦ ਦਾ ਅਰਥ ਪੱਕੇ ਤੌਰ ਵਾਸ ਕਰਨਾ ਹੈ ਨਾ ਕਿ ਕਿਸੇ ਸਥਾਨ ਤੇ ਅਸਥਾਈ ਸਮੇਂ ਦੇ ਲਈ ਠਹਿਰਣਾ। ਇਹ ਤਸਵੀਰੀ ਸ਼ਬਦ ਇਸ ਗੱਲ ਦਾ ਸੁਝਾਅ ਦਿੰਦਾ ਹੈ ਯਿਸੂ ਸਿਰਫ਼ ਸਾਡੇ ਨਾਲ ਮੁਲਾਕਾਤ ਹੀ ਨਹੀਂ ਕਰਨੀ ਚਾਹੁੰਦਾ ਸਗੋਂ ਸਾਡੇ ਨਾਲ ਵਾਸ ਕਰਨਾ ਚਾਹੁੰਦਾ ਹੈ। ਜੋ ਲੋਕ ਸਥਾਈ ਆਤਮਿਕ ਜੀਵਨ ਨੂੰ ਜਿਉਂਦੇ ਹਨ ਮਸੀਹ ਉੱਥੇ ਆਰਾਮਦਾਇਕ ਅਤੇ ਸੰਤੁਸ਼ਟ ਮਹਿਸੂਸ ਕਰਦਾ ਹੈ।

## ਪਰਮੇਸ਼ੁਰ ਦੀ ਭਰਪੂਰੀ

ਪੌਲੁਸ ਅਫ਼ਸੀਆਂ ਦੀ ਪ੍ਰਾਰਥਨਾ ਦੀ ਇਸ ਬੇਨਤੀ ਨੂੰ ਇਹ ਕਹਿੰਦੇ ਹੋਏ ਸਮਾਪਤ ਕਰਦਾ ਹੈ ਕਿ ਉਹ **ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰੀ ਹੋ ਜਾਣ** (ਅਫ਼ਸੀਆਂ ਨੂੰ 3:14-19)। ਇੱਥੇ ਕਿਸੇ ਆਤਮਿਕ ਸਚਿਆਈ ਨੂੰ ਸਿਖਾਉਣ ਦੇ ਲਈ ਇੱਕ ਭੋਤਿਕ ਉਦਾਹਰਨ ਦਾ ਉਪਯੋਗ ਕੀਤਾ ਗਿਆ ਹੈ। ਇਸਦਾ ਅਰਥ ਹੈ ਕਿ ਪਰਮੇਸ਼ੁਰ ਸਾਡੇ ਸਾਰੇ ਹਿੱਸਿਆਂ ਦੇ ਕਾਬੂ ਕਰਨਾ ਚਾਹੁੰਦਾ ਹੈ ਸਾਡੇ ਮਨ, ਇੱਛਾਵਾਂ, ਭਾਵਨਾਵਾਂ, ਕੰਮ, ਰਵੱਈਏ, ਭੁੱਖ ਅਤੇ ਪ੍ਰਤੀਕਿਰਿਆਵਾਂ। ਪਵਿੱਤਰ ਜੀਵਨ ਦਾ ਜੋ ਸਾਰਾ ਵਰਣਨ ਬਾਈਬਲ ਦੇ ਵਿੱਚ ਪਾਇਆ ਜਾਂਦਾ ਹੈ, ਇਹ ਭਗਤੀ ਦੇ ਨਾਲ ਇਸ ਪ੍ਰਕਾਰ ਭਰ ਜਾਣਾ ਹੈ ਕਿ ਸਾਡੇ ਅੰਦਰ ਕਿਸੇ ਪ੍ਰਕਾਰ ਦੀ ਅਭਗਤੀ ਨਾ ਰਹੇ।

ਅੱਗਲੇ ਦੋ ਵਚਨ ਪ੍ਰਾਥਨਾ ਨੂੰ ਸਮਾਪਤ ਕਰਦੇ ਹਨ:

> ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ ਕਲੀਸਿਯਾ ਵਿੱਚ ਅਤੇ ਮਸੀਹ ਯਿਸੂ ਵਿੱਚ ਸਾਰੀਆਂ ਪੀੜ੍ਹੀਆਂ ਤ੍ਰੀਕੁਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ।। ਆਮੀਨ (ਅਫ਼ਸੀਆਂ ਨੂੰ 3:20-21)।

ਇਹ ਬਰਕਤ ਦਾ ਵਚਨ ਬਿਆਨ ਦਿੰਦਾ ਹੈ ਕਿ ਪਰਮੇਸ਼ੁਰ ਸਾਡੇ ਮੰਗਣ ਅਤੇ ਸੋਚਣ ਤੋਂ ਜਿਆਦਾ ਕਰ ਸਕਦਾ ਹੈ। ਇੱਥੇ ਪੌਲੁਸ ਆਰਥਿਕ ਭਰਪੂਰੀ ਬਾਰੇ ਨਹੀਂ ਹੈ ਪਰ ਆਤਮਿਕ ਜੀਵਨ ਦੇ ਬਾਰੇ ਹੈ। ਸਾਨੂੰ ਪਵਿੱਤਰਤਾਈ ਅਤੇ ਪਰਿਪੱਕਤਾ ਦੇ ਉਹਨਾਂ ਪੱਧਰਾਂ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਜਿਸ ਤੱਕ ਪਹੁੰਚਣ ਵਿੱਚ ਸਾਡੇ ਅੰਦਰ ਕੰਮ ਕਰਨ ਵਾਲੀ ਸ਼ਕਤੀ ਸਾਡੀ ਮਦਦ ਕਰ ਸਕਦੀ ਹੈ।

> "ਸਸਤੀ ਕ੍ਰਿਪਾ (ਕਾਲਪਨਿਕ) ਅਜਿਹੀ ਕ੍ਰਿਪਾ ਹੈ ਜੋ ਅਸੀਂ ਆਪਣੇ ਤੇ ਰੱਖਦੇ ਹਾਂ। ਸਸਤੀ ਕ੍ਰਿਪਾ ਬਿਨਾਂ ਤੌਬਾ ਦੇ ਮਾਫ਼ੀ, ਬਿਨਾਂ ਅਨੁਸ਼ਾਸਨ ਦੇ ਬਪਤਿਸਮਾ, ਬਿਨਾਂ ਇਕਰਾਰ ਦੇ ਪ੍ਰਭੂ ਭੋਜ ਹੈ... ਸਸਤੀ ਕ੍ਰਿਪਾ ਬਿਨਾਂ ਚੇਲ੍ਹੇਪਨ ਦੀ ਕ੍ਰਿਪਾ ਹੈ, ਬਿਨਾਂ ਸਲੀਬ ਦੀ ਕ੍ਰਿਪਾ, ਬਿਨਾਂ ਜਿਉਂਦੇ ਅਤੇ ਦੇਹਧਾਰੀ ਯਿਸੂ ਮਸੀਹ ਦੇ ਕ੍ਰਿਪਾ ਹੈ।"
>
> -ਡਾਈਟਰਿਚ ਬੋਨਹੇਫਰ

## ਮਸੀਹੀ ਅਭਿਆਸ

ਨਵਾਂ ਨੇਮ ਸਾਨੂੰ ਪਵਿੱਤਰਤਾਈ ਅਤੇ ਪਰਿਪੱਕਤਾ ਦੇ ਵਿੱਚ ਵਿਕਸਿਤ ਹੋਣ ਦੇ ਲਈ ਅਭਿਆਸ ਦਿੰਦਾ ਹੈ।

**ਇੱਕ ਚੰਗਾ ਵਿਵੇਕ ਰੱਖਣਾ।** ਪੌਲੁਸ ਤਿਮੋਥਿਉਸ ਨੂੰ ਦੱਸਦਾ ਹੈ ਕਿ ਇੱਕ ਚੰਗੀ ਲੜਾਈ ਲੜਣ ਦੇ ਲਈ (ਜੋ ਕਿ ਜੇਤੂ ਮਸੀਹੀ ਜੀਵਨ ਦੀ ਇੱਕ ਉਦਾਹਰਨ ਹੈ), ਨਿਹਚਾ ਅਤੇ ਸ਼ੁੱਧ ਅੰਤਹਕਰਨ ਨੂੰ ਤਕੜਿਆਂ ਰੱਖਣਾ ਪੈਂਦਾ ਹੈ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 1:18-19)।[16] ਪੌਲੁਸ ਨੇ ਇਹ ਵੀ ਕਿਹਾ, "ਮੈਂ ਆਪ ਭੀ ਇਸ ਵਿੱਚ ਜਤਨ ਕਰਦਾ ਹਾਂ ਜੋ ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ" (ਰਸੂਲਾਂ ਦੇ ਕਰਤੱਬ 24:16)। ਆਪਣੀ ਵਿਵੇਕ ਨੂੰ ਸੁਣਨ ਦੇ ਦੁਆਰਾ ਅਸੀਂ ਤੌਬਾ ਕਰ ਸਕਦੇ ਹਾਂ, ਭਰਪਾਈ ਕਰ ਸਕਦੇ ਹਾਂ, ਕਿਸੇ ਨਾਲ ਸੁਲ੍ਹਾ ਕਰ ਸਕਦੇ ਹਾਂ, ਜਾਂ ਆਪਣਾ ਵਿਵਹਾਰ ਬਦਲ ਸਕਦੇ ਹਾਂ। ਚੰਗੇ ਵਿਵੇਕ ਦੇ ਹੋਣ ਤੋਂ ਭਾਵ ਹੈ ਕਿ ਵਿਅਕਤੀ ਪਾਪਾਂ ਦਾ ਇਕਰਾਰ ਕਰਨਗੇ ਅਤੇ ਜਦੋਂ ਵੀ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਨੇ ਕੁਝ ਗ਼ਲਤ ਕੀਤਾ ਹੈ ਤਾਂ ਉਹ ਆਪਣੇ ਪਾਪਾਂ ਤੋਂ ਤੌਬਾ ਕਰਦੇ ਹਨ।

**ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਸਮਰਪਿਤ ਕਰੋ।** ਪੌਲੁਸ ਰੋਮੀਆਂ ਨੂੰ 12:1 ਇੱਕ ਸ਼ਕਤੀਸ਼ਾਲੀ ਸੁਝਾਅ ਦਿੰਦੇ ਹੋਏ ਲਿਖਦਾ ਹੈ, "ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ" । ਜਦੋਂ ਉਹ

[16] ਪੌਲੁਸ ਖਾਸ ਤੌਰ ਤੇ ਇਸ ਗੱਲ ਦੇ ਪ੍ਰਤੀ ਚਿੰਤਿਤ ਸੀ ਕਿ ਪਾਸਬਾਨਾਂ ਦੇ ਕੋਲ ਸ਼ੁੱਧ ਅੰਤਹਕਰਨ ਹੋਵੇ ਕਿਉਂਕਿ ਉਹ ਇਸ ਮੁੱਦੇ ਬਾਰੇ ਤਿਮੋਥਿਉਸ ਨੂੰ ਲਿਖੀ ਪਾਸਬਾਨੀ ਪੱਤ੍ਰੀ ਦੇ ਵਿੱਚ ਤਿੰਨ ਵਾਰ ਦੱਸਦਾ ਹੈ, ਜਿਵੇਂ ਕਿ ਇੱਕ "ਸਾਫ਼ ਅੰਤਹਕਰਨ" (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 1:5) ਅਤੇ ਇੱਕ "ਸ਼ੁੱਧ ਅੰਤਹਕਰਨ" (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:8-9; ਤਿਮੋਥਿਉਸ ਨੂੰ ਦੂਜੀ ਪੱਤ੍ਰੀ 1:3)।

ਪਰਿਵਰਤਿਤ ਹੋਏ ਸਨ ਤਾਂ ਰੋਮੀ ਵਿਸ਼ਵਾਸੀਆਂ ਨੇ ਪਹਿਲਾਂ ਹੀ ਆਪਣੇ ਆਪ ਨੂੰ ਪਰਮੇਸ਼ੁਰ ਦੇ ਚੜ੍ਹਾ ਦਿੱਤਾ ਸੀ, ਪਰ ਇੱਥੇ ਪੌਲੁਸ ਪਰਮੇਸ਼ੁਰ ਦੇ ਪ੍ਰਤੀ ਇੱਕ ਸੰਪੂਰਨ ਸਮਰਪਣ ਦੀ ਬੇਨਤੀ ਕਰਦਾ ਹੈ।

**ਸੰਸਾਰ ਦੇ ਸਰੂਪ ਜਹੇ ਨਾ ਬਣੋ** (ਰੋਮੀਆਂ ਨੂੰ 12:2)। ਸੰਸਾਰ ਦੇ ਸਰੂਪ ਜਹੇ ਬਣਨ ਦਾ ਅਰਥ ਹੈ ਇੱਕ ਅਵਿਸ਼ਵਾਸੀ ਸਮਾਜ ਦੇ ਦੁਆਰਾ ਪ੍ਰਭਾਵਿਤ ਹੋਣਾ, ਇਸ ਦੀਆਂ ਕਦਰਾਂ-ਕੀਮਤਾਂ ਦੇ ਵਿੱਚ ਸਾਂਝੀ ਹੋਣਾ ਅਤੇ ਅਵਿਸ਼ਵਾਸੀਆਂ ਦੀ ਤਰ੍ਹਾਂ ਵਿਵਹਾਰ ਕਰਨਾ। ਸੰਸਾਰ ਦੇ ਲੋਕ ਸੁਆਰਥੀ ਅਤੇ ਅਨਿਆਂਈ ਹੋਣ ਅਤੇ ਸਰੀਰ ਦੀਆਂ ਪਾਪ ਭਰੀਆਂ ਇੱਛਾਵਾਂ ਨੂੰ ਜ਼ਾਇਜ ਠਹਿਰਾਉਂਦੇ ਹਨ। ਇੱਕ ਵਿਸ਼ਵਾਸੀ ਇਸ ਤੋਂ ਅਲੱਗ ਹੁੰਦਾ ਹੈ (2 ਕੁਰਿੰਥੀਆਂ ਨੂੰ 10:3-4)।

**ਬੁੱਧ ਨੂੰ ਨਵਾਂ ਕਰਨਾ।** ਪੌਲੁਸ ਇਹ ਕਹਿੰਦੇ ਹੋਏ ਰੋਮੀਆਂ ਦੇ ਲਈ ਉਤਸ਼ਾਹ ਨੂੰ ਜਾਰੀ ਰੱਖਦਾ ਹੈ,

> ... **ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ** ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ (ਰੋਮੀਆਂ ਨੂੰ 12:2)।

ਜਿੰਨਾ ਜਿਆਦਾ ਕੋਈ ਸੰਸਾਰ ਦੀ ਸੋਚ ਰਾਹ ਨੂੰ ਤਿਆਗਦਾ ਹੈ ਅਤੇ ਪਰਮੇਸ਼ੁਰ ਦੀ ਸੋਚ ਨੂੰ ਅਪਣਾਉਂਦਾ ਹੈ, ਤਾਂ ਇਸਦੇ ਨਾਲ ਉਹ ਹੋਰ ਜਿਆਦਾ ਪਰਿਵਰਤਿਤ ਹੁੰਦਾ ਜਾਵੇਗਾ।

**ਚਾਨਣ ਵਿੱਚ ਚੱਲੀਏ**। ਯੂਹੰਨਾ ਲਿਖਦਾ ਹੈ, "ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ" (ਯੂਹੰਨਾ ਦੀ ਪਹਿਲੀ ਪੱਤ੍ਰੀ 1:7)। ਚਾਣਨ ਸਚਿਆਈ ਦੀ ਇੱਕ ਤਸਵੀਰੀ ਭਾਸ਼ਾ ਹੈ। ਇਸ ਪ੍ਰਕਾਰ ਚਾਣਨ ਦੇ ਵਿੱਚ ਚੱਲਣ ਤੋਂ ਭਾਵ ਹੈ ਸਚਿਆਈ ਨੂੰ ਸਿੱਖਣਾ ਅਤੇ ਉਸਦੇ ਪਿੱਛੇ ਚੱਲਣਾ।

**ਵਿਸ਼ਵਾਸ ਦੇ ਦੁਆਰਾ ਦੁੱਖ ਝੱਲਣਾ**। ਪਤਰਸ ਦੀ ਪਹਿਲੀ ਪੱਤ੍ਰੀ 5:10 ਦੇ ਵਿੱਚ ਪਤਰਸ ਦੀ ਬਰਕਤ ਦਾ ਵਚਨ ਇੱਕ ਮੁੜ-ਬਹਾਲ ਹੋਇਆ, ਮਜ਼ਬੂਤ, ਅਤੇ ਸਥਾਈ ਵਿਸ਼ਵਾਸੀ ਦੇ ਮਹਿਮਾਮਈ ਹੋਣ ਵੱਲ ਇਸ਼ਾਰਾ ਕਰਦਾ ਹੈ, ਪਰ ਇਹ ਉੱਥੇ ਪਹੁੰਚਣ ਦੇ ਇੱਕ ਦੁੱਖਦਾਈ ਰਾਹ ਦੀ ਗੱਲ ਕਰਦਾ ਹੈ। "ਪਰਮ ਕਿਰਪਾਲੂ ਪਰਮੇਸ਼ੁਰ... ਜਦ ਤੁਸਾਂ ਥੋੜਾ ਚਿਰ ਦੁਖ ਭੋਗ ਲਿਆ ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆ ਕਰੇਗਾ (ਪਤਰਸ ਦੀ ਪਹਿਲੀ ਪੱਤ੍ਰੀ 5:10)। ਦੁੱਖ ਇੱਕ ਪ੍ਰਕਾਰ ਦੇ ਨਾਲ ਸਾਡੇ ਰਵੱਈਏ ਨੂੰ ਸ਼ੁੱਧ ਕਰਦੇ ਹਨ ਅਤੇ ਸਾਡੇ ਵਿਵਹਾਰ ਨੂੰ ਸੁਧਾਰਦੇ ਹਨ। ਪਰਮੇਸ਼ੁਰ ਉਨ੍ਹਾਂ ਦੁੱਖਾਂ ਨੂੰ ਪ੍ਰਵਾਨਗੀ ਦਿੰਦਾ ਹੈ ਜੋ ਸਾਨੂੰ ਵਿਕਸਿਤ ਕਰਦੇ ਹਨ। ਸਾਨੂੰ ਇਸਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਜੋ ਪਰਮੇਸ਼ੁਰ ਸਾਨੂੰ ਸਿਖਾ ਰਿਹਾ ਹੈ ਉਸਨੂੰ ਸਿੱਖਣਾ ਚਾਹੀਦਾ ਹੈ (2 ਕੁਰਿੰਥੀਆਂ ਨੂੰ 12:7-10)।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਮਸੀਹੀ ਪਵਿੱਤਰਤਾਈ ਅਤੇ ਪਰਮੇਸ਼ੁਰ ਦੀ ਕ੍ਰਿਪਾ ਦੇ ਦੁਆਰਾ ਪਰਿਵਰਤਿਤ ਹੋਣਾ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਇੱਕ ਪਾਪ ਤੌਬਾ ਕਰਦਾ ਹੈ। ਜਦੋਂ ਇੱਕ ਵਿਸ਼ਵਾਸੀ ਪਰਮੇਸ਼ੁਰ ਦੀ ਸਮਝ ਦੇ ਵਿੱਚ ਵੱਧਦਾ ਹੈ ਅਤੇ ਲਗਾਤਾਰ ਆਗਿਆਕਾਰੀ ਕਰਦਾ ਹੈ ਤਾਂ ਉਹ ਆਤਮਿਕਤਾ ਦੇ ਵਿੱਚ ਵੱਧਦਾ ਹੈ। ਸ਼ੁੱਧੀਕਰਨ ਪਰਮੇਸ਼ੁਰ ਦਾ ਉਹ ਕੰਮ ਹੈ ਜਿਸਦੇ ਵਿੱਚ ਉਹ ਇੱਕ ਵਿਸ਼ਵਾਸੀ ਨੂੰ ਸਾਫ਼ ਕਰਦਾ ਹੈ ਅਤੇ ਉਸਨੂੰ ਇੱਕ ਪਵਿੱਤਰ ਚਰਿੱਤਰ ਅਤੇ ਜੀਵਨ ਦੇ ਵਿੱਚ ਲਿਆਉਂਦਾ ਹੈ।

## ਪਾਠ 11 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਯਸਾਯਾਹ 6:1-8
- ਰਸੂਲਾਂ ਦੇ ਕਰਤੱਬ 2:1-18
- 1 ਕੁਰਿੰਥੀਆਂ ਨੂੰ 10:1-13
- 1 ਥੱਸਲੁਨੀਕੀਆਂ ਨੂੰ 5:14-24
- ਤੀਤੁਸ ਨੂੰ 2:11-14

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 11 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 11 ਦੀ ਪ੍ਰੀਖਿਆ

(1) ਪਵਿੱਤਰ ਦਾ ਮੂਲ ਅਰਥ ਕੀ ਹੈ?

(2) ਪਰਮੇਸ਼ੁਰ ਦੇ ਪਵਿੱਤਰ ਹੋਣ ਦਾ ਕੀ ਅਰਥ ਹੈ?

(3) ਅਰਾਧਨਾ ਦੇ ਲਈ ਪਵਿੱਤਰਤਾਈ ਕਿਉਂ ਮਹੱਤਵਪੂਰਨ ਹੈ?

(4) ਮਸੀਹੀ ਪਵਿੱਤਰਤਾਈ ਕਦੋਂ ਸ਼ੁਰੂ ਹੁੰਦੀ ਹੈ?

(5) ਚਾਨਣ ਵਿੱਚ ਚੱਲਣ ਦਾ ਕੀ ਅਰਥ ਹੈ?

(6) ਸ਼ੁੱਧੀਕਰਨ ਦੀ ਜੀਵਨ ਭਰ ਦੀ ਪ੍ਰਕਿਰਿਆ ਦੇ ਦੌਰਾਨ ਇੱਕ ਵਿਸ਼ਵਾਸੀ ਦੇ ਨਾਲ ਕੀ ਹੁੰਦਾ ਹੈ?

(7) ਵਿਰਾਸਤ ਵਿੱਚ ਮਿਲੀ ਭ੍ਰਿਸ਼ਟਤਾ ਕੀ ਹੈ?

(8) ਪ੍ਰਭੂ ਦੇ ਆਉਣ ਵੇਲੇ ਇੱਕ ਵਿਸ਼ਵਾਸੀ ਕਿਵੇਂ ਆਤਮਾ, ਜੀਵ ਅਤੇ ਸਰੀਰ ਵਿੱਚ ਨਿਰਦੋਸ਼ ਹੋ ਸਕਦਾ ਹੈ?

# ਪਾਠ 12

# ਕਲੀਸਿਆ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਕਲੀਸਿਆ ਦਾ ਅਰੰਭ।
- ਕਲੀਸਿਆ ਇੱਕ ਜਿਉਂਦਾ ਸੰਸਥਾਨ ਹੈ।
- ਕਲੀਸਿਆ ਜਿਉਂਦੀ ਅਤੇ ਸਥਾਨਕ ਦੇਹ ਹੈ।
- ਵਿਸ਼ਵਵਿਆਪੀ ਕਲੀਸਿਆ ਦੀ ਏਕਤਾ ਦਾ ਆਧਾਰ।
- ਸਥਾਨਕ ਕਲੀਸਿਆ ਦੀ ਏਕਤਾ ਦਾ ਆਧਾਰ।
- ਕਲੀਸਿਆਂ ਦੀਆਂ ਧਾਰਮਿਕ ਰਸਮਾਂ।
- ਕਲੀਸਿਆ ਦੇ ਉਦੇਸ਼।
- ਕਲੀਸਿਆ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਇੱਕ ਸਥਾਨਕ ਕਲੀਸਿਆ ਦੇ ਪ੍ਰਤੀ ਸਮਰਪਿਤ ਹੋਣ ਦੀ ਆਪਣੀ ਜਿੰਮੇਵਾਰੀ ਨੂੰ ਵੇਖੇਗਾ।

## ਕਲੀਸਿਆ ਦਾ ਅਰੰਭ

► ਅਫ਼ਸੀਆਂ ਨੂੰ 3:3-10 ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਕਲੀਸਿਆ ਦੇ ਬਾਰੇ ਕੀ ਕਹਿੰਦਾ ਹੈ?

ਨਵੇਂ ਨੇਮ ਤੋਂ ਕਈ ਸਦੀਆਂ ਪਹਿਲਾਂ, ਕਲੀਸਿਆ ਇੱਕ ਭੇਤ ਜੋ ਪੂਰੀ ਤਰ੍ਹਾਂ ਦੇ ਨਾਲ ਪ੍ਰਗਟ ਨਹੀਂ ਹੋਇਆ ਸੀ। ਕੁਝ ਅਜਿਹੇ ਲੋਕ ਸਨ ਜਿੰਨ੍ਹਾਂ ਨੇ ਪਰਮੇਸ਼ੁਰ ਦੀ ਕ੍ਰਿਪਾ ਨੂੰ ਅਨੁਭਵ ਕੀਤਾ ਅਤੇ ਉਸਦੇ ਨਾਲ ਸੰਬੰਧ ਦੇ ਵਿੱਚ ਰਹੇ (ਰੋਮੀਆਂ ਨੂੰ 4:1-8), ਪਰ ਅਜੇ ਤੱਕ ਕਲੀਸਿਆ ਸਥਾਪਿਤ ਨਹੀਂ ਹੋਈ ਸੀ।

► ਕਲੀਸਿਆ ਦੀ ਸ਼ੁਰੂਆਤ ਕਦੋਂ ਹੋਈ?

ਕਲੀਸਿਆ ਦੀ ਸ਼ੁਰੂਆਤ ਯਿਸੂ ਦੇ ਜੀਵਨ ਅਤੇ ਸੇਵਕਾਈ ਦੇ ਨਾਲ ਹੋਈ। ਕਲੀਸਿਆ ਉਸਦੇ ਦੁਆਰਾ ਦਿੱਤੀ ਗਈ ਮੁਕਤੀ ਦੇ ਦੁਆਰਾ ਉਸਾਰੀ ਗਈ (ਮੱਤੀ 16:16-18)। ਕਲੀਸਿਆ ਦਾ ਯੁੱਗ ਪੰਤੇਕੁਸਤ ਦੇ ਦਿਨ ਸ਼ੁਰੂ ਹੋਇਆ। ਉਸ ਦਿਨ ਤੋਂ ਕਲੀਸਿਆ ਨੇ ਧਰਤੀ ਤੇ

ਮਸੀਹ ਦੀ ਸਰੀਰਕ ਅਤੇ ਵਿਖਣ ਵਾਲੀ ਅਗਵਾਈ ਤੋਂ ਬਿਨਾਂ ਪਵਿੱਤਰ ਆਤਮਾ ਦੀ ਸਮਰੱਥਾ ਦੇ ਵਿੱਚ ਕੰਮ ਕਰਨਾ ਸ਼ੁਰੂ ਕੀਤਾ। (ਯੂਹੰਨਾ 16:7)।

ਯਿਸੂ ਨੇ ਚੇਲ੍ਹਿਆਂ ਨੂੰ ਅਧਿਕਾਰ ਦਿੱਤਾ ਕਿ ਉਹ ਉਸਦੀ ਸਿੱਖਿਆ ਨੂੰ ਸੰਸਾਰ ਭਰ ਦੇ ਵਿੱਚ ਫੈਲਾਉਣ ਅਤੇ ਸਥਾਪਿਤ ਕਰਨ (ਮੱਤੀ 28:18-20) ਅਤੇ ਵਾਇਦਾ ਕੀਤਾ ਕਿ ਪਵਿੱਤਰ ਆਤਮਾ ਉਨ੍ਹਾਂ ਦੀ ਸਾਰੀ ਸਚਿਆਈ ਦੇ ਵਿੱਚ ਉਨ੍ਹਾਂ ਦੀ ਅਗਵਾਈ ਕਰੇਗਾ (ਯੂਹੰਨਾ 16:13)। ਕਲੀਸਿਆ ਨੂੰ ਰਸੂਲੀ ਕਿਹਾ ਜਾ ਸਕਦਾ ਹੈ ਕਿਉਂਕਿ ਰਸੂਲਾਂ ਦੀ ਸਿੱਖਿਆ ਕਲੀਸਿਆ ਦੀ ਮੁੱਢਲੀ ਹੈ। ਕੋਈ ਵੀ ਵਿਸ਼ਵਾਸ ਜੋ ਇਸ ਮੁੱਢਲੀ ਸਿੱਖਿਆ ਦੇ ਵਿਰੁੱਧ ਹੈ ਉਸਨੂੰ ਮਸੀਹੀ ਨਹੀਂ ਕਿਹਾ ਜਾਣਾ ਚਾਹੀਦਾ।

ਕਲੀਸਿਆ ਦੀ ਸ਼ੁਰੂਆਤ ਹੇਠਾਂ ਦੱਸੇ ਕੰਮਾਂ ਦੇ ਵਿੱਚ ਹੋਈ:

1. ਯਿਸੂ ਦੀ ਸੇਵਕਾਈ
2. ਮਸੀਹ ਦੇ ਦੁਆਰਾ ਦਿੱਤੀ ਮੁਕਤੀ
3. ਪੰਤੇਕੁਸਤ ਦੇ ਦਿਨ ਹੀ ਘਟਨਾ
4. ਰਸੂਲਾਂ ਦੀ ਸਿੱਖਿਆ ਦਾ ਵਿਕਾਸ

## ਕਲੀਸਿਆ ਇੱਕ ਜਿਉਂਦਾ ਸੰਸਥਾਨ ਹੈ

ਕਲੀਸਿਆ ਦੀ ਤੁਲਨਾ ਇੱਕ ਅਜਿਹੇ ਪਰਿਵਾਰ ਦੇ ਨਾਲ ਕੀਤੀ ਜਾਂਦੀ ਹੈ ਜਿਸਦੇ ਵਿੱਚ ਪਰਮੇਸ਼ੁਰ ਪਿਤਾ ਹੈ ਅਤੇ ਵਿਸ਼ਵਾਸੀ ਭੈਣਾਂ ਭਰਾ ਹਨ (ਮੱਤੀ 12:48-50, ਕੁਲੁੱਸੀਆਂ ਨੂੰ 1:2)। ਕਲੀਸਿਆ ਨੂੰ ਇੱਕ ਪਰਜਾ ਕਿਹਾ ਗਿਆ ਹੈ ਇੱਕ ਅਜਿਹੀ ਪਰਜਾ ਜਿਸਦੇ ਵਿੱਚ ਕੋਈ ਇੱਕ ਨਸਲ ਜਾਂ ਕੁਦਰਤੀ ਅਰੰਭ ਨਹੀਂ ਹੈ (ਪਤਰਸ ਦੀ ਪਹਿਲੀ ਪੱਤ੍ਰੀ 2:9-10)। ਕਲੀਸਿਆ ਦੀ ਤੁਲਨਾ ਇੱਕ ਸਰੀਰਕ ਦੇਹ ਦੇ ਨਾਲ ਕੀਤੀ ਗਈ ਹੈ, ਜਿਸਦਾ ਸਿਰ ਮਸੀਹ ਹੈ (ਅਫ਼ਸੀਆਂ ਨੂੰ 4:15-16, ਅਫ਼ਸੀਆਂ ਨੂੰ 5:30)। ਮੈਂਬਰ ਮਿਲ ਕੇ ਕੰਮ ਕਰਦੇ ਹਨ ਅਤੇ ਇੱਕ ਦੂਸਰੇ ਦੀ ਦੇਖਭਾਲ ਕਰਦੇ ਹਨ (1 ਕੁਰਿੰਥੀਆਂ ਨੂੰ 12:14, 26)।

ਦੇਹ ਦੇ ਮੈਂਬਰ ਦੇ ਰੂਪ ਵਿੱਚ, ਇੱਕ ਮਸੀਹੀ ਦੇ ਅੰਦਰ ਕਲੀਸਿਆ ਤੋਂ ਆਜ਼ਾਦ ਰਹਿਣ ਦਾ ਰਵੱਈਆ ਨਹੀਂ ਹੋਣਾ ਚਾਹੀਦਾ। ਉਸਨੂੰ ਦੂਸਰੇ ਮੈਂਬਰਾਂ ਦੀ ਜਰੂਰਤ ਹੈ, ਅਤੇ ਉਨ੍ਹਾਂ ਨੂੰ ਉਸਦੀ ਜਰੂਰਤ ਹੈ (1 ਕੁਰਿੰਥੀਆਂ ਨੂੰ 12:21)। ਇੱਕ ਮਸੀਹੀ ਦੇ ਲਈ ਇੱਕ ਅਜਿਹੇ ਵਿਅਕਤੀ ਦੇ ਵੱਜੋਂ ਜਿਉਣਾ ਗ਼ਲਤ ਹੈ ਜੋ ਕਲੀਸਿਆ ਦੇ ਬਿਨਾਂ ਆਪਣੇ ਆਪ ਨੂੰ ਸਵੈ-ਭਰਪੂਰ ਸਮਝੇ।

ਕਲੀਸਿਆ ਤੋਂ ਅਲੱਗ ਹੋਣਾ ਆਪਣੇ ਆਪ ਨੂੰ ਉਸ ਕੰਮ ਤੋਂ ਅਲੱਗ ਕਰਨਾ ਹੈ ਜੋ ਮਸੀਹ ਧਰਤੀ ਤੇ ਕਰ ਰਿਹਾ ਹੈ। ਕਲੀਸਿਆ ਦੀ ਇੱਜ਼ਤ ਨਾ ਕਰਨਾ ਜਾਂ ਇਸਨੂੰ ਪਿਆਰ ਨਾ ਕਰਨਾ ਮਸੀਨ ਦੀ ਇੱਜ਼ਤ ਨਾ ਕਰਨ ਅਤੇ ਉਸਨੂੰ ਪਿਆਰ ਨਾ ਕਰਨ ਦੇ ਬਰਾਬਰ ਹੈ।

## ਕਲੀਸਿਆ ਇੱਕ ਜਿਉਂਦੀ ਸਥਾਨਕ ਦੇਹ ਦੇ ਤੌਰ ਤੇ

ਇੱਕ ਵਿਸ਼ਵਵਿਆਪੀ ਕਲੀਸਿਆ ਹੈ, ਫਿਰ ਵੀ ਕਲੀਸਿਆ ਦੀ ਸਥਾਨਕ ਹੋਂਦ ਹੈ। ਦੇਹ ਦੇ ਮੈਂਬਰ ਉਸ ਸਮੇਂ ਤੱਕ ਕੰਮ ਨਹੀਂ ਕਰ ਸਕਦੇ ਜਦੋਂ ਤੱਕ ਉਹ ਇੱਕ ਸਥਾਨ ਤੇ ਇਕੱਠੇ ਨਾ ਹੋਣ। ਪੌਲੁਸ ਨੇ ਕੁਰਿੰਥੀਆਂ ਦੇ ਵਿਸ਼ਵਾਸੀਆਂ ਨੂੰ ਕਿਹਾ ਕਿ ਉਹ ਮਸੀਹ ਦੀ ਦੇਹ ਹਨ (1 ਕੁਰਿੰਥੀਆਂ ਨੂੰ 12:27), ਜਿਸਦਾ ਅਰਥ ਹੈ ਕਿ ਸਥਾਨਕ ਕਲੀਸਿਆ ਉਸ ਸਥਾਨ ਦੇ ਲਈ ਮਸੀਹ ਦੀ ਦੇਹ ਹੈ।

ਪਰਮੇਸ਼ੁਰ ਨੇ ਸਥਾਨਕ ਕਲੀਸਿਆ ਨੂੰ ਵਿਸ਼ਵਾਸ ਦਾ ਪਰਿਵਾਰ ਹੋਣ ਦੇ ਲਈ ਰਚਿਆ ਹੈ:

1. ਆਤਮਿਕ ਵਰਦਾਨਾਂ ਦੇ ਨਾਲ ਦੇਹ ਦੇ ਵੱਜੋਂ ਸੰਚਾਲਨ ਕਰਨਾ।
2. ਸੰਗਤੀ ਦੇ ਵਿੱਚਲੇ ਲੋਕਾਂ ਦੀਆਂ ਅਲੱਗ-ਅਲੱਗ ਜਰੂਰਤਾਂ ਨੂੰ ਪੂਰਿਆਂ ਕਰਨਾ (ਮਨੁੱਖੀ ਅਤੇ ਈਸ਼ਵਰੀ ਸ੍ਰੋਤਾਂ ਦੇ ਨਾਲ)।
3. ਜੀਵਨ ਦੇ ਹਰੇਕ ਤੱਥ ਵਿੱਚ ਸੰਸਾਰ ਦੇ ਸਾਹਮਣੇ ਪਰਮੇਸ਼ੁਰ ਦੀ ਬੁੱਧ ਨੂੰ ਪ੍ਰਗਟ ਕਰਨਾ
4. ਅਵਿਸ਼ਵਾਸੀਆਂ ਨੂੰ ਪਰਿਵਰਤਿਤ ਹੋਣ ਅਤੇ ਪਰਿਵਾਰ ਦੇ ਵਿੱਚ ਸ਼ਾਮਿਲ ਹੋਣ ਦਾ ਸੱਦਾ ਦੇਣਾ

ਅਸਲ ਸੰਗਤੀ ਦੇ ਵਿੱਚ ਆਰਥਿਕਤਾ ਸ਼ਾਮਿਲ ਹੁੰਦੀ ਹੈ ਕਿਉਂਕਿ ਜੋ ਸੰਗਤੀ ਦੇ ਵਿੱਚ ਹੁੰਦੇ ਹਨ ਉਹ ਜੀਵਨ ਨੂੰ ਸਾਂਝਾ ਕਰਦੇ ਹਨ ਅਤੇ ਇੱਕ ਦੂਸਰੇ ਦੀਆਂ ਜਰੂਰਤਾਂ ਦੀ ਫਿਕਰ ਕਰਦੇ ਹਨ (ਯਾਕੂਬ 2:15-16, ਯਾਕੂਬ 1:27)। ਮਸੀਹ ਵਿੱਚ ਇੱਕ ਭਰਾ ਜਾਂ ਭੈਣ ਦੀ ਜਰੂਰਤ ਕਲੀਸਿਆ ਦੀ ਜ਼ਿੰਮੇਵਾਰੀ ਹੈ ਜੇਕਰ ਉਹ ਮੈਂਬਰ ਕਲੀਸਿਆ ਦੇ ਜੀਵਨ ਵਿੱਚ ਹਿੱਸਾ ਲੈ ਰਿਹਾ ਹੈ ਅਤੇ ਆਪਣੀ ਸਮਰੱਥ ਦੇ ਅਨੁਸਾਰ ਜ਼ਿੰਮੇਵਾਰੀ ਲੈ ਰਿਹਾ ਹੈ।

ਪਰਮੇਸ਼ੁਰ ਸਥਾਨਕ ਕਲੀਸਿਆ ਨੂੰ ਮਜ਼ਬੂਤ ਕਰਨ ਅਤੇ ਉਸਾਰਣ ਦੇ ਲਈ ਆਤਮਿਕ ਵਰਦਾਨ ਅਤੇ ਖਾਸ ਬੁਲਾਹਟ ਦਿੰਦਾ ਹੈ (ਅਫ਼ਸੀਆਂ ਨੂੰ 4:11-12)।

ਸਥਾਨਕ ਕਲੀਸਿਆ ਇਸਦੇ ਸਮਾਜ ਦੀ ਸੇਵਾ ਕਰਦੀ ਹੈ। ਇਸਦੀ ਪਹਿਲੀ ਪ੍ਰਾਥਮਿਕਤਾ ਆਤਮਿਕ ਹੈ, ਸ਼ੁਭਸਮਾਚਾਰ ਦਾ ਪ੍ਰਚਾਰ ਕਰਨਾ ਅਤੇ ਹਰੇਕ ਮੁੱਦਿਆਂ ਦੇ ਵਿੱਚ ਪਰਮੇਸ਼ੁਰ ਦੀ ਸਚਿਆਈ ਨੂੰ ਅੱਗੇ ਲਿਆਉਣਾ। ਕਲੀਸਿਆ ਸਮਾਜ ਦੀਆਂ ਭੌਤਿਕ ਜਰੂਰਤਾਂ ਦੀ ਸੇਵਕਾਈ ਕਰਦੀ ਹੈ ਪਰ ਇਹ ਉਨ੍ਹਾਂ ਲੋਕਾਂ ਨੂੰ ਪ੍ਰਾਥਮਿਕਤਾ ਦਿੰਦੀ ਹੈ ਜੋ ਕਲੀਸਿਆ ਦੀ ਸੰਗਤੀ ਦੇ ਵਿੱਚ ਹਨ (ਗਲਾਤੀਆਂ ਨੂੰ 6:10)।

## ਕਲੀਸਿਆ ਦੀ ਸੰਪੂਰਨਤਾ

ਯਿਸੂ ਨੇ ਆਪਣੇ ਆਪ ਨੂੰ ਕਲੀਸਿਆ ਦੇ ਲਈ ਦਿੱਤਾ, ਤਾਂ ਉਹ ਇਸਨੂੰ ਪਵਿੱਤਰ ਅਤੇ ਬਿਨਾਂ ਬੱਜ ਦੇ ਬਣਾਵੇ (ਅਫ਼ਸੀਆਂ ਨੂੰ 5:27)। ਕਲੀਸਿਆ ਨੂੰ ਕਦੇ ਵੀ ਪਾਪ ਦੇ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ, ਹਾਲਾਂਕਿ ਇਸਨੂੰ ਹਮੇਸ਼ਾ ਮਾਫ਼ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਆਗੂ ਪਵਿੱਤਰ ਜੀਵਨ ਦੇ ਨਮੂਨੇ ਹੋਣੇ ਚਾਹੀਦੇ ਹਨ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:2-3)। ਜੇਕਰ ਕਲੀਸਿਆ ਦਾ ਕੋਈ ਮੈਂਬਰ ਪਾਪ ਕਰਦਾ ਹੈ, ਤਾਂ ਉਸਨੂੰ ਝਿੜਕਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਉਹ ਤੌਬਾ ਨਹੀਂ ਕਰਦਾ ਤਾਂ ਅੰਤ ਦੇ ਵਿੱਚ ਸੰਗਤੀ ਦੇ ਵਿੱਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ (1 ਕੁਰਿੰਥੀਆਂ ਨੂੰ 5:11-13)।

► ਕਲੀਸਿਆ ਅਸੰਪੂਰਨ ਕਿਉਂ ਹੈ?

ਕਲੀਸਿਆ ਦੇ ਲੋਕ ਕਦੇ ਵੀ ਹਰੇਕ ਖੇਤਰ ਦੇ ਵਿੱਚ ਸੰਪੂਰਨ ਨਹੀਂ ਹੋ ਸਕਦੇ। ਕਿਉਂਕਿ ਕਲੀਸਿਆ ਸ਼ੁਭਸਮਾਚਾਰ ਸਾਂਝਾ ਕਰਦੀ ਹੈ, ਅਤੇ ਕਲੀਸਿਆ ਦੇ ਵਿੱਚ ਹੁਣ ਵੀ ਕੁਝ ਅਜਿਹੇ ਲੋਕ ਹੋ ਸਕਦੇ ਹਨ ਜਿੰਨ੍ਹਾਂ ਨੇ ਤੌਬਾ ਨਾ ਕੀਤੀ ਹੋਵੇ। ਇੱਥੋਂ ਤੱਕ ਕਿ ਬਚਾਏ ਹੋਏ ਲੋਕਾਂ ਦੇ ਵਿੱਚਕਾਰ ਵੀ ਲੋਕਾਂ ਦੇ ਜੀਵਨਾਂ ਵੀ ਵਿੱਚ ਗ਼ਲਤੀਆਂ ਹੋਣਗੀਆਂ ਕਿਉਂਕਿ ਇੱਥੋਂ ਤੱਕ ਕਿ ਇੱਕ ਪਰਿਪੱਕ ਮਸੀਹੀ ਵੀ ਆਤਮਿਕ ਵਿਕਾਸ ਦੀ ਪ੍ਰਕਿਰਿਆ ਦੇ ਵਿੱਚ ਹੁੰਦਾ ਹੈ। ਇਹ ਕਲੀਸਿਆ ਦੇ ਕੰਮ ਦਾ ਹਿੱਸਾ ਹੈ ਕਿ ਉਹ ਲਗਾਤਾਰ ਸਿਖਾਉਣ ਅਤੇ ਪਰਮੇਸ਼ੁਰ ਦੇ ਵਚਨ ਨੂੰ ਲਾਗੂ ਕਰਨ, ਇਸਦੇ ਨਾਲ ਲੋਕਾਂ ਨੂੰ ਆਤਮਿਕ ਪਰਿਪੱਕਤਾ ਦੇ ਵਿੱਚ ਲਿਆਉਣ (ਅਫ਼ਸੀਆਂ ਨੂੰ 4:11-16; ਤਿਮੋਥਿਉਸ ਨੂੰ ਦੂਜੀ ਪੱਤ੍ਰੀ 3:16-17)।

## ਕਲੀਸਿਆ ਨੂੰ ਪਰਿਭਾਸ਼ਿਤ ਕਰਨਾ

**ਵਿਸ਼ਵ-ਵਿਆਪੀ ਕਲੀਸਿਆ ਦੇ ਵਿੱਚ ਸਾਰੇ ਸਮਿਆਂ ਅਤੇ ਸਥਾਨਾਂ ਨੇ ਵਿਸ਼ਵਾਸੀ ਸ਼ਾਮਿਲ ਹਨ।** ਕਈ ਵਾਰ ਇਸਨੂੰ ਅਦਿੱਖ ਕਲੀਸਿਆ ਕਿਹਾ ਜਾਂਦਾ ਹੈ ਕਿਉਂਕਿ ਧਰਤੀ ਤੇ ਅਜਿਹੀ ਕੋਈ ਸੰਸਥਾ ਨਹੀਂ ਹੈ ਜੋ ਵਿਸ਼ਵ-ਵਿਆਪੀ ਕਲੀਸਿਆ ਦਾ ਸੰਚਾਲਨ ਕਰਦੀ ਹੈ ਜਾਂ ਜਿਸਦੇ ਕੋਲ ਮੈਂਬਰਾਂ ਦੀ ਸੂਚੀ ਹੋਵੇ।

**ਸਥਾਨਕ ਕਲੀਸਿਆ ਵਿਸ਼ਵਾਸੀਆਂ ਦਾ ਅਜਿਹਾ ਸਮਾਜ ਹੈ ਜੋ ਇੱਕ ਸਥਾਨ ਦੇ ਵਿੱਚ ਇਕੱਠੇ ਹੋ ਕੇ ਮਸੀਹ ਦੀ ਦੇਹ ਦੇ ਤੌਰ ਤੇ ਕੰਮ ਕਰਦੇ ਹਨ।** ਜੇਕਰ ਕੋਈ ਸਮੂਹ ਜਿਆਦਾ ਸੀਮਿਤ ਉਦੇਸ਼ ਦੇ ਨਾਲ ਬਣਿਆ ਹੋਇਆ ਹੈ ਤਾਂ ਉਹ ਕਲੀਸਿਆ ਨਹੀਂ ਹੈ।

ਇੱਥੇ ਕਲੀਸਿਆ ਦੀ ਇੱਕ ਹੋ ਵਿਆਪਕ ਪਰਿਭਾਸ਼ਾ ਹੈ ਜੋ ਇਸਨੂੰ ਬਾਕੀ ਦੇ ਸਾਰੇ ਸਮੂਹਾਂ ਤੋਂ ਅਲੱਗ ਕਰਦੀ ਹੈ: "ਬਪਤਿਸਮਾ ਪਾਏ ਹੋਏ ਵਿਸ਼ਵਾਸੀਆਂ ਦਾ ਸਮੂਹ ਜੋ ਅਰਾਧਨਾ, ਉੱਨਤੀ, ਸੇਵਾ, ਸੰਗਤੀ ਅਤੇ ਸ਼ੁਭਸਮਾਚਾਰ ਦਾ ਪ੍ਰਚਾਰ ਕਰਨ ਦੇ ਲਈ ਇਕੱਠੇ ਹੁੰਦੇ (ਜੁੜਦੇ) ਹਨ; ਜੋ ਆਤਮਿਕ ਅਗਵਾਈ ਨੂੰ ਸਵੀਕਾਰ ਕਰਦੇ ਹਨ; ਮਸੀਹ ਦੀ ਦੇਹ ਦੇ ਅਲੱਗ-ਅਲੱਗ ਵਰਦਾਨਾਂ ਦੁਆਰਾ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਸੇਵਾ ਕਰਦੇ ਹਨ; ਅਤੇ ਮਿਲ ਕੇ ਧਾਰਮਿਕ ਰਸਮਾਂ ਨੂੰ ਨਿਭਾਉਂਦੇ ਹਨ।"[17]

## ਸੰਸਾਰ ਭਰ ਦੀ ਕਲੀਸਿਆ ਦੀ ਏਕਤਾ

ਸਾਰੇ ਸਥਾਨਾਂ ਅਤੇ ਸਮਿਆਂ ਦੇ ਲਈ ਇੱਕ ਹੀ ਕਲੀਸਿਆ ਹੈ। ਯਿਸੂ ਨੇ ਕਿਹਾ, "ਆਪਣੀ ਕਲੀਸਿਯਾ ਬਣਾਵਾਂਗਾ", ਨਾ ਕਿ "ਕਲੀਸਿਆਵਾਂ।" ਪੌਲੁਸ ਰਸੂਲ ਨੇ ਲਿਖਿਆ ਕਿ ਇੱਕੋ ਦੇਹੀ ਅਤੇ ਇੱਕੋ ਆਤਮਾ ਹੈ, ਅਤੇ ਜਿਵੇਂ ਇੱਕ ਆਸ ਹੈ, ਉਸੇ ਪ੍ਰਕਾਰ ਇੱਕੋ ਪ੍ਰਭੁ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ (ਅਫ਼ਸੀਆਂ ਨੂੰ 4:4-6)।

---

[17] David Dockery, *Southern Baptist Consensus and Renewal: A Biblical, Historical, and Theological Proposal* (Nashville: B&H Publishing Group, 2008), 127

ਅਰੰਭਿਕ ਮਸੀਹੀ ਵਿਸ਼ਵਾਸ ਕਥਨਾਂ ਦੇ ਵਿੱਚ ਇਸਨੂੰ "ਕੈਥੋਲਿਕ ਚਰਚ" ਕਿਹਾ ਗਿਆ। ਇਹ ਰੋਮਨ ਕੈਥੋਲਿਕ ਕਲੀਸਿਆ ਦਾ ਹਵਾਲਾ ਨਹੀਂ ਹੈ, ਪਰ ਇਹ ਸੰਸਾਰ ਭਰ ਦੇ ਵਿੱਚ ਪਾਈ ਜਾਣ ਵਾਲੀ ਕਲੀਸਿਆ ਹੈ ਜਿਸਦੇ ਵਿੱਚ ਸਾਰੇ ਸੱਚੇ ਮਸੀਹੀ ਸ਼ਾਮਿਲ ਹਨ।

ਵਿਸ਼ਵਵਿਆਪੀ ਕਲੀਸਿਆ ਦੀ ਏਕਤਾ ਇੱਕ ਸੰਸਥਾ ਬਣਨ ਜਾਂ ਇੱਕ ਸੰਚਾਲਨ ਦੇ ਅਧੀਨ ਆਉਣ ਦੇ ਵਿੱਚ ਨਹੀਂ ਹੈ। ਇਹ ਮਸੀਹ ਦੀ ਵਾਪਸੀ ਤੋਂ ਪਹਿਲਾਂ ਕਦੇ ਨਹੀਂ ਹੋਵੇਗਾ। ਕੁਝ ਲੋਕ ਕਾਮਨਾ ਕਰਦੇ ਹਨ ਕਿ ਇਹ ਹੋ ਜਾਵੇ, ਪਰ ਪ੍ਰਤੱਖ ਰੂਪ ਦੇ ਵਿੱਚ ਇਹ ਪਰਮੇਸ਼ੁਰ ਦੀ ਇੱਛਾ ਨਹੀਂ ਸੀ ਕਿਉਂਕਿ ਜਦੋਂ ਚੇਲ੍ਹਿਆਂ ਨੇ ਸੋਚਿਆ ਕਿ ਕਿਸੇ ਵਿਅਕਤੀ ਨੂੰ ਉਨ੍ਹਾਂ ਦੀ ਸੰਸਥਾ ਨਾਲੋਂ ਵੱਖਰੀ ਸੇਵਕਾਈ ਨਹੀਂ ਕਰਨੀ ਚਾਹੀਦੀ ਤਾਂ ਯਿਸੂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਸੁਧਾਰਿਆ (ਲੂਕਾ 9:49-50)। ਜੇਕਰ ਯਿਸੂ ਵਿਸ਼ਵ-ਵਿਆਪੀ ਕਲੀਸਿਆ ਦੇ ਉੱਤੇ ਕੇਂਦਰਿਤ ਸੰਚਾਲਨ ਚਾਹੁੰਦਾ ਸੀ, ਤਾਂ ਉਹ ਇਸਦੀ ਅਗਵਾਈ ਕਰਨ ਦੇ ਲਈ ਸਰੀਰਕ ਰੂਪ ਦੇ ਵਿੱਚ ਧਰਤੀ ਤੇ ਰੁਕ ਗਿਆ ਹੁੰਦਾ। ਪਰ ਯਿਸੂ ਨੇ ਵੇਖਿਆ ਕਿ ਜੇਕਰ ਉਹ ਸਰੀਰਕ ਤੌਰ ਤੇ ਧਰਤੀ ਤੇ ਰੁੱਕ ਜਾਂਦਾ ਤਾਂ ਸਾਰੇ ਸੰਸਾਰ ਦੇ ਵਿੱਚ ਪਵਿੱਤਰ ਆਤਮਾ ਦਾ ਅਲੱਗ-ਅਲੱਗ ਕੰਮ ਨਹੀਂ ਹੋਣਾ ਸੀ (ਯੂਹੰਨਾ 16:7)।

"ਜੇਕਰ ਤੁਹਾਡਾ ਮਨ ਸਹੀ ਹੈ, ਜਿਵੇਂ ਮੇਰਾ ਮਨ ਤੁਹਾਡੇ ਨਾਲ ਹੈ, ਤਾਂ ਫਿਰ ਮੈਨੂੰ ਨਰਮਾਈ ਵਾਲਾ ਪਿਆਰ ਕਰੋ, ਇੱਕ ਦੋਸਤ ਦੀ ਤਰ੍ਹਾਂ ਜੋ ਭਰਾ ਨਾਲੋਂ ਵੀ ਨੇੜੇ ਹੈ; ਮਸੀਹ ਦੇ ਵਿੱਚ ਇੱਕ ਭਰਾ ਦੀ ਤਰ੍ਹਾਂ, ਨਵੇਂ ਯਰੂਸ਼ਲਮ ਦੇ ਸੰਗੀ ਨਾਗਰਿਕ ਦੇ ਸਮਾਨ, ਇੱਕ ਸੰਗੀ ਸਿਪਾਹੀ ਦੀ ਤਰ੍ਹਾਂ ਜੋ ਇੱਕ ਹੀ ਯੁੱਧ ਦੇ ਵਿੱਚ ਸ਼ਾਮਿਲ ਹਨ, ਇੱਕ ਹੀ ਮੁਕਤੀਦਾਤੇ ਕਪਤਾਨ ਦੇ ਅਧੀਨ। ਮੇਰੇ ਨਾਲ ਰਾਜ ਦੇ ਸੰਗੀ ਦੀ ਤਰ੍ਹਾਂ ਅਤੇ ਯਿਸੂ ਦੇ ਧੀਰਜ ਦੇ ਨਾਲ ਅਤੇ ਮਹਿਮਾ ਦੇ ਸਾਂਝੇ ਵਾਰਿਸ ਦੇ ਰੂਪ ਵਿੱਚ ਮੈਨੂੰ ਪਿਆਰ ਕਰੋ।"
- ਜੌਨ ਵੈਸਲੀ, "ਕੈਥੋਲਿਕ ਆਤਮਾ" ਨਾਮਕ ਪ੍ਰਚਾਰ ਦਾ ਹਿੱਸਾ

► ਵਿਸ਼ਵ-ਵਿਆਪੀ ਕਲੀਸਿਆ ਦੀ ਏਕਤਾ ਕਿਸ ਗੱਲ ਤੇ ਆਧਾਰਿਤ ਹੈ?

ਵਿਸ਼ਵ-ਵਿਆਪੀ ਕਲੀਸਿਆ ਦੀ ਏਕਤਾ ਹੇਠਾਂ ਦੱਸੀਆਂ ਗੱਲਾਂ ਤੇ ਆਧਾਰਿਤ ਹੈ

1. ਰਸੂਲਾਂ ਦੀਆਂ ਸਿੱਖਿਆਵਾਂ
2. ਮਸੀਹ ਦੇ ਨਾਲ ਇੱਕ ਪਰਿਵਰਤਿਤ ਕਰਨ ਵਾਲਾ ਸੰਬੰਧ

ਧਰਮ ਸਿਧਾਂਤ ਸਿੱਖਿਆ ਦੀ ਏਕਤਾ ਦਾ ਇਹ ਅਰਥ ਨਹੀਂ ਹੈ ਕਿ ਮਸੀਹੀ ਹਰੇਕ ਗੱਲ ਦੇ ਨਾਲ ਸਹਿਮਤ ਹੋਣ, ਇੱਥੋਂ ਤੱਕ ਕਿ ਸਾਰੀਆਂ ਮਹੱਤਵਪੂਰਨ ਸਿੱਖਿਆਵਾਂ ਦੇ ਉੱਤੇ। ਇਸਦਾ ਅਰਥ ਹੈ ਕਿ ਉਹ ਪਰਮੇਸ਼ੁਰ ਅਤੇ ਮਸੀਹ ਅਤੇ ਸ਼ੁਭਸਮਾਚਾਰ ਦੇ ਮਹੱਤਵਪੂਰਨ ਤੱਥਾਂ ਦੇ ਵਿੱਚ ਸਾਂਝੀ ਸੋਚ ਰੱਖਣ। ਇਸ ਤੋਂ ਬਿਨਾਂ ਉਹ ਇੱਕ ਹੀ ਪਰਮੇਸ਼ੁਰ ਦੀ ਅਰਾਧਨਾ ਨਹੀਂ ਕਰਨਗੇ ਜਾਂ ਉਸਦੀ ਕ੍ਰਿਪਾ ਦਾ ਅਨੁਭਵ ਨਹੀਂ ਕਰਨਗੇ।

ਮਸੀਹੀ ਏਕਤਾ ਦੇ ਲਈ ਧਰਮ ਸਿੱਖਿਆ ਇੱਕ ਮਾਤਰ ਜਰੂਰਤ ਨਹੀਂ ਹੈ। ਮਸੀਹੀ ਮਸੀਹ ਦੇ ਨਾਲ ਉਨ੍ਹਾਂ ਦੇ ਪਰਿਵਰਤਿਤ ਕਰਨ ਵਾਲੇ ਸੰਬੰਧ ਦੇ ਇੱਕ ਦੂਸਰੇ ਦੇ ਨਾਲ ਸੰਬੰਧ ਦੇ ਬੰਧਨ ਨੂੰ ਸਾਂਝਾ ਕਰਦੇ ਹਨ। ਕਿਉਂਕਿ ਉਨ੍ਹਾਂ ਨੇ ਪਾਪ ਤੋਂ ਤੌਬਾ ਕੀਤੀ ਹੈ, ਮਸੀਹ ਅਤੇ ਪਵਿੱਤਰ ਆਤਮਾ ਤੇ ਵਿਸ਼ਵਾਸ ਕੀਤਾ ਹੈ, ਇਸ

"ਮੈਂ ਇਸ ਗੱਲ ਨੂੰ ਮੰਨ ਲਿਆ ਹੈ ਕਿ ਇੱਕ ਸ਼ੁੱਧ ਮਨ ਦਾ ਚਿੰਨ੍ਹ ਇਹ ਹੈ ਕਿ ਇਹ ਆਪਣੀ ਭਲਿਆਈ ਨਾਲੋਂ ਜਿਆਦਾ ਦੂਸਰਿਆਂ ਦੀ ਮੁਕਤੀ ਦੇ ਬਾਰੇ ਜਿਆਦਾ ਫਿਕਰ ਕਰਦਾ ਹੈ।"
-ਡੈਨਿਸ ਕਿਨਲਾਅ

ਲਈ ਉਨ੍ਹਾਂ ਦਾ ਇੱਕ ਖਾਸ ਸੰਬੰਧ ਹੈ। ਮਸੀਹੀ ਸੰਸਾਰ ਭਰ ਦੇ ਮਸੀਹੀਆਂ ਦੇ ਨਾਲ ਬਹੁਤ ਸਾਰੀਆਂ ਗੱਲਾਂ ਵਿੱਚ ਅਲੱਗ ਹੋਣ ਦੇ ਬਾਵਜੂਦ ਇੱਕ ਦੂਸਰੇ ਨੂੰ ਪਹਿਚਾਣਦੇ ਹਨ।

## ਸਥਾਨਕ ਕਲੀਸਿਆ ਦੀ ਏਕਤਾ

ਅਸੀਂ ਕਿਸੇ ਵੀ ਉਸ ਵਿਅਕਤੀ ਨੂੰ ਇੱਕ ਮਸੀਹੀ ਦੇ ਤੌਰ ਤੇ ਸਵੀਕਾਰ ਕਰ ਸਕਦੇ ਹਾਂ ਜੋ ਮੁੱਢਲੇ ਮਸੀਹੀ ਸਿਧਾਂਤਾਂ ਨੂੰ ਮੰਨਦਾ ਹੋਵੇ ਅਤੇ ਮਸੀਹ ਦੇ ਨਾਲ ਪਰਿਵਰਤਿਤ ਹੋਣ ਵਾਲੇ ਸੰਬੰਧ ਦੇ ਵਿੱਚ ਹੋਵੇ। ਪਰ ਸਥਾਨਕ ਕਲੀਸਿਆ ਦੇ ਨਾਲ ਸਿੱਖਿਆ ਦਾ ਇਕਰਾਰ ਹੋਰ ਜਿਆਦਾ ਵਿਆਪਕ ਹੋਣਾ ਚਾਹੀਦਾ ਹੈ।

ਸਥਾਨਕ ਕਲੀਸਿਆ ਅਜਿਹੇ ਲੋਕਾਂ ਦਾ ਸਮੂਹ ਹੈ ਜੋ ਮਿਲ ਕੇ ਅਰਾਧਨਾ ਕਰਨ, ਸ਼ੁਭਸਮਾਚਾਰ ਦਾ ਪ੍ਰਚਾਰ ਕਰਨ, ਨਵੇਂ ਬਦਲੇ ਅਤੇ ਜੁਆਨ ਲੋਕਾਂ ਨੂੰ ਚੇਲ੍ਹੇ ਬਣਾਉਣ, ਸਮਾਜ ਦੀ ਸੇਵਾ ਕਰਨ ਅਤੇ ਮਸੀਹੀ ਜੀਵਨ ਦੇ ਅਭਿਆਸਿਕ ਵੇਰਵਿਆਂ ਨੂੰ ਸਿਖਾਉਣ ਦੇ ਲਈ ਸਮਰਪਿਤ ਹੋਣ। ਜੇਕਰ ਲੋਕ ਮਿਲ ਕੇ ਇਸ ਉਦੇਸ਼ ਨੂੰ ਪੂਰਿਆਂ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਮਸੀਹੀ ਸਿਧਾਂਤਾਂ ਦੇ ਬਹੁਤ ਸਾਰੇ ਵੇਰਵਿਆਂ ਦੇ ਵਿੱਚ ਸਹਿਮਤ ਹੋਣਾ ਪਵੇਗਾ।

ਉਦਾਹਰਨ ਦੇ ਲਈ, ਸ਼ਾਇਦ ਸਥਾਨਕ ਕਲੀਸਿਆ ਦਾ ਕੋਈ ਵਿਅਕਤੀ ਹਰੇਕ ਜੁਆਨ ਵਿਅਕਤੀ ਅਤੇ ਨਵੇਂ ਪਰਿਵਰਤਿਤ ਹੋਏ ਵਿਅਕਤੀ ਨੂੰ ਕਹਿ ਸਕਦਾ ਹੈ ਕਿ ਉਹ ਪਰਾਈ ਭਾਸ਼ਾ ਦੇ ਵਰਦਾਨ ਲਈ ਪ੍ਰਾਰਥਨਾ ਕਰਨ। ਪਰ ਕਲੀਸਿਆ ਦੇ ਦੂਸਰੇ ਆਗੂ ਇਹ ਨਾ ਮੰਨਦੇ ਹੋਣ ਕਿ ਪਰਾਈ ਭਾਸ਼ਾ ਦੇ ਵਰਦਾਨ ਦਾ ਵਾਇਦਾ ਹਰੇਕ ਵਿਸ਼ਵਾਸੀ ਦੇ ਲਈ ਕੀਤਾ ਗਿਆ ਹੈ। ਉਹ ਇਸ ਗੱਲ ਦੇ ਪ੍ਰਤੀ ਚਿੰਤਿਤ ਹੋ ਸਕਦੇ ਹਨ ਕਿ ਜੇਕਰ ਲੋਕ ਕੁਝ ਅਜਿਹਾ ਅਨੁਭਵ ਕਰਨ ਦਾ ਯਤਨ ਕਰਨਗੇ ਜੋ ਪਰਮੇਸ਼ੁਰ ਦੀ ਇੱਛਾ ਨਹੀਂ ਹੈ ਤਾਂ ਉਹ ਦੁਵਿਧਾ ਦੇ ਵਿੱਚ ਪੈ ਸਕਦੇ ਹਨ। ਪ੍ਰਤੱਖ ਤੌਰ ਤੇ, ਅਜਿਹੇ ਲੋਕਾਂ ਦੇ ਲਈ ਇੱਕ ਸਥਾਨਕ ਕਲੀਸਿਆ ਦੇ ਵਿੱਚ ਮਿਲ ਕੇ ਕੰਮ ਕਰਨਾ ਕਠਿਨ ਹੋਵੇਗਾ। ਭਾਵੇਂ ਆਗੂ ਕਿਸੇ ਵਿਅਕਤੀ ਨੂੰ ਇੱਕ ਵਿਸ਼ਵਾਸੀ ਮੰਨ ਲੈਣ, ਪਰ ਉਨ੍ਹਾਂ ਨੂੰ ਉਸਨੂੰ ਅਜਿਹੀ ਸਿੱਖਿਆ ਸਿਖਾਉਣ ਦੀ ਪ੍ਰਵਾਨਗੀ ਨਹੀਂ ਦੇਣੀ ਚਾਹੀਦੀ ਜੋ ਸੰਗਤ ਦੇ ਵਿੱਚ ਉਲਝਣ ਪੈਦਾ ਕਰ ਸਕਦੀ ਹੈ।

ਇੱਕ ਸਥਾਨਕ ਕਲੀਸਿਆ ਨੂੰ ਉਨ੍ਹਾਂ ਮਸੀਹੀ ਸਿਧਾਂਤਾਂ ਤੇ ਸਹਿਮਤ ਹੋਣ ਦੀ ਜ਼ਰੂਰਤ ਹੁੰਦੀ ਹੈ ਜੋ ਉਹਨਾਂ ਦੇ ਇਕੱਠੇ ਜੀਵਨ ਨੂੰ ਸਾਂਝਾ ਕਰਨ ਅਤੇ ਸੇਵਕਾਈ ਦੇ ਅਭਿਆਸ ਨੂੰ ਪ੍ਰਭਾਵਿਤ ਕਰਦੇ ਹਨ। ਇੱਕ ਕਲੀਸਿਆ ਲਈ ਇਹ ਚੰਗਾ ਕਿ ਉਹ ਉਹਨਾਂ ਦੇ ਕੋਲ ਮਸੀਹੀ ਸਿਧਾਂਤਾਂ ਦਾ ਲਿਖਤੀ ਬਿਆਨ ਹੋਵੇ ਜੋ ਉਹ ਸਾਂਝੇ ਕਰਦੇ ਹਨ। ਇਸ ਬਿਆਨ ਦਾ ਉਪਯੋਗ ਇਹ ਫੈਸਲਾ ਲੈਣ ਦੇ ਲਈ ਨਹੀਂ ਹੈ ਕਿ ਕੋਈ ਵਿਸ਼ਵਾਸੀ ਹੈ ਜਾਂ ਨਹੀਂ। ਇਸਦੀ ਬਜਾਏ, ਇਹ ਉਸ ਗੱਲ ਨੂੰ ਵਿਖਾਉਂਦਾ ਹੈ ਕਿ ਸਿੱਖਿਆ ਉਸ ਵਿਸ਼ਵਾਸੀਆਂ ਦੇ ਸਮੂਹ ਇੱਕ ਨੇੜਤਾ ਵਾਲੀ ਅਤੇ ਲਗਾਤਾਰ ਚੱਲਣ ਵਾਲੀ ਅਰਾਧਨਾ ਅਤੇ ਸੇਵਕਾਈ ਦੇ ਨਾਲ ਜੋੜਦੀ ਹੈ।

## ਕਲੀਸਿਆ ਦੀਆਂ ਧਾਰਮਿਕ ਰਸਮਾਂ

ਯਿਸੂ ਨੇ ਕਲੀਸਿਆ ਨੂੰ ਦੋ ਧਾਰਮਿਕ ਰਸਮਾਂ ਦਿੱਤੀਆਂ। ਉਨ੍ਹਾਂ ਨੂੰ ਰੀਤਾਂ ਜਾਂ ਰਸਮਾਂ ਵੀ ਕਿਹਾ ਜਾ ਸਕਦਾ ਹੈ।

**ਬਪਤਿਸਮਾ** ਮਸੀਹ ਦੀ ਮੌਤ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਨੂੰ ਦਰਸਾਉਂਦਾ ਹੈ (ਰੋਮੀਆਂ ਨੂੰ 6:3-4)। ਬਪਤਿਸਮਾ ਇੱਕ ਗਵਾਹੀ ਹੈ ਕਿ ਇੱਕ ਵਿਸ਼ਵਾਸੀ ਮਸੀਹ ਦੇ ਨਾਲ ਇੱਕ ਹੋ ਗਿਆ ਹੈ ਉਹ ਪਾਪ ਦੇ ਵੱਲੋਂ ਮਰ ਗਿਆ ਹੈ ਅਤੇ ਮਸੀਹ ਦੇ ਵਿੱਚ ਨਵੇਂ ਜੀਵਨ ਦੇ ਵਿੱਚ ਆ ਗਿਆ ਹੈ। ਬਪਤਿਸਮਾ ਕਿਸੇ ਵਿਅਕਤੀ ਨੂੰ ਨਹੀਂ ਬਚਾਉਂਦਾ। ਬਪਤਿਸਮਾ ਪਰਿਵਰਤਨ ਦੀ ਜਨਤਕ ਗਵਾਹੀ ਹੈ (ਯੂਹੰਨਾ 3:7-8)।



**ਪ੍ਰਭੂ ਭੋਜ** ਸਲੀਬੀਕਰਨ ਤੋਂ ਪਹਿਲਾਂ ਯਿਸੂ ਦੇ ਦੁਆਰਾ ਆਪਣੇ ਚੇਲ੍ਹਿਆਂ ਦੇ ਨਾਲ ਉਸਦੇ ਆਖਰੀ ਭੋਜ ਦੇ ਸਮੇਂ ਅਰੰਭ ਕੀਤਾ ਗਿਆ (1 ਕੁਰਿੰਥੀਆਂ ਨੂੰ 11:23-25)। ਰੋਟੀ ਅਤੇ ਦਾਖਰਸ ਯਿਸੂ ਦੇ ਸਰੀਰ ਅਤੇ ਲਹੂ ਨੂੰ ਦਰਸਾਉਂਦੇ ਹਨ ਜਿਸਦਾ ਸਾਡੀ ਮੁਕਤੀ ਦੇ ਲਈ ਬਲੀਦਾਨ ਕੀਤਾ ਗਿਆ।[18] ਜਿਵੇਂ ਅਸੀਂ ਸਰੀਰਕ ਜੀਵਨ ਦੇ ਲਈ ਭੋਜਨ ਖਾਂਦੇ ਹਾਂ, ਅਸੀਂ ਆਪਣੇ ਆਤਮਿਕ ਜੀਵਨ ਦੇ ਲਈ ਉਸਦੇ ਬਲੀਦਾਨ ਤੇ ਨਿਰਭਰ ਹਾਂ (ਯੂਹੰਨਾ 6:53-58)।

ਧਾਰਮਿਕ ਰਸਮ ਨੂੰ "ਕ੍ਰਿਪਾ ਦਾ ਜ਼ਰੀਆ" ਵੀ ਕਿਹਾ ਜਾ ਸਕਦਾ ਹੈ। ਜੇਕਰ ਇੰਨ੍ਹਾਂ ਨੂੰ ਵਿਸ਼ਵਾਸ ਅਤੇ ਆਗਿਆਕਾਰੀ ਦੇ ਬਿਨਾਂ ਕੀਤਾ ਜਾਂਦਾ ਹੈ ਤਾਂ ਉਹ ਕ੍ਰਿਪਾ ਪ੍ਰਦਾਨ ਨਹੀਂ ਕਰਦੇ। ਇਹ ਅਜਿਹੇ ਅਭਿਆਸ ਹਨ ਜੋ ਪਰਮੇਸ਼ੁਰ ਨੇ ਸਾਨੂੰ ਦਿੱਤੇ ਹਨ, ਅਤੇ ਜੇਕਰ ਉਨ੍ਹਾਂ ਨੂੰ ਵਿਸ਼ਵਾਸ ਦੇ ਵਿੱਚ ਕੀਤਾ ਜਾਵੇ, ਤਾਂ ਉਹ ਪਰਮੇਸ਼ੁਰ ਤੋਂ ਕ੍ਰਿਪਾ ਪ੍ਰਾਪਤ ਕਰਨ ਦਾ ਜ਼ਰੀਆ ਬਣਦੇ ਹਨ।

► ਕਲੀਸਿਆ ਦੇ ਕੁਝ ਉਦੇਸ਼ ਕਿਹੜੇ ਹਨ?

## ਨਵੇਂ ਨੇਮ ਦੇ ਵਿੱਚ ਪਾਏ ਜਾਣ ਕਲੀਸਿਆ ਦੇ ਕੁਝ ਉਦੇਸ਼

ਕਲੀਸਿਆ ਨੂੰ ਹੇਠਾਂ ਦੱਸੇ ਕੰਮ ਕਰਨੇ ਚਾਹੀਦੇ ਹਨ:

> "ਮੈਂ ਇਹ ਵਿਸ਼ਵਾਸ ਨਹੀਂ ਕਰਦਾ ਕਿ ਸਾਡਾ ਕਲੀਸਿਆਈ ਜੀਵਨ ਇਮਾਰਤਾਂ ਅਤੇ ਸਭਾਵਾਂ ਤੇ ਕੇਂਦਰਿਤ ਹੋਣ। ਇਸਦੀ ਬਜਾਏ, ਪਰਮੇਸ਼ੁਰ ਚਾਹੁੰਦਾ ਹੈ ਕਿ ਸਾਡੀਆਂ ਕਲੀਸਿਆਵਾਂ- ਚਾਹੇ ਕਿਸੇ ਵੀ ਰੂਪ ਵਿੱਚ ਇਕੱਠੇ- ਉਹ ਕਿਰਿਆਸ਼ੀਲ ਚੇਲ੍ਹੇਪਨ, ਮਿਸ਼ਨ ਅਤੇ ਏਕਤਾ ਦੇ ਪਿੱਛੇ ਚੱਲਣ ਤੇ ਧਿਆਨ ਦੇਣ।"
> -ਫਰਾਂਸਿਸ ਚੈਨ

1. ਸ਼ੁਭਸਮਾਚਾਰ ਪ੍ਰਚਾਰ (ਮੱਤੀ 28:18-20)
2. ਇੱਕ ਕਲੀਸਿਆ ਦੇ ਤੌਰ ਤੇ ਅਰਾਧਨਾ ਕਰਨਾ (1 ਕੁਰਿੰਥੀਆਂ ਨੂੰ 14:26)
3. ਸਿੱਖਿਆ ਨੂੰ ਬਣਾਈ ਰੱਖਣਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:15; ਯਹੂਦਾਹ 1:3)
4. ਪਾਸਬਾਨਾਂ ਦਾ ਵਿੱਤੀ ਤੌਰ ਤੇ ਸਮਰਥਨ ਕਰਨਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:17-18)

---

[18] ਚਿੱਤਰ: "The Lord's Supper" taken by Allison Estabrook ਅਕਤੂਬਰ 14, 2022 ਜੋ ਕਿ https://www.flickr.com/photos/sgc-library/52476662295/, licensed under CC BY 4.0.

5. ਮਿਸ਼ਨਰੀਆਂ ਨੂੰ ਘੱਲਣਾ ਅਤੇ ਉਨ੍ਹਾਂ ਦਾ ਸਮਰਥਨ ਕਰਨਾ (ਰਸੂਲਾਂ ਦੇ ਕਰਤੱਬ 13:2-4; ਰੋਮੀਆਂ ਨੂੰ 15:24)
6. ਜਰੂਰਤਮੰਦ ਮੈਂਬਰਾਂ ਦੀ ਸਹਾਇਤਾ ਕਰਨਾ (ਰੋਮੀਆਂ ਨੂੰ 12:13; ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:3)
7. ਪਾਪ ਵਿੱਚ ਡਿੱਗਣ ਵਾਲੇ ਮੈਂਬਰਾਂ ਨੂੰ ਅਨੁਸ਼ਾਸਿਤ ਕਰਨਾ (1 ਕੁਰਿੰਥੀਆਂ ਨੂੰ 5:9-13)
8. ਬਪਤਿਸਮੇ ਅਤੇ ਪ੍ਰਭੂ ਭੋਜ ਦਾ ਅਭਿਆਸ ਕਰਨਾ (ਮੱਤੀ 28:19; 1 ਕੁਰਿੰਥੀਆਂ ਨੂੰ 11:23-26)
9. ਵਿਸ਼ਵਾਸੀਆਂ ਨੂੰ ਪਰਿਪੱਕ ਚੇਲ੍ਹੇ ਬਣਾਉਣਾ (ਅਫ਼ਸੀਆਂ ਨੂੰ 4:12-13)
10. ਸਮਾਜ ਦੀਆਂ ਲੋੜਾਂ ਦੇ ਪ੍ਰਤੀ ਸੇਵਾ ਕਰਨੀ (ਗਲਾਤੀਆਂ ਨੂੰ 6:10; ਅਫ਼ਸੀਆਂ ਨੂੰ 4:28; ਇਬਰਾਨੀਆਂ ਨੂੰ 13:16)

ਇੰਨ੍ਹਾਂ ਵਿੱਚੋਂ ਜਿਆਦਾਤਰ ਕੰਮ ਕਿਸੇ ਅਜਿਹੇ ਵਿਅਕਤੀ ਦੁਆਰਾ ਨਹੀਂ ਕੀਤੇ ਜਾ ਸਕਦੇ ਜੋ ਆਜਾਦ ਤੌਰ ਤੇ ਇਕੱਲਿਆਂ ਕੰਮ ਕਰਦਾ ਹੋਵੇ। ਇਹ ਉਦੇਸ਼ ਵਿਸ਼ਵਾਸੀਆਂ ਦੇ ਸਮੂਹ ਦੇ ਸਹਿਯੋਗ ਅਤੇ ਆਗੂਆਂ ਦੇ ਢਾਂਚੇ ਤੇ ਆਧਾਰਿਤ ਹੁੰਦੇ ਹਨ।

ਪਰਮੇਸ਼ੁਰ ਹਰੇਕ ਵਿਸ਼ਵਾਸੀ ਨੂੰ ਸਥਾਨਕ ਕਲੀਸਿਆ ਦੇ ਲਈ ਸਮਰਪਿਤ ਹੋਣ ਅਤੇ ਸੰਸਾਰ ਦੇ ਉਸ ਕਲੀਸਿਆ ਦੇ ਉਦੇਸ਼ ਨੂੰ ਪੂਰਾ ਕਰਨ ਦੇ ਵਿੱਚ ਸਹਾਇਤਾ ਕਰਨ ਦੇ ਲਈ ਬੁਲਾਉਂਦਾ ਹੈ। ਜਦੋਂ ਤੱਕ ਇੱਕ ਮੈਂਬਰ ਕਲੀਸਿਆ ਦੇ ਵਿੱਚ ਸੇਵਾ ਨਹੀਂ ਕਰਦਾ, ਉਦੋਂ ਤੱਕ ਉਹ ਮਸੀਹ ਦੀ ਦੇਹ ਦਾ ਮੈਂਬਰ ਹੋਣ ਦੇ ਉਦੇਸ਼ ਨੂੰ ਪੂਰਿਆਂ ਨਹੀਂ ਕਰਦਾ।

### ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਆਤਮਿਕ ਵਿਅਕਤੀਵਾਦ

*ਕਲਾਸ ਦੇ ਆਗੂ ਲਈ ਸੂਚਨਾ: ਕਲਾਸ ਦਾ ਇੱਕ ਮੈਂਬਰ ਇਸ ਭਾਗ ਦੀ ਵਿਆਖਿਆ ਕਰ ਸਕਦਾ ਹੈ।*

ਕੁਝ ਲੋਕ ਕਦੇ ਵੀ ਸਥਾਨਕ ਕਲੀਸਿਆ ਦਾ ਹਿੱਸਾ ਹੋਣ ਦਾ ਸਮਰਪਣ ਨਹੀਂ ਕਰਦੇ। ਉਹ ਚਾਹੁੰਦੇ ਹਨ ਕਿ ਉਹ ਕਿਸੇ ਵੀ ਐਤਵਾਰ ਕਿਸੇ ਵੀ ਕਲੀਸਿਆ ਦੇ ਵਿੱਚ ਜਾਣ ਲਈ ਆਜਾਦ ਹੋਣ। ਉਹ ਕਲੀਸਿਆ ਦੀ ਕਿਸੇ ਸੇਵਕਾਈ ਦੇ ਵਿੱਚ ਕਦੇ ਵੀ ਸਹਾਇਤਾ ਨਹੀਂ ਕਰ ਸਕਦੇ ਅਤੇ ਕਲੀਸਿਆ ਉਨ੍ਹਾਂ ਤੇ ਨਿਰਭਰ ਨਹੀਂ ਹੋ ਸਕਦੀ। ਉਨ੍ਹਾਂ ਦੇ ਕੋਲ ਅਜਿਹੇ ਸੰਬੰਧ ਨਹੀਂ ਹੁੰਦੇ ਜਿਸਦੇ ਵਿੱਚ ਆਤਮਿਕ ਸੰਗਤੀ ਅਤੇ ਜੁਆਬਦੇਹੀ ਹੋਵੇ। ਜੇਕਰ ਸਾਰੇ ਮਸੀਹੀ ਇਸੇ ਪ੍ਰਕਾਰ ਕਰਨ ਤਾਂ ਕਿਤੇ ਕੋਈ ਵੀ ਕਲੀਸਿਆ ਨਹੀਂ ਹੋਵੇਗੀ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

### ਵਿਸ਼ਵਾਸ ਕਥਨ

ਮਸੀਹ ਨੇ ਇੱਕ ਪਵਿੱਤਰ, ਵਿਸ਼ਵ-ਵਿਆਪੀ ਕਲੀਸਿਆ ਨੂੰ ਬਣਾਇਆ ਹੈ, ਜਿਸਦਾ ਪ੍ਰਗਟਾਵਾ ਸਥਾਨਕ ਕਲੀਸਿਆਵਾਂ ਦੇ ਰੂਪ ਵਿੱਚ ਹੈ। ਕਲੀਸਿਆ ਰਸੂਲਾਂ ਦੀ ਸਿੱਖਿਆ ਦੇ ਵਿੱਚ ਬਣੀ ਰਹਿੰਦੀ ਹੈ ਅਤੇ ਸਾਰੀ ਸਚਿਆਈ ਦਾ ਬਚਾਅ ਕਰਦੀ ਹੈ। ਕਲੀਸਿਆ ਸੰਗਤ ਕਰਨ ਵਾਲਾ ਪਰਮੇਸ਼ੁਰ ਦਾ ਅਜਿਹਾ ਪਰਿਵਾਰ ਹੈ ਜੋ ਸਾਰੀਆਂ ਜਰੂਰਤਾਂ ਦੇ ਪ੍ਰਤੀ ਸੇਵਕਾਈ ਕਰਦਾ ਹੈ। ਕਲੀਸਿਆ ਪਰਮੇਸ਼ੁਰ ਦੀ ਅਰਾਧਨਾ ਕਰਦੀ ਹੈ, ਸੰਸਾਰ ਨੂੰ ਸ਼ੁਭਸਮਾਚਾਰ ਸੁਣਾਉਂਦੀ ਹੈ ਅਤੇ ਵਿਸ਼ਵਾਸੀਆਂ ਨੂੰ ਚੇਲ੍ਹੇ ਬਣਾਉਂਦੀ ਹੈ।

## ਪਾਠ 12 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- 1 ਕੁਰਿੰਥੀਆਂ ਨੂੰ 5:1-13
- 1 ਕੁਰਿੰਥੀਆਂ ਨੂੰ 6:1-8
- 1 ਕੁਰਿੰਥੀਆਂ ਨੂੰ 12:14-31
- ਅਫ਼ਸੀਆਂ ਨੂੰ 4:11-16
- ਯਾਕੂਬ 2:1-9

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 12 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 12 ਦੀ ਪ੍ਰੀਖਿਆ

(1) ਕਲੀਸਿਆ ਦਾ ਯੁੱਗ ਕਦੋਂ ਸ਼ੁਰੂ ਹੋਇਆ?

(2) ਕਲੀਸਿਆ ਨੂੰ ਰਸੂਲੀ ਕਿਉਂ ਕਿਹਾ ਜਾ ਸਕਦਾ ਹੈ?

(3) ਕਲੀਸਿਆ ਦੇ ਅਰੰਭ ਦੇ ਚਾਰ ਪੱਖ ਲਿਖੋ।

(4) ਵਿਸ਼ਵ-ਵਿਆਪੀ ਕਲੀਸਿਆ ਕੌਣ ਹੈ?

(5) ਸਥਾਨਕ ਕਲੀਸਿਆ ਕੀ ਹੈ?

(6) 'ਕੈਥੋਲਿਕ ਕਲੀਸਿਆ' ਸ਼ਬਦ ਦਾ ਮੂਲ ਅਰਥ ਕੀ ਸੀ?

(7) ਵਿਸ਼ਵ-ਵਿਆਪੀ ਕਲੀਸਿਆ ਦੀ ਏਕਤਾ ਦੋ ਕਿਹੜੀਆਂ ਗੱਲਾਂ ਤੇ ਆਧਾਰਿਤ ਹੈ?

(8) ਕਿਸੇ ਕਲੀਸਿਆ ਦੇ ਲਈ ਸਾਂਝੇ ਧਾਰਮਿਕ ਸਿਧਾਂਤਾਂ ਦਾ ਲਿਖਤੀ ਬਿਆਨ ਹੋਣਾ ਕਿਉਂ ਚੰਗਾ ਹੈ?

(9) ਸਥਾਨਕ ਕਲੀਸਿਆ ਦੇ ਛੇ ਉਦੇਸ਼ ਲਿਖੋ।

# ਪਾਠ 13

# ਸਦੀਪਕ ਮੰਜ਼ਿਲ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਸਵਰਗ ਦੀਆਂ ਮੁੱਢਲੀਆਂ ਕਿਰਿਆਵਾਂ ਹਨ।
- ਪਵਿੱਤਰ ਵਚਨਾਂ ਦੇ ਵਿੱਚ ਦਿੱਤੀ ਸਵਰਗ ਦੀਆਂ ਵਿਸ਼ੇਸ਼ਤਾਵਾਂ।
- ਪਵਿੱਤਰ ਵਚਨਾਂ ਦੇ ਵਿੱਚ ਦੱਸੀ ਸਦੀਪਕ ਸਜ਼ਾ ਦੀਆਂ ਵਿਸ਼ੇਸ਼ਤਾਵਾਂ।
- ਕੁਝ ਅਜਿਹੇ ਧਰਮਾਂ ਦੀਆਂ ਉਦਾਹਰਨਾਂ ਜੋ ਸਦੀਪਕ ਸਜ਼ਾ ਦੀ ਸਚਿਆਈ ਦਾ ਇਨਕਾਰ ਕਰਦੇ ਹਨ।
- ਸਦੀਪਕ ਸਜ਼ਾ ਦਾ ਨਿਆਂ।
- ਸਦੀਪਕ ਮੰਜ਼ਿਲ ਦੇ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਯਾਦ ਰੱਖਣਗੇ ਕਿ ਕੁਝ ਕੰਮਾਂ ਦੇ ਸਦੀਪਕ ਨਤੀਜੇ ਹਨ ਜਿੰਨ੍ਹਾਂ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ।

## ਭਾਗ 1: ਵਿਸ਼ਵਾਸੀਆਂ ਦੀ ਸਦੀਪਕ ਮੰਜ਼ਿਲ

► ਪਰਕਾਸ਼ ਦੀ ਪੋਥੀ 21 ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਵਿਸ਼ਵਾਸੀਆਂ ਦੇ ਭਵਿੱਖ ਬਾਰੇ ਕੀ ਕਹਿੰਦਾ ਹੈ?

ਸਾਰੀ ਰਚਨਾ ਦੀ ਹੋਂਦ ਪਰਮੇਸ਼ੁਰ ਦੀ ਮਹਿਮਾ ਦੇ ਲਈ ਹੈ, ਪਰ ਸਵਰਗ ਬ੍ਰਹਿਮੰਡ ਦਾ ਕੇਂਦਰਿਤ ਦ੍ਰਿਸ਼ ਹੈ, ਜਿੱਥੇ ਪਰਮੇਸ਼ੁਰ ਦੁਆਰਾ ਰਚੇ ਪ੍ਰਾਣੀ ਸਭ ਤੋਂ ਉੱਚੇ ਪੱਧਰ ਤੇ ਉਸਦੀ ਅਰਾਧਨਾ ਕਰਦੇ ਹਨ (ਪੜ੍ਹੋ ਪਰਕਾਸ਼ ਦੀ ਪੋਥੀ 5:11-14)। ਸਵਰਗ ਦੇ ਵਿੱਚ ਪਰਮੇਸ਼ੁਰ ਦੀ ਮਹਿਮਾ ਇਸ ਪ੍ਰਕਾਰ ਪ੍ਰਗਟ ਹੋਵੇਗੀ ਕਿ ਇਹ ਨਗਰੀ ਦਾ ਚਾਨਣ ਹੋਵੇਗੀ (ਪਰਕਾਸ਼ ਦੀ ਪੋਥੀ 21:23)। ਇਹ ਅਜਿਹਾ ਸਥਾਨ ਹੈ ਜਿੱਥੇ ਅਸੀਂ ਪਰਮੇਸ਼ੁਰ ਨੂੰ ਇਸ ਤਰੀਕੇ ਨਾਲ ਜਾਣਾਂਗੇ ਕਿ ਅਸੀਂ ਉਸਦਾ ਚਿਹਰਾ ਵੇਖ ਸਕਾਂਗੇ (ਪਰਕਾਸ਼ ਦੀ ਪੋਥੀ 22:4)।

ਸਵਰਗ ਦੇ ਵਿੱਚ, ਵਿਸ਼ਵਾਸੀ ਪਰਮੇਸ਼ੁਰ ਦੀ ਅਰਾਧਨਾ ਕਰਦੇ ਹੋਏ ਸੰਪੂਰਨ ਸੰਤੁਸ਼ਟੀ ਅਤੇ ਅਨੰਦ ਪ੍ਰਾਪਤ ਕਰਦੇ ਹਨ। ਜ਼ਬੂਰਾਂ ਦੀ ਪੋਥੀ 16:11 ਦੱਸਦੀ ਹੈ, "ਤੇਰੇ ਹਜ਼ੂਰ ਅਨੰਦ ਦੀ ਭਰਪੂਰੀ ਹੈ, ਤੇਰੇ ਸੱਜੇ ਹੱਥ ਸਦਾ ਖੁਸ਼ੀਆਂ ਹੁੰਦੀਆਂ ਹਨ"। ਇਹ ਢੁੱਕਵੀਂ ਗੱਲ ਹੈ ਕਿ ਅਰਾਧਨਾ ਅਤੇ ਅਨੰਦ ਆਪਸ ਦੇ ਵਿੱਚ ਜੁੜੇ ਹੋਏ ਹਨ। ਪਰਮੇਸ਼ੁਰ ਨੇ ਸਾਨੂੰ ਆਪਣੇ ਸਰੂਪ ਤੇ ਰਚਿਆ, ਤਾਂ ਕਿ ਅਸੀਂ ਉਸਦੇ ਸੁਭਾਅ ਨੂੰ ਸਮਝਦੇ ਹੋਏ ਉਸਦੀ ਅਰਾਧਨਾ ਉਸ ਪ੍ਰਕਾਰ ਕਰ ਸਕੀਏ ਜਿਸ ਪ੍ਰਕਾਰ ਦਾ ਉਹ ਹੈ। ਸਾਡੀਆਂ ਭਾਵਨਾਵਾਂ, ਪਿਆਰ ਕਰਨ ਦੀ ਯੋਗਤਾ ਅਤੇ ਸਮਝ ਇਸ ਲਈ ਦਿੱਤੇ ਗਏ ਹਨ ਤਾਂ ਕਿ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰ ਸਕੀਏ।

ਯਿਸੂ ਨੇ ਚੇਲਿਆਂ ਨੂੰ ਹੇਠਾਂ ਦੱਸੀ ਗੱਲ ਕਹੀ:

> ਤੁਹਾਡਾ ਦਿਲ ਨਾ ਘਬਰਾਵੇ। ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ 3ਅਰ ਜੇ ਮੈਂ ਜਾ ਕੇ ਤੁਹਾਡੇ ਲਈ ਜਗ੍ਹਾ ਤਿਆਰ ਕਰਾਂ ਤਾਂ ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ (ਯੂਹੰਨਾ 14:1-3)।

ਯਿਸੂ ਦੇ ਸ਼ਬਦ ਸਾਨੂੰ ਸਵਰਗ ਦੇ ਬਾਰੇ ਕੁਝ ਗੱਲਾਂ ਦੱਸਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਪਰਮੇਸ਼ੁਰ ਦਾ ਘਰ ਹੈ। ਯਿਸੂ ਨੇ ਇਸਨੂੰ ਆਪਣੇ ਪਿਤਾ ਦਾ ਘਰ ਕਿਹਾ। ਇੱਕ ਹੋਰ ਮਹੱਤਰਪੂਰਨ ਸਚਿਆਈ ਇਹ ਹੈ ਕਿ ਅਸੀਂ ਇੱਕ ਦਿਨ ਉੱਥੇ ਪਰਮੇਸ਼ੁਰ ਦੇ ਨਾਲ ਰਹਿ ਸਕਦੇ ਹਾਂ।

ਸਵਰਗ ਦਾ ਵਾਇਦਾ ਧਰਤੀ ਤੇ ਸਾਡੇ ਜੀਵਨ ਦਾ ਮਾਰਗ ਦਰਸ਼ਕ ਹੋਣਾ ਚਾਹੀਦਾ ਹੈ। ਜੋ ਵਿਅਕਤੀ ਸਦੀਪਕ ਕਦਰਾਂ ਕੀਮਤਾਂ ਦੇ ਨਾਲ ਜਿਉਂਦਾ ਹੈ ਉਹ ਧਰਤੀ ਤੇ ਸਭ ਤੋਂ ਵੱਧ ਭਲਿਆਈ ਕਰੇਗਾ। ਜੋ ਵਿਅਕਤੀ ਸਵਰਗ ਦੇ ਪ੍ਰਤੀਫ਼ਲ ਦੀ ਉਮੀਦ ਰੱਖਦਾ ਹੈ ਉਹ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਯਤਨ ਕਰਦਾ ਹੈ ਅਤੇ ਮੁਸ਼ਕਿਲਾਂ ਸਹਿ ਸਕਦਾ ਹੈ। ਯਿਸੂ ਨੇ ਸਤਾਏ ਜਾਣ ਵਾਲੇ ਵਿਅਕਤੀ ਦੇ ਲਈ ਕਿਹਾ, "ਅਨੰਦ ਹੋਵੋ ਅਤੇ ਖੁਸ਼ੀ ਕਰੋ ਕਿਉਂ ਜੋ ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ" (ਮੱਤੀ 5:12)।

**ਸਵਰਗ ਦੀਆਂ ਵਿਸ਼ੇਸ਼ਤਾਵਾਂ**

► ਸਵਰਗ ਦੇ ਬਾਰੇ ਕੁਝ ਅਜਿਹੇ ਵੇਰਵੇ ਕਿਹੜੇ ਹਨ ਜਿੰਨ੍ਹਾਂ ਨੂੰ ਅਸੀਂ ਜਾਣਦੇ ਹਾਂ?

ਕਈ ਵਾਰ ਲੋਕ ਧਰਤੀ ਤੇ ਆਪਣੇ ਲਈ ਅਜਿਹੇ ਘਰ ਨੂੰ ਨਹੀਂ ਖ਼ਰੀਦ ਸਕਦੇ ਜੋ ਉਹ ਚਾਹੁੰਦੇ ਹਨ, ਜਾਂ ਸ਼ਾਇਦ ਉਹ ਆਪਣੇ ਘਰ ਨੂੰ ਅਜਿਹਾ ਨਾ ਬਣਾ ਸਕਣ ਜਿਵੇਂ ਦਾ ਉਹ ਬਣਾਉਣਾ ਚਾਹੁੰਦੇ ਹਨ। ਪਰ ਪਰਮੇਸ਼ੁਰ ਕੋਲ ਬੇਅੰਤ ਸ਼ਕਤੀ ਅਤੇ ਸਾਧਨ ਹਨ, ਇਸ ਲਈ ਅਸੀਂ ਜਾਣਦੇ ਹਾਂ ਕਿ ਉਸਦਾ ਘਰ ਬਿਲਕੁਲ ਉਹੀ ਹੈ ਜੋ ਉਹ ਚਾਹੁੰਦਾ ਹੈ। ਇਸ ਕਾਰਨ, ਸਵਰਗ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਦੇ ਸੁਭਾਅ ਨਾਲ ਮੇਲ ਖਾਂਦਾ ਹੈ।

> "ਜੇਕਰ ਮੇਰੇ ਵਿੱਚ ਅਜਿਹੀ ਇੱਛਾ ਹੋਵੇ ਜਿਸਨੂੰ ਸੰਸਾਰ ਦਾ ਕੋਈ ਅਨੁਭਵ ਸੰਤੁਸ਼ਟ ਨਾ ਕਰ ਸਕੇ, ਤਾਂ ਇਸਦੀ ਸਭ ਤੋਂ ਸੰਭਾਵਿਤ ਵਿਆਖਿਆ ਇਹ ਹੈ ਕਿ ਮੈਂ ਕਿਸੇ ਹੋਰ ਸੰਸਾਰ ਦੇ ਲਈ ਰਚਿਆ ਗਿਆ ਸੀ.... ਸ਼ਾਇਦ ਧਰਤੀ ਦੇ ਸੁੱਖ ਆਰਾਮ ਕਦੇ ਵੀ ਇਸਨੂੰ ਸੰਤੁਸ਼ਟ ਕਰਨ ਲਈ ਨਹੀਂ ਸਨ, ਪਰ ਉਹ ਸਿਰਫ਼ ਇਸਨੂੰ ਜਗਾਉਂਦੇ ਹਨ, ਅਸਲ ਗੱਲ ਦਾ ਸੁਝਾਅ ਦਿੰਦੇ ਹਨ.... ਮੈਨੂੰ ਇਸਨੂੰ ਆਪਣੇ ਜੀਵਨ ਦਾ ਮੁੱਖ ਉਦੇਸ਼ ਬਣਾ ਲੈਣਾ ਚਾਹੀਦਾ ਹੈ ਕਿ ਮੈਂ ਦੂਸਰੇ ਦੇਸ਼ ਜਾਣਾ ਹੈ ਅਤੇ ਦੂਸਰਿਆਂ ਦੀ ਵੀ ਅਜਿਹਾ ਕਰਨ ਵਿੱਚ ਸਹਾਇਤਾ ਕਰਨੀ ਹੈ।"
>
> *-ਸੀ.ਐਸ ਲੁਇਸ, ਸਧਾਰਨ ਮਸੀਹਤ*

ਸਵਰਗ ਦੇ ਵਿੱਚ ਕੋਈ ਪਾਪ ਨਹੀਂ ਹੈ। ਸਵਰਗ ਦੇ ਵਿੱਚ ਸਭ ਕੁਝ ਪਵਿੱਤਰ ਹੈ ਚਾਹੇ ਉਹ ਸਵਰਗਦੂਤ ਹੋਣ ਜਾਂ ਮਨੁੱਖ ਜਾਂ ਹੋਰ ਪ੍ਰਾਣੀ (ਪੜ੍ਹੋ ਪਰਕਾਸ਼ ਦੀ ਪੋਥੀ 21:8, 27।)

ਸਵਰਗ ਪਾਪ ਦੇ ਨਤੀਜਿਆਂ ਤੋਂ ਪੂਰੀ ਤਰ੍ਹਾਂ ਦੇ ਨਾਲ ਆਜਾਦ ਹੈ, ਜਿਸਦੇ ਵਿੱਚ ਦਰਦ, ਦੁੱਖ, ਕਲੇਸ਼ ਜਾਂ ਖ਼ਤਰਾ ਸ਼ਾਮਿਲ ਹੈ

(ਪੜ੍ਹੋ ਪਰਕਾਸ਼ ਦੀ ਪੋਥੀ 21:4)। ਅੱਗੇ ਤੋਂ ਰਚਨਾ ਦੇ ਉੱਤੇ ਸ਼ਰਾਪ ਨਹੀਂ ਹੋਵੇਗਾ ਜਿਸਦੇ ਵਿੱਚ ਬਿਮਾਰੀ, ਉਮਰ ਦਾ ਵੱਧਣਾ ਅਤੇ ਮੌਤ ਸ਼ਾਮਿਲ ਹੈ। (ਪੜ੍ਹੋ ਪਰਕਾਸ਼ ਦੀ ਪੋਥੀ 22:3।)

ਸਵਰਗ ਦੀ ਸੁੰਦਰਤਾ ਵਰਣਨ ਤੋਂ ਪਰੇ ਹੈ। ਸਾਨੂੰ ਦਿੱਤੇ ਗਏ ਵੇਰਵਿਆਂ ਵਿੱਚ ਯਸ਼ਬ ਦੀਆਂ ਕੰਧਾਂ, ਮੋਤੀਆਂ ਦੇ ਦਰਵਾਜ਼ੇ, ਦੁਰਲੱਭ ਰਤਨ ਦੀਆਂ ਨੀਂਹਾਂ, ਅਤੇ ਸੋਨੇ ਦੀਆਂ ਗਲੀਆਂ ਸ਼ਾਮਲ ਹਨ (ਪੜ੍ਹੋ ਪਰਕਾਸ਼ ਦੀ ਪੋਥੀ 21:18-21।)

**ਕੌਣ ਅਤੇ ਕਦੋਂ?**

ਸਵਰਗ ਉਨ੍ਹਾਂ ਦੇ ਲਈ ਤਿਆਰ ਕੀਤਾ ਗਿਆ ਹੈ ਜੋ ਆਪਣੇ ਪਾਪ ਤੋਂ ਤੌਬਾ ਕਰਦੇ ਹਨ ਅਤੇ ਯਿਸੂ ਮਸੀਹ ਤੇ ਮੁਕਤੀਦਾਤੇ ਵੱਜੋਂ ਵਿਸ਼ਵਾਸ ਕਰਦੇ ਹਨ (ਯੂਹੰਨਾ 3:16)। ਬਾਈਬਲ ਸਾਨੂੰ ਦੱਸਦੀ ਹੈ ਕਿ ਜੇਕਰ ਅਸੀਂ ਸਦੀਪਕ ਕਦਰਾਂ ਕੀਮਤਾਂ ਦੇ ਨਾਲ ਜਿਉਂਦੇ ਹਾਂ ਤਾਂ ਅਸੀਂ ਸਵਰਗ ਦੇ ਸਦੀਪਕ ਅਤੇ ਸੁਰੱਖਿਅਤ ਖ਼ਜਾਨੇ ਦੇ ਵਿੱਚ ਨਿਵੇਸ਼ ਕਰ ਸਕਦੇ ਹਾਂ (ਪੜ੍ਹੋ ਮੱਤੀ 6:20)। ਸਵਰਗ ਬਚਾਏ ਹੋਏ ਲੱਖਾਂ ਲੋਕਾਂ ਅਤੇ ਸਵਰਗਦੂਤਾਂ ਦੇ ਨਾਲ ਭਰਿਆ ਹੋਵੇਗਾ (ਪਰਕਾਸ਼ ਦੀ ਪੋਥੀ 5:8-11)।

ਕੋਈ ਵਿਅਕਤੀ ਸਵਰਗ ਦੇ ਵਿੱਚ ਕਦੋਂ ਜਾਂਦਾ ਹੈ? ਯਿਸੂ ਨੇ ਆਪਣੇ ਨਾਲ ਸਲੀਬ ਤੇ ਮਰਨ ਵਾਲੇ ਚੋਰ ਨੂੰ ਕਿਹਾ ਕਿ ਤੂੰ ਅੱਜ ਹੀ ਮੇਰੇ ਨਾਲ ਫਿਰਦੌਸ ਦੇ ਵਿੱਚ ਹੋਵੇਂਗਾ (ਲੂਕਾ 23:43)। ਪੌਲੁਸ ਨੇ ਕਿਹਾ ਕਿ ਸਰੀਰ ਨਾਲੋਂ ਅਲੱਗ ਹੋਣ ਦਾ ਭਾਵ ਹੈ ਪ੍ਰਭੂ ਦੇ ਨਾਲ ਹੋਣਾ (2 ਕੁਰਿੰਥੀਆਂ ਨੂੰ 5:8)। ਇਸ ਲਈ, ਅਸੀਂ ਜਾਣਦੇ ਹਾਂ ਕਿ ਇੱਕ ਵਿਸ਼ਵਾਸੀ ਮੌਤ ਦੇ ਸਮੇਂ ਹੀ ਸਵਰਗ ਦੇ ਵਿੱਚ ਚਲਾ ਜਾਂਦਾ ਹੈ। ਜੋ ਵਿਸ਼ਵਾਸੀ ਯਿਸੂ ਦੀ ਆਮਦ ਦੇ ਸਮੇਂ ਜਿਉਂਦੇ ਹੋਣਗੇ ਉਹ ਮੌਤ ਦਾ ਸਵਾਦ ਚੱਖੇ ਬਿਨਾਂ ਸਵਰਗ ਤੇ ਚਲੇ ਜਾਣਗੇ। (ਪੜ੍ਹੋ 1 ਕੁਰਿੰਥੀਆਂ ਨੂੰ 15:51-52; 1 ਥੱਸਲੁਨੀਕੀਆਂ ਨੂੰ 4:13-18)।

**ਭਾਗ 2: ਅਵਿਸ਼ਵਾਸੀਆਂ ਦੀ ਸਦੀਪਕ ਮੰਜ਼ਿਲ**

ਧਰਤੀ ਤੇ ਮਿਲਣ ਵਾਲੀ ਸਜ਼ਾ ਕਿਸੇ ਨਾ ਕਿਸੇ ਸਮੇਂ ਦੇ ਵਿੱਚ ਖ਼ਤਮ ਹੋ ਜਾਂਦੀ ਹੈ, ਭਾਵੇਂ ਕਿਸੇ ਨੂੰ ਮੌਤ ਦੀ ਸਜ਼ਾ ਹੀ ਮਿਲੀ ਹੋਵੇ। ਪਰ ਯਿਸੂ ਨੇ ਇੱਕ ਅਜਿਹੀ ਸਜ਼ਾ ਦੇ ਬਾਰੇ ਦੱਸਿਆ ਜੋ ਸਦੀਪਕ ਹੈ। ਉਸਨੇ ਕਿਹਾ,

> ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ।... ਅਤੇ ਏਹ ਸਦੀਪਕ ਸਜ਼ਾ ਵਿੱਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿੱਚ (ਮੱਤੀ 25:41, 46)।

ਯਿਸੂ ਅਤੇ ਚੇਲ੍ਹਿਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਨਰਕ, ਅੱਗ ਦੀ ਝੀਲ ਅਤੇ ਸਦੀਪਕ ਸਜ਼ਾ ਅਸਲ ਦੇ ਵਿੱਚ ਹਨ। ਯਿਸੂ ਨੇ ਸਾਨੂੰ ਇਸ ਭਿਆਨਕ ਸਥਾਨ ਤੋਂ ਬਚਣ ਦੀ ਚੇਤਾਵਨੀ ਦਿੱਤੀ। ਹੇਠਾਂ ਯਿਸੂ ਅਤੇ ਰਸੂਲਾਂ ਦੇ ਕੁਝ ਬਿਆਨ ਹਨ।

> ਸੋ ਜੁਗ ਦੇ ਅੰਤ ਦੇ ਸਮੇ ਅਜਿਹਾ ਹੀ ਹੋਵੇਗਾ। ਦੂਤ ਨਿੱਕਲ ਆਉਣਗੇ ਅਤੇ ਧਰਮੀਆਂ ਵਿੱਚੋਂ ਦੁਸ਼ਟਾਂ ਨੂੰ ਅੱਡ ਕਰਨਗੇ ਅਰ ਇਨ੍ਹਾਂ ਨੂੰ ਭਖਦੇ ਭੱਠੇ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਰ ਕਚੀਚੀਆਂ ਵੱਟਣਾ ਹੋਵੇਗਾ (ਮੱਤੀ 13:49-50)।

ਫ਼ਰੀਸੀਆਂ ਦੇ ਨਾਲ ਗੱਲ ਕਰਦੇ ਹੋਏ ਯਿਸੂ ਨੇ ਕਿਹਾ, “ਹੇ ਸੱਪੋ, ਹੇ ਨਾਗਾਂ ਦੇ ਬੱਚਿਓ! ਤੁਸੀਂ ਨਰਕ ਦੇ ਡੰਨੋਂ ਕਿਸ ਬਿਧ ਭੱਜੋਗੇ?” (ਮੱਤੀ 23:33)।

ਇੱਕ ਹੋਰ ਸਮੇਂ ਜਦੋਂ ਯਿਸੂ ਫ਼ਰੀਸੀਆਂ ਦੇ ਨਾਲ ਗੱਲ ਕਰ ਰਿਹਾ ਸੀ, ਉਸਨੇ ਇੱਕ ਅਜਿਹੇ ਵਿਅਕਤੀ ਦੇ ਕਸ਼ਟਾਂ ਦਾ ਵਰਣਨ ਕੀਤਾ ਜੋ ਪਤਾਲ ਦੇ ਵਿੱਚ ਚਲਾ ਗਿਆ ਸੀ:

> ਅਰ ਪਤਾਲ ਵਿੱਚ ਦੁਖੀ ਹੋ ਕੇ ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ ਅਤੇ ਦੂਰੋਂ ਅਬਰਾਹਾਮ ਨੂੰ ਅਰ ਉਹ ਦੀ ਗੋਦ ਵਿੱਚ ਲਾਜ਼ਰ ਨੂੰ ਡਿੱਠਾ ਤਾਂ ਉਸ ਨੇ ਅਵਾਜ਼ ਮਾਰ ਕੇ ਕਿਹਾ, ਹੇ ਪਿਤਾ ਅਬਰਾਹਾਮ ਮੇਰੇ ਉੱਤੇ ਦਯਾ ਕਰ ਅਤੇ ਲਾਜ਼ਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿੱਚ ਡੁੱਬੋ ਕੇ ਮੇਰੀ ਜੀਭ ਠੰਢੀ ਕਰੇ ਕਿਉਂ ਜੋ ਮੈਂ ਇਸ ਲੰਬ ਵਿੱਚ ਕਲਪਦਾ ਹਾਂ! (ਲੂਕਾ 16:23-24)।

ਪੌਲੁਸ ਰਸੂਲ ਲਿਖਦਾ ਹੈ ਕਿ

> ...ਪ੍ਰਭੁ ਯਿਸੂ ਆਪਣੇ ਬਲਵੰਤ ਦੂਤਾਂ ਸਣੇ ਭੜਕਦੀ ਅੱਗ ਵਿੱਚ ਅਕਾਸ਼ੋਂ ਪਰਗਟ ਹੋਵੇਗਾ ਅਤੇ ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੁ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ ਓਹਨਾਂ ਨੂੰ ਬਦਲਾ ਦੇਵੇਗਾ ਓਹ ਸਜ਼ਾ ਭੋਗਣਗੇ ਅਰਥਾਤ ਪ੍ਰਭੁ ਦੇ ਹਜ਼ੂਰੋਂ ਅਤੇ ਉਹ ਦੀ ਸਮਰੱਥਾ ਦੇ ਤੇਜ ਤੋਂ ਸਦਾ ਦਾ ਵਿਨਾਸ (ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 1:7-9)।

ਪਤਰਸ ਲਿਖਦਾ ਹੈ

> ...ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ ਨਰਕ ਵਿੱਚ ਸੁੱਟ ਕੇ ਅੰਧਕੂਪਾਂ ਵਿੱਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ ਰਹਿਣ (ਪਤਰਸ ਦੀ ਦੂਜੀ ਪੱਤ੍ਰੀ 2:4)।

ਯੂਹੰਨਾ ਲਿਖਦਾ ਹੈ

> ਅਤੇ ਸ਼ਤਾਨ ਜਿਹ ਨੇ ਓਹਨਾਂ ਨੂੰ ਭਰਮਾਇਆ ਸੀ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਉਹ ਦਰਿੰਦਾ ਅਤੇ ਝੂਠਾ ਨਬੀ ਹੈ ਅਤੇ ਰਾਤ ਦਿਨ ਓਹ ਜੁੱਗੋ ਜੁਗ ਕਸ਼ਟ ਭੋਗਣਗੇ... ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ (ਪਰਕਾਸ਼ ਦੀ ਪੋਥੀ 20:10, 15)।

ਇਸ ਸਥਾਨ ਦਾ ਵਰਣਨ ਕਰਨ ਦੇ ਲਈ ਵਰਤੇ ਗਏ ਸ਼ਬਦਾਂ ਤੇ ਧਿਆਨ ਦਿਓ: ਅੱਗ, ਕਸ਼ਟ, ਬਦਲਾ, ਸਜ਼ਾ, ਭੱਠਾ, ਵਿਨਾਸ, ਨਿਆਂ, ਰੋਣਾ, ਕਚੀਚੀਆਂ ਵੱਟਣਾ।

ਯਿਸੂ ਨੇ ਕਿਹਾ

> ਅਰ ਜੇ ਤੇਰੀ ਸੱਜੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿੱਚ ਸੁੱਟਿਆ ਨਾ ਜਾਵੇ ਅਤੇ ਜੇ ਤੇਰਾ ਸੱਜਾ

> ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿੱਚ ਨਾ ਜਾਵੇ (ਮੱਤੀ 5:29-30)।

ਯਿਸੂ ਨੇ ਕਿਹਾ ਕਿ ਦੋਨੋਂ ਅੱਖਾਂ ਅਤੇ ਹੱਥਾਂ ਦੇ ਹੁੰਦੇ ਹੋਏ ਨਰਕ ਦੀ ਅੱਗ ਦੇ ਵਿੱਚ ਸੁੱਟੇ ਜਾਣ ਨਾਲੋਂ ਸੱਜੀ ਅੱਖ ਨੂੰ ਕੱਢ ਸੁੱਟਣਾ ਅਤੇ ਅਤੇ ਸੱਜੇ ਹੱਥ ਨੂੰ ਵੱਢ ਸੁੱਟਣਾ ਬਿਹਤਰ ਹੈ। ਇੱਥੇ ਯਿਸੂ ਸਰੀਰ ਨੂੰ ਕਸ਼ਟ ਦੇਣ ਦੀ ਗੱਲ ਨਹੀਂ ਕਰ ਰਿਹਾ, ਪਰ ਉਹ ਅਜਿਹੇ ਕਿਸੇ ਵੀ ਪਾਪ ਦਾ ਤਿਆਗ ਕਰਨ ਦੇ ਲਈ ਕਹਿ ਰਿਹਾ ਹੈ ਜੋ ਪਾਪ ਅਤੇ ਨਰਕ ਦੇ ਵਿੱਚ ਲੈ ਜਾਂਦਾ ਹੈ, ਚਾਹੇ ਇਹ ਧਰਤੀ ਤੇ ਕਿੰਨਾ ਵੀ ਕੀਮਤੀ ਪ੍ਰਤੀਤ ਕਿਉਂ ਨਾ ਹੋਵੇ।

► ਕੁਝ ਅਜਿਹੇ ਧਰਮ ਕਿਹੜੇ ਹਨ ਜੋ ਨਰਕ ਦੇ ਬਾਰੇ ਗ਼ਲਤ ਸਿਧਾਂਤ ਰੱਖਦੇ ਹਨ?

ਬਾਈਬਲ ਸਾਨੂੰ ਦੱਸਦੀ ਹੈ ਕਿ ਮੌਤ ਦੇ ਨਾਲ ਮਨੁੱਖ ਦੇ ਤੌਬਾ ਕਰਨ ਦਾ ਮੌਕਾ ਖ਼ਤਮ ਹੋ ਜਾਂਦਾ ਹੈ, ਅਤੇ ਇਹ ਕਿ ਨਰਕ (1) ਸਦੀਪਕ ਹੈ, (2) ਇੱਥੋਂ ਬਾਹਰ ਨਹੀਂ ਆ ਸਕਦੇ ਅਤੇ (3) ਇਸਦੇ ਵਿੱਚ ਬਹੁਤ ਕਸ਼ਟ ਹੈ। ਬਾਈਬਲ ਦੀ ਇਸ ਸਚਿਆਈ ਦਾ ਨਾਸਤਿਕ ਲੋਕ ਇਨਕਾਰ ਕਰਦੇ ਹੋਏ ਕਹਿੰਦੇ ਹਨ ਕਿ ਮੌਤ ਤੋਂ ਬਾਅਦ ਕੁਝ ਵੀ ਨਹੀਂ ਹੈ, ਯਹੋਵਾਹ ਵਿਟਨੈਸ, ਮੋਰਮੋਨਜ਼ ਅਤੇ ਬ੍ਰਹਿਮੰਡੀਏ ਵੀ ਇਹੀ ਮੰਨਦੇ ਹਨ ਕਿ ਕੋਈ ਨਰਕ ਨਹੀਂ ਹੈ। ਰੋਮਨ ਕੈਥੋਲਿਕ ਇਸ ਤੱਥ ਨੂੰ ਨਕਾਰ ਦਿੰਦੇ ਹਨ ਕਿ ਮੌਤ ਦੇ ਨਾਲ ਤੌਬਾ ਕਰਨ ਦਾ ਮੌਕਾ ਖ਼ਤਮ ਹੋ ਜਾਂਦਾ ਹੈ ਅਤੇ ਉਹ ਮੰਨਦੇ ਹਨ ਕਿ ਮੌਤ ਤੋਂ ਬਾਅਦ ਵੀ ਕਿਸੇ ਵਿਅਕਤੀ ਦੀ ਸਥਿਤੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

ਕੁਝ ਅਜਿਹੇ ਲੋਕ ਵੀ ਹਨ ਜੋ ਨਰਕ ਦੀ ਹੋਂਦ ਦਾ ਇਨਕਾਰ ਇਸ ਲਈ ਕਰਦੇ ਹਨ ਕਿਉਂਕਿ ਉਹ ਇਸ ਨੂੰ ਅਨਿਆਂ ਮੰਨਦੇ ਹਨ। ਉਹ ਕਹਿੰਦੇ ਹਨ ਕਿ ਜੇਕਰ ਪਾਪ ਇੱਕ ਮਰਨਹਾਰ (ਅਸਥਾਈ) ਸਮੇਂ ਦੇ ਵਿੱਚ ਕੀਤਾ ਗਿਆ ਹੈ, ਤਾਂ ਫਿਰ ਇਸਦੀ ਸਜ਼ਾ ਸਦੀਪਕ ਨਹੀਂ ਹੋਣੀ ਚਾਹੀਦੀ। ਸੰਤ ਅਗਸਟਿਨ ਨੇ ਇਸ ਇਤਰਾਜ਼ ਦਾ ਜੁਆਬ ਅਪਰਾਧਿਕ ਕਨੂੰਨ ਦੇ ਨਾਲ ਦਿੱਤਾ। ਜੇਕਰ ਕੋਈ ਵਿਅਕਤੀ ਕੁਝ ਹੀ ਮਿੰਟਾਂ ਦੇ ਵਿੱਚ ਚੋਰੀ ਕਰਦਾ ਹੈ ਤਾਂ ਕਿ ਉਸਨੂੰ ਕੁਝ ਹੀ ਮਿੰਟਾਂ ਦੀ ਸਜ਼ਾ ਮਿਲਣੀ ਚਾਹੀਦੀ ਹੈ? ਇੱਕ ਕਤਲ ਕੁਝ ਹੀ ਸਮੇਂ ਦੇ ਵਿੱਚ ਕਰ ਦਿੱਤਾ ਜਾਂਦਾ ਹੈ ਪਰ ਇਹ ਨਾ ਪੂਰੇ ਹੋਣ ਵਾਲੇ ਨੁਕਸਾਨ ਦਾ ਕਾਰਨ ਬਣਦਾ ਹੈ। ਪਵਿੱਤਰ ਚਵਨਾਂ ਦੇ ਵਿੱਚ ਅਸੀਂ ਵੇਖਦੇ ਹਾਂ ਸਦੀਪਕ ਪਰਮੇਸ਼ੁਰ ਦੇ ਵਿਰੁੱਧ ਕੀਤਾ ਹੋਇਆ ਪਾਪ ਸਦੀਪਕ ਸਜ਼ਾ ਦਾ ਕਾਰਨ ਬਣਦਾ ਹੈ, ਭਾਵੇਂਕਿ ਕਿ ਇਹ ਮਰਨਹਾਰ ਜੀਵਨਕਾਲ ਦੇ ਵਿੱਚ ਕੀਤਾ ਗਿਆ।

► ਨਰਕ ਸਦੀਪਕ ਕਿਉਂ ਹੈ?

ਨਰਕ ਸਦੀਪਕ ਹੈ ਕਿਉਂਕਿ

1. ਪਾਪ ਇੱਕ ਸਦੀਪਕ ਪਰਮੇਸ਼ੁਰ ਦੇ ਵਿਰੁੱਧ ਕੀਤੇ ਜਾਣ ਵਾਲਾ ਅਪਰਾਧ ਹੈ।
2. ਤੌਬਾ ਨਾ ਕਰਨ ਵਾਲੇ ਪਾਪੀ ਪਰਮੇਸ਼ੁਰ ਦੇ ਅੱਗੇ ਅਜਿਹੀਆਂ ਸੇਵਾਵਾਂ ਨਿਭਾਉਣ ਤੋਂ ਇਨਕਾਰ ਕਰਦੇ ਜਿਸ ਲਈ ਉਹ ਉਸਦੇ ਕਰਜ਼ਦਾਰ ਹਨ।

3. ਅਸੀਂ ਸਦੀਪਕ ਪ੍ਰਾਣੀ ਹਾਂ ਅਤੇ ਜੇਕਰ ਅਸੀਂ ਪਰਮੇਸ਼ੁਰ ਤੋਂ ਅਲੱਗ ਹੋ ਜਾਈਏ ਤਾਂ ਸਾਡੇ ਕੋਲ ਕਿਤੇ ਵੀ ਹੋਰ ਜਾਣ ਦਾ ਸਥਾਨ ਨਹੀਂ ਹੋਵੇਗਾ।

ਧਰਤੀ ਤੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਕੋਲ ਸਾਡੇ ਫੈਸਲਿਆਂ ਨੂੰ ਬਦਲਣ ਦੀ ਯੋਗਤਾ ਹੋਵੇ। ਸਾਨੂੰ ਇਹ ਬਹੁਤ ਕਠੋਰ ਜਾਪਦਾ ਹੈ ਕਿ ਕਿਸੇ ਚੋਣ ਦੇ ਸਦੀਪਕ ਨਤੀਜੇ ਹੋ ਸਕਦੇ ਹਨ। ਅਸੀਂ ਅਜਿਹਾ ਸੋਚਣਾ ਪਸੰਦ ਕਰਦੇ ਹਾਂ ਕਿ ਭਵਿੱਖ ਦੇ ਵਿੱਚ ਦੂਸਰਾ ਮੌਕਾ ਜਰੂਰ ਹੋਵੇਗਾ, ਭਾਵੇਂ ਅਸੀਂ ਹੁਣ ਕਿਸੇ ਚੋਣ ਨੂੰ ਜਾਣਬੁੱਝ ਕੇ ਕਰੀਏ। ਪਰ ਇਹ ਬੇਤੁਕਾ ਨਹੀਂ ਹੈ ਕਿ ਪਰਮੇਸ਼ੁਰ ਸਾਡੀ ਪਰਖ ਦੀ ਮਿਆਦ ਨੂੰ ਜੀਵਨਕਾਲ ਦੇ ਲਈ ਸੀਮਿਤ ਕਰ ਦਿੰਦਾ ਹੈ।

ਕੁਝ ਲੋਕ ਨਰਕ ਤੇ ਵਿਸ਼ਵਾਸ ਕਰਨ ਦਾ ਇਨਕਾਰ ਇਸ ਲਈ ਕਰਦੇ ਹਨ ਕਿਉਂਕਿ ਉਹ ਸਮਝ ਨਹੀਂ ਪਾਉਂਦੇ ਕਿ ਇੱਕ ਪਿਆਰ ਕਰਨ ਵਾਲਾ ਪਰਮੇਸ਼ੁਰ ਕਿਸੇ ਨੂੰ ਅਜਿਹੇ ਭਿਆਨਕ ਸਥਾਨ ਤੇ ਕਿਵੇਂ ਘੱਲ ਸਕਦਾ ਹੈ ਜਿਵੇਂ ਇੰਨਾਂ ਵਚਨਾਂ ਦੇ ਵਿੱਚ ਲਿਖਿਆ ਹੋਇਆ ਹੈ। ਸਾਨੂੰ ਇਹ ਗੱਲ ਮਨ ਦੇ ਵਿੱਚ ਰੱਖਣੀ ਚਾਹੀਦੀ ਹੈ ਕਿ ਪਰਮੇਸ਼ੁਰ ਨਹੀਂ ਚਾਹੁੰਦਾ ਕਿ ਕੋਈ ਵੀ ਗੁਆਚ ਜਾਵੇ ਸਗੋਂ ਉਸਦੀ ਇੱਛਾ ਇਹ ਹੈ ਕਿ ਹਰ ਕੋਈ ਤੌਬਾ ਅਤੇ ਮੁਕਤੀ ਦੇ ਕੋਲ ਆਵੇ। ਬਾਈਬਲ ਇਸਨੂੰ ਕਈ ਸਥਾਨਾਂ ਤੇ ਦੱਸਦੀ ਹੈ। (ਪੜ੍ਹੋ ਪਤਰਸ ਦੀ ਦੂਜੀ ਪੱਤ੍ਰੀ 3:9; ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 2:4; ਰਸੂਲਾਂ ਦੇ ਕਰਤੱਬ 17:30।)। ਨਰਕ ਵਿੱਚ ਜਾਣ ਵਾਲੇ ਲੋਕ ਉਨ੍ਹਾਂ ਦੁਆਰਾ ਕੀਤੀਆਂ ਚੋਣਾਂ ਦੇ ਕਾਰਨ ਹੀ ਉੱਥੇ ਜਾਂਦੇ ਹਨ। ਕੋਈ ਵੀ ਅਚਾਨਕ ਨਰਕ ਦੇ ਵਿੱਚ ਨਹੀਂ ਡਿੱਗ ਪੈਂਦਾ। ਜੋ ਉੱਥੇ ਜਾਂਦੇ ਹਨ ਉਹ ਪਰਮੇਸ਼ੁਰ, ਧਾਰਮਿਕਤਾ ਅਤੇ ਮੁਕਤੀ ਦਾ ਇਨਕਾਰ ਕਰਕੇ ਉਸ ਸਥਾਨ ਨੂੰ ਚੁਣਦੇ ਹਨ।

> "ਅੰਤ ਦੇ ਵਿੱਚ ਨਰਕ ਦੀ ਸਿੱਖਿਆ ਦੇ ਬਾਰੇ ਕੀਤੇ ਜਾਣ ਵਾਲੇ ਇਤਰਾਜ਼ ਇਸ ਪ੍ਰਸ਼ਨ ਤੇ ਆਉਣੇ ਚਾਹੀਦੇ ਹਨ: 'ਤੁਸੀਂ ਪਰਮੇਸ਼ੁਰ ਨੂੰ ਹੋਰ ਕੀ ਕਰਨ ਦੇ ਲਈ ਕਹਿ ਰਹੇ ਹੋ?' ਉਨ੍ਹਾਂ ਦੇ ਅਤੀਤ ਦੇ ਪਾਪਾਂ ਨੂੰ ਮਿਟਾਉਣਾ ਅਤੇ ਇੱਕ ਨਵੀਂ ਸ਼ੁਰੂਆਤ ਦੇਣਾ, ਇਸਦੀ ਕਠਿਆਈ ਦੇ ਵਿੱਚ ਚਮਤਕਾਰੀ ਸਹਾਇਤਾ ਕਰਨਾ? ਪਰ ਉਸਨੇ ਪਹਿਲਾਂ ਹੀ ਅਜਿਹਾ ਕਰਨ ਦਾ ਪ੍ਰਸਤਾਵ ਦਿੱਤਾ ਹੈ, ਉਨ੍ਹਾਂ ਨੂੰ ਮਾਫ਼ ਕਰਨ ਦਾ। ਪਰ ਉਹ ਮਾਫ਼ ਕੀਤੇ ਜਾਣ ਤੋਂ ਇਨਕਾਰ ਕਰਦੇ ਹਨ। ਉਨ੍ਹਾਂ ਨੂੰ ਇਕੱਲੇ ਛੱਡਣ ਦੇ ਲਈ? ਅਫਸੋਸ ਕਿ ਉਹ ਇਹੀ ਤਾਂ ਕਰਦਾ ਹੈ।"
> -ਸੀ.ਐਸ ਲੁਈਸ, *ਦਰਦ ਦੀ ਸਮੱਸਿਆ* ਤੋਂ ਲਿਆ ਗਿਆ

ਕਿਉਂਕਿ ਹਰੇਕ ਚੰਗੀ ਵਸਤ ਪਰਮੇਸ਼ੁਰ ਤੋਂ ਆਉਂਦੀ ਹੈ, ਇਸ ਕਾਰਨ ਪਰਮੇਸ਼ੁਰ ਦਾ ਇਨਕਾਰ ਕਰਨਾ ਸਭ ਚੰਗੀਆਂ ਵਸਤਾਂ ਦਾ ਇਨਕਾਰ ਕਰਨਾ ਹੈ। ਸ਼ਾਂਤ, ਡਰ ਅਤੇ ਦਰਦ ਤੋਂ ਸੁਰੱਖਿਆ, ਅਤੇ ਇੱਕ ਆਰਾਮਦਾਇਕ ਸਥਾਨ ਉਹ ਚੰਗੀਆਂ ਵਸਤਾਂ ਹਨ ਜੋ ਸਿਰਫ਼ ਪਰਮੇਸ਼ੁਰ ਹੀ ਪ੍ਰਦਾਨ ਕਰ ਸਕਦਾ ਹੈ। ਪਰਮੇਸ਼ੁਰ ਤੋਂ ਪੂਰੀ ਤਰ੍ਹਾਂ ਅਲੱਗ ਹੋਣ ਤੋਂ ਭਾਵ ਉਸ ਹਰੇਕ ਵਸਤ ਤੋਂ ਅਲੱਗ ਹੋਣਾ ਹੈ ਜੋ ਚੰਗੀ ਹੈ, ਅਜਿਹਾ ਸਥਾਨ ਨਰਕ ਹੈ।

ਪਰਮੇਸ਼ੁਰ ਦਾ ਧੰਨਵਾਦ ਹੈ ਕਿ ਯਿਸੂ ਮਸੀਹ ਦੇ ਪ੍ਰਾਸਚਿੱਤ ਕਰਨ ਵਾਲੇ ਕੰਮ ਦੇ ਦੁਆਰਾ, ਉਸਦੇ ਪਿਆਰ ਨੇ ਸਾਡੇ ਲਈ ਆਉਣ ਵਾਲੇ ਕ੍ਰੋਧ ਤੋਂ ਬਚ ਜਾਣ ਨੂੰ ਸੰਭਵ ਬਣਾਇਆ ਹੈ (1 ਥੱਸਲੁਨੀਕੀਆਂ ਨੂੰ 1:10)। ਨਰਕ ਦੇ ਵਿੱਚ ਕਸ਼ਟ ਝੱਲਣ ਦੀ ਬਜਾਏ, ਅਸੀਂ ਸਵਰਗ ਦੇ ਅਨੰਦ ਅਤੇ ਉੱਥੋਂ ਦੀਆਂ ਅਦਭੁੱਤ ਚੀਜਾਂ ਵਿੱਚ ਸਾਂਝੀ ਹੋਵਾਂਗੇ। ਜਦੋਂ ਅਸੀਂ ਪਰਮੇਸ਼ੁਰ ਦੇ ਅੱਗੇ ਤੌਬਾ ਅਤੇ ਯਿਸੂ ਮਸੀਹ ਦੇ ਵਿੱਚ ਵਿਸ਼ਵਾਸ ਨੂੰ ਚੁਣਿਆ ਤਾਂ ਅਸੀਂ ਆਪਣੀ ਮੰਜ਼ਿਲ ਦੇ ਤੌਰ ਤੇ ਸਵਰਗ ਦੀ ਚੋਣ ਕੀਤੀ (ਫ਼ਿਲਿੱਪੀਆਂ ਨੂੰ 3:20, ਰਸੂਲਾਂ ਦੇ ਕਰਤੱਬ 20:21)।

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਸਦੀਪਕ ਨਤੀਜਿਆਂ ਨੂੰ ਭੁੱਲਣਾ

ਧਰਤੀ ਦੇ ਜੀਵਨ ਤੇ, ਬਹੁਤ ਸਾਰੇ ਫੈਸਲੇ ਅੰਤਿਮ ਪ੍ਰਤੀਤ ਨਹੀਂ ਹੁੰਦੇ। ਸਮੇਂ ਦੇ ਅਨੁਸਾਰ, ਬਹੁਤ ਸਾਰੀਆਂ ਗ਼ਲਤੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਹੁਤ ਸਾਰੇ ਫੈਸਲਿਆਂ ਦੇ ਨਤੀਜੇ ਸਦੀਪਕ ਹੁੰਦੇ ਹਨ। ਅਸੀਂ ਨਹੀਂ ਜਾਣਦੇ ਕਿ ਅਸੀਂ ਕਦੋਂ ਮਰ ਜਾਵਾਂਗੇ, ਅਤੇ ਸਾਡੇ ਤੌਬਾ ਕਰਨ ਦਾ ਮੌਕਾ ਖ਼ਤਮ ਹੋ ਜਾਵੇਗਾ। ਮੌਤ ਤੋਂ ਬਾਅਦ ਅਸੀਂ ਉਨ੍ਹਾਂ ਕੰਮਾਂ ਨੂੰ ਬਦਲ ਨਹੀਂ ਸਕਦੇ ਜਿੰਨਾਂ ਨੇ ਸਾਡੀ ਮੰਜ਼ਿਲ ਨੂੰ ਪ੍ਰਭਾਵਿਤ ਕੀਤਾ ਸੀ, ਨਾ ਹੀ ਉਨ੍ਹਾਂ ਕੰਮਾਂ ਨੂੰ ਜਿੰਨਾਂ ਨੇ ਦੂਸਰਿਆਂ ਨੂੰ ਉਨ੍ਹਾਂ ਦੇ ਫੈਸਲਿਆਂ ਲਈ ਪ੍ਰਭਾਵਿਤ ਕੀਤਾ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਹਰੇਕ ਵਿਅਕਤੀ ਸਦਾ ਦੇ ਲਈ ਹੋਂਦ ਵਿੱਚ ਰਹੇਗਾ ਜਾਂ ਤਾਂ ਸਵਰਗ ਦੇ ਵਿੱਚ ਜਾਂ ਨਰਕ ਵਿੱਚ। ਸਵਰਗ ਪਰਮੇਸ਼ੁਰ ਦਾ ਘਰ ਹੈ ਜਿੱਥੇ ਵਿਸ਼ਵਾਸੀ ਅਨੰਦ ਦੇ ਨਾਲ ਉਸਦੀ ਅਰਾਧਨਾ ਕਰਦੇ ਹੋਏ ਉਸਦੇ ਨਾਲ ਰਹਿਣਗੇ। ਸਵਰਗ ਦੇ ਵਿੱਚ ਕੋਈ ਪਾਪ ਨਹੀਂ ਹੈ, ਨਾਂ ਹੀ ਇਸਦੇ ਨਤੀਜੇ ਵੱਜੋਂ ਉੱਥੇ ਕੋਈ ਪੀੜਾ ਹੈ। ਨਰਕ ਸਦੀਪਕ ਹੈ, ਇਸਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਇਹ ਉਨ੍ਹਾਂ ਸਭਨਾਂ ਦੇ ਲਈ ਕਸ਼ਟਾਂ ਨਾਲ ਭਰਿਆ ਸਥਾਨ ਹੈ ਜੋ ਮਸੀਹ ਦੇ ਦੁਆਰਾ ਆਪਣੇ ਪਾਪਾਂ ਤੋਂ ਨਹੀਂ ਬਚਾਏ ਗਏ ਹਨ। ਨਰਕ ਇੱਕ ਸਦੀਪਕ ਪਰਮੇਸ਼ੁਰ ਦੇ ਵਿਰੁੱਧ ਜਾਣਬੁੱਝ ਕੇ ਕੀਤੇ ਗਏ ਪਾਪਾਂ ਦੀ ਨਿਆਂਇਕ ਸਜ਼ਾ ਹੈ।

## ਪਾਠ 13 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਯਸਾਯਾਹ 5:11-16
- ਮੱਤੀ 5:27-30
- ਲੂਕਾ 16:19-31
- ਪਰਕਾਸ਼ ਦੀ ਪੋਥੀ 22:1-5
- ਪਰਕਾਸ਼ ਦੀ ਪੋਥੀ 22:10-17

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 13 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 13 ਦੀ ਪ੍ਰੀਖਿਆ

(1) ਸਵਰਗ ਦੀ ਮੁੱਖ ਕਿਰਿਆ ਕੀ ਹੈ?

(2) ਸਵਰਗ ਦੇ ਵਿੱਚ ਨਾ ਹੋਣ ਵਾਲੀਆਂ ਚਾਰ ਗੱਲਾਂ ਲਿਖੋ।

(3) ਕੌਣ ਸਵਰਗ ਦੇ ਵਿੱਚ ਜਾਵੇਗਾ?

(4) ਵਿਸ਼ਵਾਸੀ ਕਦੋਂ ਸਵਰਗ ਦੇ ਵਿੱਚ ਜਾਂਦੇ ਹਨ?

(5) ਯਿਸੂ ਦਾ ਕੀ ਅਰਥ ਸੀ ਜਦੋਂ ਉਸਨੇ ਕਿਹਾ ਕਿ ਵਿਅਕਤੀ ਆਪਣਾ ਹੱਥ ਵੱਢ ਸੁੱਟੇ?

(6) ਬਾਈਬਲ ਸਾਨੂੰ ਨਰਕ ਦੇ ਬਾਰੇ ਤਿੰਨ ਗੱਲਾਂ ਕੀ ਦੱਸਦੀ ਹੈ?

(7) ਨਰਕ ਸਦੀਪਕ ਕਿਉਂ ਹੈ? ਤਿੰਨ ਕਾਰਨ ਲਿਖੋ।

# ਪਾਠ 14

# ਅੰਤਿਮ ਘਟਨਾਵਾਂ

## ਪਾਠ ਦੇ ਉਦੇਸ਼

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਅੰਤਿਮ ਘਟਨਾਵਾਂ ਦੇ ਵਿਸ਼ਿਆਂ ਦੇ ਮਹੱਤਵ ਦਾ ਪੱਧਰ।
- ਮਸੀਹ ਦਾ ਦੁਬਾਰਾ ਵਾਪਿਸ ਆਉਣਾ ਅਤੇ ਮਸੀਹੀ ਜੀਵਨ ਦੇ ਵਿੱਚ ਇਸਦਾ ਮਹੱਤਵ।
- ਸਾਰੇ ਲੋਕਾਂ ਨੂੰ ਮੁਰਦਿਆਂ ਵਿੱਚੋਂ ਜੀ ਉੱਠਣਾ ਅਤੇ ਸਰੀਰ ਦਾ ਮਹੱਤਵ।
- ਸਾਰੇ ਨੈਤਿਕ ਪ੍ਰਾਣੀਆਂ ਦਾ ਅੰਤਿਮ ਨਿਆਂ।
- ਪਰਮੇਸ਼ੁਰ ਦਾ ਸਦੀਪਕ ਰਾਜ।
- ਅੰਤਿਮ ਘਟਨਾਵਾਂ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਧਰਤੀ ਦੇ ਜੀਵਨ ਨੂੰ ਸਦੀਪਕਤਾ ਦੇ ਨਜ਼ਰੀਏ ਤੋਂ ਵੇਖਣ ਦੇ ਮਹੱਤਵ ਨੂੰ ਜਾਣਨਗੇ।

## ਜਾਣ-ਪਛਾਣ

► ਦਾਨੀਏਲ 7:9-14 ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਸਾਨੂੰ ਭਵਿੱਖ ਦੇ ਬਾਰੇ ਕੀ ਕਹਿੰਦਾ ਹੈ?

ਬਾਈਬਲ ਦੀ ਭਵਿੱਖਬਾਣੀ ਵਿੱਚ ਅੱਗੇ ਦੱਸੇ ਵਿਸ਼ੇ ਸ਼ਾਮਿਲ ਹਨ: ਦਰਿੰਦੇ ਦਾ ਨਿਸ਼ਾਨ, ਤੁਰ੍ਹੀਆਂ, ਮਹਾਂ ਕਸ਼ਟ, ਮਸੀਹ ਵਿਰੋਧੀ, ਸੱਤ ਸਾਲ, 1,000 ਸਾਲ, ਮਹਾਨ ਸਫ਼ੇਦ ਸਿੰਘਾਸਣ, ਨਗਰੀ ਦਾ ਹੇਠਾਂ ਆਉਣਾ, ਅੱਗ ਦੀ ਝੀਲ।

► ਤੁਸੀਂ ਬਾਈਬਲ ਦੇ ਭਵਿੱਖਬਾਣੀਆਂ ਦੇ ਕਿਹੜੇ ਵਿਸ਼ਿਆਂ ਬਾਰੇ ਸੋਚਦੇ ਹੋ?

## ਮਹੱਤਵ ਦੇ ਪੱਧਰ

ਅਕਸਰ ਭਵਿੱਖਬਾਣੀ ਤੇ ਕੀਤੀ ਜਾਣ ਵਾਲੀ ਚਰਚਾ ਵਿੱਚ ਮੁੱਖ ਸਚਿਆਈਆਂ ਦੀ ਬਜਾਏ ਛੋਟੇ ਪ੍ਰਸ਼ਨਾਂ ਤੇ ਜਿਆਦਾ ਧਿਆਨ ਦਿੱਤਾ ਜਾਂਦਾ ਹੈ। ਭਵਿੱਖਬਾਣੀ ਵਿੱਚ ਪਾਏ ਜਾਣ ਵਾਲੇ ਸਾਰੇ ਵਿਸ਼ੇ ਵੀ ਇੱਕ ਬਰਾਬਰ ਮਹੱਤਵਪੂਰਨ ਨਹੀਂ ਹਨ। ਇਸ ਕੋਰਸ ਦੇ ਵਿੱਚ ਅਸੀਂ ਭਵਿੱਖਬਾਣੀ ਦੇ ਬਾਰੇ ਹਰੇਕ ਗੱਲ ਬਾਰੇ ਚਰਚਾ ਨਹੀਂ ਕਰਾਂਗੇ।

ਕਈ ਵਾਰ ਲੋਕ ਸੋਚਦੇ ਹਨ ਕਿ ਦਰਿੰਦੇ ਦਾ ਚਿੰਨ੍ਹ ਕਿਸ ਪ੍ਰਕਾਰ ਦਾ ਵਿਖੇਗਾ, ਮਸੀਹ ਵਿਰੋਧੀ ਕਿਸ ਦੇਸ਼ ਤੋਂ ਆਏਗਾ, ਅਤੇ ਦੋ ਗਵਾਹ ਕੌਣ ਹੋਣਗੇ। ਕੁਝ ਪ੍ਰਸ਼ਨ ਅਜਿਹੇ ਹਨ ਜਿੰਨ੍ਹਾਂ ਦੇ ਬਾਰੇ ਬਾਈਬਲ ਸਪੱਸ਼ਟਤਾ ਦੇ ਨਾਲ ਉੱਤਰ ਨਹੀਂ ਦਿੰਦੀ, ਅਤੇ ਉਨ੍ਹਾਂ ਦੇ ਬਾਰੇ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ ਹੈ।

ਕੁਝ ਵਿਸ਼ੇ ਅਜਿਹੇ ਹਨ ਜਿੰਨ੍ਹਾਂ ਦੇ ਬਾਰੇ ਬਾਈਬਲ ਕਾਫੀ ਜਿਆਦਾ ਵਿਆਖਿਆ ਕਰਦੀ ਹੈ। ਕੁਝ ਉਦਾਹਰਨਾਂ ਇਹ ਹਨ ਕਿ ਕੀ ਯਿਸੂ ਮਹਾਂ ਕਲੇਸ਼ ਦੀ ਸ਼ੁਰੂਆਤ, ਵਿੱਚਕਾਰ ਜਾਂ ਇਸਦੇ ਅੰਤ ਵਿੱਚ ਆਵੇਗਾ; ਅਤੇ ਇੱਕ ਹਜ਼ਾਰ ਸਾਲ ਦੇ ਰਾਜ ਵਿੱਚ ਅਸਲ 1,000 ਸਾਲ ਹੋਣਗੇ ਜਾਂ ਨਹੀਂ। ਪਰ ਇਹ ਸਿੱਖਿਆਵਾਂ ਸ਼ੁਭਸਮਾਚਾਰ ਦੇ ਲਈ ਜਰੂਰੀ ਨਹੀਂ ਹਨ। ਤੁਹਾਨੂੰ ਕਿਸੇ ਅਜਿਹੇ ਵਿਅਕਤੀ ਦੇ ਨਾਲ ਕਦੇ ਵੀ ਸੰਗਤੀ ਨਹੀਂ ਤੋੜਣੀ ਚਾਹੀਦੀ ਜੋ ਇੰਨ੍ਹਾਂ ਪ੍ਰਸ਼ਨਾਂ ਵਿੱਚੋਂ ਇੱਕ ਦੇ ਬਾਰੇ ਤੁਹਾਡੀ ਰਾਏ ਦੇ ਨਾਲ ਸਹਿਮਤ ਨਹੀਂ ਹੁੰਦੇ।

ਬਾਈਬਲ ਦੀ ਭਵਿੱਖਬਾਣੀ ਦੇ ਵਿੱਚ ਕੁਝ ਜਰੂਰੀ ਸਚਿਆਈਆਂ ਹਨ। ਇਹ ਸਚਿਆਈਆਂ ਇੰਨੀਆਂ ਸਪੱਸ਼ਟ ਹਨ ਕਿ ਬਾਈਬਲ ਤੇ ਵਿਸ਼ਵਾਸ ਕਰਨ ਵਾਲਾ ਹਰੇਕ ਵਿਅਕਤੀ ਇਸਨੂੰ ਸਵੀਕਾਰ ਕਰਦਾ ਹੈ। ਇਹ ਸਿੱਖਿਆਵਾਂ ਮਸੀਹੀ ਜੀਵਨਸ਼ੈਲੀ ਅਤੇ ਮਸੀਹੀ ਸਿੱਖਿਆ ਦੀ ਸੰਪੂਰਨ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ। ਆਉ ਅਸੀਂ ਬਾਈਬਲ ਦੇ ਭਵਿੱਖਬਾਣੀ ਦੇ ਵਿੱਚ ਅੰਤਿਮ ਘਟਨਾਵਾਂ ਦੇ ਬਾਰੇ ਚਾਰ ਜਰੂਰੀ ਸਚਿਆਈਆਂ ਦੇ ਬਾਰੇ ਵੇਖੀਏ।

### ਯਿਸੂ ਮਸੀਹ ਦਾ ਸਰੀਰਕ ਰੂਪ ਵਿੱਚ ਵਾਪਿਸ ਆਉਣਾ

ਯਿਸੂ ਵਿਖਣ ਵਾਲੇ ਰੂਪ ਵਿੱਚ ਧਰਤੀ ਤੇ ਵਾਪਿਸ ਆਏਗਾ। ਭਾਵੇਂ ਕਿ ਉਹ ਹੁਣ ਧਰਤੀ ਤੇ ਵਿਸ਼ਵਾਸੀਆਂ ਦੇ ਨਾਲ ਆਤਮਿਕ ਤੌਰ ਤੇ ਮੌਜੂਦ ਹੈ, ਪਰ ਉਹ ਸਾਰੀ ਧਰਤੀ ਦੇ ਵੇਖਦਿਆਂ ਆਪਣੇ ਮਹਿਮਾਮਈ, ਅਤੇ ਮੁਰਦਿਆਂ ਵਿੱਚੋਂ ਜੀ ਉੱਠੇ ਰੂਪ ਵਿੱਚ ਵਾਪਿਸ ਆਵੇਗਾ। (ਪੜ੍ਹੋ ਪਰਕਾਸ਼ ਦੀ ਪੋਥੀ 1:7।)

► ਯਿਸੂ ਦੀ ਵਾਪਸੀ ਦੇ ਸਮੇਂ ਹੋਣ ਵਾਲੀਆਂ ਕੁਝ ਘਟਨਾਵਾਂ ਕਿਹੜੀਆਂ ਹੋਣਗੀਆਂ?

ਮਸੀਹ ਦੀ ਆਮਦ ਧਰਤੀ ਦੇ ਇਤਿਹਾਸ ਦਾ ਸ਼ਿਖਰ ਹੋਵੇਗਾ। ਸੰਸਾਰ ਦੇ ਰਾਜ ਮਸੀਹ ਦੇ ਰਾਜ ਬਣ ਜਾਣਗੇ। ਜੋ ਉਸਦੇ ਨਾਲ ਵਫ਼ਾਦਾਰ ਹਨ ਉਨ੍ਹਾਂ ਨੂੰ ਪ੍ਰਤੀਫ਼ਲ ਅਤੇ ਆਦਰ ਦਿੱਤਾ ਜਾਵੇਗਾ। ਜੋ ਉਸਦੇ ਵਿਰੁੱਧ ਬਗ਼ਾਵਤ ਕਰਦੇ ਹਨ ਉਨ੍ਹਾਂ ਨੂੰ ਹਰਾ ਦਿੱਤਾ ਜਾਵੇਗਾ, ਅਤੇ ਉਸਦੇ ਕੋਲ ਅਜਿਹੀ ਸਮਰੱਥਾ ਹੋਵੇਗੀ ਜੋ ਹਰੇਕ ਵਿਰੋਧ ਤੇ ਜਿੱਤ ਹਾਸਿਲ ਕਰੇਗੀ। (ਪੜ੍ਹੋ ਮੱਤੀ 26:64।) ਹਰੇਕ ਗੋਡਾ ਨਿਵਾਇਆ ਜਾਵੇਗਾ, ਅਤੇ ਹਰੇਕ ਜੁਬਾਨ ਮੰਨ ਲਵੇਗੀ ਕਿ ਯਿਸੂ ਹੀ ਪ੍ਰਭੂ ਹੈ (ਫ਼ਿਲਿੱਪੀਆਂ ਨੂੰ 2:10-11)।

ਜੋ ਮਸੀਹੀ ਮਰ ਗਏ ਹਨ ਉਹ ਮਸੀਹ ਦੇ ਨਾਲ ਰਾਜ ਕਰਨ ਦੇ ਲਈ ਜੀ ਉੱਠਣਗੇ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 2:12)। ਉਹ ਅਤੇ ਜਿਉਂਦੇ ਮਸੀਹੀ ਪ੍ਰਭੂ ਦੇ ਵਿਖਾਈ ਦੇਣ ਸਮੇਂ ਉਠਾਏ ਜਾਣਗੇ (1 ਥੱਸਲੁਨੀਕੀਆਂ ਨੂੰ 4:16-17)।

ਯਿਸੂ ਦੀ ਆਮਦ ਸਾਰੇ ਮਸੀਹੀਆਂ ਦੇ ਲਈ ਮੁਬਾਰਕ ਉਮੀਦ ਹੈ (ਪੜ੍ਹੋ ਤੀਤੁਸ ਨੂੰ 2:13।)। ਉਨ੍ਹਾਂ ਸਭਨਾਂ ਗੱਲਾਂ ਦੇ ਬਾਰੇ ਸੋਚੋ ਜੋ ਉਸਦੀ ਆਮਦ ਦੇ ਸਮੇਂ ਸਾਡੇ ਨਾਲ ਹੋਣਗੀਆਂ: ਸਤਾਅ, ਦੁੱਖਾਂ ਅਤੇ ਕਸ਼ਟਾਂ ਦਾ ਅੰਤ; ਮਸੀਹੀ ਸੰਤਾਂ ਅਤੇ ਪਿਆਰੇ ਮਸੀਹੀਆਂ ਦੇ ਨਾਲ ਦੁਬਾਰਾ ਮਿਲਾਪ; ਇਹ ਸਬੂਤ ਕਿ ਸਾਡਾ ਵਿਸ਼ਵਾਸ ਵਿਅਰਥ ਦੇ ਵਿੱਚ ਨਹੀਂ ਰਿਹਾ; ਯਿਸੂ ਨੂੰ ਵੇਖ ਸਕਾਂਗੇ; ਜੀਵਨ ਦੀ ਸਦੀਪਕਤਾ ਦੀ ਭਰਪੂਰੀ ਦੇ ਨਾਲ ਸਵਰਗ ਦੇ ਵਿੱਚ ਦਾਖਲਾ। ਇੰਨਾਂ ਵਿੱਚੋਂ ਕੋਈ ਵੀ ਗੱਲ ਉਸਦੀ ਆਮਦ ਦੇ ਸਮੇਂ ਤੇ ਨਿਰਭਰ ਨਹੀਂ ਹਨ, ਪਰ ਉਹ ਇਸ ਤੱਥ ਤੇ ਨਿਰਭਰ ਹਨ ਕਿ ਉਹ ਆਪਣੇ ਵਾਇਦੇ ਦੇ ਅਨੁਸਾਰ ਵਾਪਿਸ ਆਵੇਗਾ।

> "ਜੋ ਵੀ ਕੋਈ ਵਿਅਕਤੀ ਅਨੰਦ ਦੇ ਨਾਲ ਮੌਤ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਦਿਨ ਦੀ ਉਡੀਕ ਨਹੀਂ ਕਰਦਾ ਉਸਨੇ ਮਸੀਹ ਦੀ ਵਿਚਾਰਧਾਰਾ ਵਿਕਾਸ ਨਹੀਂ ਕੀਤਾ ਹੈ। ਆਉ ਪ੍ਰਭੂ ਦੇ ਆਉਣ ਦੀ ਤਾਂਘ ਦੇ ਨਾਲ ਉਡੀਕ ਕਰੀਏ ਕਿਉਂਕਿ ਇਹ ਸਭ ਤੋਂ ਜਿਆਦਾ ਖੁਸ਼ੀ ਦੀ ਗੱਲ ਹੈ। ਉਹ ਸਾਡੇ ਕੋਲ ਇੱਕ ਮੁਕਤੀਦਾਤੇ ਦੇ ਵੱਜੋਂ ਆਏਗਾ ਅਤੇ ਉਹ ਸਾਨੂੰ ਆਪਣੀ ਬਰਕਤ ਵਾਲੀ ਮਹਿਮਾ ਅਤੇ ਵਿਰਾਸਤ ਦੇ ਵਿੱਚ ਲੈ ਕੇ ਜਾਏਗਾ।"
>
> \- ਜੌਨ ਕੈਲਵਿਨ ਤੋਂ ਲਿਆ ਗਿਆ,
>
> *ਮਸੀਹੀ ਧਰਮ ਦੀਆਂ ਰਸਮਾਂ*

ਯਿਸੂ ਨੇ ਕਿਹਾ ਕਿ ਉਹ ਮਹਿਮਾ ਅਤੇ ਸਮਰੱਥ ਦੇ ਨਾਲ ਵਾਪਿਸ ਆਵੇਗਾ (ਮੱਤੀ 24:30)। ਉਸਨੇ ਵਾਇਦਾ ਕੀਤਾ ਕਿ ਉਹ ਆਵੇਗਾ ਅਤੇ ਆਪਣੇ ਲੋਕਾਂ ਨੂੰ ਨਾਲ ਲੈ ਕੇ ਜਾਵੇਗਾ ਤਾਂ ਕਿ ਉਹ ਉਸਦੇ ਨਾਲ ਰਹਿ ਸਕਣ (ਯੂਹੰਨਾ 14:3)। ਸਵਰਗਦੂਤਾਂ ਨੇ ਕਿਹਾ ਕਿ ਜਿਵੇਂ ਉਹ ਸਵਰਗ ਤੇ ਗਿਆ ਹੈ ਉਸੇ ਪ੍ਰਕਾਰ ਉਹ ਵਾਪਿਸ ਆਵੇਗਾ (ਰਸੂਲਾਂ ਦੇ ਕਰਤੱਬ 1:11)। ਰਸੂਲਾਂ ਨੇ ਮਸੀਹ ਦੇ ਇਸ ਧਰਤੀ ਤੇ ਵਾਪਿਸ ਆ ਕੇ ਪਰਮੇਸ਼ੁਰ ਦੀ ਅੰਤਿਮ ਯੋਜਨਾ ਨੂੰ ਪੂਰਾ ਕਰਨ ਦੀ ਉਡੀਕ ਕਰਦੇ ਹੋਏ ਤੌਬਾ ਦਾ ਪ੍ਰਚਾਰ ਕੀਤਾ (ਪੜ੍ਹੋ ਰਸੂਲਾਂ ਦੇ ਕਰਤੱਬ 3:19-21)। ਨਵੇਂ ਨੇਮ ਦੇ ਵਿੱਚ ਇਹ ਬਹੁਤ ਵਾਰ ਦੁਹਰਾਇਆ ਗਿਆ ਹੈ ਕਿ ਯਿਸੂ ਮਹਿਮਾ ਅਤੇ ਸਮਰੱਥਾ ਦੇ ਵਿੱਚ ਧਰਤੀ ਤੇ ਵਾਪਿਸ ਆਵੇਗਾ।[19]

ਭਾਵੇਂਕਿ ਯਿਸੂ ਦੀ ਆਮਦ ਦੇ ਬਾਰੇ ਕੁਝ ਨਿਸ਼ਾਨ ਦੱਸੇ ਗਏ ਹਨ, ਪਰ ਅਸੀਂ ਬਿਲਕੁਲ ਸਹੀ ਸਮੇਂ ਨੂੰ ਜਾਣ ਨਹੀਂ ਸਕਦੇ ਕਿ ਉਹ ਕਦੋਂ ਆਵੇਗਾ। ਵਿਸ਼ਵਾਸੀਆਂ ਦੇ ਲਈ ਇਹ ਚੰਗਾ ਹੈ ਕਿ ਉਹ ਸਦਾ ਯਿਸੂ ਦੇ ਆਉਣ ਦੀ ਉਡੀਕ ਵਿੱਚ ਰਹਿਣ ਅਤੇ ਇਸਦੇ ਅਨੁਸਾਰ ਜੀਵਨ ਬਤੀਤ ਕਰਨ (ਪੜ੍ਹੋ ਮਰਕੁਸ 13:33-37)।

► ਯਿਸੂ ਵਾਪਿਸ ਕਿਉਂ ਆ ਰਿਹਾ ਹੈ?

ਅਸੀਂ ਇੱਕ ਅਜਿਹੇ ਸੰਸਾਰ ਦੇ ਵਿੱਚ ਰਹਿੰਦੇ ਹਾਂ ਜਿੱਥੇ ਜਿਆਦਾਤਰ ਲੋਕ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਕਰਦੇ ਹਨ। ਸਾਰੀ ਰਚਨਾ ਪਾਪ ਦੇ ਸ਼ਰਾਪ ਕਾਰਨ ਦੁੱਖ ਉਠਾਉਂਦੀ ਹੈ। ਸੰਸਾਰ ਕਦੇ ਵੀ ਕਿਸੇ ਰਾਜਨੀਤਿਕ ਕਿਰਿਆ, ਸਮਾਜਿਕ ਸੁਧਾਰ, ਵਿਕਸਿਤ ਸਿੱਖਿਆ ਜਾਂ ਸੰਪੰਨ ਆਰਥਿਕਤਾ ਦੇ ਨਾਲ ਸੰਪੂਰਨ ਨਹੀਂ ਕੀਤਾ ਜਾਵੇਗਾ। ਯਿਸੂ ਇੱਕ ਦਮ ਇੱਕ ਵਾਪਿਸ ਆਉਣ ਵਾਲੇ ਰਾਜੇ ਦੀ ਤਰ੍ਹਾਂ ਆਪਣੀ ਰਚਨਾ ਦੇ ਵਿੱਚ ਦਾਖਿਲ ਹੋਵੇਗਾ ਅਤੇ ਇਸਨੂੰ ਸਹੀ ਕਰ ਦੇਵੇਗਾ।

---

[19] 1 ਥੱਸਲੁਨੀਕੀਆਂ ਨੂੰ 4:15-16; ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 1:7, 10; ਤੀਤੁਸ ਨੂੰ 2:13; ਇਬਰਾਨੀਆਂ ਨੂੰ 9:28; ਯਾਕੂਬ 5:7-8; ਪਤਰਸ ਦੀ ਪਹਿਲੀ ਪੱਤ੍ਰੀ 1:7, 13; ਪਤਰਸ ਦੀ ਦੂਜੀ ਪੱਤ੍ਰੀ 1:16, ਪਤਰਸ ਦੀ ਦੂਜੀ ਪੱਤ੍ਰੀ 3:4, 12; ਯੂਹੰਨਾ ਦੀ ਪਹਿਲੀ ਪੱਤ੍ਰੀ 2:28

ਸਾਰੇ ਲੋਕ ਪਾਪੀ ਹਨ, ਪਰ ਜੇਕਰ ਉਹ ਵਰਤਮਾਨ ਦੇ ਵਿੱਚ ਆਪਣੀ ਇੱਛਾ ਦੇ ਨਾਲ ਪਰਮੇਸ਼ੁਰ ਦੇ ਰਾਜ ਨਾਲ ਜੁੜ ਜਾਂਦੇ ਹਨ, ਤਾਂ ਉਹ ਆਉਣ ਵਾਲੀ ਸਜ਼ਾ ਤੋਂ ਬਚ ਸਕਦੇ ਹਨ। ਪਰਮੇਸ਼ੁਰ ਦਾ ਰਾਜ ਪਹਿਲਾਂ ਤੋਂ ਹੀ ਤੌਬਾ ਅਤੇ ਵਿਸ਼ਵਾਸ ਕਰਨ ਵਾਲਿਆਂ ਦੇ ਵਿੱਚ ਕੰਮ ਕਰ ਰਿਹਾ ਹੈ (ਮਰਕੁਸ 1:14-15, ਮਰਕੁਸ 9:1)। ਇਹ ਰਾਜ ਯਿਸੂ ਦੀ ਆਮਦ ਦੇ ਸਮੇਂ ਪੂਰੀ ਤਰ੍ਹਾਂ ਅਤੇ ਖੁੱਲ੍ਹ ਕੇ ਆਵੇਗਾ।

► ਕਿਉਂਕਿ ਯਿਸੂ ਵਾਪਿਸ ਆ ਰਿਹਾ ਹੈ ਤਾਂ ਸਾਨੂੰ ਕਿਵੇਂ ਜਿਉਣਾ ਚਾਹੀਦਾ ਹੈ?

ਸਾਨੂੰ ਅਰੰਭਿਕ ਮਸੀਹੀਆਂ ਦੀਆਂ ਪ੍ਰਾਥਮਿਕਤਾਵਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਸਾਨੂੰ ਆਪਣੇ ਵਿਸ਼ਵਾਸ ਨੂੰ ਬਣਾਈ ਰੱਖਣ (1 ਕੁਰਿੰਥੀਆਂ ਨੂੰ 16:13) ਅਤੇ ਅੰਤ ਤੱਕ ਸਹਿਣ ਦੇ ਲਈ ਬੁਲਾਇਆ ਗਿਆ ਹੈ (ਮੱਤੀ 24:13)। ਸਾਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਅਸੀਂ ਸੰਸਾਰ ਦੀਆਂ ਵਸਤਾਂ ਅਤੇ ਭੋਗ ਵਿਲਾਸ ਦੇ ਵਿੱਚ ਪੈ ਕੇ ਮਸੀਹ ਦੇ ਆਉਣ ਨੂੰ ਭੁਲਾ ਨਾ ਦਈਏ (ਲੂਕਾ 21:34-36)। ਕਿਉਂਕਿ ਸੰਸਾਰ ਦੀਆਂ ਗੱਲਾਂ ਜਾਂਦੀਆਂ ਰਹਿਣਗੀਆਂ ਇਸ ਲਈ ਸਾਨੂੰ ਸਦੀਪਕ ਕਦਰਾਂ ਕੀਮਤਾਂ ਦੇ ਨਾਲ ਜਿਉਣਾ ਚਾਹੀਦਾ ਹੈ (ਪਤਰਸ ਦੀ ਦੂਜੀ ਪੱਤ੍ਰੀ 3:11-13)। ਸਾਨੂੰ ਜਾਗਦੇ ਰਹਿਣ ਲਈ ਕਿਹਾ ਗਿਆ ਹੈ ਆਕਾਸ਼ ਦੇ ਵੱਲ ਵੇਖਦੇ ਹੋਏ ਨਹੀਂ, ਪਰ ਆਤਮਿਕ ਤੌਰ ਤੇ ਸੁਚੇਤ ਰਹਿਣ ਦੇ ਲਈ ਤਾਂ ਕਿ ਅਸੀਂ ਉਸਦੇ ਆਉਣ ਦੇ ਸਮੇਂ ਬਿਨਾਂ ਤਿਆਰੀ ਦੇ ਨਾ ਹੋਈਏ (ਮਰਕੁਸ 13:33-37)। ਅਸੀਂ ਪਵਿੱਤਰਤਾਈ ਦੇ ਲਈ ਪ੍ਰਾਰਥਨਾ ਕਰਦੇ ਹਾਂ ਅਤੇ ਇੱਕ ਪਵਿੱਤਰ ਜੀਵਨ ਜਿਉਂਦੇ ਹਾਂ ਕਿਉਂਕਿ ਅਸੀਂ ਉਸਦੇ ਵਰਗੇ ਬਣਨਾ ਚਾਹੁੰਦੇ ਹਾਂ (ਯੂਹੰਨਾ ਦੀ ਪਹਿਲੀ ਪੱਤ੍ਰੀ 3:3)।

ਜੋ ਅੱਜ ਇੰਝ ਜਿਉਂਦੇ ਹਨ ਜਿਵੇਂ ਕਿ ਯਿਸੂ ਨਹੀਂ ਆ ਰਿਹਾ ਹੈ ਉਹ ਉਸਦੀ ਆਮਦ ਦੇ ਸਮੇਂ ਤਿਆਰ ਨਹੀਂ ਹੋਣਗੇ। ਯਿਸੂ ਦਾ ਆਉਣਾ ਬਿਜ਼ਲੀ ਦੇ ਚਮਕਣ ਜਿਹਾ ਹੋਵੇਗਾ (ਮੱਤੀ 24:27; 1 ਕੁਰਿੰਥੀਆਂ ਨੂੰ 15:52), ਇਹ ਇੰਨਾਂ ਅਚਾਨਕ ਹੋਵੇਗਾ ਕਿ ਜਦੋਂ ਉਹ ਵਿਖਾਈ ਦੇਵੇਗਾ ਤਾਂ ਕਿਸੇ ਦੇ ਵੀ ਕੋਲ ਕੁਝ ਬਦਲਣ ਦਾ ਸਮਾਂ ਨਹੀਂ ਹੋਵੇਗਾ। 1 ਥੱਸਲੁਨੀਕੀਆਂ ਨੂੰ 5:1-6 ਵਿਖਾਉਂਦਾ ਹੈ ਕਿ ਜੋ ਲੋਕ ਅੰਧਕਾਰ ਦੇ ਵਿੱਚ ਹਨ, ਜੋ ਇਸ ਸੰਸਾਰ ਦੇ ਜੀ ਰਹੇ ਹਨ, ਉਹ ਯਿਸੂ ਦੀ ਆਮਦ ਦੇ ਸਮੇਂ ਅਚੰਭਿਤ ਹੋ ਜਾਣਗੇ। ਉਨ੍ਹਾਂ ਦੇ ਲਈ ਉਸਦਾ ਆਉਣਾ ਇੱਕ ਚੋਰ ਦੀ ਤਰ੍ਹਾਂ ਹੋਵੇਗਾ। ਵਿਸ਼ਵਾਸੀਆਂ ਦੇ ਲਈ ਉਸਦਾ ਆਉਣਾ ਡਰਾਉਣਾ ਨਹੀਂ ਹੋਵੇਗਾ, ਇਹ ਉਨ੍ਹਾਂ ਲਈ ਵੱਡੇ ਅਨੰਦ ਦੀ ਗੱਲ ਹੋਵੇਗੀ, ਜਿਵੇਂ ਇੱਕ ਲਾੜਾ ਆਪਣੀ ਲਾੜੀ ਦੇ ਲਈ ਆਉਂਦਾ ਹੈ (ਯੂਹੰਨਾ 14:2-3)।

ਅਸੀਂ ਹੇਠਾਂ ਦੱਸੇ ਕੰਮਾਂ ਨੂੰ ਕਰਦੇ ਹੋਏ ਯਿਸੂ ਦੇ ਆਉਣ ਦੀ ਉਡੀਕ ਕਰਦੇ ਹਾਂ

1. ਸਦੀਪਕ ਪ੍ਰਾਥਮਿਕਤਾਵਾਂ ਨੂੰ ਰੱਖਦੇ ਹੋਏ
2. ਪਵਿੱਤਰਤਾਈ ਦੇ ਵਿੱਚ ਜਿਉਂਦੇ ਹੋਏ
3. ਪ੍ਰਾਰਥਨਾ ਦੇ ਦੁਆਰਾ ਆਪਣੇ ਆਪ ਦੀ ਰਖਵਾਲੀ ਕਰਦੇ ਹੋਏ

## ਸਾਰੇ ਲੋਕਾਂ ਦਾ ਸਰੀਰਕ ਤੌਰ ਤੇ ਮੁਰਦਿਆਂ ਵਿੱਚੋਂ ਜੀ ਉੱਠਣਾ

ਅਸੀਂ ਜਾਣਦੇ ਹਾਂ ਕਿ ਸਰੀਰ ਦੀ ਸਦੀਪਕ ਕੀਮਤ ਹੈ ਕਿਉਂਕਿ ਬਾਈਬਲ ਸਾਨੂੰ ਸਾਰੇ ਲੋਕਾਂ ਦਾ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਰੇ ਸਿਖਾਉਂਦੀ ਹੈ। ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਿੱਖਿਆ ਜਰੂਰੀ ਹੈ। ਅਸੀਂ ਇਸਨੂੰ ਜਾਣਦੇ ਹਾਂ ਕਿਉਂਕਿ ਪੌਲੁਸ 1 ਕੁਰਿੰਥੀਆਂ ਨੂੰ 15

ਦੇ ਪੂਰੇ ਅਧਿਆਏ ਵਿੱਚ ਇਸ ਸਿੱਖਿਆ ਦਾ ਬਚਾਅ ਕੀਤਾ ਹੈ। ਉਸਨੇ ਵਿਆਖਿਆ ਕੀਤੀ ਕਿ ਮੁਰਦਿਆਂ ਦੇ ਜੀ ਉੱਠਣ ਦਾ ਇਨਕਾਰ ਕਰਨਾ ਸ਼ੁਭਸਮਾਚਾਰ ਦਾ ਇਨਕਾਰ ਕਰਨਾ ਹੈ। ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ ਤਾਂ ਯਿਸੂ ਮੁਰਦਿਆਂ ਦੇ ਵਿੱਚੋਂ ਜਿਉਂਦਾ ਨਹੀਂ ਹੋਇਆ ਹੋਵੇਗਾ (1 ਕੁਰਿੰਥੀਆਂ ਨੂੰ 15:13)। ਜੇਕਰ ਯਿਸੂ ਮੁਰਦਿਆਂ ਦੇ ਵਿੱਚੋਂ ਜਿਉਂਦਾ ਨਹੀਂ ਹੋਇਆ ਤਾਂ ਸ਼ੁਭਸਮਾਚਾਰ ਸੱਚਾ ਨਹੀਂ ਹੋ ਸਕਦਾ, ਅਤੇ ਕੋਈ ਵੀ ਅਸਲ ਦੇ ਵਿੱਚ ਬਚਾਇਆ ਨਹੀਂ ਗਿਆ ਹੈ (1 ਕੁਰਿੰਥੀਆਂ ਨੂੰ 15:17)।

ਹਰੇਕ ਵਿਅਕਤੀ ਜੀ ਉੱਠੇਗਾ, ਪਰ ਸਾਰੇ ਇੱਕ ਹੀ ਸਮੇਂ ਨਹੀ। ਯਿਸੂ ਦੀ ਆਮਦ ਦੇ ਸਮੇਂ ਉਹ ਮਸੀਹੀਆਂ ਨੂੰ ਲੈ ਕੇ ਜਾਵੇਗਾ, ਉਨ੍ਹਾਂ ਨੂੰ ਜਿਉਂਦਾ ਕਰਕੇ ਜੋ ਮਰ ਗਏ ਹਨ (1 ਥੱਸਲੁਨੀਕੀਆਂ ਨੂੰ 4:16-17; ਪਰਕਾਸ਼ ਦੀ ਪੋਥੀ 20:6)। ਜੋ ਆਪਣੇ ਪਾਪਾਂ ਦੇ ਵਿੱਚ ਮਰੇ ਉਨ੍ਹਾਂ ਨੂੰ ਪਹਿਲੀ ਕਿਆਮਤ ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਬਾਅਦ ਦੇ ਵਿੱਚ ਨਿਆਂ ਦੇ ਸਮੇਂ ਜਿਉਂਦੇ ਕੀਤੇ ਜਾਣਗੇ (ਪਰਕਾਸ਼ ਦੀ ਪੋਥੀ 20:13)।

ਮਸੀਹੀ ਲੋਕ ਯਿਸੂ ਦੀ ਤਰ੍ਹਾਂ ਮਹਿਮਾਮਈ ਸਰੀਰਾਂ ਦੇ ਨਾਲ ਜੀ ਉੱਠਣਗੇ (ਯੂਹੰਨਾ ਦੀ ਪਹਿਲੀ ਪੱਤ੍ਰੀ 3:2)। ਬਿਨਾਂ ਤੌਬਾ ਕੀਤੇ ਪਾਪੀ ਸਦੀਪਕ ਸਜ਼ਾ ਦੇ ਲਈ ਕਿਸੇ ਤਰ੍ਹਾਂ ਦੇ ਸਰੀਰ ਦੇ ਨਾਲ ਜੀ ਉੱਠਣਗੇ(ਯੂਹੰਨਾ 5:28-29)।

► ਜੇਕਰ ਤੁਸੀਂ ਇਹ ਵਿਸ਼ਵਾਸ ਨਹੀਂ ਕੀਤਾ ਕਿ ਤੁਹਾਡਾ ਸਰੀਰ ਮੁਰਦਿਆਂ ਦੇ ਵਿੱਚੋਂ ਜੀ ਉੱਠੇਗਾ, ਤਾਂ ਇਸਦੇ ਨਾਲ ਤੁਹਾਨੂੰ ਕੀ ਫ਼ਰਕ ਪਵੇਗਾ?

"ਹੇ ਮੌਤ, ਤੇਰਾ ਡੰਗ ਕਿੱਥੇ ਹੈ? ਹੇ ਪਤਾਲ ਤੇਰੀ ਜਿੱਤ ਕਿੱਥੇ ਹੈ? ਮਸੀਹ ਜੀ ਉੱਠਿਆ ਹੈ ਅਤੇ ਤੇਰਾ ਨਾਸ਼ ਹੋ ਗਿਆ ਹੈ।
ਮਸੀਹ ਜੀ ਉੱਠਿਆ ਹੈ, ਅਤੇ ਦੁਸ਼ਟ ਆਤਮਾਵਾਂ ਸੁੱਟੀਆਂ ਗਈਆਂ ਹਨ
ਮਸੀਹ ਜੀ ਉੱਠਿਆ ਹੈ ਅਤੇ ਸਵਰਗਦੂਤ ਅਨੰਦ ਮਨਾਉਂਦੇ ਹਨ।
ਮਸੀਹ ਜੀ ਉੱਠਿਆ ਹੈ ਅਤੇ ਜੀਵਨ ਆਜਾਦ ਹੈ।
ਮਸੀਹ ਜੀ ਉੱਠਿਆ ਹੈ,
ਅਤੇ ਮੁਰਦਿਆਂ ਦੀ ਕਬ਼ਰ ਖਾਲੀ ਹੈ:
ਕਿਉਂਕਿ ਮਸੀਹ, ਮੁਰਦਿਆਂ ਦੇ ਵਿੱਚੋਂ ਜਿਉਂਦਾ ਹੋ ਕੇ,
ਸੁੱਤੇ ਹੋਇਆ ਦਾ ਆਗੂ ਅਤੇ ਉਨ੍ਹਾਂ ਨੂੰ ਜਿਉਂਦਾ ਕਰਨ ਵਾਲਾ ਬਣ ਗਿਆ
ਮਹਿਮਾ ਅਤੇ ਸਮਰੱਥ ਸਦਾ ਸਦਾ ਉਸੇ ਦੀ ਹੋਵੇ।
ਆਮੀਨ।"
- ਕ੍ਰੀਸੋਸਟੋਮ, "ਈਸ਼ਟਰ ਹੋਮਲੀ"

ਇਹ ਵਿਸ਼ਵਾਸ ਕਿ ਇੱਕ ਦਿਨ ਅਸੀਂ ਜੀ ਉੱਠਾਂਗੇ ਸਾਡੀ ਜੀਵਨਸ਼ੈਲੀ ਨੂੰ ਪ੍ਰਭਾਵਿਤ ਕਰਦਾ ਹੈ। ਜੋ ਲੋਕ ਇਸ ਸਿੱਖਿਆ ਦਾ ਇਨਕਾਰ ਕਰਦੇ ਹਨ ਅਸੀਂ ਉਨ੍ਹਾਂ ਦੇ ਜੀਵਨ ਤੇ ਇਸਦੇ ਅਭਿਆਸਿਕ ਪ੍ਰਭਾਵ ਨੂੰ ਵੇਖ ਸਕਦੇ ਹਾਂ। ਕੁਰਿਥੁਸ ਦੀ ਕਲੀਸਿਆ ਦੇ ਵਿੱਚ ਕੁਝ ਲੋਕਾਂ ਨੇ ਇਸ ਗੱਲ ਦਾ ਇਨਕਾਰ ਕਰ ਦਿੱਤਾ ਸੀ ਕਿ ਮਨੁੱਖੀ ਸਰੀਰ ਮੁਰਦਿਆਂ ਦੇ ਵਿੱਚੋਂ ਜੀ ਉੱਠੇਗਾ। ਜਿੰਨ੍ਹਾਂ ਨੇ ਇਸ ਗ਼ਲਤ ਸਿੱਖਿਆ ਤੇ ਵਿਸ਼ਵਾਸ ਕੀਤਾ ਉਹ ਸਥਿਤੀਆਂ ਦੇ ਵਿੱਚ ਵੰਡੇ ਗਏ।

ਕੁਝ ਲੋਕਾਂ ਨੇ ਕਿਹਾ, "**ਜੇਕਰ ਸਰੀਰ ਜਿਉਂਦਾ ਨਹੀਂ ਹੋਵੇਗਾ ਤਾਂ ਫਿਰ ਸਿਰਫ਼ ਆਤਮਾ ਦਾ ਹੀ ਮਹੱਤਵ ਹੈ।** ਇਸਦਾ ਮਤਲਬ ਕਿ ਜੋ ਪਾਪ ਅਸੀਂ ਸਰੀਰ ਦੇ ਨਾਲ ਕਰਦੇ ਹਾਂ ਉਹ ਗੰਭੀਰ ਨਹੀਂ ਹਨ। ਇੱਥੋਂ ਤੱਕ ਕਿ ਅਸੀਂ ਹਰਾਮਕਾਰੀ ਕਰ ਸਕਦੇ ਹਾਂ ਕਿਉਂਕਿ ਸਰੀਰ ਨੇ ਤਾਂ ਨਾਸ਼ ਹੀ ਹੋਣਾ ਹੈ।"

ਸ਼ਾਇਦ ਕੁਝ ਕੁਰਿੰਥੀਆਂ ਦੀ ਇਹ ਕਹਾਵਤ ਬਣ ਗਈ "ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨਾਂ ਦੇ ਲਈ," ਭਾਵ ਸਰੀਰ ਇੱਛਾਵਾਂ ਦੇ ਭੋਗ ਤੋਂ ਇਲਾਵਾ ਹੋਰ ਕਿਸੇ ਚੀਜ਼ ਲਈ ਨਹੀਂ ਹੈ। ਪੌਲੁਸ ਨੇ ਉਨ੍ਹਾਂ ਨੂੰ ਦੱਸਿਆ ਕਿ ਲੋਕਾਂ ਨੂੰ ਉਨ੍ਹਾਂ ਦੇ ਸਰੀਰਾਂ ਨੂੰ ਦੁਰਉਪਯੋਗ ਕਰਨ

ਦੇ ਕਾਰਨ ਸਜ਼ਾ ਦਿੱਤੀ ਜਾਵੇਗੀ (1 ਕੁਰਿੰਥੀਆਂ ਨੂੰ 6:13)। ਉਸਨੇ ਕਿਹਾ ਕਿ ਸਰੀਰ ਪ੍ਰਭੂ ਦੇ ਲਈ ਹੈ, ਅਤੇ ਪਰਮੇਸ਼ੁਰ ਨੇ ਨਾਲੇ ਪ੍ਰਭੂ ਨੂੰ ਜਿਵਾ ਕੇ ਉਠਾਇਆ, ਨਾਲੇ ਸਾਨੂੰ ਆਪਣੀ ਸਮਰੱਥਾ ਨਾਲ ਜਿਵਾ ਕੇ ਉਠਾਏਗਾ (1 ਕੁਰਿੰਥੀਆਂ ਨੂੰ 6:14)।

ਹੋਰਾਂ ਨੇ ਕਿਹਾ, "**ਕਿਉਂਕਿ ਸਰੀਰ ਨੂੰ ਜਿਉਂਦਾ ਨਹੀਂ ਕੀਤਾ ਜਾਵੇਗਾ, ਇਸ ਲਈ ਇਹ ਬੇਕਾਰ ਅਤੇ ਦੁਸ਼ਟ ਹੈ।** ਸਾਨੂੰ ਸਰੀਰ ਦੀਆਂ ਸਾਰੀਆਂ ਇੱਛਾਵਾਂ ਨੂੰ ਦਬਾ ਦੇਣਾ ਚਾਹੀਦਾ ਹੈ, ਸਾਨੂੰ ਕੁਝ ਵੀ ਸਵਾਦੀ ਨਹੀਂ ਖਾਣਾ ਚਾਹੀਦਾ ਜਾਂ ਵਿਆਹ ਦਾ ਅਨੰਦ ਨਹੀਂ ਮਾਣਨਾ ਚਾਹੀਦਾ।"

ਇਹ ਦੋਵੇਂ ਗ਼ਲਤ ਸਿੱਖਿਆਵਾਂ ਮੁਰਦਿਆਂ ਦੇ ਜੀ ਉੱਠਣ ਦਾ ਇਨਕਾਰ ਕਰਨ ਦੇ ਕਾਰਨ ਆਉਂਦੀਆਂ ਹਨ। ਮੁਰਦਿਆਂ ਵਿੱਚੋਂ ਜੀ ਉੱਠਣ ਦਾ ਇਨਕਾਰ ਸਰੀਰ ਦੀ ਕੀਮਤ ਨੂੰ ਘਟਾਉਂਦਾ ਹੈ। ਪਰ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਮਸੀਹੀ ਸਿਧਾਂਤ ਸਰੀਰ ਨੂੰ ਮਹੱਤਵ ਦਿੰਦਾ ਹੈ।

► ਪੜ੍ਹੋ 1 ਕੁਰਿੰਥੀਆਂ ਨੂੰ 6:14, 15, 19-20 ।

ਇਹ ਵਚਨ ਸਿਖਾਉਂਦੇ ਹਨ ਕਿ ਮਸੀਹੀ ਸਰੀਰ ਕੀਮਤੀ ਹਨ ਕਿਉਂਕਿ ਉਹ

- ਛੁਡਾਏ ਹੋਏ ਹਨ
- ਇਹ ਪਵਿੱਤਰ ਆਤਮਾ ਦੀ ਹੈਕਲ ਹਨ
- ਮਸੀਹ ਦੇ ਮੈਂਬਰ ਹਨ
- ਇਹ ਮੁਰਦਿਆਂ ਵਿੱਚੋਂ ਜੀ ਉੱਠਣਗੇ ਅਤੇ ਮਹਿਮਾ ਪ੍ਰਾਪਤ ਕਰਨਗੇ

ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਿੱਖਿਆ ਜਰੂਰੀ ਹੈ ਕਿਉਂਕਿ ਇਸਦਾ ਅਰਥ ਹੈ ਕਿ

- ਯਿਸੂ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ।
- ਸਾਰੇ ਲੋਕ ਜਿਉਂਦੇ ਕੀਤੇ ਜਾਣਗੇ।
- ਸਰੀਰ ਦੀ ਕੀਮਤ ਸਦੀਪਕ ਹੈ।
- ਸ਼ੁਭਸਮਾਚਾਰ ਸੱਚਾ ਹੈ।

### ਨਿਆਂ

ਨਿਆਂ ਦਾ ਦਿਨ ਉਨ੍ਹਾਂ ਲੋਕਾਂ ਦੇ ਲਈ ਸੱਚਮੁੱਚ ਅੰਤ ਦਾ ਦਿਨ ਹੈ ਜਿੰਨ੍ਹਾਂ ਦੇ ਨਾਮ ਜੀਵਨ ਦੀ ਕਿਤਾਬ ਵਿੱਚ ਨਹੀਂ ਲਿਖੇ ਹੋਏ ਹਨ। ਇਹ ਉਨ੍ਹਾਂ ਦੀ ਹੋਂਦ ਦਾ ਅੰਤ ਨਹੀਂ ਹੈ, ਇਹ ਉਨ੍ਹਾਂ ਦੇ ਲਈ ਚੋਣ ਕਰਨ ਦੇ ਮੌਕੇ ਦਾ ਅੰਤ ਹੈ। ਇਸ ਤੋਂ ਬਾਅਦ ਆਉਣ ਵਾਲੀ ਸਦੀਪਕਤਾ ਦੇ ਵਿੱਚ, ਲੋਕ ਆਪਣੇ ਫੈਸਲਿਆਂ ਦੇ ਅੰਤਮ ਨਤੀਜਿਆਂ ਦਾ ਅਨੁਭਵ ਕਰਨਗੇ, ਜਿੰਨ੍ਹਾਂ ਨੂੰ ਕਦੇ ਵੀ ਮੋੜਿਆ ਨਹੀਂ ਜਾ ਸਕਦਾ।

ਨਿਆਂ ਸਾਡੀਆਂ ਚੋਣਾਂ ਨੂੰ ਜਲਦੀ ਨਾਲ ਮਿਲਣ ਵਾਲੇ ਨਤੀਜਿਆਂ ਤੋਂ ਕਿਤੇ ਪਰੇ ਦਾ ਮਹੱਤਵ ਦਿੰਦਾ ਹੈ। ਕੁਝ ਲੋਕ ਸੋਚਦੇ ਹਨ ਕਿ ਜਿੰਨੀ ਦੇਰ ਤੱਕ ਉਹ ਆਪਣੇ ਕੰਮਾਂ ਦੇ ਨਤੀਜਿਆਂ ਤੇ ਕਾਬੂ ਰੱਖ ਸਕਦੇ ਹਨ, ਉਦੋਂ ਤੱਕ ਉਨ੍ਹਾਂ ਨੂੰ ਚਿੰਤਾ ਕਰਨ ਦੀ ਜਰੂਰਤ ਨਹੀਂ ਹੈ। ਉਹ ਸੋਚਦੇ ਹਨ ਕਿ ਜੇਕਰ ਉਨ੍ਹਾਂ ਦਾ ਪਾਪ ਕਿਸੇ ਦਾ ਨੁਕਸਾਨ ਨਹੀਂ ਕਰਦਾ ਤਾਂ ਇਹ ਦੁਸ਼ਟਤਾ ਨਹੀਂ ਹੈ। ਅਸਲ ਦੇ ਵਿੱਚ, ਹਰ ਪਾਪ ਨੁਕਸਾਨ ਕਰਦਾ ਹੈ। ਪਰ ਜੇਕਰ ਇਹ ਇਸ ਜੀਵਨ ਵਿੱਚ ਨੁਕਸਾਨ ਨਹੀਂ ਵੀ ਕਰਦਾ, ਪਾਪ ਨਿਆਂ ਦੇ ਕਾਰਨ ਗੰਭੀਰ ਹੈ। ਪਰਮੇਸ਼ੁਰ ਦਾ ਵਚਨ ਕਹਿੰਦਾ ਹੈ ਕਿ ਲੋਕਾਂ ਦਾ ਨਿਆਂ ਉਨ੍ਹਾਂ ਦੇ ਕੰਮਾਂ ਦੇ ਆਧਾਰ ਤੇ ਕੀਤਾ ਜਾਵੇਗਾ (ਪੜ੍ਹੋ 2 ਕੁਰਿੰਥੀਆਂ ਨੂੰ 5:10; ਰੋਮੀਆਂ ਨੂੰ 2:6-11)।

ਨਿਆਂ ਦੇ ਸਮੇਂ, ਕੁਝ ਲੋਕਾਂ ਨੂੰ ਸਦੀਪਕ ਸਜ਼ਾ ਦੇ ਵਿੱਚ ਘੱਲ ਦਿੱਤਾ ਜਾਵੇਗਾ ਅਤੇ ਹੋਰਾਂ ਨੂੰ ਸਦੀਪਕ ਪ੍ਰਤੀਫ਼ਲ ਦੇ ਲਈ। ਪਵਿੱਤਰ ਵਚਨ ਤੌਬਾ ਨਾ ਕਰਨ ਵਾਲੇ ਪਾਪੀਆਂ ਦੇ ਬਾਰੇ ਇੱਕ ਦ੍ਰਿਸ਼ ਨੂੰ ਦਰਸਾਉਂਦਾ ਹੈ ਜੋ ਉਨ੍ਹਾਂ ਦੇ ਪਾਪੀ ਕੰਮਾਂ ਦੇ ਕਾਰਨ ਸਜ਼ਾ ਦੇ ਲਈ ਜਿਉਂਦੇ ਕੀਤੇ ਗਏ (ਵੇਖੋ ਪਰਕਾਸ਼ ਦੀ ਪੋਥੀ 20:11-15)। ਮਸੀਹੀਆਂ ਦੇ ਲਈ ਇੱਕ ਹੋਰ ਨਿਆਂ ਹੈ, ਜਿੱਥੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮਾਂ ਦਾ ਪ੍ਰਤੀਫ਼ਲ ਮਿਲੇਗਾ ਜੋ ਬਹੁਤ ਕੀਮਤੀ ਅਤੇ ਲੰਬੇ ਨਤੀਜਿਆਂ ਵਾਲਾ ਹੋਵੇਗਾ (ਪੜ੍ਹੋ 1 ਕੁਰਿੰਥੀਆਂ ਨੂੰ 3:14-15)।

ਨਿਆਂ ਦਾ ਅਰਥ ਹੈ ਕਿ ਇੱਕ ਦਿਨ ਪਾਪ ਖ਼ਤਮ ਹੋ ਜਾਵੇਗਾ। ਪਾਪ ਤੋਂ ਬਿਨਾਂ ਵਾਲੇ ਸੰਸਾਰ ਦੀ ਕਲਪਨਾ ਕਰਨਾ ਮੁਸ਼ਕਿਲ ਹੈ, ਪਰ ਇੱਕ ਦਿਨ ਪਰਮੇਸ਼ੁਰ ਦੇ ਵਿਰੁੱਧ ਹੋਣ ਵਾਲੀ ਸਾਰੀ ਬਗ਼ਾਵਤ ਸਮਾਪਤ ਹੋ ਜਾਵੇਗੀ।

ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਲਗਾਤਾਰ ਡਰ ਦੇ ਅਧੀਨ ਰਹੀਏ, ਜਾਂ ਸਾਡੇ ਸਹੀ ਜੀਵਨ ਦੀ ਪ੍ਰੇਰਨਾ ਡਰ ਹੋਵੇ। ਹਾਲਾਂਕਿ, ਅੱਗੇ ਆਉਣ ਵਾਲੇ ਫੈਸਲੇ ਦੀ ਚੇਤਨਾ ਸਾਨੂੰ ਜਵਾਬਦੇਹੀ ਦੀ ਭਾਵਨਾ ਪ੍ਰਦਾਨ ਕਰਦੀ ਹੈ ਜੋ ਸਾਡੇ ਜੀਵਨ ਨੂੰ ਸੇਧ ਦਿੰਦੀ ਹੈ।

ਸਾਨੂੰ ਅੱਗੇ ਦੱਸੀਆਂ ਗੱਲਾਂ ਨੂੰ ਸਮਝਣ ਦੇ ਲਈ ਸਾਨੂੰ ਨਿਆਂ ਦੇ ਬਾਰੇ ਜਾਣਨਾ ਚਾਹੀਦਾ ਹੈ

1. ਪਾਪ ਦਾ ਮਹੱਤਵ
2. ਪਰਮੇਸ਼ੁਰ ਦੇ ਅੱਗੇ ਸਾਡੀ ਜੁਆਬਦੇਹੀ
3. ਸਾਡੀਆਂ ਚੋਣਾਂ ਦਾ ਮਹੱਤਵ
4. ਸਾਰੇ ਪਾਪ ਦਾ ਅੰਤ

## ਪਰਮੇਸ਼ੁਰ ਦਾ ਸਦੀਪਕ ਰਾਜ

ਕੁਝ ਫਲਸਫਿਆਂ ਅਤੇ ਧਰਮਾਂ ਦੇ ਅਨੁਸਾਰ, ਸਮਾਂ ਸਦਾ ਇੱਕ ਚੱਕਰ ਦੀ ਤਰ੍ਹਾਂ ਚੱਲਦਾ ਹੈ, ਜਿਸਦੀ ਕੋਈ ਸ਼ੁਰੂਆਤ ਜਾਂ ਅੰਤ ਨਹੀਂ ਹੁੰਦਾ, ਅਜਿਹੀਆਂ ਕੋਈ ਘਟਨਾਵਾਂ ਨਹੀਂ ਜੋ ਚੀਜ਼ਾਂ ਨੂੰ ਹਮੇਸ਼ਾਂ ਦੇ ਲਈ ਬਦਲ ਦੇਣ। ਪਰ ਬਾਈਬਲ ਦੇ ਅਨੁਸਾਰ ਸਮੇਂ ਦੀ ਇੱਕ ਸ਼ੁਰੂਆਤ ਹੈ ਅਤੇ ਘਟਨਾਵਾਂ ਦੀਆਂ ਕੁਝ ਲੜੀਆਂ ਵੱਧਦੇ ਹੋਏ ਅੰਤ ਦੇ ਵੱਲ ਜਾ ਰਹੀਆਂ ਹਨ। ਬਾਈਬਲ ਰਚਨਾ, ਫਿਰ ਮਨੁੱਖ ਦੀ ਦੁੱਖਦਾਇਕ ਗਿਰਾਵਟ ਦਾ ਵਰਣਨ ਕਰਦੀ ਹੈ ਅਤੇ ਫਿਰ ਮੁਕਤੀ ਦੀ ਉਸ ਯੋਜਨਾ ਦੇ ਬਾਰੇ ਦੱਸਦੀ ਹੈ ਜਿਸਨੂੰ ਪਰਮੇਸ਼ੁਰ ਮਨੁੱਖੀ ਇਤਿਹਾਸ ਦੇ ਵਿੱਚ ਸਦੀਆਂ ਤੋਂ ਪੂਰਾ ਕਰਦਾ ਆ ਰਿਹਾ ਹੈ।

ਉਤਪਤ 3 ਦੇ ਵਿੱਚ ਅਸੀਂ ਪਾਪ ਦੀ ਸ਼ੁਰੂਆਤ ਦੇ ਬਾਰੇ ਵੇਖਦੇ ਹਾਂ। ਪਰਕਾਸ਼ ਦੀ ਪੋਥੀ ਦੇ ਵਿੱਚ ਪਾਪ ਪਰਮੇਸ਼ੁਰ ਦੀ ਨਗਰੀ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ (ਪਰਕਾਸ਼ ਦੀ ਪੋਥੀ 21:27)। ਉਤਪਤ ਦੇ ਵਿੱਚ ਅਸੀਂ ਜੀਵਨ ਦੇ ਰੁੱਖ ਦੇ ਗੁਆਚਣ ਅਤੇ ਮੌਤ ਦੀ ਸਜ਼ਾ ਦੇ ਬਾਰੇ ਵੇਖਦੇ ਹਾਂ (ਉਤਪਤ 3:22-24)। ਪਰਕਾਸ਼ ਦੀ ਪੋਥੀ ਦੇ ਵਿੱਚ ਅਸੀਂ ਜੀਵਨ ਦੇ ਰੁੱਖ ਦੀ ਮੁੜ ਬਹਾਲੀ ਦੇ ਬਾਰੇ, ਜੀਵਨ ਦੀ ਕਿਤਾਬ ਵਿੱਚ ਨਾਮ, ਅਤੇ ਜੀਵਨ ਦੇ ਪਾਣੀ ਦੀ ਨਦੀ ਦੇ ਵੱਲ ਦਿੱਤੇ ਸੱਦੇ ਨੂੰ ਵੇਖਦੇ ਹਾਂ (ਪਰਕਾਸ਼ ਦੀ ਪੋਥੀ 22:1-2, 19)।

ਪਰਮੇਸ਼ੁਰ ਦੇ ਸੰਪੂਰਨ ਅਤੇ ਸਦੀਪਕ ਰਾਜ ਦੇ ਆਉਣ ਦੁਆਰਾ ਪਰਮੇਸ਼ੁਰ ਦੀ ਯੋਜਨਾ ਪੂਰੀ ਹੋਵੇਗੀ। ਪਰਮੇਸ਼ੁਰ ਸਦਾ ਤੋਂ ਹੀ ਬ੍ਰਹਿਮੰਡ ਦਾ ਰਾਜਾ ਰਿਹਾ ਹੈ, ਪਰ ਮਨੁੱਖ ਦੇ ਆਤਮਿਕ ਡਿੱਗਣ ਤੋਂ ਬਾਅਦ, ਜਿਆਦਾਤਰ ਮਨੁੱਖਤਾ ਪਰਮੇਸ਼ੁਰ ਦੇ ਰਾਜ ਦੇ ਵਿਰੁੱਧ ਬਗ਼ਾਵਤ ਦੇ ਵਿੱਚ ਰਹੀ ਹੈ। ਇਹ ਬਗ਼ਾਵਤ ਦਾ ਇੱਕ ਦਮ ਅੰਤ ਹੋ ਜਾਵੇਗਾ, ਅਤੇ ਪਰਮੇਸ਼ੁਰ ਬਿਨਾਂ ਕਿਸੇ ਵਿਰੋਧੀ ਦੇ ਸਦਾ ਦੇ ਲਈ ਰਾਜ ਕਰੇਗਾ। ਸੰਸਾਰ ਸੰਪੂਰਨ ਤੌਰ ਤੇ ਉਸੇ ਪ੍ਰਕਾਰ ਹੋਵੇਗਾ ਜਿਵੇਂ ਪਰਮੇਸ਼ੁਰ ਚਾਹੁੰਦਾ ਹੈ, ਬਿਲਕੁਲ ਸਵਰਗ ਦੀ ਤਰ੍ਹਾਂ।

### ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਧਰਤੀ ਦੀਆਂ ਵਸਤਾਂ ਵੱਲ ਧਿਆਨ ਲਗਾਉਣਾ

ਮਨੁੱਖ ਦੀ ਇਸ ਜੀਵਨ ਬਿਤਾਉਣ ਦੀ ਪ੍ਰਵਿਰਤੀ ਹੈ ਜਿਵੇਂ ਧਰਤੀ ਦਾ ਜੀਵਨ ਸਦਾ ਦੇ ਲਈ ਚੱਲਦਾ ਰਹੇਆ। ਅਸੀਂ ਆਪਣੇ ਹਲਾਤਾਂ ਨੂੰ ਸੁਧਾਰਨ, ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਅਜਿਹੇ ਮਾਹੌਲ ਨੂੰ ਬਣਾਉਣ ਦਾ ਯਤਨ ਕਰਦੇ ਹਾਂ ਜੋ ਸਾਨੂੰ ਸੰਤੁਸ਼ਟ ਕਰਦਾ ਹੈ। ਸਾਨੂੰ ਅਬਰਾਹਾਮ ਦੀ ਬਣਨ ਦੀ ਜਰੂਰਤ ਹੈ ਜੋ ਤੰਬੂਆਂ ਦੇ ਵਿੱਚ ਰਹਿੰਦਾ ਹੋਇਆ ਅਤੇ ਇੱਕ ਤੋਂ ਦੂਜੇ ਸਥਾਨ ਤੇ ਜਾਂਦਾ ਹੋਇਆ ਵੀ ਇੱਕ ਸਦੀਪਕ ਘਰ ਦੀ ਉਮੀਦ ਕਰ ਰਿਹਾ ਸੀ (ਇਬਰਾਨੀਆਂ ਨੂੰ 11:8-10, 14-16)। ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਜਿੰਨ੍ਹਾਂ ਇਮਾਰਤਾਂ ਨੂੰ ਅਸੀਂ ਉਸਾਰਦੇ ਹਾਂ, ਜੋ ਵਸਤਾਂ ਸਾਡੇ ਕੋਲ ਹਨ, ਅਤੇ ਜੋ ਹਾਲਾਤ ਅਸੀਂ ਬਣਾਉਂਦੇ ਹਾਂ ਉਹ ਸਭ ਅਸਥਾਈ ਹਨ। ਸਾਨੂੰ ਉਨ੍ਹਾਂ ਵਸਤਾਂ ਤੇ ਕੰਮ ਕਰਨਾ ਚਾਹੀਦਾ ਹੈ ਜਿੰਨ੍ਹਾਂ ਦੀ ਕੀਮਤ ਸਦੀਪਕ ਹੈ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

### ਵਿਸ਼ਵਾਸ ਕਥਨ

ਯਿਸੂ ਵਾਇਦੇ ਦੇ ਅਨੁਸਾਰ ਵਾਪਿਸ ਆਵੇਗਾ, ਉਹ ਅਤੀਤ ਦੇ ਵਿਸ਼ਵਾਸੀਆਂ ਨੂੰ ਜਿਉਂਦਾ ਕਰੇਗਾ, ਅਤੇ ਸਾਰੇ ਵਿਸ਼ਵਾਸੀਆਂ ਨੂੰ ਆਪਣੇ ਨਾਲ ਰਾਜ ਕਰਨ ਦੇ ਲਈ ਲੈ ਜਾਏਗਾ। ਹਰੇਕ ਵਿਅਕਤੀ ਆਪਣੇ ਕੀਤੇ ਕੰਮਾਂ ਦੇ ਨਿਆਂ ਦੇ ਲਈ ਮੁਰਦਿਆਂ ਵਿੱਚੋਂ ਜੀ ਉੱਠੇਗਾ। ਉਸਨੂੰ ਜਾਂ ਤਾਂ ਸਦੀਪਕ ਪ੍ਰਤੀਫ਼ਲ ਮਿਲੇਗਾ ਜਾਂ ਫਿਰ ਸਦੀਪਕ ਸਜ਼ਾ। ਪਰਮੇਸ਼ੁਰ ਦਾ ਰਾਜ ਪੂਰੀ ਤਰ੍ਹਾਂ ਦੇ ਨਾਲ ਆਵੇਗਾ, ਅਤੇ ਪਰਮੇਸ਼ੁਰ ਸਦਾ ਦੇ ਲਈ ਰਾਜ ਕਰੇ।

## ਪਾਠ 14 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਦਾਨੀਏਲ 2:31-45
- ਮੱਤੀ 25:31-46
- 1 ਕੁਰਿੰਥੀਆਂ ਨੂੰ 15:51-58
- ਪਤਰਸ ਦੀ ਦੂਜੀ ਪੱਤ੍ਰੀ 3:1-14
- ਪਰਕਾਸ਼ ਦੀ ਪੋਥੀ 20:11-15

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 14 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 14 ਦੀ ਪ੍ਰੀਖਿਆ

(1) ਬਾਈਬਲ ਦੀ ਭਵਿੱਖਬਾਣੀ ਦੇ ਅਨੁਸਾਰ ਅੰਤਿਮ ਘਟਨਾਵਾਂ ਬਾਰੇ ਚਾਰ ਜਰੂਰੀ ਸਚਿਆਈਆਂ ਕਿਹੜੀਆਂ ਹਨ?

(2) ਜਦੋਂ ਯਿਸੂ ਵਾਪਿਸ ਆਵੇਗਾ ਤਾਂ ਮਸੀਹੀਆਂ ਦੇ ਨਾਲ ਕੀ ਹੋਵੇਗਾ?

(3) ਸਾਨੂੰ ਯਿਸੂ ਦੇ ਆਉਣ ਦੀ ਉਡੀਕ ਕਿਵੇਂ ਕਰਨੀ ਚਾਹੀਦੀ ਹੈ?

(4) ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਿੱਖਿਆ ਕਿਉਂ ਜਰੂਰੀ ਹੈ?

(5) ਨਿਆਂ ਦੇ ਬਾਰੇ ਜਾਣਨਾ ਸਾਨੂੰ ਕਿਹੜੀਆਂ ਚਾਰ ਗੱਲਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ?

# ਪਾਠ 15

# ਪੁਰਾਤਨ ਵਿਸ਼ਵਾਸ ਕਥਨ

**ਪਾਠ ਦੇ ਉਦੇਸ਼ :**

(1) ਵਿਦਿਆਰਥੀ ਹੇਠਾਂ ਦੱਸੀਆਂ ਗੱਲਾਂ ਦੀ ਵਿਆਖਿਆ ਕਰ ਪਾਉਣਗੇ:

- ਵਿਸ਼ਵਾਸ ਕਥਨ ਦਾ ਨਿਹਚਾ ਦੇ ਬਿਆਨ ਦੇ ਰੂਪ ਵਿੱਚ ਉਦੇਸ਼ ਅਤੇ ਉਪਯੋਗ।
- ਵਿਸ਼ਵਾਸ ਕਥਨਾਂ ਦੀਆਂ ਬਾਈਬਲ ਆਧਾਰਿਤ ਉਦਾਹਰਨਾਂ।
- ਇਤਿਹਾਸਿਕ ਵਿਸ਼ਵਾਸ ਕਥਨਾਂ ਦਾ ਅਰੰਭ ਅਤੇ ਸਮੱਗਰੀ।
- ਆਧੁਨਿਕ ਮਸੀਹੀਆਂ ਨੂੰ ਇਤਿਹਾਸਿਕ ਮਸੀਹਤ ਨੂੰ ਕਿਉਂ ਫੜੀ ਰੱਖਣਾ ਚਾਹੀਦਾ ਹੈ।
- ਪੁਰਾਤਨ ਵਿਸ਼ਵਾਸ ਕਥਨ ਬਾਰੇ ਮਸੀਹੀ ਵਿਸ਼ਵਾਸਾਂ ਦਾ ਇੱਕ ਬਿਆਨ।

(2) ਵਿਦਿਆਰਥੀ ਅਰੰਭਿਕ ਕਲੀਸਿਆ ਦੀਆਂ ਮੁੱਢਲੀਆਂ ਮਾਨਤਾਵਾਂ ਦੀ ਅਰੰਭਿਕ ਮਸੀਹਤ ਦੇ ਤੌਰ ਤੇ ਕਦਰ ਕਰਨਗੇ।

**ਜਾਣ-ਪਛਾਣ**


► 2 ਯੂਹੰਨਾ ਨੂੰ ਮਿਲ ਕੇ ਪੜ੍ਹੋ। ਵਚਨ ਦਾ ਇਹ ਭਾਗ ਕਲੀਸਿਆ ਦੀਆਂ ਅਰੰਭਿਕ ਸਿੱਖਿਆਵਾਂ ਦੇ ਮਹੱਤਵ ਬਾਰੇ ਕੀ ਦੱਸਦਾ ਹੈ?

**ਵਿਸ਼ਵਾਸ ਕਥਨਾਂ ਦਾ ਅਰੰਭ**

ਇੱਕ ਵਿਸ਼ਵਾਸ ਮਸੀਹੀ ਮਾਨਤਾਵਾਂ ਦਾ ਜਰੂਰੀ ਸਾਰਾਂਸ਼ ਹੁੰਦਾ ਹੈ। ਅਰੰਭਿਕ ਕਲੀਸਿਆ ਨੇ ਬਾਈਬਲ ਆਧਾਰਿਤ ਸਿੱਖਿਆਵਾਂ ਦਾ ਸਾਰਾਂਸ਼ ਦੇਣ ਦੀ ਜਰੂਰਤ ਨੂੰ ਵੇਖਿਆ।

► ਕਲੀਸਿਆ ਨੂੰ ਵਿਸ਼ਵਾਸ ਕਥਨਾਂ ਦੀ ਕੀ ਜਰੂਰਤ ਸੀ? ਕੀ ਬਾਈਬਲ ਹੀ ਕਾਫੀ ਨਹੀਂ ਸੀ?

ਅਜਿਹੇ ਬਹੁਤ ਸਾਰੇ ਲੋਕ ਹਨ ਜੋ ਬਾਈਬਲ ਤੇ ਵਿਸ਼ਵਾਸ ਕਰਨ ਦਾ ਦਾਅਵਾ ਕਰਦੇ ਹਨ ਪਰ ਉਹ ਇਸਦੇ ਉਲਟ ਸਿੱਖਿਆਵਾਂ ਨੂੰ ਸਿਖਾਉਂਦੇ ਹਨ। ਕਲੀਸਿਆ ਨੇ ਬਾਈਬਲ ਆਧਾਰਿਤ ਬਿਆਨਾਂ ਨੂੰ ਵਿਕਸਿਤ ਕੀਤਾ ਜੋ ਅਸਲ ਮਸੀਹਤ ਨੂੰ ਝੂਠੀਆਂ ਸਿੱਖਿਆਵਾਂ ਨਾਲੋਂ ਵੱਖ ਕਰਦੇ ਸਨ।[20]



*ਐਥਨੇਸ਼ੀਅਸ, ਸੀ ਏ. 296-373, ਨੇ 'ਦੇਹਧਾਰੀ ਹੋਣ" ਤੇ ਇੱਕ ਪ੍ਰਸਿੱਧ ਗ੍ਰੰਥ ਲਿਖਿਆ, ਜਿਸਦੇ ਵਿੱਚ ਉਸਨੇ ਵਿਆਖਿਆ ਕੀਤੀ ਕਿ ਯਿਸੂ ਦੀ ਪੂਰਨ ਮਨੁੱਖਤਾ ਅਤੇ ਪੂਰਨ ਈਸ਼ਵਰਤਾਈ ਮਸੀਹੀ ਵਿਸ਼ਵਾਸ ਦੇ ਲਈ ਕਿਉਂ ਮਹੱਤਵਪੂਰਨ ਹੈ। ਉਹ ਨਾਈਸੀਨ ਸਭਾ ਦੇ ਵਿੱਚ ਪ੍ਰਭਾਵਸ਼ਾਲੀ ਮਨੁੱਖ ਸੀ, ਜਿਸ ਸਭਾ ਦੇ ਵਿੱਚੋਂ ਨਾਈਸੀਨ ਵਿਸ਼ਵਾਸ ਕਥਨ ਨਿੱਕਲਿਆ।*

ਸਿੱਖਿਆ ਦਾ ਇੱਕ ਪਹਿਲਾ ਬਿਆਨ ਇਹ ਸੀ ਕਿ "**ਯਿਸੂ ਪ੍ਰਭੂ ਹੈ**," ਜਿਸਦਾ ਅਰਥ ਸੀ ਕਿ ਯਿਸੂ ਪਰਮੇਸ਼ੁਰ ਹੈ। **"ਪ੍ਰਭੂ ਯਿਸੂ ਮਸੀਹ"** ਸ਼ਬਦ ਵੀ ਇੱਕ ਬਿਆਨ ਦਿੰਦੇ ਹਨ, ਜੋ ਯਿਸੂ ਨੂੰ ਮਸੀਹਾ (ਕ੍ਰਿਸਟੋਸ) ਅਤੇ ਪਰਮੇਸ਼ੁਰ ਕਹਿੰਦਾ ਹੈ। ਜੇਕਰ ਕੋਈ ਵਿਅਕਤੀ ਯਿਸੂ ਨੂੰ ਪ੍ਰਭੂ ਕਹਿਣ ਤੋਂ ਜਾਂ *ਪ੍ਰਭੂ ਯਿਸੂ ਮਸੀਹ* ਸ਼ਬਦਾਂ ਦਾ ਉਪਯੋਗ ਕਰਨ ਤੋਂ ਇਨਕਾਰ ਕਰ ਦਿੰਦਾ ਸੀ ਉਹ ਵਿਸ਼ਵਾਸੀ ਨਹੀਂ ਸੀ।

ਬਾਅਦ ਦੇ ਵਿੱਚ ਕੁਝ ਅਜਿਹੇ ਮਸੀਹੀ ਸਨ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਸਨ ਪਰ ਇਹ ਨਹੀਂ ਮੰਨਦੇ ਸਨ ਕਿ **ਯਿਸੂ ਅਸਲ ਦੇ ਵਿੱਚ ਮਨੁੱਖ ਸੀ**। ਇਸੇ ਕਾਰਨ ਅਸੀਂ ਯੂਹੰਨਾ ਦੀ ਪਹਿਲੀ ਪੱਤ੍ਰੀ ਦੇ ਵਿੱਚ ਵਿਸ਼ਵਾਸ ਕਥਨ ਦੇ ਬਿਆਨ ਨੂੰ ਵੇਖਦੇ ਹਾਂ, "ਹਰੇਕ ਆਤਮਾ ਜਿਹੜਾ ਮੰਨ ਲੈਂਦਾ ਹੈ ਭਈ ਯਿਸੂ ਮਸੀਹ ਦੇਹਧਾਰੀ ਹੋ ਕੇ ਆਇਆ ਸੋ ਪਰਮੇਸ਼ੁਰ ਤੋਂ ਹੈ ਅਤੇ ਹਰੇਕ ਆਤਮਾ ਜਿਹੜਾ ਯਿਸੂ ਨੂੰ ਨਹੀਂ ਮੰਨਦਾ ਸੋ ਪਰਮੇਸ਼ੁਰ ਤੋਂ ਨਹੀਂ" (ਯੂਹੰਨਾ ਦੀ ਪਹਿਲੀ ਪੱਤ੍ਰੀ 4:2-3)। ਰਸੂਲ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਵਿਅਕਤੀ ਮਸੀਹ ਦੀ ਜਰੂਰੀ ਸਿੱਖਿਆ ਦਾ ਇਨਕਾਰ ਕਰਦਾ ਹੈ ਤਾਂ ਉਹ ਪਾਪ ਕਰ ਰਿਹਾ ਹੈ ਅਤੇ ਉਹ ਪਰਮੇਸ਼ੁਰ ਤੋਂ ਨਹੀਂ ਹੈ(2 ਯੂਹੰਨਾ 1:9)।

ਪਹਿਲਾ ਵਿਸ਼ਵਾਸ ਕਥਨ ਜੋ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:16 ਦੇ ਵਿੱਚ ਕਈ ਬਿਆਨ ਦਿੰਦਾ ਹੈ:

> [ਪਰਮੇਸ਼ੁਰ] ਉਹ ਸਰੀਰ ਵਿੱਚ ਪਰਗਟ ਹੋਇਆ, ਆਤਮਾ ਵਿੱਚ ਧਰਮੀ ਠਹਿਰਾਇਆ ਗਿਆ,ਦੂਤਾਂ ਤੋਂ ਵੇਖਿਆ ਗਿਆ, ਕੌਮਾਂ ਵਿੱਚ ਉਹ ਦਾ ਪਰਚਾਰ ਕੀਤਾ ਗਿਆ,ਜਗਤ ਵਿੱਚ,ਉਸ ਉੱਤੇ ਨਿਹਚਾ ਕੀਤੀ ਗਈ, ਤੇਜ ਵਿੱਚ ਉਤਾਹਾਂ ਉਠਾ ਲਿਆ ਗਿਆ।

[20] ਚਿੱਤਰ: "S. Athanasius", retrieved from Bibliothèque Sainte-Geneviève Images, https://archive.org/details/EST84RESP8A, public domain.

ਸਾਨੂੰ ਉਨ੍ਹਾਂ ਸਾਰਿਆਂ ਮੁੱਦਿਆਂ ਦੇ ਬਾਰੇ ਜਾਣਕਾਰੀ ਨਹੀਂ ਹੈ ਜਿਸਦਾ ਸਾਹਮਣਾ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ ਦੀ ਪੱਤ੍ਰੀ ਕਰ ਰਹੀ ਸੀ, ਪਰ ਜਦੋਂ ਇਹ ਦੱਸਦੀ ਹੈ ਕਿ ਪਰਮੇਸ਼ੁਰ ਸਰੀਰ ਵਿੱਚ ਪਰਗਟ ਹੋਇਆ ਤਾਂ ਇਹ ਯਿਸੂ ਦੀ ਮਨੁੱਖਤਾ ਅਤੇ ਈਸ਼ਵਰਤਾਈ ਦੀ ਗੱਲ ਕਰਦੀ ਹੈ।

ਮਾਨਤਾਵਾਂ ਦੇ ਇੰਨ੍ਹਾਂ ਛੋਟੇ ਬਿਆਨਾਂ ਦਾ ਇੱਕ ਉਦੇਸ਼ ਸੀ। ਜੇਕਰ ਕੋਈ ਅਰੰਭਿਕ ਮਸੀਹੀ ਕਿਸੇ ਅਜਿਹੇ ਵਿਅਕਤੀ ਨੂੰ ਮਿਲਦਾ ਸੀ ਜੋ ਮਸੀਹੀ ਹੋਣ ਦਾ ਦਾਅਵਾ ਕਰਦਾ ਹੈ, ਤਾਂ ਮਸੀਹੀ ਉਸਨੂੰ ਪੁੱਛ ਸਕਦਾ ਸੀ, "ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਪ੍ਰਭੂ ਹੈ?" ਜਾਂ "ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਪਰਮੇਸ਼ੁਰ ਹੈ ਜੋ ਦੇਹ ਦੇ ਵਿੱਚ ਆਇਆ?" ਜੇਕਰ ਕੋਈ ਵਿਅਕਤੀ "ਨਾਂਹ", ਕਰ ਦਿੰਦਾ ਸੀ ਕਿ ਉਹ ਵਿਅਕਤੀ ਨੇ ਅਸਲ ਦੇ ਵਿੱਚ ਯਿਸੂ ਅਤੇ ਰਸੂਲਾਂ ਦੀ ਸਿੱਖਿਆ ਨੂੰ ਨਾਂ ਤਾਂ ਜਾਣਿਆ ਸੀ ਅਤੇ ਨਾਂ ਹੀ ਸਵੀਕਾਰ ਕੀਤਾ।

> "ਸਦੀਪਕ ਮੁਕਤੀ ਦੇ ਲਈ ਇਹ ਜਰੂਰੀ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਦੇਹਧਾਰੀ ਹੋਣ ਸਹੀ ਵਿਸ਼ਵਾਸ ਕਰੀਏ, ਕਿਉਂਕਿ ਸਹੀ ਵਿਸ਼ਵਾਸ ਇਹ ਹੈ ਅਸੀਂ ਵਿਸ਼ਵਾਸ ਅਤੇ ਇਕਰਾਰ ਕਰੀਏ ਕਿ ਸਾਡਾ ਪ੍ਰਭੂ ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਜੋ ਪਰਮੇਸ਼ੁਰ ਅਤੇ ਮਨੁੱਖ ਦੋਵੇਂ ਹੈ।
> - ਐਥਨੇਸ਼ੀਅਸ ਵਿਸ਼ਵਾਸ ਕਥਨ

ਪੰਤੇਕੁਸਤ ਤੋਂ ਬਾਅਦ ਪਹਿਲੀਆਂ ਕੁਝ ਸਦੀਆਂ ਦੇ ਦੌਰਾਨ, ਕਲੀਸਿਆ ਨੇ ਤ੍ਰਿਏਕਤਾ, ਮਸੀਹ ਦੇ ਦੇਹਧਾਰੀ ਹੋਣ ਅਤੇ ਪਵਿੱਤਰ ਆਤਮਾ ਦੀ ਪਹਿਚਾਣ ਦੇ ਬਾਰੇ ਬਿਆਨ ਦੇਣ ਨੂੰ ਜਰੂਰੀ ਸਮਝਿਆ। ਉਨ੍ਹਾਂ ਨੇ ਝੂਠੀ ਸਿੱਖਿਆ ਦੇ ਵਿਰੁੱਧ ਸੱਚੀ ਸਿੱਖਿਆ ਦੇ ਪੱਧਰ ਨੂੰ ਸਥਾਪਿਤ ਕੀਤਾ। ਵਿਸ਼ਵਾਸ ਕਥਨ ਉਨ੍ਹਾਂ ਮੁੱਢਲੀਆਂ ਸਚਿਆਈਆਂ ਦੇ ਸਾਰਾਂਸ਼ ਸਨ ਜਿਸਨੂੰ ਹਰੇਕ ਮਸੀਹੀ ਮੰਨਦਾ ਸੀ।

ਵਿਸ਼ਵਾਸ ਕਥਨ ਹਰੇਕ ਮੁੱਦੇ ਦੀ ਗੱਲ ਨਹੀਂ ਕਰਦੇ ਸਨ, ਪਰ ਜੇਕਰ ਕੋਈ ਵਿਅਕਤੀ ਉਨ੍ਹਾਂ ਦੇ ਵਿੱਚ ਦੱਸੀ ਕਿਸੇ ਵੀ ਗੱਲ ਦਾ ਇਨਕਾਰ ਕਰਦਾ ਸੀ ਤਾਂ ਉਸਨੂੰ ਮਸੀਹੀ ਨਹੀਂ ਮੰਨਿਆ ਜਾਂਦਾ ਸੀ। ਉਹ ਮਸੀਹੀ ਵਿਸ਼ਵਾਸ ਨੂੰ ਪਰਿਭਾਸ਼ਿਤ ਕਰਨ ਦੇ ਯਤਨ ਸਨ।

ਹੇਠਾਂ ਅਰੰਭਿਕ ਕਲੀਸਿਆ ਦੇ ਤਿੰਨ ਵਿਸ਼ਵਾਸ ਕਥਨ ਦਿੱਤੇ ਗਏ ਹਨ।

## ਰਸੂਲਾਂ ਦਾ ਵਿਸ਼ਵਾਸ ਕਥਨ

ਰਸੂਲਾਂ ਦਾ ਵਿਸ਼ਵਾਸ ਕਥਨ ਰਸੂਲਾਂ ਦੇ ਦੁਆਰਾ ਨਹੀਂ ਲਿਖਿਆ ਗਿਆ ਸੀ, ਪਰ ਇਸਨੂੰ ਰਸੂਲਾਂ ਦੀ ਸਿੱਖਿਆ ਦਾ ਪ੍ਰਗਟਾਵਾ ਕਰਨ ਦੇ ਲਈ ਦੂਸਰੀ ਸਦੀ ਦੇ ਵਿੱਚ ਲਿਖਿਆ ਗਿਆ ਸੀ।

> ਮੈਂ ਸਰਬ-ਸ਼ਕਤੀਮਾਨ ਪਿਤਾ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦਾ ਹਾਂ,
> ਜੋ ਸਵਰਗ ਅਤੇ ਧਰਤੀ ਦਾ ਰਚਨਹਾਰਾ ਹੈ;
>
> ਮੈਂ ਉਸਦੇ ਇੱਕਲੌਤੇ ਪੁੱਤਰ ਯਿਸੂ ਮਸੀਹ ਸਾਡੇ ਪ੍ਰਭੂ ਦੇ ਵਿੱਚ ਵਿਸ਼ਵਾਸ ਕਰਦਾ ਹਾਂ, ਜੋ ਪਵਿੱਤਰ ਆਤਮਾ ਦੇ ਦੁਆਰਾ ਗਰਭ ਦੇ ਵਿੱਚ ਆਇਆ, ਕੁਆਰੀ ਮਰੀਅਮ ਤੋਂ ਪੈਦਾ ਹੋਇਆ।
> ਉਸਨੇ ਪੰਤੀਉਸ ਪਿਲਾਤੁਸ ਦੇ ਰਾਜ ਦੌਰਾਨ ਦੁੱਖ ਝੱਲਿਆ,
> ਉਸਨੂੰ ਸਲੀਬ ਦਿੱਤਾ ਗਿਆ, ਉਹ ਮੋਇਆ ਅਤੇ ਦਫਨਾਇਆ ਗਿਆ ਸੀ।

ਉਹ ਨਰਕ ਤੱਕ ਨੀਵਾਂ ਉੱਤਰਿਆ।
ਤੀਸਰੇ ਦਿਨ ਉਹ ਮੁਰਦਿਆਂ ਦੇ ਵਿੱਚੋਂ ਦੁਬਾਰਾ ਜੀ ਉੱਠਿਆ।
ਉਹ ਸਵਰਗ ਨੂੰ ਉੱਪਰ ਚੜ੍ਹ ਗਿਆ
ਅਤੇ ਉਹ ਸਬਰਸ਼ਕਤੀਮਾਨ ਪਿਤਾ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜ਼ਮਾਨ ਹੋਇਆ;
ਉੱਥੋਂ ਉਹ ਜਿਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਦੇ ਲਈ ਆਵੇਗਾ।

ਮੈਂ ਪਵਿੱਤਰ ਆਤਮਾ ਤੇ,

ਪਵਿੱਤਰ ਸਰਬ ਵਿਆਪਕ ਕਲੀਸਿਆ ਵਿੱਚ,

ਸੰਤਾਂ ਦੀ ਸੰਗਤੀ ਵਿੱਚ,

ਪਾਪਾਂ ਦੀ ਮਾਫ਼ੀ,

ਸਰੀਰ ਦੇ ਦੁਬਾਰਾ ਉਠਾਏ ਜਾਣ

ਅਤੇ ਸਦੀਪਕ ਜੀਵਨ ਤੇ ਵਿਸ਼ਵਾਸ ਕਰਦਾ ਹਾਂ। ਆਮੀਨ

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਵਿਸ਼ਵਾਸ ਕਥਨ ਨੂੰ ਉਨ੍ਹਾਂ ਲੋਕਾਂ ਦੀਆਂ ਗ਼ਲਤ ਧਾਰਨਾਵਾਂ ਉਜਾਗਰ ਕਰਨ ਦੇ ਲਈ ਬਣਾਇਆ ਗਿਆ ਸੀ ਜੋ ਯਿਸੂ ਦੇ ਮਨੁੱਖ ਹੋਣ ਤੇ ਕੁਆਰੀ ਤੋਂ ਪੈਦਾ ਹੋਣ ਦਾ ਇਨਕਾਰ ਕਰਦੇ ਸਨ। ਕੁਝ ਅਜਿਹੇ ਲੋਕ ਵੀ ਸਨ ਜੋ ਇਸ ਗੱਲ ਦਾ ਇਨਕਾਰ ਕਰਦੇ ਸਨ ਕਿ ਯਿਸੂ ਅਸਲ ਦੇ ਵਿੱਚ ਮਰਿਆ ਸੀ ਜਾਂ ਉਹ ਸਰੀਰਕ ਰੂਪ ਦੇ ਵਿੱਚ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ।

ਰਸੂਲਾਂ ਦੇ ਵਿਸ਼ਵਾਸ ਕਥਨ ਦੇ ਵਿੱਚ ਪਵਿੱਤਰ ਆਤਮਾ ਦੇ ਬਾਰੇ ਬਹੁਤ ਘੱਟ ਗੱਲ ਕੀਤੀ ਗਈ ਹੈ। ਇਸਦਾ ਇਹ ਮਤਲਬ ਨਹੀਂ ਹੈ ਕਿ ਕਲੀਸਿਆ ਇਹ ਨਹੀਂ ਜਾਣਦੀ ਸੀ ਕਿ ਪਵਿੱਤਰ ਆਤਮਾ ਕੌਣ ਹੈ; ਇਸ ਕਾਰਨ ਇਹ ਹੈ ਕਿ ਉਸਦੀ ਪਹਿਚਾਣ ਦੇ ਬਾਰੇ ਗ਼ਲਤ ਸਿੱਖਿਆ ਅਜੇ ਤੱਕ ਕਲੀਸਿਆ ਨੂੰ ਚੁਣੌਤੀ ਨਹੀਂ ਦੇ ਰਹੀਆਂ ਹਨ।

"ਪਾਪਾਂ ਦੀ ਮਾਫ਼ੀ" ਮੁਕਤੀ ਨੂੰ ਕੰਮਾਂ ਦੀ ਜਗ੍ਹਾ ਤੇ ਕ੍ਰਿਪਾ ਦੇ ਦੁਆਰਾ ਮਿਲਣ ਨੂੰ ਦਰਸਾਉਂਦਾ ਹੈ।

## ਨਾਈਸੀਨ ਵਿਸ਼ਵਾਸ ਕਥਨ

ਨਾਈਸਨ ਵਿਸ਼ਵਾਸ ਕਥਨ ਨੂੰ 325 ਦੇ ਵਿੱਚ ਕਲੀਸਿਆ ਦੀ ਸਭਾ ਦੇ ਵਿੱਚ ਸਥਾਪਿਤ ਕੀਤਾ ਗਿਆ। ਇਸਦਾ ਉਦੇਸ਼ ਮਸੀਹ ਅਤੇ ਪਵਿੱਤਰ ਆਤਮਾ ਦੀ ਈਸ਼ਵਰਤਾਈ ਦੇ ਧਰਮ ਸਿਧਾਂਤ ਦੀ ਰੱਖਿਆ ਕਰਨਾ ਸੀ। ਕੁਝ ਬਿਆਨ 381 ਦੇ ਵਿੱਚ ਹੋਈ ਇੱਕ ਹੋਰ ਸਭਾ ਦੇ ਵਿੱਚ ਜੋੜੇ ਗਏ ਸਨ। ਇਸ ਵਿਸ਼ਵਾਸ ਕਥਨ ਅਜਿਹੇ ਮੁੱਦਿਆਂ ਦਾ ਸਾਹਮਣਾ ਕਰਦੇ ਹਨ ਜੋ ਪਹਿਲਾਂ ਅੱਗੇ ਨਹੀਂ ਆਏ ਸਨ।

ਅਸੀਂ ਇੱਕ ਸਰਨਸ਼ਕਤੀਮਾਨ ਪਿਤਾ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਹਾਂ,
ਜੋ ਆਕਾਸ਼ ਅਤੇ ਧਰਤੀ, ਸਾਰੀਆਂ ਵਿਖਣ ਵਾਲੀਆਂ ਅਤੇ ਨਾ ਵਿਖਣ ਵਾਲੀਆਂ ਚੀਜ਼ਾਂ ਦਾ ਰਚਨਹਾਰਾ ਹੈ।

ਅਤੇ ਇੱਕ ਪ੍ਰਭੂ ਯਿਸੂ ਮਸੀਹ ਦੇ ਵਿੱਚ, ਜੋ ਪਰਮੇਸ਼ੁਰ ਦਾ ਇੱਕਲੌਤਾ ਪੁੱਤਰ ਹੈ, ਜੋ ਸਭਨਾਂ ਯੁੱਗਾਂ ਤੋਂ ਪਹਿਲਾਂ ਪਿਤਾ ਦੇ ਨਾਲ ਸੀ,

ਪਰਮੇਸ਼ੁਰ ਤੋਂ ਪਰਮੇਸ਼ੁਰ, ਚਾਣਨ ਤੋਂ ਚਾਣਨ, ਸੱਚੇ ਪਰਮੇਸ਼ੁਰ ਤੋਂ ਸੱਚਾ ਪਰਮੇਸ਼ੁਰ,

ਪ੍ਰਗਟ ਹੋਇਆ, ਰਚਿਆ ਨਹੀਂ ਗਿਆ; ਜੋ ਪਿਤਾ ਦੇ ਸਮਾਨ ਹੈ।

ਉਸਦੇ ਦੁਆਰਾ ਸਭ ਵਸਤਾਂ ਰਚੀਆਂ ਗਈਆਂ।

ਉਹ ਸਾਡੇ ਲਈ ਅਤੇ ਸਾਡੀ ਮੁਕਤੀ ਦੇ ਲਈ ਸਵਰਗ ਤੋਂ ਹੇਠਾਂ ਆਇਆ;

ਉਹ ਪਵਿੱਤਰ ਆਤਮਾ ਅਤੇ ਕੁਆਰੀ ਮਰੀਅਮ ਦੇ ਦੁਆਰਾ ਦੇਹਧਾਰੀ ਬਣਿਆ, ਅਤੇ ਮਨੁੱਖ ਬਣਿਆ।

ਉਹ ਸਾਡੇ ਲਈ ਪੰਤਿਉਸ ਪਿਲਾਤੁਸ ਦੇ ਅਧੀਨ ਸਲੀਬ ਤੇ ਦਿੱਤਾ ਗਿਆ; ਉਸਨੇ ਦੁੱਖ ਉਠਾਇਆ ਅਤੇ ਮਾਰਿਆ ਗਿਆ।

ਧਰਮ ਸ਼ਾਸਤਰਾਂ ਦੇ ਅਨੁਸਾਰ ਉਹ ਤੀਸਰੇ ਦਿਨ ਜੀ ਉੱਠਿਆ।

ਉਹ ਸਵਰਗ ਤੇ ਚਲਾ ਗਿਆ ਅਤੇ ਪਿਤਾ ਦੇ ਸੱਜੇ ਹੱਥ ਬਿਰਾਜ਼ਮਾਨ ਹੋਇਆ।

ਉਹ ਜਿਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਦੇ ਲਈ ਮਹਿਮਾ ਦੇ ਨਾਲ ਆਵੇਗਾ।

ਉਸਦੇ ਰਾਜ ਦਾ ਕਦੇ ਅੰਤ ਨਹੀਂ ਹੋਵੇਗਾ।

ਅਤੇ ਅਸੀਂ ਪਵਿੱਤਰ ਆਤਮਾ ਦੇ ਵਿੱਚ ਵਿਸ਼ਵਾਸ ਕਰਦੇ ਹਾਂ, ਜੋ ਪ੍ਰਭੂ ਅਤੇ ਜੀਵਨ ਦਾਤਾ ਹੈ।

ਉਹ ਪਿਤਾ ਅਤੇ ਪੁੱਤਰ ਦੇ ਵਿੱਚੋਂ ਆਉਂਦਾ ਹੈ, ਅਤੇ ਪਿਤਾ ਅਤੇ ਪੁੱਤਰ ਦੇ ਨਾਲ ਉਸਦੀ

ਅਰਾਧਨਾ ਅਤੇ ਮਹਿਮਾ ਕੀਤੀ ਜਾਂਦੀ ਹੈ।

ਉਸਨੇ ਨਬੀਆਂ ਦੇ ਰਾਂਹੀ ਗੱਲਬਾਤ ਕੀਤੀ।

ਅਸੀਂ ਇੱਕ ਪਵਿੱਤਰ ਵਿਸ਼ਵ-ਵਿਆਪੀ (ਕੈਥੋਲਿਕ) ਅਤੇ ਰਸੂਲੀ ਕਲੀਸਿਆ ਤੇ ਵਿਸ਼ਵਾਸ ਕਰਦੇ ਹਾਂ।

ਅਸੀਂ ਪਾਪਾਂ ਦੀ ਮਾਫ਼ੀ ਦੇ ਲਈ ਇੱਕ ਬਪਤਿਸਮੇ ਨੂੰ ਪੱਕਿਆਂ ਕਰਦੇ ਹਾਂ।

ਅਸੀਂ ਮੁਰਦਿਆਂ ਦੇ ਜੀ ਉੱਠਣ, ਅਤੇ ਆਉਣ ਵਾਲੇ ਸੰਸਾਰ ਦੇ ਵਿੱਚ ਜੀਵਨ ਦੀ ਉਡੀਕ ਕਰਦੇ ਹਾਂ।

ਆਮੀਨ।

► ਅਜਿਹੀਆਂ ਕੁਝ ਗੱਲਾਂ ਕਿਹੜੀਆਂ ਹਨ ਜੋ ਤੁਸੀਂ ਇਸ ਵਿਸ਼ਵਾਸ ਕਥਨ ਦੇ ਵਿੱਚ ਵੇਖਦੇ ਹੋ ਜੋ ਰਸੂਲਾਂ ਦੇ ਵਿਸ਼ਵਾਸ ਕਥਨ ਵਿੱਚ ਨਹੀਂ ਸਨ?

ਇੱਥੇ ਅਸੀਂ ਤ੍ਰਿਏਕਤਾ ਦੇ ਤਿੰਨਾਂ ਹੀ ਵਿਅਕਤੀਤਵਾਂ ਦੇ ਬਾਰੇ ਵਿਸਤ੍ਰਿਤ ਬਿਆਨਾਂ ਨੂੰ ਵੇਖਦੇ ਹਾਂ। ਯਿਸੂ ਦੀ ਪੂਰਨ ਈਸ਼ਵਰਤਾਈ ਤੇ ਜ਼ੋਰ ਦੇ ਕੇ ਇਸ ਸਿੱਖਿਆ ਨੂੰ ਅਜਿਹੇ ਅਜਿਹੇ ਲੋਕਾਂ ਤੋਂ ਬਚਾਇਆ ਗਿਆ ਜੋ ਯਿਸੂ ਦੇ ਪਰਮੇਸ਼ੁਰ ਹੋਣ ਦਾ ਦਾਅਵਾ ਕਰਦੇ ਹਨ ਫਿਰ ਵੀ ਉਸਦੀ ਈਸ਼ਵਰਤਾਈ ਨੂੰ ਬਹੁਤ ਘਟਾ ਦਿੰਦੇ ਹਨ। ਉਹ ਸਦੀਪਕ ਹੈ (ਸਾਰੇ ਯੁੱਗਾਂ ਤੋਂ ਪਹਿਲਾਂ), ਰਚਿਆ ਹੋਇਆ ਨਹੀਂ ਹੈ, ਅਤੇ

ਉਸ ਵਿੱਚ ਪਰਮੇਸ਼ੁਰ ਕਹਾਉਣ ਦੇ ਲਈ ਉਹ ਸਭ ਕੁਝ ਹੈ ਜੋ ਪਿਤਾ ਦੇ ਵਿੱਚ ਹੈ। ਯਿਸੂ ਨੂੰ ਉਸੇ ਕਾਰਨਾਂ ਕਰਕੇ ਪਰਮੇਸ਼ੁਰ ਕਿਹਾ ਜਾਣਾ ਚਾਹੀਦਾ ਹੈ ਜਿੰਨਾਂ ਕਾਰਨਾਂ ਦੇ ਕਰਕੇ ਪਿਤਾ ਨੂੰ ਪਰਮੇਸ਼ੁਰ ਕਿਹਾ ਜਾਂਦਾ ਹੈ।

ਪਿਤਾ ਅਤੇ ਪੁੱਤਰ ਦੀ ਹੀ ਤਰ੍ਹਾਂ ਪਵਿੱਤਰ ਆਤਮਾ ਦੀ ਅਰਾਧਨਾ ਕੀਤੀ ਜਾਣੀ ਚਾਹੀਦੀ ਹੈ, ਜੋ ਉਸਦੇ ਪਰਮੇਸ਼ੁਰ ਹੋਣ ਦੀ ਪੁਸ਼ਟੀ ਕਰਦਾ ਹੈ।

## ਚੈਲਸੀਡੋਨੀਅਨ ਵਿਸ਼ਵਾਸ ਕਥਨ

ਚੈਲਸੀਡੋਨੀਅਨ ਵਿਸ਼ਵਾਸ ਕਥਨ ਨੂੰ 451 ਦੇ ਵਿੱਚ ਲਿਖਿਆ ਗਿਆ ਸੀ। ਇਸਦਾ ਉਦੇਸ਼ ਮਸੀਹ ਦੇ ਦੇਹਧਾਰੀ ਹੋਣ ਦੀ ਸਿੱਖਿਆ ਨੂੰ ਸੁਰੱਖਿਅਤ ਕਰਨਾ ਸੀ। ਲੇਖਕਾਂ ਦੀ ਮੁੱਖ ਚਿੰਤਾ ਮਸੀਹ ਦੀ ਸੰਪੂਰਨ ਮਨੁੱਖਤਾ ਅਤੇ ਸੰਪੂਰਨ ਈਸ਼ਵਰਤਾਈ ਦੀ ਸੁਰੱਖਿਆ ਕਰਨਾ ਸੀ, ਤਾਂ ਕਿ ਕੋਈ ਵੀ ਤੱਥ ਘੱਟ ਹੋ ਕੇ ਅਰਥਹੀਣ ਨਾ ਬਣ ਜਾਵੇ।

ਅੰਤ ਦੇ ਵਿੱਚ ਲੇਖਕਾਂ ਨੇ ਬਿਆਨ ਦਿੱਤਾ ਕਿ ਉਹ ਇੰਨ੍ਹਾਂ ਧਰਮ ਸਿਧਾਂਤਾਂ ਨੂੰ ਧਰਮ ਸ਼ਾਸਤਰ ਆਧਾਰਿਤ ਅਤੇ ਕਲੀਸਿਆ ਦੇ ਵਿੱਚ ਰਿਵਾਇਤੀ ਮੰਨਦੇ ਹਨ। ਉਹ ਕਿਸੇ ਨਵੇਂ ਵਿਚਾਰ ਨੂੰ ਵਿਕਸਿਤ ਨਹੀਂ ਕਰ ਰਹੇ ਸਨ ਪਰ ਉਸ ਮਾਨਤਾ ਦਾ ਬਚਾਅ ਕਰ ਰਹੇ ਸਨ ਜਿਸ ਤੇ ਕਲੀਸਿਆ ਨੇ ਹਮੇਸ਼ਾਂ ਵਿਸ਼ਵਾਸ ਕੀਤਾ ਸੀ।

> ਇਸ ਕਾਰਨ, ਪਵਿੱਤਰ ਪਿਤਾਵਾਂ ਦੇ ਪਿੱਛੇ ਚੱਲਦੇ ਹੋਏ, ਅਸੀਂ ਸਭ ਇਸ ਸਿੱਖਿਆ ਦੇ ਵਿੱਚ ਇਕੱਠੇ ਹੁੰਦੇ ਹਾਂ, ਕਿ ਸਾਨੂੰ ਇੱਕ ਅਤੇ ਸਮਾਨ ਪੁੱਤਰ ਪ੍ਰਭੂ ਯਿਸੂ ਮਸੀਹ ਦਾ ਇਕਰਾਰ ਕਰਨਾ ਚਾਹੀਦਾ ਹੈ,
>
> ਉਹੀ ਵਿਅਕਤੀਤਵ ਜੋ ਈਸ਼ਵਰਤਾਈ ਦੇ ਵਿੱਚ ਸੰਪੂਰਨ ਹੈ ਅਤੇ ਮਨੁੱਖਤਾ ਦੇ ਵਿੱਚ ਵੀ ਸੰਪੂਰਨ ਹੈ;
>
> ਸੱਚਮੁੱਚ ਦੇ ਵਿੱਚ ਪਰਮੇਸ਼ੁਰ ਅਤੇ ਸੱਚਮੁੱਚ ਦੇ ਵਿੱਚ ਮਨੁੱਖ,
>
> ਜਿਸਦੇ ਵਿੱਚ ਤਰਕਸ਼ੀਲ ਆਤਮਾ ਅਤੇ ਸਰੀਰ ਸੀ।
>
> ਉਹ ਆਪਣੀ ਈਸ਼ਵਰਤਾਈ ਦੇ ਅਨੁਸਾਰ ਪਿਤਾ ਦੇ ਸਮਾਨ ਪਰਮੇਸ਼ੁਰ ਸੀ,
>
> ਅਤੇ ਮਨੁੱਖਤਾ ਦੇ ਅਨੁਸਾਰ ਉਹ ਸਾਡੇ ਸਮਾਨ ਹੀ ਇੱਕ ਮਨੁੱਖ ਸੀ,
>
> ਸਭਨਾਂ ਗੱਲਾਂ ਦੇ ਵਿੱਚ ਸਾਡੇ ਜਿਹਾ ਸੀ, ਪਰ ਪਾਪ ਰਹਿਤ ਸੀ।
>
> ਸਮੇਂ ਤੋਂ ਪਹਿਲਾਂ, ਉਹ ਆਪਣੀ ਈਸ਼ਵਰਤਾਈ ਦੇ ਅਨੁਸਾਰ ਪਿਤਾ ਦਾ ਇੱਕਲੌਤਾ ਸੀ।
>
> ਅੰਤ ਦੇ ਦਿਨਾਂ ਵਿੱਚ ਉਹ ਸਾਡੇ ਲਈ ਅਤੇ ਸਾਡੀ ਮੁਕਤੀ ਦੇ ਲਈ ਸੀ,
>
> ਉਹ ਕੁਆਰੀ ਮਰੀਅਮ ਤੋਂ ਪੈਦਾ ਹੋਇਆ, ਜੋ ਉਸਦੀ ਮਨੁੱਖਤਾ ਦੇ ਅਨੁਸਾਰ ਪਰਮੇਸ਼ੁਰ ਦੀ ਮਾਂ ਸੀ।
>
> ਉਹ ਇੱਕ ਅਤੇ ਉਹੀ ਮਸੀਹ, ਪੁੱਤਰ, ਪ੍ਰਭੂ ਅਤੇ ਇੱਕਲੌਤਾ ਸੀ,

ਜਿਸਨੂੰ ਦੋ ਸੁਭਾਵਾਂ ਦੇ ਵਿੱਚ ਪ੍ਰਗਟ ਕੀਤਾ ਗਿਆ ਹੈ

ਉਨ੍ਹਾਂ ਨੂੰ ਇੱਕ ਦੂਸਰੇ ਦੇ ਨਾਲ ਉਲਝਾਉਣਾ ਨਹੀਂ ਚਾਹੀਦਾ, ਉਹ ਨਾ ਬਦਲਣ ਵਾਲੇ ਹਨ, ਉਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਅਤੇ ਉਹ ਵੱਖ ਨਹੀਂ ਹੋ ਸਕਦੇ।

ਉਨ੍ਹਾਂ ਦੀ ਏਕਤਾ ਦੇ ਕਾਰਨ ਉਸਦੇ ਸੁਭਾਵਾਂ ਦੀ ਵਚਿੱਤਰਤਾ ਬਿਲਕੁਲ ਵੀ ਨਾਸ਼ ਨਹੀਂ ਹੁੰਦੀ,

ਇਸਦੀ ਬਜਾਏ, ਹਰੇਕ ਸੁਭਾਅ ਦੇ ਗੁਣ ਸੁਰੱਖਿਅਤ ਰੱਖੇ ਜਾਂਦੇ ਹਨ,

ਅਤੇ ਇਹ ਇੱਕ ਹੀ ਸਮੇਂ ਤੇ ਇੱਕ ਹੋਂਦ ਦੇ ਵਿਅਕਤੀ ਵਿੱਚ ਪਾਏ ਜਾਂਦੇ ਹਨ,

ਦੋ ਵਿਅਕਤੀਆਂ ਦੇ ਵਿੱਚ ਵੱਖ ਕੀਤੇ ਜਾਂ ਵੰਡੇ ਹੋਏ ਨਹੀਂ ਹਨ,

ਪਰ ਉਹ ਇੱਕ ਅਤੇ ਉਹੀ ਪੁੱਤਰ ਹੈ, ਇੱਕਲੌਤਾ,

ਪਰਮੇਸ਼ੁਰ ਦਾ ਵਚਨ, ਪ੍ਰਭੂ ਯਿਸੂ ਮਸੀਹ।

ਨਬੀਆਂ ਨੇ ਅਰੰਭ ਤੋਂ ਉਸਦੇ ਬਾਰੇ ਇਸੇ ਪ੍ਰਕਾਰ ਕਿਹਾ ਸੀ,

ਅਤੇ ਯਿਸੂ ਮਸੀਹ ਨੇ ਆਪ ਸਾਨੂੰ ਇਸਦੇ ਬਾਰੇ ਨਿਰਦੇਸ਼ ਦਿੱਤਾ,

ਅਤੇ ਕਲੀਸਿਆਈ ਪਿਤਾਵਾਂ ਨੇ ਸਾਨੂੰ ਇਹ ਵਿਸ਼ਵਾਸ ਸੌਂਪਿਆ ਹੈ।

► ਕੀ ਤੁਸੀਂ ਵੇਖ ਸਕਦੇ ਸਕਦੇ ਹੋ ਕਿ ਇੱਥੇ ਕੁਝ ਗੱਲਾਂ ਤੇ ਜ਼ੋਰ ਦਿੱਤਾ ਗਿਆ ਹੈ?

ਯਿਸੂ ਦੀ ਈਸ਼ਵਰਤਾਈ ਕੁਝ ਅਜਿਹੀ ਨਹੀਂ ਸੀ ਜੋ ਸਿਰਫ਼ ਸਵਰਗ ਦੇ ਵਿੱਚ ਉਸਦੇ ਕੋਲ ਸੀ ਅਤੇ ਧਰਤੀ ਤੇ ਨਹੀਂ ਸੀ। ਅਰੰਭਿਕ ਵਿਸ਼ਵਾਸੀਆਂ ਨੇ ਯਿਸੂ ਤੇ ਇੱਕ ਅਜਿਹੇ ਪਰਮੇਸ਼ੁਰ ਸੀ ਜੋ ਸਰੀਰ ਦੇ ਵਿੱਚ ਸੀ। ਉਸਦੇ ਵਿੱਚ ਪੂਰਨ ਤੌਰ ਤੇ ਪਰਮੇਸ਼ੁਰ ਅਤੇ ਮਨੁੱਖ ਦੇ ਗੁਣ ਮਿਸ਼ਰਿਤ ਸਨ। ਉਨ੍ਹਾਂ ਨੇ ਮਸੀਹ ਦੇ ਇਸ ਸੁਭਾਅ ਨੂੰ ਮੁਕਤੀਦਾਤੇ ਦੀ ਵਿਲੱਖਣ ਯੋਗਤਾ ਵੱਜੋਂ ਮੰਨਦੇ ਸਨ।

## ਅੱਜ ਦੇ ਵਿਸ਼ਵਾਸ ਕਥਨ

ਕਲੀਸਿਆ ਨੂੰ ਅਰੰਭ ਹੋਏ ਕਈ ਸਦੀਆਂ ਬੀਤ ਗਈਆਂ ਸਨ। ਸੰਸਾਰ ਬਹੁਤ ਗੱਲਾਂ ਦੇ ਵਿੱਚ ਬਦਲ ਚੁੱਕਾ ਹੈ। ਬਹੁਤ ਸਾਰੀਆਂ ਧਾਰਮਿਕ ਮਾਨਤਾਵਾਂ ਵਿਕਸਿਤ ਹੋ ਚੁੱਕੀਆਂ ਹਨ।

ਕੁਝ ਲੋਕ ਸੋਚਦੇ ਹਨ ਕਿ ਧਰਮ ਸਿਧਾਂਤ ਇੱਕੋ ਹੀ ਪ੍ਰਕਾਰ ਦੇ ਨਹੀਂ ਰਹਿਣੇ ਚਾਹੀਦੇ। ਉਹ ਸੋਚਦੇ ਹਨ ਕਿ ਉਹ ਆਪਣੀ ਇੱਛਾ ਅਨੁਸਾਰ ਕੁਝ ਵੀ ਕਰ ਸਕਦੇ ਹਨ ਅਤੇ ਫਿਰ ਵੀ ਆਪਣੇ ਆਪ ਨੂੰ ਮਸੀਹੀ ਕਹਿ ਸਕਦੇ ਹਨ।

► ਕੀ ਸਾਡੇ ਲਈ ਅਰੰਭਿਕ ਕਲੀਸਿਆ ਦੇ ਵਿਸ਼ਵਾਸ ਕਥਨਾਂ ਤੇ ਵਿਸ਼ਵਾਸ ਕਰਨਾ ਜਰੂਰੀ ਹੈ?

ਬਾਈਬਲ ਦੇ ਪਰਮੇਸ਼ੁਰ ਜਿਸਦਾ ਵਰਣਨ ਸ਼ੁਰੂਆਤੀ ਕਲੀਸਿਆਵਾਂ ਦੇ ਵਿੱਚ ਕੀਤਾ ਗਿਆ ਹੈ ਉਹ ਬਦਲਦਾ ਨਹੀਂ ਹੈ। ਅਰੰਭਿਕ ਵਿਸ਼ਵਾਸੀ ਜਾਣਦੇ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਸਦੇ ਵਿੱਚ ਉਨ੍ਹਾਂ ਦੇ ਵਿਸ਼ਵਾਸ ਦੀ ਪ੍ਰਤੀਕਿਰਿਆ ਦੇ ਦੁਆਰਾ ਬਚਾਇਆ ਸੀ। ਪਰਮੇਸ਼ੁਰ ਦੇ ਸੁਭਾਅ ਅਤੇ ਮੁਕਤੀ ਤੇ ਰਾਹਾਂ ਦੇ ਬਾਰੇ ਇਹ ਬਿਆਨ ਸ਼ੁਰੂਆਤੀ ਤੋਂ ਹੀ ਮਸੀਹਤ ਦੇ ਲਈ ਬੁਨਿਆਦੀ ਸਨ।

"ਪਰ ਕੋਈ ਵੀ ਨਵੀਂ ਸਿੱਖਿਆ ਗ਼ਲਤ ਹੋਵੇਗੀ; ਕਿਉਂਕਿ ਪੁਰਾਣਾ ਧਰਮ ਹੀ ਸੱਚਾ ਹੈ; ਅਤੇ ਹੋਰ ਕੋਈ ਸਿੱਖਿਆ ਸਹੀ ਨਹੀਂ ਹੋ ਸਕਦੀ, ਜਦੋਂ ਤੱਕ ਇਹ ਅਰੰਭ ਦੀ ਸਿੱਖਿਆ ਵਰਗੀ ਨਾ ਹੋਵੇ।"
- ਜੌਨ ਵੈਸਲੀ, ਦਾ ਇੱਕ ਪ੍ਰਚਾਰ ਜੋ "ਵਿਸ਼ਵਾਸੀਆਂ ਦੇ ਵਿੱਚ ਪਾਪ" ਦੇ ਬਾਰੇ ਹੈ।

ਇੱਕ ਵਿਅਕਤੀ ਦੇ ਲਈ ਇਹ ਸੰਭਵ ਹੈ ਕਿ ਉਹ ਇੰਨ੍ਹਾਂ ਸਿੱਖਿਆਵਾਂ ਨੂੰ ਜਾਣਨ ਅਤੇ ਸਹੀ ਤਰੀਕੇ ਨਾਲ ਸਮਝਣ ਤੋਂ ਬਚਾਇਆ ਜਾ ਸਕੇ। ਸਾਰੀਆਂ ਸਿੱਖਿਆਵਾਂ ਸ਼ੁਭਸਮਾਚਾਰ ਦੇ ਲਈ ਜਰੂਰੀ ਨਹੀਂ ਹਨ। ਕੋਈ ਵਿਅਕਤੀ ਜਿਸ ਗੱਲ ਨੂੰ ਜਾਣਦਾ ਹੈ ਉਸਦਾ ਇਨਕਾਰ ਕਰਕੇ ਮਸੀਹੀ ਨਹੀਂ ਬਣਿਆ ਰਹਿ ਸਕਾ, ਪਰ ਉਹ ਕੁਝ ਗੱਲਾਂ ਦੇ ਵਿੱਚ ਗ਼ਲਤ ਹੋ ਸਕਦਾ ਹੈ।

ਇਸ ਪਾਠ ਦੇ ਵਿੱਚ ਦਿੱਤੇ ਪੁਰਾਤਨ ਵਿਸ਼ਵਾਸ ਕਥਨ ਸਿਰਫ਼ ਜਰੂਰੀ ਧਰਮ ਸਿਧਾਂਤਾਂ ਦੀ ਗੱਲ ਕਰਦੇ ਹਨ। ਜੇਕਰ ਕਿਸੇ ਕਲੀਸਿਆ ਦੇ ਕੋਲ ਪਰਮੇਸ਼ੁਰ ਦੇ ਬਾਰੇ ਅਜਿਹੀ ਧਾਰਨਾ ਹੈ ਜੋ ਇੰਨ੍ਹਾਂ ਜਰੂਰੀ ਸਿਧਾਂਤਾਂ ਨਾਲੋਂ ਅਲੱਗ ਹੈ, ਤਾਂ ਫਿਰ ਉਨ੍ਹਾਂ ਨੂੰ ਮੁਕਤੀ ਦੇ ਅਲੱਗ ਰਾਹ ਤਿਆਰ ਕਰਨੇ ਪੈਣਗੇ, ਜੋ ਕਿ ਦੂਸਰਾ ਸ਼ੁਭਸਮਾਚਾਰ ਹੈ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਆਪ ਮਸੀਹੀ ਨਹੀਂ ਕਹਿਣਾ ਚਾਹੀਦਾ ਕਿਉਂਕਿ ਉਹ ਇੱਕ ਅਲੱਗ ਧਰਮ ਨੂੰ ਅਰੰਭ ਕਰ ਰਹੇ ਹਨ।

ਇਹ ਗੱਲ ਸਹੀ ਹੈ ਕਿ ਹਰੇਕ ਵਿਅਕਤੀ ਨੂੰ ਆਪਣੀ ਸੋਚ ਦੀ ਆਜਾਦੀ ਹੈ, ਪਰ ਜੇਕਰ ਉਸਦੇ ਕੋਲ ਮਸੀਹੀ ਮਾਨਤਾਵਾਂ ਨਹੀਂ ਹਨ ਤਾਂ ਉਹ ਯਿਸੂ ਦਾ ਸੱਚਾ ਪੈਰੋਕਾਰ ਨਹੀਂ ਹੈ।

ਪਹਿਲੀਆਂ ਕੁਝ ਸਦੀਆਂ ਦੇ ਵਿੱਚ ਉਸ ਪ੍ਰਕਾਰ ਦੇ ਸੰਸਥਾਨ ਨਹੀਂ ਸਨ ਜਿਵੇਂ ਅੱਜ ਸਾਡੇ ਕੋਲ ਹਨ। ਸਿਰਫ਼ ਇੱਕ ਹੀ ਕਲੀਸਿਆ ਸੀ। ਇਸ ਕਾਰਨ ਵਿਸ਼ਵਾਸ ਕਥਨ ਸਾਰੀ ਕਲੀਸਿਆ ਦੇ ਬਿਆਨ ਸਨ। ਅੱਜ ਜੋ ਕਲੀਸਿਆਵਾਂ ਬਾਈਬਲ ਦੇ ਅਧਿਕਾਰ ਦਾ ਆਦਰ ਕਰਦੀਆਂ ਹਨ ਉਹ ਇਨ੍ਹਾਂ ਵਿਸ਼ਵਾਸ ਕਥਨਾਂ ਦੀਆਂ ਮਾਨਤਾਵਾਂ ਨੂੰ ਮੰਨਦੇ ਹਨ, ਭਾਵੇਂਕਿ ਉਹ ਕਈ ਮੁੱਦਿਆਂ ਦੇ ਵਿਸਚ ਅਸਹਿਮਤ ਹਨ।

ਅਰੰਭਿਕ ਕਲੀਸਿਆ ਜਾਣਦੀ ਸੀ ਕਿ ਪਰਮੇਸ਼ੁਰ ਦੇ ਨਾਲ ਸੰਬੰਧ ਸਭ ਤੋਂ ਜਿਆਦਾ ਮਹੱਤਵਪੂਰਨ ਹੈ। ਉਹ ਜਾਣਦੇ ਸਨ ਕਿ ਉਹ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਦੇ ਨਾਲ ਬਚਾਏ ਗਏ ਸਨ। ਇਸ ਕਾਰਨ ਉਨ੍ਹਾਂ ਦੇ ਲਈ ਇਸ ਗੱਲ ਨੂੰ ਪੱਕਿਆਂ ਕਰਨਾ ਬਹੁਤ ਜਰੂਰੀ ਸੀ ਉਹ ਜਾਣਦੇ ਹੋਣ ਕਿ ਪਰਮੇਸ਼ੁਰ ਕੌਣ ਹੈ।

ਯਹੂਦਾਹ ਦੀ ਪੱਤ੍ਰੀ ਸਾਨੂੰ ਚੇਤਾਵਨੀ ਦਿੰਦੀ ਹੈ ਕਿ ਸਾਨੂੰ ਉਸ ਵਿਸ਼ਵਾਸ ਦੀ ਰਾਖੀ ਕਰਨੀ ਚਾਹੀਦੀ ਹੈ ਜੋ ਸਾਨੂੰ ਮੁੱਢੋਂ ਸੌਂਪਿਆ ਗਿਆ ਸੀ (ਯਹੂਦਾਹ 1:3)। ਜਿਵੇਂ ਅਸੀਂ ਵਫ਼ਾਦਾਰੀ ਦੇ ਨਾਲ ਸ਼ੁਭਸਮਾਚਾਰ ਦਾ ਪ੍ਰਚਾਰ ਕਰਦੇ ਹਾਂ, ਵਿਸ਼ਵਾਸੀਆਂ ਨੂੰ ਚੇਲ੍ਹੇਪਨ ਦੇ ਵਿੱਚ ਅੱਗੇ ਵਧਾਉਂਦੇ ਹਾਂ, ਅਤੇ ਸੇਵਾ ਲਈ ਬੁਲਾਏ ਹੋਇਆਂ ਨੂੰ ਸਿਖਲਾਈ ਦਿੰਦੇ ਹਾਂ ਤਾਂ ਪਰਮੇਸ਼ੁਰ ਆਪਣੀ ਕਲੀਸਿਆ ਤੇ ਸਚਿਆਈ ਦਾ ਮਸਹ ਦੇਵੇ।

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਕਲੀਸਿਆਈ ਸੰਸਥਾਨ ਦੇ ਰੂਪ ਵਿੱਚ ਘਮੰਡ

ਜਦੋਂ ਕਲੀਸਿਆਵਾਂ ਦਾ ਇੱਕ ਸਮੂਹ ਇੱਕ ਸੰਸਥਾ ਦੇ ਰੂਪ ਵਿੱਚ ਇਕੱਠਾ ਹੁੰਦਾ ਹੈ ਤਾਂ ਉਸਨੂੰ ਕਲੀਸਿਆਈ ਸੰਸਥਾਨ ਕਿਹਾ ਜਾਂਦਾ ਹੈ। ਅਜਿਹੇ ਹਜ਼ਾਰਾਂ ਕਲੀਸਿਆਈ ਸੰਸਥਾਨ ਹਨ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ। ਅਜਿਹੀਆਂ ਹਜ਼ਾਰਾਂ ਆਜਾਦ ਕਲੀਸਿਆਵਾਂ ਜੋ ਕਿਸੇ ਵੀ ਕਲੀਸਿਆਈ ਸੰਸਥਾਨ ਦਾ ਹਿੱਸਾ ਨਹੀਂ ਹਨ।

ਕੁਝ ਸੰਸਥਾਨ ਸ਼ੁਭਸਮਾਚਾਰ ਦੇ ਨਾਲ ਅਰੰਭ ਕਰਦੇ। ਜੇਕਰ ਉਸ ਇਲਾਕੇ ਦੇ ਵਿੱਚ ਬਹੁਤ ਸਾਰੇ ਪਰਿਵਰਤਿਤ ਹੋਏ ਲੋਕ ਹਨ, ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੇ ਲਈ ਕੋਈ ਵੀ ਕਲੀਸਿਆਈ ਸੰਸਥਾਨ ਨਹੀਂ ਹਨ, ਤਾਂ ਉੱਥੇ ਇੱਕ ਨਵਾਂ ਸੰਸਥਾਨ ਬਣ ਸਕਦਾ ਹੈ। ਇੱਕ ਕਲੀਸਿਆਈ ਸੰਸਥਾਨ ਇੱਕ ਦੇਸ਼ ਦੇ ਵਿੱਚ ਮਿਸ਼ਨ ਸੰਸਥਾ ਦੇ ਕੰਮ ਤੋਂ ਸ਼ੁਰੂ ਹੋ ਸਕਦਾ ਹੈ।

ਕਈ ਵਾਰ ਇੱਕ ਕਲੀਸਿਆਈ ਸੰਸਥਾਨ ਦੀ ਸ਼ੁਰੂਆਤ ਅਜਿਹੇ ਲੋਕਾਂ ਦੁਆਰਾ ਹੁੰਦੀ ਹੈ ਜੋ ਮੰਨਦੇ ਹਨ ਕਿ ਜਿਸ ਕਲੀਸਿਆ ਦੇ ਵਿੱਚ ਉਹ ਹਨ ਉਸ ਵਿੱਚ ਕਿਸੇ ਖਾਸ ਧਰਮ ਸਿਧਾਂਤ ਨੂੰ ਨਕਾਰਿਆ ਜਾ ਰਿਹਾ ਹੈ। ਉਹ ਸਹੀ ਸਿੱਖਿਆ ਵਿੱਚ ਰਹਿਣ ਦੇ ਇਰਾਦੇ ਨਾਲ ਨਵੇਂ ਕਲੀਸਿਆਈ ਸੰਸਥਾਨ ਨੂੰ ਸ਼ੁਰੂ ਕਰਦੇ ਹਨ। ਜਿਵੇਂ-ਜਿਵੇਂ ਸਮਾਂ ਅੱਗੇ ਲੰਘਦਾ ਹੈ ਉਹ ਆਪਣੀ ਧਰਮ ਸਿੱਖਿਆ ਨੂੰ ਵਿਕਸਿਤ ਕਰਦੇ ਰਹਿੰਦੇ ਹਨ। ਕਿਉਂਕਿ ਉਹ ਬਾਈਬਲ ਨੂੰ ਦੂਸਰੇ ਸਮੂਹਾਂ ਨਾਲੋਂ ਅਲੱਗ ਤਰੀਕੇ ਦੇ ਨਾਲ ਸਮਝਦੇ ਹਨ, ਇਸ ਕਾਰਨ ਉਨ੍ਹਾਂ ਦੀਆਂ ਕੁਝ ਧਰਮ ਸਿੱਖਿਆਵਾਂ ਦੂਸਰਿਆਂ ਨਾਲੋਂ ਅਲੱਗ ਹਨ।

ਕਲੀਸਿਆਈ ਸੰਸਥਾਨ ਅਰਾਧਨਾ ਦੇ ਰੂਪ ਅਤੇ ਮਸੀਹੀ ਜੀਵਨ ਦੇ ਵੇਰਵਿਆਂ ਨੂੰ ਵੀ ਵਿਕਸਿਤ ਕਰਦੇ ਹਨ। ਕਲੀਸਿਆਈ ਸੰਸਥਾਨ ਰਿਵਾਇਤਾਂ ਦੇ ਵਿੱਚ ਇੱਕ ਦੂਸਰੇ ਨਾਲੋਂ ਅਲੱਗ ਹੁੰਦੇ ਹਨ।

ਬਹੁਤ ਸਾਰੇ ਮਸੀਹੀ ਸੰਸਥਾਨ ਇਹ ਦਾਅਵਾ ਨਹੀਂ ਕਰਦੇ ਕਿ ਉਹ ਇੱਕ ਮਾਤਰ ਸੱਚੀ ਕਲੀਸਿਆ ਹਨ। ਜੇਕਰ ਕੋਈ ਸੰਸਥਾ ਦਾਅਵਾ ਕਰਦੀ ਹੈ ਕਿ ਉਹ ਧਰਤੀ ਤੇ ਇੱਕ ਮਾਤਰ ਕਲੀਸਿਆ ਹਨ, ਤਾਂ ਉਸ ਤੇ ਭਰੋਸਾ ਨਹੀਂ ਕਰਨਾ ਚਾਹੀਦਾ।

ਗ਼ੈਰ-ਵਿਸ਼ਵਾਸੀ ਲੋਕ ਅਕਸਰ ਮਸੀਹਤ ਤੇ ਇਸ ਗੱਲ ਦਾ ਇਤਰਾਜ਼ ਜਤਾਉਂਦੇ ਹਨ ਕਿ ਇਸ ਦੇ ਵਿੱਚ ਬਹੁਤ ਸਾਰੀਆਂ ਵੰਡਾਂ ਅਤੇ ਕਿਸਮਾਂ ਹਨ। ਗ਼ੈਰ-ਵਿਸ਼ਵਾਸੀ ਸੋਚਦੇ ਹਨ ਕਿ ਮਸੀਹਤ ਦੀਆਂ ਅਲੱਗ-ਅਲੱਗ ਸੰਪਰਦਾਵਾਂ ਸਭ ਇੱਕ ਦੂਸਰੇ ਦੇ ਉਲਟ ਹਨ। ਸੰਸਾਰ ਦੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਮਸੀਹੀਆਂ ਦੇ ਵਿੱਚ ਬਹੁਤ ਹੀ ਘੱਟ ਏਕਤਾ ਹੈ।

ਇੱਕ ਅਜਿਹਾ ਕਲੀਸਿਆਈ ਸੰਸਥਾਨ ਜਾਂ ਸਥਾਨਕ ਕਲੀਸਿਆ ਜੋ ਸੱਚਮੁੱਚ ਮਸੀਹੀ ਹੈ ਉਹ ਅਰੰਭਿਕ ਮਸੀਹੀ ਵਿਸ਼ਵਾਸ ਕਥਨਾਂ ਤੇ ਵਿਸ਼ਵਾਸ ਕਰਦੇ ਹਨ। ਇਹ ਧਰਮ ਸਿੱਖਿਆ ਸਾਰੀਆਂ ਮਸੀਹੀ ਸੰਸਥਾਵਾਂ ਦੇ ਵਿੱਚ ਪਾਈ ਜਾਣ ਵਾਲੀ ਏਕਤਾ ਹੈ। ਸਿੱਖਿਆ ਦੇ ਛੋਟੇ ਮੁੱਦਿਆਂ ਅਤੇ ਰਿਵਾਇਤਾਂ ਦੇ ਵਿੱਚ ਬਹੁਤ ਸਾਰੀਆਂ ਭਿੰਨਤਾਵਾਂ ਹਨ, ਪਰ ਸਾਨੂੰ ਇਸ ਪ੍ਰਕਾਰ ਨਹੀਂ ਕਹਿਣਾ ਚਾਹੀਦਾ ਕਿ ਉਹ ਕਲੀਸਿਆ ਸਿੱਖਿਆਵਾਂ ਦੇ ਵੱਖਰੀ ਹੋਣ ਦੇ ਕਾਰਨ ਸੱਚੀ ਕਲੀਸਿਆ ਨਹੀਂ ਹੈ।

## ਗ਼ਲਤੀਆਂ ਜਿੰਨ੍ਹਾਂ ਤੋਂ ਬਚਣਾ ਚਾਹੀਦਾ ਹੈ: ਨਿੱਜੀ ਮਾਨਤਾਵਾਂ ਨੂੰ ਗ਼ਲਤ ਸਮਝਣਾ

ਜਿਵੇਂ ਇੱਕ ਮਸੀਹੀ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਰਹਿੰਦਾ ਹੈ, ਤਾਂ ਉਹ ਬਾਈਬਲ ਦੀ ਸਚਿਆਈ ਦੇ ਬਾਰੇ ਆਪਣੀ ਸਮਝ ਨੂੰ ਵਿਕਸਿਤ ਕਰਦਾ ਹੈ। ਉਹ ਸਦਾ ਅਜਿਹੇ ਸਿੱਟਿਆਂ ਤੇ ਨਹੀਂ ਪਹੁੰਚੇਗਾ ਜੋ ਦੂਸਰਿਆਂ ਦੇ ਨਾਲ ਮਿਲਦੇ ਹੋਣ। ਜਿਵੇਂ ਉਹ ਸਚਿਆਈ ਨੂੰ ਆਪਣੇ ਪ੍ਰਤੀਦਿਨ ਦੇ ਜੀਵਨ ਵਿੱਚ ਲਾਗੂ ਕਰਦਾ ਹੈ, ਤਾਂ ਉਹ ਆਪਣੇ ਲਈ ਅਜਿਹੇ ਸਿਧਾਂਤ ਅਤੇ ਕਾਨੂੰਨ ਵਿਕਸਿਤ ਕਰੇਗਾ ਜੋ ਬਾਕੀ ਮਸੀਹੀਆਂ ਨਾਲੋਂ ਅਲੱਗ ਹੋਣਗੇ।

ਜਦੋਂ ਕੋਈ ਵਿਅਕਤੀ ਆਪਣੀਆਂ ਮਾਨਤਾਵਾਂ ਦੇ ਬਾਰੇ ਸੋਚਦਾ ਹੈ, ਤਾਂ ਉਸਨੂੰ ਆਪਣੇ ਆਪ ਨੂੰ ਮਸੀਹਤ ਦੀਆਂ ਜਰੂਰੀ ਸਿੱਖਿਆਵਾਂ ਦਾ ਇਨਕਾਰ ਕਰਨ ਦੇ ਲਈ ਆਜਾਦ ਨਹੀਂ ਸਮਝਣਾ ਚਾਹੀਦਾ ਜੇਕਰ ਉਹ ਇਸ ਫੈਸਲਾ ਨਹੀਂ ਕਰ ਰਿਹਾ ਹੈ ਕਿ ਉਹ ਅੱਗੇ ਤੋਂ ਮਸੀਹੀ ਨਹੀਂ ਹੈ।

ਇੱਕ ਮਸੀਹੀ ਨੂੰ ਕਲੀਸਿਆ ਦੀ ਸਥਾਪਿਤ ਧਰਮ ਸਿੱਖਿਆ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਜੇਕਰ ਉਹ ਸੋਚਦਾ ਹੈ ਕਿ ਉਸਦੀ ਕਲੀਸਿਆ ਦੀ ਸਿੱਖਿਆ ਗ਼ਲਤ ਹੈ, ਤਾਂ ਉਸਦੇ ਲਈ ਇੱਕ ਮੈਂਬਰ ਦੇ ਤੌਰ ਤੇ ਉਸ ਲਈ ਸਮਰਪਿਤ ਹੋਣਾ ਕਠਿਨ ਹੋਵੇਗਾ।

ਇੱਕ ਵਿਅਕਤੀਗਤ ਮਸੀਹੀ ਆਪਣੀ ਕਲੀਸਿਆ ਦੀ ਸਿੱਖਿਆ ਤੋਂ ਮਾਰਗ ਦਰਸ਼ਨ ਪ੍ਰਾਪਤ ਕਰੇਗਾ, ਪਰ ਉਸ ਦੀਆਂ ਕੁਝ ਨਿੱਜੀ ਮਾਨਤਾਵਾਂ ਅਜਿਹੀਆਂ ਵੀ ਹੋ ਸਕਦੀਆਂ ਹਨ ਜੋ ਕਲੀਸਿਆ ਦੇ ਦੂਸਰੇ ਮੈਂਬਰਾਂ ਨਾਲੋਂ ਅਲੱਗ ਹੋਣ। ਇੱਕ ਨਿੱਜੀ ਮਾਨਤਾ ਅਜਿਹੀ ਨਹੀਂ ਹੁੰਦੀ ਜੋ ਸਿੱਧੇ ਤੌਰ ਤੇ ਬਾਈਬਲ ਦੇ ਵਿੱਚ ਲਿਖੀ ਹੁੰਦੀ ਹੈ; ਇਹ ਕਿਸੇ ਵਿਅਕਤੀ ਦੁਆਰਾ ਬਾਈਬਲ ਦੀ ਸਚਿਆਈ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਦਾ ਯਤਨ ਹੁੰਦਾ ਹੈ।

ਹਰੇਕ ਮਸੀਹੀ ਨੂੰ ਇਮਾਨਦਾਰੀ ਦੇ ਨਾਲ ਬਾਈਬਲ ਦੀਆਂ ਸਚਿਆਈਆਂ ਨੂੰ ਆਪਣੇ ਹਲਾਤਾਂ ਤੇ ਲਾਗੂ ਕਰਨਾ ਚਾਹੀਦਾ ਹੈ, ਪਰ ਉਸਨੂੰ ਆਪਣੀਆਂ ਮਾਨਤਾਵਾਂ ਦੇ ਕਰਕੇ ਜਲਦੀ ਦੇ ਨਾਲ ਦੂਸਰਿਆਂ ਦਾ ਨਿਆਂ ਨਹੀਂ ਕਰਨਾ ਚਾਹੀਦਾ। ਸਾਡੇ ਲਈ ਇਹ ਸਹੀ ਗੱਲ ਹੈ ਕਿ ਅਸੀਂ ਸਾਰੇ ਮਸੀਹੀਆਂ ਤੋਂ ਇਹ ਆਸ ਰੱਖੀਏ ਕਿ ਉਹ ਅਰੰਭਿਕ ਵਿਸ਼ਵਾਸ ਕਥਨਾਂ ਦੀਆਂ ਸਿੱਖਿਆਵਾਂ ਦੇ ਵਿੱਚ ਬਣੇ ਰਹਿਣ, ਕਲੀਸਿਆ ਦੇ ਮੈਂਬਰਾਂ ਤੋਂ ਇਹ ਆਸ ਰੱਖਣੀ ਕਿ ਉਹ ਕਲੀਸਿਆ ਦੀ ਸਿੱਖਿਆ ਦੇ ਵਿੱਚ ਬਣੇ ਰਹਿਣ, ਪਰ ਕਿਸੇ ਮਸੀਹੀ ਨੂੰ ਦੂਸਰਿਆਂ ਤੋਂ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਉਹ ਵੀ ਉਸ ਦੀਆਂ ਸਾਰੀਆਂ ਨਿੱਜੀ ਮਾਨਤਾਵਾਂ ਦੇ ਨਾਲ ਸਹਿਮਤ ਹੋਣ।

► ਵਿਸ਼ਵਾਸ ਕਥਨਾਂ ਨੂੰ ਘੱਟੋ-ਘੱਟ ਦੋ ਵਾਰ ਮਿਲ ਕੇ ਪੜ੍ਹੋ।

## ਵਿਸ਼ਵਾਸ ਕਥਨ

ਪਵਿੱਤਰ ਸ਼ਾਸਤਰ ਸਾਨੂੰ ਮਸੀਹਤ ਦੀਆਂ ਮੂਲ ਧਰਮ ਸਿੱਖਿਆਵਾਂ ਨੂੰ ਫੜ੍ਹੀ ਰੱਖਣ ਦੇ ਲਈ ਕਹਿੰਦਾ ਹੈ। ਅਰੰਭਿਕ ਕਲੀਸਿਆ ਨੇ ਉਨ੍ਹਾਂ ਸਿੱਖਿਆਵਾਂ ਨੂੰ ਸਿਖਾਇਆ ਜੋ ਸ਼ੁਭਸਮਾਚਾਰ ਅਤੇ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਦੇ ਲਈ ਜਰੂਰੀ ਹਨ। ਇਹ ਬਿਆਨ ਹੁਣ ਵੀ ਅਸਲ ਮਸੀਹਤ ਨੂੰ ਪਰਿਭਾਸ਼ਿਤ ਕਰਦੇ ਹਨ।

## ਪਾਠ 15 ਦੇ ਅਸਾਇਨਮੈਂਟ

(1) ਵਚਨਾਂ ਦੇ ਅਸਾਇਨਮੈਂਟ: ਹਰੇਕ ਵਿਦਿਆਰਥੀ ਨੂੰ ਹੇਠਾਂ ਦਿੱਤੇ ਵਚਨਾਂ ਦੀ ਸੂਚੀ ਵਿੱਚੋਂ ਇੱਕ ਸੌਂਪਿਆ ਜਾਵੇਗਾ। ਅੱਗਲੀ ਕਲਾਸ ਦੇ ਸ਼ੈਸ਼ਨ ਤੋਂ ਪਹਿਲਾਂ, ਤੁਹਾਨੂੰ ਵਚਨ ਨੂੰ ਪੜਣਾ ਚਾਹੀਦਾ ਹੈ ਅਤੇ ਇੱਕ ਪੈਰਾਗ੍ਰਾਫ ਦੇ ਵਿੱਚ ਲਿਖਣਾ ਹੋਵੇਗਾ ਕਿ ਇਹ ਪਾਠ ਦੇ ਵਿਸ਼ੇ ਬਾਰੇ ਕੀ ਕਹਿੰਦਾ ਹੈ।

- ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:16
- ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 4:1-7
- ਤੀਤੁਸ ਨੂੰ 1:7-14
- ਯੂਹੰਨਾ ਦੀ ਪਹਿਲੀ ਪੱਤ੍ਰੀ 4:1-3, 14-15; ਯੂਹੰਨਾ ਦੀ ਪਹਿਲੀ ਪੱਤ੍ਰੀ 5:12
- ਯਹੂਦਾਹ 1:3-13

(2) ਪ੍ਰੀਖਿਆ: ਤੁਸੀਂ ਅੱਗਲੀ ਕਲਾਸ ਦੀ ਸ਼ੁਰੂਆਤ ਪਾਠ 15 ਦੀ ਪ੍ਰੀਖਿਆ ਦੇ ਨਾਲ ਕਰੋਗੇ। ਤਿਆਰੀ ਦੇ ਲਈ ਪ੍ਰੀਖਿਆ ਦੇ ਪ੍ਰਸ਼ਨਾਂ ਦਾ ਧਿਆਨਪੂਰਵਕ ਅਧਿਐਨ ਕਰੋ।

(3) ਸਿਖਾਉਣ ਦਾ ਅਸਾਇਨਮੈਂਟ: ਆਪਣੀ ਕਲਾਸ ਤੋਂ ਬਾਹਰ ਸਿਖਾਉਣ ਦੀ ਸਮੇਂ ਸਾਰਨੀ ਨੂੰ ਬਣਾਉਣ ਅਤੇ ਇਸਦੇ ਬਾਰੇ ਰਿਪੋਰਟ ਦੇਣ ਨੂੰ ਯਾਦ ਰੱਖੋ।

## ਪਾਠ 15 ਦੀ ਪ੍ਰੀਖਿਆ

(1) ਵਿਸ਼ਵਾਸ ਕਥਨ ਕੀ ਹੈ?

(2) ਯਿਸੂ ਦੇ ਬਾਰੇ ਪਹਿਲੇ ਦੋ ਧਾਰਮਿਕ ਬਿਆਨਾਂ ਦੇ ਨਾਮ ਦੱਸੋ।

(3) ਪਵਿੱਤਰ ਸ਼ਾਸਤਰ ਵਿੱਚ ਪਹਿਲੇ ਵਿਸ਼ਵਾਸ ਕਥਨ ਦਾ ਹਵਾਲਾ ਕਿਹੜਾ ਹੈ ਜੋ ਕਈ ਬਿਆਨ ਕਰਦਾ ਹੈ?

(4) ਰਸੂਲਾਂ ਦੇ ਵਿਸ਼ਵਾਸ ਕਥਨ ਦਾ ਉਦੇਸ਼ ਕੀ ਸੀ?

(5) ਨਾਈਸੀਨ ਵਿਸ਼ਵਾਸ ਕਥਨ ਦਾ ਉਦੇਸ਼ ਕੀ ਸੀ?

(6) ਚੈਲਸੀਡੋਨੀਅਨ ਵਿਸ਼ਵਾਸ ਕਥਨ ਦਾ ਉਦੇਸ਼ ਕੀ ਸੀ?

# ਸਿਫਾਰਿਸ਼ ਕੀਤੇ ਹੋਏ ਸ੍ਰੋਤ

ਇਸ ਲਿਖਤ ਦੇ ਵਿੱਚ ਦਿੱਤੇ ਵਿਸ਼ਿਆਂ ਦੇ ਬਾਰੇ ਵਧੇਰੇ ਅਧਿਐਨ ਕਰਨ ਦੇ ਲਈ, ਕ੍ਰਿਪਾ ਕਰਕੇ ਹੇਠਾਂ ਦਿੱਤੇ ਸ੍ਰੋਤਾਂ ਨੂੰ ਵੇਖੋ


Oden, Thomas C. *Classic Christianity: A Systematic Theology*. New York: HarperOne, 2009.


### ਪਰਮੇਸੁਰ ਦੀ ਪੁਸਤਕ


Dockery, David S. *Christian Scripture*. Nashville: Broadman and Holman, 1995.


### ਪਰਮੇਸ਼ੁਰ ਦੇ ਗੁਣ


Purkiser, W.T., ed. *Exploring Our Christian Faith*. Kansas City, MO: Beacon Hill Press, 1960.

Tozer, A. W. *The Knowledge of the Holy*. New York: Harper and Row, 1961.


### ਤ੍ਰਿਏਕਤਾ


Reeves, Michael. *Delighting in the Trinity: An Introduction to the Christian Faith*. Downers Grove: IVP Academic, 2012.

Sanders, Fred. *The Deep Things of God: How the Trinity Changes Everything*. (2nd ed.) Wheaton: Crossway, 2017.

Sanders, Fred. "The Triune God of the Bible: Seeing the Trinity in Scripture" (lecture) available at www.youtube.com/watch?v=7w3FJLGgxKs


### ਮਨੁੱਖਤਾ


Purkiser, W.T., ed. *Exploring Our Christian Faith*. Kansas City, MO: Beacon Hill, 1978. (See Chapter 10: "What is Man?")


### ਪਾਪ


Wesley, John. "The Doctrine of Original Sin," in *The Complete Works of Wesley. Vol. 9*.

Wilcox, Leslie. *Profiles in Wesleyan Theology*. Salem, OH: Schmul Publishing, 1985. (See Chapter 7: "Origin and Nature of Sin," 141-170.)

**ਆਤਮਾਵਾਂ**

Lewis, C. S. *The Screwtape Letters*. New York: Macmillan Co., 1968.

Wesley, John. "Satan's Devices." *Wesley's 52 Standard Sermons*. Salem, OH: Schmul Publishing, 1988.

**ਮਸੀਹ**

Strobel, Lee. *The Case for Christ*. Grand Rapids: Zondervan, 1998.

Torrance, Thomas F. *Incarnation: The Person and Life of Christ*. Edited by Robert T. Walker. Downers Grove: IVP Academic, 2008.

Wellum, Stephen J. *The Person of Christ: An Introduction.* Edited by Graham A. Cole and Oren R. Martin. Wheaton: Crossway, 2021.

**ਮੁਕਤੀ**

Purkiser, W. T., ed. *Exploring Our Christian Faith*. Kansas City, MO: Beacon Hill Press, 1960. (See Chapter XI and XII: "Man's Predicament," and "The Doctrine of Atonement.")

Wilcox, Leslie. *Profiles in Wesleyan Theology*. Salem, OH: Schmul Publishing, 1985. See Chapters 9-10: "Atonement" and "Conditions of Reconciliation," 171-214.

Wiley, H. Orton and Culbertson, Paul T. *Introduction to Christian Theology*. Kansas City, MO: Beacon Hill Press, 1946.

**ਮੁਕਤੀ ਦੇ ਮੁੱਦੇ**

Shank, Robert. *Life in the Son*. Minneapolis: Bethany House Publishers, 1989.

Wiley, H. Orton and Culbertson, Paul T. *Introduction to Christian Theology*. Kansas City, MO: Beacon Hill Press, 1946.

### ਪਵਿੱਤਰ ਆਤਮਾ

Carter, Charles. *The Person and Ministry of the Holy Spirit: A Wesleyan Perspective*. Grand Rapids: Baker Book House, 1974.

Murray, Andrew. *Andrew Murray on the Holy Spirit*. New Kensington: Whitaker House, 1998.

### ਕਲੀਸਿਆ

Noll, Mark. *Turning Points*. Grand Rapids: Baker Academic, 1997.

Oden, Thomas. *Life in the Spirit*. Peabody: Prince Press, 2001.

### ਸਦੀਪਕ ਮੰਜ਼ਿਲ

Lewis, C. S. "The Weight of Glory," in *The Weight of Glory and Other Addresses*. New York: Macmillan Publishing, 1980.

Purkiser, W.T., ed. *Exploring Our Christian Faith*. Kansas City, MO: Beacon Hill Press, 1967. (See Chapter XXVIII, "The Future Life.")

Wesley, John. "The Great Assize." *Wesley's 52 Standard Sermons*. Salem, OH: Schmul Publishing, 1988.

### ਅੰਤਿਮ ਘਟਨਾਵਾਂ

Ladd, George Eldon. *The Blessed Hope*. Grand Rapids: Eerdmans, 1992.

Wiley, H. Orton & Culbertson, Paul T. *Introduction to Christian Theology*. Kansas City, MO: Beacon Hill Press, 1949.

### ਪੁਰਾਤਨ ਵਿਸ਼ਵਾਸ ਕਥਨ

Gonzalez, Justo L. *The Story of Christianity, Vol. I*. New York: Harper, 2010.

Noll, Mark. *Turning Points: Decisive Moments in the History of Christianity*. Grand Rapids: Baker, 2012.

# ਅਸਾਇਨਮੈਂਟਾਂ ਦਾ ਰਿਕਾਰਡ

ਵਿਦਿਆਰਥੀ ਦਾ ਨਾਮ ________________________________________

ਹਰੇਕ ਅਸਾਈਨਮੈਂਟ ਪੂਰਾ ਹੋਣ ਤੇ ਇਸਨੂੰ ਭਰੋ। ਜਦੋਂ ਵਿਦਿਆਰਥੀ 70% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਦਾ ਹੈ ਤਾਂ ਪ੍ਰੀਖਿਆ ਨੂੰ ਪੂਰਾ ਮੰਨਿਆ ਜਾਂਦਾ ਹੈ। Shepherds Global Classroom ਤੋਂ ਸਰਟੀਫਿਕੇਟ ਪ੍ਰਾਪਤ ਕਰਨ ਲਈ ਸਾਰੇ ਅਸਾਈਨਮੈਂਟ ਸਫਲਤਾਪੂਰਵਕ ਪੂਰੇ ਕੀਤੇ ਜਾਣੇ ਚਾਹੀਦੇ ਹਨ।

| ਪਾਠ | ਵਚਨਾਂ ਦੇ ਅਸਾਇਨਮੈਂਟ | ਪ੍ਰੀਖਿਆ |
|---|---|---|
| 1 | | |
| 2 | | |
| 3 | | |
| 4 | | |
| 5 | | |
| 6 | | |
| 7 | | |
| 8 | | |
| 9 | | |
| 10 | | |
| 11 | | |
| 12 | | |
| 13 | | |
| 14 | | |
| 15 | | |

| ਕਲਾਸ ਤੋਂ ਬਾਹਰ ਸਿਖਾਉਣ | |
|---|---|
| ਤਾਰੀਖ਼ | ਸਥਾਨ |
| | |
| | |
| | |

Shepherds Global Classroom ਤੋਂ ਕੋਰਸ ਪੂਰਿਆਂ ਕਰਨ ਦਾ ਸਰਟੀਫੀਕੇਟ ਪ੍ਰਾਪਤ ਕਰਨ ਦੀ ਐਪਲੀਕੇਸ਼ਨ ਸਾਡੇ ਵੈੱਬਪੇਜ www.shepherdsglobal.org। ਤੇ ਪੂਰਾ ਕੀਤਾ ਜਾ ਸਕਦਾ ਹੈ। ਸਰਟੀਫੀਕੇਟ SGC ਦੇ ਉਸ ਸਿੱਖਿਅਕ ਜਾਂ ਆਗੂ ਨੂੰ ਡਿਜੀਟਲ ਤੌਰ ਤੇ ਭੇਜ ਦਿੱਤੇ ਜਾਣਗੇ ਜੋ ਵਿਦਿਆਰਥੀ/ਵਿਦਿਆਰਥੀਆਂ ਦੇ ਵੱਲੋਂ ਐਪਲੀਕੇਸ਼ਨ ਨੂੰ ਪੂਰਾ ਕਰਦੇ ਹਨ।